**Golden State Realty** | **JASSI GILL** Broker/Owner

Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969 CA DRE# 00966763



**Moving to Indiana?**
Contact Ray Dhaliwal @ 317-993-4987



Ray Dhaliwal
Real Estate Broker

for Free Consultation!!!
Listing and Selling Homes
in Indianapolis Area.
Good relations with all the well reputed
leading Builders in the Area.
CENTURY 21 SCHEETZ
RAYD@C21Scheetz.com

COVERED CALIFORNIA | Certified Insurance Agent | **Global Green** INSURANCE AGENCY




ਹੈਲਥ ਇੰਸ਼ੋਰੈਂਸ ਕਰਵਾਉਣ ਲਈ
ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann | Gurcharan Singh Mann
**Mann Insurance Brokers Inc.**
4123 Dyer St., #230, Union City, CA 94587



Twenty First Year of Publication | ਕੈਲੀਫੋਰਨੀਆ ਐਡੀਸ਼ਨ | Price 50¢ | Email:punjabtimes1@gmail.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ | www.punjabtimesusa.com

# ਪੰਜਾਬ ਟਾਈਮਜ਼

Punjab Times, Vol 21, Issue 52, December 26, 2020 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਕਿਸਾਨਾਂ ਦੀ ਰਣਨੀਤੀ ਅੱਗੇ ਸਰਕਾਰ ਦਾ ਹਰ ਦਾਅ ਪੁੱਠਾ ਪੈਣ ਲੱਗਾ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਵਿਰੁੱਧ ਚੱਲ ਰਿਹਾ ਕਿਸਾਨ ਅੰਦੋਲਨ ਆਪਣੀ ਸਿਖਰ ‘ਤੇ ਹੈ। ਕਿਸਾਨੀ ਸੰਘਰਸ਼ ਨੂੰ ਮਿਲ ਰਹੀ ਹਮਾਇਤ ਕਾਰਨ ਕੇਂਦਰ ਸਰਕਾਰ ਦਾ ਹਰ ਦਾਅ ਪੁੱਠਾ ਪੈ ਰਿਹਾ ਹੈ। ਦੂਜੇ ਪਾਸੇ ਕਿਸਾਨਾਂ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦੀ ਬਣਾਈ ਰਣਨੀਤੀ ਨੇ ਮੋਦੀ ਸਰਕਾਰ ਨੂੰ ਪੈਰੋਂ ਕੱਢ ਦਿੱਤਾ ਹੈ।

ਅੰਦੋਲਨ ਨੂੰ ਪ੍ਰਚੰਡ ਕਰਦਿਆਂ ਕਿਸਾਨਾਂ ਵੱਲੋਂ ਲੜੀਵਾਰ ਭੁੱਖ ਹੜਤਾਲ, ਪ੍ਰਧਾਨ ਮੰਤਰੀ ਦੀ ‘ਮਨ ਕੀ ਬਾਤ’ ਸਮੇਂ ਥਾਲੀਆਂ ਖੜਕਾਉਣ, ਹਰਿਆਣਾ ’ਚ ਟੌਲ ਪਲਾਜ਼ੇ ਫਰੀ ਕਰਨ, ਐਨ.ਡੀ.ਏ. ਸਹਿਯੋਗੀਆਂ ਦੇ ਘਿਰਾਓ ਤੇ ਵਿਦੇਸ਼ੀ ਦੂਤਾਵਾਸਾਂ ਅੱਗੇ ਰੋਸ ਵਰਗੇ ਸੱਦਿਆਂ ਨੇ ਸਰਕਾਰ ਲਈ ਭੱਜਣ ਦਾ ਕੋਈ ਰਾਹ ਨਹੀਂ ਛੱਡਿਆ। ਪੁੱਡੂਚੇਰੀ ਤੇ ਦਿੱਲੀ ਦੇ ਮੁੱਖ ਮੰਤਰੀਆਂ ਵੱਲੋਂ ਖੇਤੀ ਕਾਨੂੰਨਾਂ ਦੀ ਕਾਪੀਆਂ ਪਾੜਨ ਤੇ ਉਤਰਾਖੰਡ ਤੇ ਕੇਰਲ ਸਣੇ ਕੁਝ ਹੋਰ ਸੂਬਿਆਂ ਵੱਲੋਂ ਕਾਨੂੰਨਾਂ ਖਿਲਾਫ ਮਤਿਆਂ ਨੇ ਕੇਂਦਰ ਨੂੰ ਸਪਸ਼ਟ ਸੰਕੇਤ ਦੇ ਦਿੱਤਾ ਹੈ ਕਿ ਕਾਨੂੰਨਾਂ ਦਾ ਖਾਤਮਾ ਹੀ ਇਕੋ-ਇਕ ਰਾਹ ਹੈ।

ਕੇਂਦਰ ਸਰਕਾਰ ਹੁਣ ਸਿਰਫ ਮਸਲੇ ਨੂੰ ਲਮਕਾਉਣ ਤੇ ਅੰਦੋਲਨ ਨੂੰ ਖਦੇੜਨ ਲਈ ਹੱਥ ਪੈਰ ਮਾਰ ਰਹੀ ਹੈ। ਸਰਕਾਰ ਹੁਣ ਇਹ ਜਚਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉਹ ਗੱਲਬਾਤ ਲਈ ਤਿਆਰ ਹੈ ਪਰ ਕਿਸਾਨ ਜ਼ਿਦ ਕਰ ਰਹੇ ਹਨ। ਇਸ ਲਈ ਸਰਕਾਰ ਨੇ ਕਿਸਾਨਾਂ ਨੂੰ ਸੱਦਾ ਪੱਤਰ ਭੇਜ ਕੇ ਪੇਸ਼ਕਸ਼ ਕੀਤੀ ਹੈ ਕਿ ਉਹ ਖੁਦ ਗੱਲਬਾਤ ਲਈ ਤਰੀਕ ਤੈਅ ਕਰਨ। ਹਾਲਾਂਕਿ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਦੇ ਇਸ ਸੱਜਰੇ ਪੱਤਰ ਵਿਚ ਕੁਝ ਵੀ ਨਵਾਂ ਨਹੀਂ ਹੈ ਤੇ ਪੁਰਾਣੀਆਂ ਗੱਲਾਂ ਨੂੰ ਹੀ ਦੁਹਰਾਇਆ ਗਿਆ ਹੈ।

ਅਸਲ ਵਿਚ, ਸਰਕਾਰ ਇਕ ਪਾਸੇ ਕਿਸਾਨ ਆਗੂਆਂ ਨੂੰ ਗੱਲਬਾਤ ਲਈ ਸੱਦਦੀ ਰਹੀ ਹੈ ਤੇ ਦੂਜੇ ਪਾਸੇ ਨਵੇਂ ਖੇਤੀ ਕਾਨੂੰਨਾਂ ਦੇ ਫਾਇਦੇ ਗਿਣਵਾਉਣ ਤੋਂ ਅੱਗੇ ਨਹੀਂ ਵਧੀ। ਕਿਸਾਨ ਆਗੂ ਲਗਾਤਾਰ ਸਰਕਾਰ ਨੂੰ ਇਨ੍ਹਾਂ ਕਾਨੂੰਨਾਂ ਦੀਆਂ ਕਿਸਾਨਾਂ ਖਿਲਾਫ ਭੁਗਤੀਆਂ ਮੱਦਾਂ ਬਾਰੇ ਵਿਸਥਾਰ ਵਿਚ ਦੱਸਦੇ ਰਹੇ ਹਨ। ਖੇਤੀ ਮਾਹਰਾਂ ਦਾ ਤਰਕ ਹੈ ਕਿ ਕਿਸਾਨਾਂ ਵੱਲੋਂ ਜਤਾਏ ਗਏ ਖਦਸ਼ਿਆਂ ਮਗਰੋਂ ਕੁੱਲ 15 ਨੁਕਤਿਆਂ ‘ਚੋਂ 12 ਤੋਂ 14 ਨੂੰ ਸੋਧਣ ਲਈ ਤਿਆਰ ਹੋਣਾ ਸਪਸ਼ਟ ਕਰਦਾ ਹੈ ਕਿ ਸਰਕਾਰ ਇਨ੍ਹਾਂ ਕਾਨੂੰਨਾਂ ਵਿਚ ਗੰਭੀਰ ਖਾਮੀਆਂ ਦੀ ਗੱਲ ਨੂੰ ਮੰਨਦੀ ਹੈ ਪਰ ਇਸ ਦੇ ਬਾਵਜੂਦ ਸਾਰਾ ਜ਼ੋਰ ਇਹ ਸਾਬਤ ਕਰਨ ਉਤੇ ਲੱਗਾ ਹੋਇਆ ਹੈ ਕਿ ਇਹ ਕਾਨੂੰਨ ਲੰਮੇ ਸਲਾਹ-ਮਸ਼ਵਰੇ ਨਾਲ ਬਣਾਏ ਗਏ ਹਨ ਤੇ ਇਹ ਕਿਸਾਨਾਂ ਦੇ ਹੱਕ ਵਿਚ ਹਨ। ਅਸਲ ਵਿਚ ਸਰਕਾਰ ਦਾ ਸਾਰਾ ਜ਼ੋਰ ਕਿਸਾਨਾਂ ਨੂੰ ਭੰਬਲਭੂਸੇ ਵਿਚ ਪਾਉਣ, ਅੰਦੋਲਨ ਨੂੰ ਲਮਕਾ ਕੇ ਉਨ੍ਹਾਂ ਨੂੰ ਅਕਾਉਣ ਅਤੇ ਥਕਾਉਣ ਦੀਆਂ ਨੀਤੀਆਂ ਤੋਂ ਇਲਾਵਾ ਖੇਤੀ ਕਾਨੂੰਨਾਂ ਦੇ ਹੱਕ ਵਿਚ ਧੂੰਆਂਧਾਰ ਪ੍ਰਚਾਰ ਕਰ ਕੇ ਉਨ੍ਹਾਂ ਦੇ ਹੌਸਲੇ ਤੋੜਨ ਵਰਗੀਆਂ ਕੋਸ਼ਿਸ਼ਾਂ ਵਿਚ ਲੱਗਾ ਹੋਇਆ ਹੈ ਪਰ ਸਰਕਾਰ ਦਾ ਕੋਈ ਵੀ ਦਾਅ ਫਿੱਟ ਨਹੀਂ ਬੈਠ ਰਿਹਾ ਹੈ।

ਅਸਲ ਵਿਚ ਕਿਸਾਨਾਂ ਨੇ ਆਪਣੀ ਦ੍ਰਿੜ੍ਹਤਾ, ਦਲੇਰੀ ਅਤੇ ਯੋਜਨਾਬੰਦੀ ਨਾਲ ਤਕੜੀ ਮਿਸਾਲ ਕਾਇਮ ਕਰ ਦਿੱਤੀ ਹੈ। ਅਜਿਹੇ ਕਿਸੇ ਅੰਦੋਲਨ ਨੂੰ ਪਿਛਲੇ ਦਹਾਕਿਆਂ ਵਿਚ ਸ਼ਾਇਦ ਹੀ ਕਦੀ ਇੰਨਾ ਹੁੰਗਾਰਾ ਮਿਲਿਆ ਹੋਵੇ। ਇੰਨੇ ਲੰਮੇ ਸੰਘਰਸ਼ ਤੋਂ ਬਾਅਦ ਵੀ ਉਨ੍ਹਾਂ ਦੇ ਹੌਸਲੇ ਪਸਤ ਨਹੀਂ ਹੋਏ ਸਗੋਂ ਸਭ ਚੜ੍ਹਦੀ ਕਲਾ ਵਿਚ ਹਨ।

ਬੜੇ ਲੰਮੇ ਸਮੇਂ ਬਾਅਦ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਅੰਦੋਲਨ ਨੇ ਇਕ ਮੰਚ ਉਤੇ ਇਕੱਠੇ ਕਰ ਦਿੱਤਾ ਹੈ ਤੇ ਭਾਜਪਾ ਸਰਕਾਰ ਨੂੰ ਭੈਅ ਵੀ ਇਸੇ ਗੱਲ ਦਾ ਹੈ। ਇਸੇ ਲਈ ਉਹ ਐਸ.ਵਾਈ.ਐਲ. ਦਾ ਮੁੱਦਾ ਉਠਾ ਕੇ ਕਿਸਾਨਾਂ ਦੀ ਇਸ ਏਕਤਾ ਨੂੰ ਤੋੜਨ ਦੀ ਵੀ ਹਰ ਕੋਸ਼ਿਸ਼ ਕਰ ਰਹੀ ਹੈ। ਭਾਜਪਾ ਆਗੂਆਂ ਤੇ ਕੇਂਦਰੀ ਮੰਤਰੀਆਂ ਨੇ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਇਹ ਬਿਆਨ ਵੀ ਦਿੱਤੇ ਹਨ ਕਿ ਅੰਦੋਲਨ ਉ੍ਤੇ ਨਕਸਲੀਆਂ, ਮਾਓਵਾਦੀਆਂ ਅਤੇ ਖਾਲਿਸਤਾਨੀਆਂ ਨੇ ਕਬਜ਼ਾ ਕਰ ਲਿਆ ਹੈ।

ਕਿਸਾਨ ਅੰਦੋਲਨ ਨੂੰ ਵਿੱਤੀ ਸਹਾਇਤਾ ਦੇਣ ਵਾਲੀਆਂ ਸਮਾਜ ਸੇਵੀ ਜਥੇਬੰਦੀਆਂ, ਆੜ੍ਹਤੀਆਂ ਅਤੇ ਵਪਾਰੀਆਂ ਉਤੇ ਵੀ ਸ਼ਿਕੰਜਾ ਕੱਸਣ ਵਿਚ ਲੱਗੀ ਹੋਈ ਹੈ। ਇਸ ਤੋਂ ਇਲਾਵਾ ਕਿਸਾਨ ਅੰਦੋਲਨ ਨਾਲ ਜੁੜੇ ਪੰਜਾਬੀ ਗਾਇਕਾਂ ਉਤੇ ਵੀ ਆਮਦਨ ਕਰ ਵਿਭਾਗ ਵਲੋਂ ਛਾਪੇ ਮਾਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਗ੍ਰਹਿ ਮੰਤਰਾਲੇ ਵਲੋਂ ਇਸ ਸਬੰਧੀ ਖੁਫੀਆ ਏਜੰਸੀਆਂ ਨਾਲ ਵੀ ਮੀਟਿੰਗ ਕੀਤੀ ਗਈ ਹੈ ਕਿ ਕਿਸਾਨ ਅੰਦੋਲਨ ਦੇ ਵਿੱਤੀ ਸਰੋਤਾਂ ਦੀ ਜਾਂਚ ਕਰ ਕੇ ਸਹਾਇਤਾ ਦੇਣ ਵਾਲੀਆਂ ਧਿਰਾਂ ਖਿਲਾਫ ਕੋਈ ਨਾ ਕੋਈ ਆਧਾਰ ਬਣਾ ਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ ਪਰ ਇਸ ਸਭ ਕੁਝ ਦੇ ਬਾਵਜੂਦ ਕਿਸਾਨ ਆਪਣੀਆਂ ਮੰਗਾਂ ਲਈ ਡਟੇ ਹੋਏ ਹਨ ਅਤੇ ਉਨ੍ਹਾਂ ਦੇ ਹੌਸਲੇ ਬੁਲੰਦ ਹਨ।

ਅਸਲ ਵਿਚ, ਸਰਕਾਰ ਆਪਣਾ ਇਹੀ ਦਾਅਵਾ ਮਨਵਾਉਣ ਵਿਚ ਜੁਟੀ ਹੋਈ ਹੈ ਕਿ ਕਿਸਾਨ ਲੰਮੇ ਸਮੇਂ ਤੋਂ ਅਜਿਹੇ ਕਾਨੂੰਨ ਦੀ ਮੰਗ ਕਰ ਰਹੇ ਹਨ; ਖਾਸ ਕਰ ਕੇ ਛੋਟੀ ਕਿਸਾਨੀ ਇਨ੍ਹਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੀ ਸੀ ਪਰ ਅਸਲੀਅਤ ਇਹ ਹੈ ਕਿ 2015-16 ਦੇ ਖੇਤੀ ਸਬੰਧੀ ਅੰਕੜਿਆਂ (10 ) ਅਨੁਸਾਰ ਦੇਸ਼


(ਬਾਕੀ ਸਫਾ 6 ਉਤੇ)


## ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਐਲਾਨ



### ਸਰਕਾਰ ਦੇ ਦਾਅਵਿਆਂ ਉਤੇ ਸਵਾਲ

ਸਰਕਾਰ ਭਾਵੇਂ ਲੱਖ ਦਾਅਵੇ ਕਰੇ ਕਿ ਨਵੇਂ ਖੇਤੀ ਕਾਨੂੰਨਾਂ ਨਾਲ ਆਮਦਨ ਦੁੱਗਣੀ ਹੋ ਜਾਏਗੀ ਪਰ ਜ਼ਮੀਨੀ ਹਕੀਕਤਾਂ ਸਰਕਾਰ ਦੇ ਇਨ੍ਹਾਂ ਦਾਅਵਿਆਂ ਦੀ ਪੁਸ਼ਟੀ ਨਹੀਂ ਕਰਦੀਆਂ। ਬਿਹਾਰ ਜਿਸ ਨੇ 2006 ਵਿਚ ਸਰਕਾਰੀ ਮੰਡੀਆਂ ਬੰਦ ਕਰਕੇ ਕਿਸਾਨਾਂ ਨੂੰ ਨਿੱਜੀ ਵਪਾਰੀਆਂ ਦੇ ਰਹਿਮੋ-ਕਰਮ ‘ਤੇ ਛੱਡ ਦਿੱਤਾ ਸੀ, ਵਿਚ ਕਿਸਾਨਾਂ ਦੀ ਹਾਲਤ ਬੇਹੱਦ ਮਾੜੀ ਹੋ ਗਈ ਹੈ। ਉਨ੍ਹਾਂ ਨੂੰ ਕਦੇ ਵੀ ਕਣਕ ਅਤੇ ਝੋਨੇ ਦਾ ਸਮਰਥਨ ਮੁੱਲ ਪ੍ਰਾਪਤ ਨਹੀਂ ਹੋ ਸਕਿਆ। ਹਰ ਸਾਲ ਕਣਕ ਝੋਨੇ ਉਤੇ ਉਨ੍ਹਾਂ ਨੂੰ ਸਮਰਥਨ ਮੁੱਲ ਤੋਂ ਪ੍ਰਤੀ ਕੁਇੰਟਲ 500-600 ਰੁਪਏ ਘੱਟ ਮਿਲਦੇ ਹਨ। ਹੁਣੇ ਹੀ ਬਿਹਾਰ ਤੋਂ ਇਕ ਹੋਰ ਖਬਰ ਆਈ ਹੈ ਕਿ ਉਥੇ ਦੇ ਕਿਸਾਨਾਂ ਨੂੰ ਸਬਜ਼ੀਆਂ ਦੇ ਵੀ ਲਾਭਕਾਰੀ ਭਾਅ ਨਾ ਮਿਲਣ ਕਾਰਨ ਕਿਸਾਨ ਖੇਤਾਂ ਵਿਚ ਹੀ ਸਬਜ਼ੀਆਂ ਵਾਹੁਣ ਲਈ ਮਜਬੂਰ ਹਨ।


**Harmit Toor**
*Your Realtor® For Life!*




Broker Associate
BRE Lic.# 01462579
NMLS ID 358820
2015-19 Awarded Grand Master Achievement Club Certificate

Help you Buy or Sell:
- Residential Property
- Commercial property
- Business Opportunity

Financing:
- Residential Loans
- Commercial Loans
- SBA Loans

Commercial Leasing
BEB BAY EAST BROKERS | EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com

Raja Sweets & Catering Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

SERVICES INCLUDE
- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)



Manpreet S. Gahra
Attorney At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਘੋਲ ਨੂੰ ਠਿੱਬੀ ਲਾਉਣ ਲਈ ਮੋਦੀ ਸਰਕਾਰ ਹਰ ਹਰਬਾ ਵਰਤਣ ਲਈ ਉਤਾਰੂ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਜਾਰੀ ਸੰਘਰਸ਼ ਦੌਰਾਨ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ ਸਹਿਮਤ ਕਰਨ ਲਈ ਅਪਣਾਏ ਗਏ ਲਗਭਗ ਸਾਰੇ ਯਤਨ ਅਸਫਲ ਹੋਣ ਤੋਂ ਬਾਅਦ ਜਿਥੇ ਭਾਜਪਾ ਵੱਲੋਂ ਦੇਸ਼ ਭਰ ਵਿਚ ਕਾਨੂੰਨਾਂ ਦੇ ਲਾਹੇਵੰਦ ਹੋਣ ਬਾਰੇ ਪ੍ਰਚਾਰ ਕੀਤਾ ਜਾ ਰਿਹਾ ਹੈ, ਉਥੇ ਹੁਣ ਹਰਿਆਣਾ ਵਿਚ ਐਸ.ਵਾਈ.ਐਲ. ਦਾ ਮੁੱਦਾ ਵੀ ਛੇੜਿਆ ਜਾ ਰਿਹਾ ਹੈ।

ਉਧਰ, ਪੰਜਾਬ ਦੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਵਿਦੇਸ਼ਾਂ ਤੋਂ ਮਿਲ ਰਹੇ ਚੰਦੇ ਕਾਰਨ ਭਾਰਤ ਸਰਕਾਰ ਦੇ ਨਿਸ਼ਾਨੇ ਹੇਠ ਆ ਗਈਆਂ ਹਨ। ਬੈਂਕ ਅਧਿਕਾਰੀਆਂ ਨੇ ਇਨ੍ਹਾਂ ਜਥੇਬੰਦੀਆਂ ਨੂੰ ਚੌਕਸ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਖੇਤੀ ਕਾਨੂੰਨਾਂ ਵਿਰੁੱਧ ਭਖ ਰਹੇ ਸੰਘਰਸ਼ ਦੇ ਮੱਦੇਨਜ਼ਰ ਸਰਕਾਰ ਵੱਲੋਂ ਇਹ ਕਾਰਵਾਈ ਕੀਤੀ ਜਾ ਰਹੀ ਹੈ।

ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਪਹਿਲੀ ਅਕਤੂਬਰ ਤੋਂ ਲਗਾਤਾਰ ਸੰਘਰਸ਼ ਦੇ ਮੈਦਾਨ ਵਿਚ ਹਨ। ਪੰਜਾਬ ਦੇ ਕਿਸਾਨਾਂ ਨੇ ਜਿਵੇਂ ਹੀ 26 ਨਵੰਬਰ ਨੂੰ ਦਿੱਲੀ ਵੱਲ ਨੂੰ ਕੂਚ ਕੀਤਾ ਤਾਂ ਦੇਸ਼ ਅਤੇ ਵਿਦੇਸ਼ ਤੋਂ ਇਸ ਅੰਦੋਲਨ ਲਈ ਭਰਵੀਂ ਹਮਾਇਤ ਮਿਲੀ। ਪੰਜਾਬ ਦੇ ਲੋਕਾਂ ਨੇ ਕਿਸਾਨ ਜਥੇਬੰਦੀਆਂ ਨੂੰ ਜਿਥੇ ਦਿਲ ਖੋਲ੍ਹ ਕੇ ਵਿੱਤੀ ਮਦਦ ਦਿੱਤੀ ਉਥੇ ਵਿਦੇਸ਼ਾਂ ਤੋਂ ਵੀ ਹਰ ਤਰ੍ਹਾਂ ਦੀ ਮਦਦ ਮਿਲ ਰਹੀ ਹੈ। ਕਿਸਾਨ ਜਥੇਬੰਦੀਆਂ ਅਤੇ ਕੇਂਦਰ ਸਰਕਾਰ ਦਰਮਿਆਨ ਗੱਲਬਾਤ ਲਗਾਤਾਰ ਫੇਲ੍ਹ ਹੋਣ ਤੋਂ ਬਾਅਦ ਭਾਰਤ ਸਰਕਾਰ ਨੇ ਵੀ ਖੇਤੀ ਕਾਨੂੰਨਾਂ ਦੇ ਹੱਕ 'ਚ ਜ਼ੋਰਦਾਰ ਮੁਹਿੰਮ ਵਿੱਢੀ ਹੋਈ ਹੈ। ਇਸ ਦੇ ਨਾਲ ਹੀ ਆਮਦਨ ਕਰ ਵਿਭਾਗ ਸਮੇਤ ਹੋਰ ਏਜੰਸੀਆਂ ਨੂੰ ਕਿਸਾਨ ਜਥੇਬੰਦੀਆਂ ਦੇ ਹਮਾਇਤੀਆਂ ਅਤੇ ਕਿਸਾਨ ਜਥੇਬੰਦੀਆਂ ਦੇ ਮਗਰ ਲਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਭਾਜਪਾ ਦੇ ਆਗੂਆਂ, ਕੇਂਦਰੀ ਮੰਤਰੀਆਂ ਅਤੇ ਮੀਡੀਆ ਦੇ ਇਕ ਹਿੱਸੇ ਵੱਲੋਂ ਕਿਸਾਨ ਅੰਦੋਲਨ ਨੂੰ ਵੱਖਵਾਦੀ, ਖਾਲਿਸਤਾਨੀ ਅਤੇ ਮਾਓਵਾਦੀਆਂ ਦੀ ਹਮਾਇਤ ਹਾਸਲ ਹੋਣ ਦਾ ਠੱਪਾ ਲਾਇਆ ਜਾ ਰਿਹਾ ਹੈ।



ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਭਾਜਪਾ ਆਗੂਆਂ ਵੱਲੋਂ ਕਿਸਾਨੀ ਸੰਘਰਸ਼ ਨੂੰ ਵੱਖ-ਵੱਖ ਤਰ੍ਹਾਂ ਦੀ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਜਾ ਚੁੱਕੀ ਹੈ। ਕਿਸਾਨ ਹੱਡ ਚੀਰਵੀਂ ਠੰਢ ਵਿਚ ਮੰਗਾਂ ਮਨਵਾਉਣ ਲਈ ਸ਼ਾਂਤਮਈ ਢੰਗ ਨਾਲ ਡਟੇ ਹੋਏ ਹਨ ਤੇ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਪ੍ਰਚਾਰ ਮੁਹਿੰਮਾਂ ਰਾਹੀਂ ਕਾਨੂੰਨਾਂ ਦਾ ਪੱਖ ਪੂਰਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਪਹਿਲਾਂ ਭਾਜਪਾ ਦੇ ਹਮਾਇਤੀ ਰਹੇ ਤੇ ਦਾਦਰੀ ਹਲਕੇ ਤੋਂ ਵਿਧਾਇਕ ਸੋਮਵੀਰ ਸਾਂਗਵਾਨ ਭਾਜਪਾ ਨੂੰ ਅਲਵਿਦਾ ਕਹਿ ਚੁੱਕੇ ਹਨ। ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਬਿਰੇਂਦਰ ਸਿੰਘ ਵੀ ਕਿਸਾਨਾਂ ਦੀ ਹਮਾਇਤ ਵਿਚ ਧਰਨੇ 'ਤੇ ਬੈਠ ਗਏ ਹਨ। ਇਸੇ ਤਰ੍ਹਾਂ ਪੰਜਾਬ ਦੇ ਵੀ ਕਈ ਭਾਜਪਾ ਆਗੂ ਅਸਤੀਫਾ ਦੇ ਚੁੱਕੇ ਹਨ।

ਪੰਜਾਬੀਆਂ ਵੱਲੋਂ ਲਾਏ ਗਏ ਮੋਰਚਿਆਂ ਅਤੇ ਹੋਰ ਮੌਕਿਆਂ 'ਤੇ ਹਮੇਸ਼ਾ ਹੀ ਸਤਲੁਜ ਯਮੁਨਾ ਲਿੰਕ ਨਹਿਰ ਦਾ ਮੁੱਦਾ ਪ੍ਰਮੁੱਖਤਾ ਨਾਲ ਉਭਰਦਾ ਰਿਹਾ ਹੈ ਜਿਸ ਨੂੰ ਲੈ ਕੇ ਰਾਜਸੀ ਧਿਰਾਂ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦੇ ਭੇੜ ਕਰਵਾਉਣ ਦੇ ਯਤਨ ਵੀ ਕਰਦੀਆਂ ਰਹੀਆਂ ਹਨ ਪਰ ਖੇਤੀ ਵਿਰੋਧੀ ਕਾਨੂੰਨਾਂ ਖਿਲਾਫ ਜਾਰੀ ਨਿਰੋਲ ਕਿਸਾਨੀ ਅੰਦੋਲਨ ਦੌਰਾਨ ਐਸ.ਵਾਈ.ਐਲ. ਦਾ ਇਹ ਮੁੱਦਾ ਕਿਸੇ ਵੀ ਕਿਸਾਨ ਧਿਰ ਦੀ ਜੁਬਾਨ 'ਤੇ ਵੀ ਨਾ ਆਉਣਾ ਕਿਸਾਨਾਂ ਦੇ ਏਕੇ ਅਤੇ ਸੰਘਰਸ਼ ਨੂੰ ਸੱਚੇ ਮਨ ਨਾਲ ਲੜੇ ਜਾਣ ਦਾ ਪ੍ਰਤੱਖ ਪ੍ਰਮਾਣ ਹੈ।

ਹਰਿਆਣਾ ਨੂੰ ਪਾਣੀ ਦੇਣ ਲਈ ਇੰਦਰਾ ਗਾਂਧੀ ਨੇ ਪ੍ਰਧਾਨ ਮੰਤਰੀ ਹੁੰਦਿਆਂ 1982 ਵਿਚ ਇਸ ਨਹਿਰ ਦਾ ਨੀਂਹ ਪੱਥਰ ਪਟਿਆਲਾ ਦੇ ਪਿੰਡ ਕਪੂਰੀ ਤੋਂ ਰੱਖਿਆ ਸੀ। ਇਸ ਮਗਰੋਂ ਇਹ ਮੁੱਦਾ ਕਈ ਵਾਰ ਉਠਿਆ। ਦੋਵਾਂ ਰਾਜਾਂ ਦੇ ਕਿਸਾਨਾਂ 'ਚ ਕੁੜੱਤਣ ਵੀ ਪੈਦਾ ਹੁੰਦੀ ਰਹੀ। ਪੰਜਾਬ ਵਾਲ਼ਿਆਂ ਨੇ ਨਹਿਰ ਪੂਰਨ ਅਤੇ ਹਰਿਆਣਾ ਵਾਲ਼ਿਆਂ ਵੱਲੋਂ ਪੁੱਟਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ ਪਰ ਤਾਜ਼ਾ ਸੰਘਰਸ਼ ਦੌਰਾਨ ਇਸ ਮੁੱਦੇ ਵਾਲੀ ਕੁੜੱਤਣ ਨੂੰ ਭੁਲਾ ਕੇ ਦੋਵਾਂ ਰਾਜਾਂ ਦੇ ਕਿਸਾਨ ਇੱਕਜੁੱਟ ਹੋ ਕੇ ਕੇਂਦਰ ਖਿਲਾਫ ਲੜਾਈ ਲੜ ਰਹੇ ਹਨ। ਉਨ੍ਹਾਂ ਦਾ ਤਰਕ ਹੈ ਕਿ ਇਸ ਵਕਤ ਜ਼ਮੀਨਾਂ ਬਚਾਉਣ ਦੀ ਲੋੜ ਹੈ। ਕਿਸਾਨ ਆਗੂ ਯੋਗਿੰਦਰ ਯਾਦਵ ਦਾ ਕਹਿਣਾ ਸੀ ਕਿ ਕੇਂਦਰ ਤੇ ਭਾਜਪਾ ਵੱਲੋਂ ਨਹਿਰ ਦਾ ਮੁੱਦਾ ਉਛਾਲ ਕੇ ਅੰਦੋਲਨ ਨੂੰ ਤਾਰਪੀਡੋ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾ ਆਗੂ ਜਗਮੋਹਣ ਸਿੰਘ ਪਟਿਆਲਾ ਦਾ ਕਹਿਣਾ ਸੀ ਕਿ ਇਹ ਅੰਦੋਲਨ ਕਿਸਾਨਾਂ ਵੱਲੋਂ ਸੱਚੇ ਮਨ ਨਾਲ ਲੜਿਆ ਜਾ ਰਿਹਾ ਹੈ।

## ਕੂੜ ਪ੍ਰਚਾਰ ਖਿਲਾਫ 'ਕਿਸਾਨ ਏਕਤਾ ਮੋਰਚਾ' ਚੈਨਲ

**ਨਵੀਂ ਦਿੱਲੀ:** ਸਿੰਘੂ ਤੇ ਟਿਕਰੀ ਬਾਰਡਰਾਂ 'ਤੇ ਖੇਤੀ ਕਾਨੂੰਨਾਂ ਖਿਲਾਫ ਕੜਾਕੇ ਦੀ ਠੰਢ ਵਿਚ ਧਰਨਾ ਦੇ ਰਹੇ ਹਜ਼ਾਰਾਂ ਕਿਸਾਨਾਂ ਨਾਲ ਸੰਘਰਸ਼ ਕਰ ਰਹੀਆਂ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ 'ਸੰਯੁਕਤ ਕਿਸਾਨ ਮੋਰਚੇ' ਦੀ ਅਗਵਾਈ ਹੇਠ ਹੁਣ ਕੂੜ ਪ੍ਰਚਾਰ ਦੇ ਟਾਕਰੇ ਲਈ ਯੂਟਿਊਬ ਚੈਨਲ 'ਕਿਸਾਨ ਏਕਤਾ ਮੋਰਚਾ' ਟੀਵੀ ਸ਼ੁਰੂ ਕੀਤਾ ਗਿਆ ਹੈ। ਦੋ ਦਿਨ ਪਹਿਲਾਂ ਕਿਸਾਨ ਆਗੂ ਡਾ. ਦਰਸ਼ਨਪਾਲ ਵੱਲੋਂ ਐਲਾਨੇ ਆਈ.ਟੀ. ਸੈੱਲ ਵੱਲੋਂ ਹੀ ਇਹ ਕਦਮ ਚੁੱਕਿਆ ਗਿਆ ਹੈ। ਇਸ ਨਾਲ ਸ਼ੁਰੂ ਵਿੱਚ ਹੀ 57 ਹਜ਼ਾਰ ਤੋਂ ਵੱਧ ਲੋਕ ਜੁੜ ਗਏ ਹਨ।

## ਭਾਜਪਾ ਘਿਨਾਉਣੇ ਹਰਬੇ ਵਰਤਣੇ ਬੰਦ ਕਰੇ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨ ਅੰਦੋਲਨ ਦੀ ਹਮਾਇਤ ਕਰ ਰਹੇ ਆੜ੍ਹਤੀਆਂ 'ਤੇ ਆਮਦਨ ਕਰ ਵਿਭਾਗ ਦੇ ਛਾਪਿਆਂ ਲਈ ਕੇਂਦਰ ਦੀ ਸਖਤ ਆਲੋਚਨਾ ਕਰਦਿਆਂ ਚਿਤਾਵਨੀ ਦਿੱਤੀ ਕਿ ਅਜਿਹੇ ਘਿਨਾਉਣੇ ਤਰੀਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਖਿਲਾਫ ਲੋਕਾਂ ਦੇ ਗੁੱਸੇ ਵਿੱਚ ਹੋਰ ਵਾਧਾ ਕਰਨਗੇ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਵੱਲੋਂ ਪੰਜਾਬ ਦੇ ਕੁਝ ਆੜ੍ਹਤੀਆਂ ਖਿਲਾਫ ਛਾਪੇ ਡਰਾਉਣ-ਧਮਕਾਉਣ ਲਈ ਮਿਥ ਕੇ ਮਾਰੇ ਜਾ ਰਹੇ ਹਨ ਤਾਂ ਜੋ ਕਿਸਾਨ ਅੰਦੋਲਨ ਦੀ ਹਮਾਇਤ ਕਰ ਰਹੇ ਆੜ੍ਹਤੀਆਂ 'ਤੇ ਦਬਾਅ ਬਣਾਇਆ ਜਾ ਸਕੇ।

## ਹਮਾਇਤੀ ਆੜ੍ਹਤੀਆਂ 'ਤੇ ਆਮਦਨ ਕਰ ਵਿਭਾਗ ਦੇ ਛਾਪੇ

**ਪਟਿਆਲਾ:** ਖੇਤੀ ਕਾਨੂੰਨਾਂ ਖਿਲਾਫ ਜਾਰੀ ਕਿਸਾਨ ਸੰਘਰਸ਼ ਦੀ ਹਮਾਇਤ ਕਰ ਰਹੇ ਆੜ੍ਹਤੀਆਂ 'ਤੇ ਆਮਦਨ ਕਰ ਵਿਭਾਗ ਵੱਲੋਂ ਛਾਪੇ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਰਵਿੰਦਰ ਸਿੰਘ ਚੀਮਾ, ਮੀਤ ਪ੍ਰਧਾਨ ਹਰਜੀਤ ਸਿੰਘ ਸ਼ੇਰੂ ਤੇ ਹੋਰਾਂ ਨੇ ਦੱਸਿਆ ਕਿ ਪਟਿਆਲਾ ਸਮੇਤ ਕਈ ਜ਼ਿਲ੍ਹਿਆਂ ਵਿਚ ਵੀਹ ਦੇ ਕਰੀਬ ਆੜ੍ਹਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਨ੍ਹਾਂ ਇਸ ਨੂੰ ਲੋਕਤੰਤਰ ਦਾ ਗਲ ਘੁੱਟਣ ਦੇ ਬਰਾਬਰ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਖੇਤੀ ਕਾਨੂੰਨ ਪੰਜਾਬ ਦੀ ਹੋਂਦ ਨੂੰ ਹੀ ਖਤਰਾ ਹਨ। ਇਸ ਕਰ ਕੇ ਆੜ੍ਹਤੀ ਕਿਸਾਨ ਅੰਦੋਲਨ ਦੀ ਡੱਟ ਕੇ ਹਮਾਇਤ ਕਰਦੇ ਰਹਿਣਗੇ ਤੇ ਕੇਂਦਰ ਦੀ ਇਸ ਨਾਦਰਸ਼ਾਹੀ ਕਾਰਵਾਈ ਦਾ ਢੁਕਵਾਂ ਜਵਾਬ ਦਿੱਤਾ ਜਾਵੇਗਾ।




**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538

**Ph: (408) 737-7100**

Fax: (408)737-7102 www.homeopathicvibes.com

*We sell and ship homeopathic remedies through out North America.*

**ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ**

ਸਿਨਸਿਨੈਟੀ (ਓਹਾਇਓ) ਇਲਾਕੇ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਸਰਵਰ, ਕੁੱਕ ਅਤੇ ਤੰਦੂਰੀਏ ਦੀ ਲੋੜ ਹੈ। ਵਾਜਬ ਤਨਖਾਹ ਤੇ ਹੋਰ ਸਹੂਲਤਾਂ

**ਸੰਪਰਕ ਕਰੋ, ਫੋਨ: 513-203-6315**

43-

# ਖੇਤੀ ਕਾਨੂੰਨਾਂ ਦੇ ਹੱਕ ਵਿਚ ਪ੍ਰਚਾਰ ਕਰ ਰਹੇ ਭਾਜਪਾ ਆਗੂਆਂ ਦੀ ਘੇਰਾਬੰਦੀ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਕਾਨੂੰਨਾਂ ਦਾ ਕਿਸਾਨ ਜਥੇਬੰਦੀਆਂ ਦੇਸ਼ ਭਰ ਵਿਚ ਵਿਰੋਧ ਕਰ ਰਹੀਆਂ ਹਨ ਪਰ ਭਾਜਪਾ ਇਨ੍ਹਾਂ ਕਾਨੂੰਨਾਂ ਨੂੰ ਕਿਸਾਨਾਂ ਲਈ ਲਾਹੇਵੰਦ ਦੱਸ ਰਹੀ ਹੈ। ਇਸੇ ਸਬੰਧੀ ਚੰਡੀਗੜ੍ਹ ਦੇ ਪਿੰਡ ਦੜੀਆ ਵਿਚ ਭਾਜਪਾ ਨੇ ਖੇਤੀ ਕਾਨੂੰਨਾਂ ਦੀ ਹਮਾਇਤ ਵਿਚ 'ਵਿਸ਼ਾਲ ਕਿਸਾਨ ਪੰਚਾਇਤ' ਸਮਾਗਮ ਕਰਵਾਇਆ। ਇਸ ਦੇ ਉਲਟ ਪੰਜਾਬ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਵੱਡੀ ਗਿਣਤੀ ਵਿਚ ਕਿਸਾਨਾਂ ਵੱਲੋਂ ਇਨ੍ਹਾਂ ਕਾਨੂੰਨਾਂ ਖਿਲਾਫ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਚੰਡੀਗੜ੍ਹ ਪੁਲਿਸ ਵੱਲੋਂ ਕੀਤੇ ਗਏ ਸਖਤ ਸੁਰੱਖਿਆ ਪ੍ਰਬੰਧਾਂ ਕਰਕੇ ਦੋਹਾਂ ਧਿਰਾਂ ਵਿਚਾਲੇ ਟਕਰਾਅ ਵਾਲੀ ਸਥਿਤੀ ਬਣਨ ਤੋਂ ਬਚਾਅ ਰਿਹਾ।

ਖੇਤੀ ਕਾਨੂੰਨਾਂ ਦੀ ਹਮਾਇਤ 'ਚ ਕਰਵਾਏ ਗਏ ਸਮਾਗਮ ਵਿਚ ਸੂਬਾ ਜਨਰਲ ਸਕੱਤਰ ਦਿਨੇਸ਼ ਕੁਮਾਰ ਪਹੁੰਚੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਕਾਨੂੰਨ ਕਿਸਾਨਾਂ ਲਈ ਲਾਹੇਵੰਦ ਹਨ। ਇਹ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਣਗੇ।

ਉਧਰ, ਖੇਤੀ ਕਾਨੂੰਨਾਂ ਖਿਲਾਫ ਪ੍ਰਦਰਸ਼ਨ ਕਰਦਿਆਂ ਪੰਜਾਬ ਕਿਸਾਨ ਯੂਨੀਅਨ ਦੀ ਮੋਰਚਾ ਕਮੇਟੀ ਦੇ ਮੈਂਬਰ ਕੰਵਲਜੀਤ ਸਿੰਘ ਅਤੇ ਮੁਹਾਲੀ ਦੇ ਕਨਵੀਨਰ ਅਮਨਦੀਪ ਸਿੰਘ ਰਤੀਆ ਨੇ ਕਿਹਾ ਕਿ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਚਾਪਲੂਸੀ ਕਰਦੀ ਹੋਈ ਦੇਸ਼ ਦੇ ਅੰਨਦਾਤਾ ਤੇ ਕਿਰਤੀਆਂ ਦੀ ਬਲੀ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੇ ਸ਼ਾਂਤਮਈ ਸੰਘਰਸ਼ ਨੂੰ ਦਬਾਉਣਾ ਚਾਹੁੰਦੀ ਹੈ। ਜਦੋਂ ਦੇਸ਼ ਦੇ ਲੋਕ ਕੇਂਦਰ ਦੀ ਤਾਨਾਸ਼ਾਹੀ ਅੱਗੇ ਨਾ ਝੁਕੇ ਤਾਂ ਹੁਣ ਭਾਜਪਾ ਲੋਕਾਂ ਨੂੰ ਗੁਮਰਾਹ ਕਰਨ ਲਈ ਅਜਿਹੇ ਪ੍ਰੋਗਰਾਮ ਰੱਖ ਰਹੀ ਹੈ ਪਰ ਕਿਸਾਨ ਭਾਜਪਾ ਦੀਆਂ ਗੱਲਾਂ 'ਚ ਨਹੀਂ ਆਉਣਗੇ।

ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਜਲੰਧਰ ਦੇ ਇਕ ਮੈਰਿਜ ਪੈਲੇਸ ਵਿਚ ਰੱਖੇ 'ਮੰਡਲ ਅਭਿਆਸ ਵਰਗ' ਸਮਾਗਮ ਦਾ ਕਿਸਾਨਾਂ ਤੇ ਮਜ਼ਦੂਰਾਂ ਨੇ ਡਟ ਕੇ ਵਿਰੋਧ ਕੀਤਾ। ਖੇਤੀ ਕਾਨੂੰਨਾਂ ਖਿਲਾਫ ਲੋਕਾਂ ਵੱਲੋਂ ਕੀਤੇ ਵਿਰੋਧ ਕਾਰਨ ਭਾਜਪਾ ਆਗੂਆਂ ਨੂੰ ਪੈਲੇਸ ਦੇ ਪਿਛਲੇ ਦਰਵਾਜ਼ੇ ਤੋਂ ਬਾਹਰ ਕੱਢਣਾ ਪਿਆ। ਭਾਜਪਾ ਦੇ ਇਸ ਸਮਾਗਮ ਵਿਚ ਸਾਬਕਾ ਮੰਤਰੀ ਮਨੋਰੰਜਨ ਕਾਲੀਆ, ਯੱਗਦੱਤ ਐਰੀ, ਜਿਲ੍ਹਾ ਦਿਹਾਤੀ ਦੇ ਸਾਬਕਾ ਪ੍ਰਧਾਨ ਦੀਪਕ ਸ਼ਰਮਾ ਅਤੇ ਐਸਸੀ ਮੋਰਚੇ ਦੇ ਉਪ ਪ੍ਰਧਾਨ ਨਿਰਮਲ ਸਿੰਘ ਸ਼ਾਮਲ ਸਨ। ਇਨ੍ਹਾਂ ਆਗੂਆਂ ਨੇ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਪੰਜਾਬ 'ਚ ਆਪਣੇ ਬਲਬੂਤੇ ਸਰਕਾਰ ਬਣਾਏਗੀ।

ਜ਼ਿਕਰਯੋਗ ਹੈ ਕਿ ਜਲੰਧਰ ਦੇ ਕੇਂਦਰੀ ਵਿਧਾਨ ਸਭਾ ਹਲਕੇ ਵਿਚ ਢਿੱਲਵਾਂ ਰੋਡ 'ਤੇ ਪੈਂਦੇ ਇਕ ਪੈਲੇਸ ਵਿਚ ਭਾਜਪਾ ਵੱਲੋਂ ਸਮਾਗਮ ਕੀਤਾ ਜਾ ਰਿਹਾ ਸੀ। ਇਸ ਦੀ ਭਿਣਕ ਜਿਉਂ ਹੀ ਕਿਸਾਨਾਂ ਤੇ ਮਜ਼ਦੂਰਾਂ ਨੂੰ ਪਈ ਤਾਂ ਉਹ ਆਲੇ-ਦੁਆਲੇ ਦੇ ਪਿੰਡਾਂ ਵਿਚੋਂ ਵੱਡੀ ਗਿਣਤੀ 'ਚ ਇਕੱਠੇ ਹੋ ਗਏ। ਪੈਲੇਸ ਦੁਆਲੇ ਕਮਿਸ਼ਨਰੇਟ ਪੁਲਿਸ ਨੇ ਪਹਿਲਾਂ ਹੀ ਵੱਡੀ ਗਿਣਤੀ 'ਚ ਪੁਲਿਸ ਜਵਾਨ ਤਾਇਨਾਤ ਕੀਤੇ ਹੋਏ ਸਨ।

ਭਾਜਪਾ ਸਰਕਾਰ ਵੱਲੋਂ ਤਿੰਨ ਖੇਤੀ ਕਾਨੂੰਨ ਬਣਾ ਕੇ ਪੰਜਾਬ ਦੀ ਹੋਂਦ ਲਈ ਖਤਰਾ ਖੜ੍ਹਾ ਕਰਨ ਤੇ ਭਾਜਪਾ ਲੀਡਰਸ਼ਿਪ ਵੱਲੋਂ ਕਿਸਾਨਾਂ ਨੂੰ ਇਨ੍ਹਾਂ ਕਾਨੂੰਨਾਂ ਦੇ ਫਾਇਦੇ ਸਮਝਾਉਣ ਤੋਂ ਖਫਾ ਕਿਸਾਨਾਂ ਤੇ ਮਜ਼ਦੂਰਾਂ ਨੇ ਪੈਲੇਸ ਦੇ ਬਾਹਰ ਮੋਦੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਮਾਹੌਲ ਤਣਾਅਪੂਰਨ ਹੋਣ 'ਤੇ ਪੁਲਿਸ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਹਾਲਾਤ ਵਿਗੜਦੇ ਦੇਖ ਪੁਲਿਸ ਨੇ ਭਾਜਪਾ ਆਗੂਆਂ ਨੂੰ ਪੈਲੇਸ ਦੇ ਪਿਛਲੇ ਦਰਵਾਜ਼ੇ ਬਾਹਰ ਕੱਢਣਾ ਹੀ ਮੁਨਾਸਿਬ ਸਮਝਿਆ।

# ਅਕਾਲ ਤਖਤ ਦੀ ਜਾਂਚ ਕਮੇਟੀ ਨੂੰ ਰਿਕਾਰਡ ਦੇਣ ਤੋਂ ਇਨਕਾਰ

**ਅੰਮ੍ਰਿਤਸਰ:** ਸਿੱਖ ਸੰਸਥਾ ਚੀਫ ਖਾਲਸਾ ਦੀਵਾਨ ਦੇ ਸਮੂਹ ਮੈਂਬਰਾਂ ਦੇ ਅੰਮ੍ਰਿਤਧਾਰੀ ਨਾ ਹੋਣ ਸਬੰਧੀ ਸ਼ਿਕਾਇਤ 'ਤੇ ਚੱਲ ਰਹੀ ਜਾਂਚ ਦੌਰਾਨ ਦੀਵਾਨ ਨੇ ਸਪੱਸ਼ਟ ਕੀਤਾ ਹੈ ਕਿ ਇਸ ਸਬੰਧੀ ਇਕ ਕੇਸ ਅਦਾਲਤ ਵਿਚ ਵੀ ਚੱਲ ਰਿਹਾ ਹੈ। ਇਸ ਲਈ ਉਹ ਸਬੰਧਤ ਦਸਤਾਵੇਜ਼ ਜਾਂਚ ਕਮੇਟੀ ਨੂੰ ਨਹੀਂ ਸੌਂਪ ਸਕਦੇ।

ਇਸ ਸਬੰਧੀ ਪ੍ਰਧਾਨ ਨਿਰਮਲ ਸਿੰਘ ਨੇ ਦੱਸਿਆ ਕਿ ਦੀਵਾਨ ਦੇ ਅਹੁਦੇਦਾਰਾਂ ਦੀ ਹੋਈ ਮੀਟਿੰਗ ਵਿਚ ਇਸ ਮਸਲੇ ਨੂੰ ਵਿਚਾਰਿਆ ਗਿਆ ਹੈ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਸਮੂਹ ਮੈਂਬਰਾਂ ਦੀ ਸੂਚੀ ਸ੍ਰੀ ਅਕਾਲ ਤਖਤ ਵਲੋਂ ਬਣਾਈ ਜਾਂਚ ਕਮੇਟੀ ਨੂੰ ਭੇਜ ਦਿੱਤੀ ਜਾਵੇਗੀ ਪਰ ਕਈ ਦਸਤਾਵੇਜ਼ ਚੱਲ ਰਹੀ ਅਦਾਲਤੀ ਕਾਰਵਾਈ ਕਾਰਨ ਨਹੀਂ ਦੇ ਸਕਦੇ। ਉਨ੍ਹਾਂ ਦੱਸਿਆ ਕਿ ਮੈਂਬਰਾਂ ਦੀ ਸੂਚੀ ਜਾਂਚ ਕਮੇਟੀ ਨੂੰ ਭੇਜ ਦਿੱਤੀ ਹੈ। ਉਨ੍ਹਾਂ ਇਹ ਵੀ ਆਖਿਆ ਕਿ ਚੀਫ ਖਾਲਸਾ ਦੀਵਾਨ ਪੂਰੀ ਤਰ੍ਹਾਂ ਸ੍ਰੀ ਅਕਾਲ ਤਖਤ ਨੂੰ ਸਮਰਪਿਤ ਹੈ।

ਇਸ ਤੋਂ ਪਹਿਲਾਂ ਦੀਵਾਨ ਵਲੋਂ ਜਾਂਚ ਕਮੇਟੀ ਦੀ ਕੋਆਰਡੀਨੇਟਰ ਬੀਬੀ ਮਨਜੀਤ ਕੌਰ ਦੇ ਨਾਂ 'ਤੇ ਪੱਤਰ ਭੇਜ ਕੇ ਇਸ ਸਬੰਧੀ ਜਾਣਕਾਰੀ ਦਿੱਤੀ ਗਈ। ਪੱਤਰ ਵਿਚ ਉਨ੍ਹਾਂ ਦੱਸਿਆ ਕਿ ਸਿਵਲ ਜੱਜ ਦੀ ਅਦਾਲਤ ਵਿਚ ਕੇਸ ਵਿਚਾਰ ਅਧੀਨ ਹੈ ਅਤੇ ਚੱਲ ਰਹੇ ਕੇਸ ਦੌਰਾਨ ਕੋਈ ਵੀ ਦਸਤਾਵੇਜ ਕਿਸੇ ਨੂੰ ਨਹੀਂ ਦਿੱਤਾ ਜਾ ਸਕਦਾ। ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖਤ ਵਲੋਂ ਜਾਂਚ ਲਈ ਚਾਰ ਮੈਂਬਰੀ ਕਮੇਟੀ ਬਣਾਈ ਗਈ ਹੈ, ਜਿਸ ਨੇ ਬੀਤੇ ਦਿਨ ਮੀਟਿੰਗ ਕਰਨ ਮਗਰੋਂ ਦੀਵਾਨ ਨੂੰ ਦਸ ਦਿਨਾਂ ਵਿਚ ਇਸ ਕੇਸ ਸਬੰਧੀ ਸਮੁੱਚੇ ਦਸਤਾਵੇਜ਼ ਦੇਣ ਲਈ ਆਖਿਆ ਸੀ।

*To Advertise with Punjab Times*
***Call: 847-359-0746***

## ਭਵਸਾਗਰ ਗ੍ਰੰਥ ਛਾਪਣ ਬਾਰੇ ਸਰਕਾਰ ਨੂੰ ਚਿਤਾਵਨੀ

**ਸ੍ਰੀ ਆਨੰਦਪੁਰ ਸਾਹਿਬ:** ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਪੰਜਾਬ ਸਰਕਾਰ ਨੂੰ ਸਖਤ ਸ਼ਬਦਾਂ ਵਿਚ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਪਿਆਰਾ ਸਿੰਘ ਭਨਿਆਰਾਂਵਾਲੇ ਦੇ ਗੱਦੀ ਨਸ਼ੀਨ ਸਤਨਾਮ ਸਿੰਘ ਭਨਿਆਰਾਂਵਾਲੇ ਦੀ ਅਰਜ਼ੀ ਉਤੇ ਭਵਸਾਗਰ ਗ੍ਰੰਥ ਨੂੰ ਛਾਪਣ ਦੀ ਪ੍ਰਵਾਨਗੀ ਦੇਣ ਬਾਰੇ ਸੋਚ ਰਹੀ ਸਰਕਾਰ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਭਨਿਆਰਾਂਵਾਲਾ ਜਿਥੇ ਅਕਾਲ ਤਖਤ ਵੱਲੋਂ ਛੇਕਿਆ ਹੋਇਆ ਹੈ, ਉਥੇ ਹੀ ਉਸ ਦੇ ਗਰੰਥ ਨੂੰ ਛਾਪਣ ਦੀ ਪ੍ਰਵਾਨਗੀ ਦੇਣ ਦੇ ਨਾਲ ਪੰਥ ਅਤੇ ਪੰਜਾਬ ਦੀ ਸ਼ਾਂਤ ਫਿਜ਼ਾ ਨੂੰ ਲਾਂਬੂ ਲੱਗ ਸਕਦਾ ਹੈ ਤੇ ਇਸ ਦੀ ਸਿੱਧੇ ਤੌਰ 'ਤੇ ਜਿੰਮੇਵਾਰ ਸੂਬਾ ਸਰਕਾਰ ਹੀ ਹੋਵੇਗੀ।

ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ
ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ:
ਫੋਨ: 651-353-9584
49-

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

*Gurdip Singh Sandhu*
***Live on Jas TV***
Saturday 9:30AM and Sunday 4PM (Pacific Time)
7021 Village Park Way, Dublin, CA 94568
Email: Homeomedicine@yahoo.com

PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS

Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

**Moving to Indiana?**
**Contact Ray Dhaliwal @ 317-993-4987**

*Ray Dhaliwal*
*Real Estate Broker*
**for Free Consultation!!!**
Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.
Helpful in Easy and Accessible Home Loans at low Interest Rates.
CENTURY 21 SCHEETZ RAYD@C21Scheetz.com

# ਮੋਦੀ ਨੂੰ ਸੇਕ ਲਾਉਣ ਲਈ ਅੰਦੋਲਨ ਨੂੰ ਹੋਰ ਪ੍ਰਚੰਡ ਕਰਨ ਦੀ ਰਣਨੀਤੀ

**ਨਵੀਂ ਦਿੱਲੀ:** ਤਿੰਨਾਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੀਆਂ ਸੰਘਰਸ਼ੀਆਂ ਕਿਸਾਨ ਜਥੇਬੰਦੀਆਂ ਨੇ ਕੇਂਦਰ ਸਰਕਾਰ ਦੀ ਘੇਰਾਬੰਦੀ ਹੋਰ ਤਿੱਖੀ ਕਰਨ ਦੀ ਰਣਨੀਤੀ ਬਣਾ ਲਈ ਹੈ। ਹਜ਼ਾਰਾਂ ਕਿਸਾਨਾਂ ਦੀ ਅਗਵਾਈ ਕਰ ਰਹੇ 'ਸੰਯੁਕਤ ਕਿਸਾਨ ਮੋਰਚੇ' ਵੱਲੋਂ ਐਲਾਨ ਕੀਤਾ ਗਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਹੀਨਾਵਾਰ ਪ੍ਰੋਗਰਾਮ 'ਮਨ ਕੀ ਬਾਤ' ਦਾ ਵਿਰੋਧ ਕੌਮੀ ਪੱਧਰ ਉਪਰ ਅਕਾਸ਼ਵਾਣੀ ਤੋਂ ਪ੍ਰਸਾਰਨ ਹੋਣ ਦੌਰਾਨ ਖਾਲੀ ਥਾਲੀਆਂ ਖੜਕਾ ਕੇ ਕੀਤਾ ਜਾਵੇਗਾ।

ਆਗੂਆਂ ਮੁਤਾਬਕ ਇਹ ਕਦਮ ਉਸੇ ਤਰਜ਼ ਉਪਰ ਪੁੱਟਿਆ ਜਾਵੇਗਾ ਜਿਵੇਂ ਕਰੋਨਾ ਵਾਇਰਸ ਖਿਲਾਫ ਡਾਕਟਰਾਂ ਤੇ ਹੋਰ ਕੋਵਿਡ ਯੋਧਿਆਂ ਨਾਲ ਇਕਮੁੱਠਤਾ ਪ੍ਰਗਟਾਉਣ ਲਈ ਕੀਤਾ ਗਿਆ ਸੀ। ਉਧਰ, ਕੇਂਦਰ ਦੇ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਨੂੰ ਪ੍ਰਚੰਡ ਕਰਦਿਆਂ ਕਿਸਾਨਾਂ ਨੇ ਦਿੱਲੀ ਨਾਲ ਲੱਗਦੇ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਬਾਰਡਰਾਂ 'ਤੇ ਲੜੀਵਾਰ ਭੁੱਖ ਹੜਤਾਲ ਆਰੰਭ ਦਿੱਤੀ ਹੈ। ਪ੍ਰਦਰਸ਼ਨਕਾਰੀ ਕਿਸਾਨ ਭੁੱਖ ਹੜਤਾਲ 'ਤੇ ਜਥਿਆਂ ਵਿਚ ਬੈਠਣਗੇ। ਸਵਰਾਜ ਇੰਡੀਆ ਦੇ ਆਗੂ ਯੋਗਿੰਦਰ ਯਾਦਵ ਨੇ ਕਿਹਾ ਕਿ ਦਿੱਲੀ-ਜੈਪੁਰ ਹਾਈਵੇਅ ਉਪਰ ਪੱਕਾ ਮੋਰਚਾ ਗੱਡਣ



ਮਗਰੋਂ ਹੁਣ ਹਰਿਆਣਾ ਸਰਕਾਰ ਝੰਡੇ ਲੱਗੀਆਂ ਟਰੈਕਟਰ ਟਰਾਲੀਆਂ ਨੂੰ ਬਾਹਰ ਨਹੀਂ ਨਿਕਲਣ ਦੇ ਰਹੀ। ਉਨ੍ਹਾਂ ਕਿਹਾ ਕਿ ਰਾਜਸਥਾਨ ਤੇ ਹੋਰ ਰਾਜਾਂ ਤੋਂ ਥਾਂ-ਥਾਂ ਤੋਂ ਕਿਸਾਨ ਅੰਦੋਲਨ ਵਿਚ ਆ ਰਹੇ ਹਨ। ਸੁਪਰੀਮ ਕੋਰਟ ਮੁਤਾਬਕ ਕਿਸਾਨਾਂ ਦੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਹਨ ਪਰ ਸਰਕਾਰ ਅੜਿੱਕੇ ਪਾ ਰਹੀ ਹੈ। ਉਨ੍ਹਾਂ ਕਿਹਾ ਕਿ 24 ਘੰਟੇ ਦਾ ਰਿਲੇਅ ਭੁੱਖ ਹੜਤਾਲ ਹਰ ਧਰਨਿਆਂ ਉਤੇ ਕੀਤੀ ਜਾਵੇਗੀ। ਦਿੱਲੀ ਦੇ ਮੋਰਚਿਆਂ 'ਤੇ ਗਿਆਰਾਂ-ਗਿਆਰਾਂ ਲੋਕ ਬੈਠਣਗੇ ਤੇ ਬਾਕੀ ਲੋਕ ਸਮਰੱਥਾ ਮੁਤਾਬਕ ਭੁੱਖ ਹੜਤਾਲ ਕਰਨਗੇ। ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ 25,26, 27 ਦਸੰਬਰ ਨੂੰ ਹਰਿਆਣਾ ਦੇ ਸਾਰੇ ਟੋਲ ਪਲਾਜ਼ੇ ਮੁਕਤ ਕੀਤੇ ਜਾਣਗੇ। ਪ੍ਰਵਾਸੀ ਭਾਰਤੀਆਂ ਵੱਲੋਂ ਭਾਰਤੀ ਦੂਤਾਵਾਸਾਂ ਰਾਹੀਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਦੀ ਅਪੀਲ ਕੀਤੀ ਜਾਵੇਗੀ।

ਕਾਬਲੇਗੌਰ ਹੈ ਕਿ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਜਿਨ੍ਹਾਂ ਵਿਚ ਜ਼ਿਆਦਾਤਰ ਪੰਜਾਬ ਅਤੇ ਹਰਿਆਣਾ ਤੋਂ ਹਨ, ਬੀਤੇ ਚਾਰ ਹਫਤਿਆਂ ਤੋਂ ਦਿੱਲੀ ਬਾਰਡਰ 'ਤੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਰੋਸ ਪ੍ਰਦਰਸ਼ਨ ਕਰ ਰਹੇ ਹਨ। ਸਵਰਾਜ ਇੰਡੀਆ ਦੇ ਮੁਖੀ ਯੋਗਿੰਦਰ ਯਾਦਵ ਨੇ ਕਿਹਾ ਸੀ, " ਕਿਸਾਨ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਲੜੀਵਾਰ ਭੁੱਖ ਹੜਤਾਲ ਆਰੰਭਣਗੇ। ਹੜਤਾਲ ਸਿੰਘੂ ਬਾਰਡਰ ਸਮੇਤ ਸਭਨਾਂ ਪ੍ਰਦਰਸ਼ਨ ਵਾਲੀਆਂ ਵਾਲੀਆਂ ਥਾਵਾਂ 'ਤੇ ਕੀਤੀ ਜਾਵੇਗੀ ਤੇ ਇਸ ਦੀ ਸ਼ੁਰੂਆਤ ਇਥੋਂ 11 ਕਿਸਾਨਾਂ ਵੱਲੋਂ ਭੁੱਖ ਹੜਤਾਲ 'ਤੇ ਬੈਠ ਕੇ ਕੀਤੀ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾਂ ਪੂਰੇ ਮੁਲਕ ਵਿਚ ਪ੍ਰਦਰਸ਼ਨ ਕਰਨ ਵਾਲਿਆਂ ਤੋਂ ਅਜਿਹਾ ਕਰਨ ਦੀ ਅਪੀਲ ਕੀਤੀ ਸੀ।"

## ਕਿਸਾਨਾਂ ਨੇ ਖ਼ੂਨ ਨਾਲ ਲਿਖਿਆ ਪੱਤਰ ਮੋਦੀ ਨੂੰ ਭੇਜਿਆ

**ਨੂਰਪੁਰ ਬੇਦੀ:** ਨੂਰਪੁਰ ਬੇਦੀ ਦੇ ਕਿਸਾਨਾਂ ਨੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਪਿੰਡ ਡੂਮੇਵਾਲ ਵਿਚ ਸਤਲੁਜ ਪ੍ਰੈਸ ਕਲੱਬ ਨੂਰਪੁਰ ਬੇਦੀ ਵੱਲੋਂ ਲਗਾਏ ਖ਼ੂਨਦਾਨ ਕੈਂਪ ਦੌਰਾਨ ਖ਼ੂਨ ਨਾਲ ਲਿਖਿਆ ਖ਼ਤ ਮੋਦੀ ਸਰਕਾਰ ਨੂੰ ਭੇਜਿਆ। ਇਸ ਮੌਕੇ ਕਿਸਾਨਾਂ 'ਚ ਖੇਤੀ ਕਾਨੂੰਨਾਂ ਖਿਲਾਫ ਜਜ਼ਬਾ ਪ੍ਰਚੰਡ ਸੀ। ਪਿੰਡ ਸ਼ਾਹਪੁਰ ਬੇਲਾ ਦੇ ਕਿਸਾਨ ਜਗਵੀਰ ਸਿੰਘ ਬੇਲਾ ਨੇ ਕਿਹਾ ਕਿ ਉਹ ਮੋਦੀ ਸਰਕਾਰ ਤੋਂ ਖੇਤੀ ਕਾਨੂੰਨ ਰੱਦ ਕਰਵਾ ਕੇ ਹੀ ਰਹਿਣਗੇ। ਉਨ੍ਹਾਂ ਕਿਹਾ ਕਿ ਕਿਸਾਨ ਇਕ ਮਹੀਨੇ ਤੋਂ ਸਿੰਘੂ ਬਾਰਡਰ 'ਤੇ ਡਟੇ ਹੋਏ ਹਨ। ਕਿਸਾਨਾਂ ਨੇ ਅੱਥਰੂ ਗੈਸ ਦੇ ਗੋਲੇ ਵੀ ਸਹੇ, ਪੁਲਿਸ ਦੀ ਕੁੱਟਮਾਰ ਦਾ ਸ਼ਿਕਾਰ ਵੀ ਹੋਏ ਪਰ ਪਿੱਛੇ ਨਹੀਂ ਹਟੇ ਅਤੇ ਨਾ ਹੀ ਹਟਣਗੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਖੇਤੀ ਕਾਨੂੰਨ ਰੱਦ ਨਹੀਂ ਹੁੰਦੇ, ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਨੇ ਮੋਦੀ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਆਖਰੀ ਦਮ ਤੱਕ ਲੜਦੇ ਰਹਿਣਗੇ।

# ਕੜਾਕੇ ਦੀ ਠੰਢ ਵੀ ਮੱਠਾ ਨਾ ਕਰ ਸਕੀ ਘੋਲ ਵਿਚ ਡਟੇ ਲੋਕਾਂ ਦਾ ਜੋਸ਼

**ਚੰਡੀਗੜ੍ਹ:** ਦਿੱਲੀ ਦੀਆਂ ਸਿੰਘੂ ਤੇ ਟਿੱਕਰੀ ਹੱਦਾਂ 'ਤੇ ਤਿੰਨ ਹਫਤਿਆਂ ਤੋਂ ਚੱਲ ਰਹੇ ਕਿਸਾਨ ਅੰਦੋਲਨ 'ਚ ਸ਼ਾਮਲ ਹੋਣ ਲਈ ਪੰਜਾਬ ਵਾਸੀਆਂ ਦਾ ਜੋਸ਼ ਮੱਠਾ ਨਹੀਂ ਪੈ ਰਿਹਾ। ਕਿਸਾਨ ਜਥੇਬੰਦੀਆਂ ਦਾ ਇਸ ਗੱਲੋਂ ਫਿਕਰ ਮੁੱਕ ਗਿਆ ਹੈ ਕਿ ਮੋਰਚੇ ਵਿਚ ਲੋਕਾਂ ਦੀ ਸ਼ਮੂਲੀਅਤ ਕਿਵੇਂ ਕਰਾਉਣੀ ਹੈ। ਦਿੱਲੀ ਨਾਲ ਸਿੱਧੀ ਟੱਕਰ ਹੋਣ ਕਾਰਨ ਪੰਜਾਬ ਦਾ ਕੋਈ ਅਜਿਹਾ ਪਿੰਡ ਨਹੀਂ ਬਚਿਆ ਜਿਥੋਂ ਲੋਕ ਆਪ-ਮੁਹਾਰੇ ਮੋਰਚਿਆਂ ਵਿਚ ਨਾ ਪੁੱਜੇ ਹੋਣ। ਠੰਢ ਵਧਣ ਦੇ ਬਾਵਜੂਦ ਵੀ ਲੋਕਾਂ ਦਾ ਜੋਸ਼ ਮੱਠਾ ਨਹੀਂ ਪਿਆ ਤੇ ਆਏ ਦਿਨ ਵੱਡੀ ਗਿਣਤੀ ਲੋਕ ਵਹੀਰਾਂ ਘੱਤ ਕੇ ਟਰਾਲੀਆਂ ਤੇ ਹੋਰ ਸਾਧਨਾਂ ਰਾਹੀਂ ਦਿੱਲੀ ਮੋਰਚੇ ਵਿਚ ਸ਼ਾਮਲ ਹੋਣ ਜਾ ਰਹੇ ਹਨ।

ਪੰਜਾਬ ਵਿਚ ਡਿਪਟੀ ਕਮਿਸ਼ਨਰ ਦਫਤਰਾਂ ਅੱਗੇ ਦਿੱਤੇ ਗਏ ਰੋਸ ਧਰਨਿਆਂ 'ਚ ਗਿਣਤੀ ਵਧਣ ਦਾ ਇਕ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਜਿਹੜੇ ਲੋਕ ਦਿੱਲੀ ਨਹੀਂ ਜਾ ਸਕੇ, ਉਨ੍ਹਾਂ ਨੇ ਆਪਣਾ ਫਰਜ਼ ਸਮਝ ਕੇ ਰੋਸ ਧਰਨਿਆਂ ਵਿਚ ਆਪਣੀ ਸ਼ਮੂਲੀਅਤ ਕੀਤੀ ਹੈ। ਜ਼ਿਆਦਾਤਰ ਕਿਸਾਨ ਟਰਾਲੀਆਂ ਵਿਚ ਜਾਣ ਨੂੰ ਤਰਜੀਹ ਦੇ ਰਹੇ ਹਨ। ਲੋਕ ਦਿੱਲੀ ਸੰਘਰਸ਼ ਲਈ ਲੋਕ ਆਪ-ਮੁਹਾਰੇ ਹੀ ਆ ਰਹੇ ਹਨ।

ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਨੂੰ ਲੰਬਾ ਚਲਾਉਣ ਲਈ 'ਇਕ ਵਿਅਕਤੀ ਪ੍ਰਤੀ ਘਰ' ਦੇ ਹਿਸਾਬ ਨਾਲ ਨਾਭਾ ਦੇ ਪਿੰਡਾਂ ਵਿਚੋਂ ਵਾਰੀ ਸਿਰ ਲੋਕ ਦਿੱਲੀ ਧਰਨੇ ਵਿਚ ਸ਼ਾਮਲ ਹੋ ਰਹੇ ਹਨ। ਜ਼ਿਕਰਯੋਗ ਹੈ ਕਿ ਨੌਜਵਾਨਾਂ ਦੀ ਇਹ ਟੀਮ ਦਿੱਲੀ ਮੋਰਚੇ ਵਿਚ ਆਉਂਦੇ-ਜਾਂਦੇ ਹਰ ਵਿਅਕਤੀ ਦਾ ਰਿਕਾਰਡ ਰੱਖਦੀ ਹੈ। ਕਿਸਾਨ ਦੇ ਮੋਰਚੇ ਵਿਚ ਜਾਣ ਪਿੱਛੋਂ ਉਸ ਦੀ ਫਸਲ ਨੂੰ ਪਾਣੀ ਲਾਉਣ ਅਤੇ ਡੰਗਰ-ਪਸ਼ੂਆਂ ਦੇ ਹਰੇ-ਚਾਰੇ ਦਾ ਪ੍ਰਬੰਧ ਵੀ ਕਰਦੀ ਹੈ।

ਇਸੇ ਤਰ੍ਹਾਂ ਪਿੰਡ ਕੱਲ੍ਹਮਾਜਰਾ ਵਿਚ ਨੌਜਵਾਨਾਂ ਦੀ 11 ਮੈਂਬਰੀ ਟੀਮ ਹਰ ਚੌਥੇ ਦਿਨ 25 ਜਣਿਆਂ ਦਾ ਜਥਾ ਬਣਾ ਕੇ ਦਿੱਲੀ ਭੇਜਦੀ ਹੈ। ਉਸੇ ਸਾਧਨ ਵਿਚ ਪਹਿਲਾਂ ਗਏ 25 ਜਣੇ ਪਿੰਡ ਵਾਪਸ ਪਰਤ ਆਉਂਦੇ ਹਨ। ਪਿੰਡ ਵੱਲੋਂ ਜੋ ਟਰੈਕਟਰ-ਟਰਾਲੀ ਅਤੇ ਰਾਸ਼ਨ ਆਦਿ ਦਿੱਲੀ ਮੋਰਚੇ ਲਈ ਭੇਜਿਆ ਜਾਂਦਾ ਹੈ, ਉਸ ਦਾ ਸਾਰਾ ਹਿਸਾਬ-ਕਿਤਾਬ ਇਹ ਟੀਮ ਹੀ ਰੱਖਦੀ ਹੈ। ਪਿੰਡ ਦੇ ਸਰਪੰਚ ਭੁਪਿੰਦਰ ਸਿੰਘ ਨੇ ਦੱਸਿਆ ਕਿ ਇਸ ਵਾਰ ਤੋਂ ਮਜ਼ਦੂਰ ਪਰਿਵਾਰਾਂ ਨੇ ਵੀ 10 ਜਣੇ ਦਿੱਲੀ ਭੇਜੇ ਹਨ। ਉਨ੍ਹਾਂ ਕਿਹਾ ਕਿ ਮਜ਼ਦੂਰ ਪਰਿਵਾਰਾਂ ਵੱਲੋਂ ਹਰ ਵਾਰ 10 ਜਣੇ ਭੇਜਣ ਦਾ ਅਹਿਦ ਕੀਤਾ ਗਿਆ ਹੈ। ਇਸੇ ਤਰ੍ਹਾਂ ਬੂਹੀ ਪਿੰਡ ਦੇ ਮਜ਼ਦੂਰ ਸੋਮਨਾਥ ਸੋਮਾ ਵੱਲੋਂ ਵੀ ਇਹ ਐਲਾਨ ਕੀਤਾ ਗਿਆ ਕਿ ਜੇ ਕੋਈ ਪਿੰਡ ਵਾਸੀ ਦਿੱਲੀ ਧਰਨੇ ਵਿਚ ਜਾਣਾ ਚਾਹੁੰਦਾ ਹੈ ਤਾਂ ਬੇਫਿਕਰ ਹੋ ਕੇ ਜਾ ਸਕਦਾ ਹੈ, ਉਸ ਦੇ ਪਸ਼ੂਆਂ ਦੀ ਸਾਂਭ-ਸੰਭਾਲ ਤੇ ਹਰੇ-ਚਾਰੇ ਦੀ ਜ਼ਿੰਮੇਵਾਰੀ ਉਹ ਨਿਭਾਏਗਾ।

ਉਧਰ, ਸਿੰਘੂ ਬਾਰਡਰ ਉਪਰ ਰੋਜ਼ਾਨਾ ਹਜ਼ਾਰਾਂ ਲੋਕਾਂ ਦਾ ਇਕੱਠ ਹੋ ਜਾਂਦਾ ਹੈ ਤੇ



ਸਾਰਿਆਂ ਲਈ ਸਮੇਂ ਸਿਰ ਲੰਗਰ ਤਿਆਰ ਕਰਨ ਦੀ ਸੇਵਾ ਵਿਚ ਵੱਖ-ਵੱਖ ਸੰਸਥਾਵਾਂ ਲੱਗੀਆਂ ਹੋਈਆਂ ਹਨ। ਲੋਕਾਂ ਦੀ ਆਮਦ ਨੂੰ ਦੇਖਦੇ ਹੋਏ ਕਈ ਥਾਵਾਂ ਉਪਰ ਇਥੇ ਕੌਮੀ ਮਾਰਗ-1 ਉਪਰ ਰੋਟੀ/ਪ੍ਰਸ਼ਾਦੇ ਸੇਕਣ ਵਾਲੀਆਂ ਮਸ਼ੀਨਾਂ ਲਾਈਆਂ ਗਈਆਂ ਹਨ। ਕਈਆਂ ਵੱਲੋਂ ਵੱਡੇ ਤਵਿਆਂ 'ਤੇ ਰੋਟੀਆਂ ਸੇਕੀਆਂ ਜਾਂਦੀਆਂ ਹਨ। ਖਾਸ ਕਰਕੇ ਧਾਰਮਿਕ ਸੰਸਥਾਵਾਂ ਵੱਲੋਂ ਜਾਂ ਪਿੰਡਾਂ ਤੋਂ ਆਈਆਂ ਟਰਾਲੀਆਂ ਵਿਚ ਚੁੱਲ੍ਹਿਆਂ ਦਾ ਪ੍ਰਬੰਧ ਹੋਣ ਕਰ ਕੇ ਉਨ੍ਹਾਂ ਨੂੰ ਔਖ ਨਹੀਂ ਹੁੰਦੀ। ਦਿੱਲੀ ਸਰਕਾਰ ਵੱਲੋਂ ਗੁਰੂ ਤੇਗ ਬਹਾਦਰ ਸਮਾਰਕ ਦੇ ਕੈਂਪਸ ਵਿਚ ਤਿੰਨ ਰੋਟੀਆਂ ਪਕਾਉਣ ਵਾਲੀਆਂ ਮਸ਼ੀਨਾਂ ਲਾਈਆਂ ਗਈਆਂ ਹਨ। ਕੌਮੀ ਮਾਰਗ-1 ਉਪਰ ਇਕ ਸਵੈ-ਸੇਵੀ ਸੰਸਥਾ ਵੱਲੋਂ ਰੋਟੀ ਬਣਾਉਣ ਵਾਲੀ ਮਸ਼ੀਨ ਲਾਈ ਗਈ ਹੈ, ਜਿਥੇ ਧਰਨੇ ਵਿਚ ਸ਼ਾਮਲ ਔਰਤਾਂ ਵੱਲੋਂ ਆਟੇ ਦੇ ਪੇੜੇ ਬਣਾਏ ਦੀ ਸੇਵਾ ਰੋਜ਼ਾਨਾ ਕੀਤੀ ਜਾਂਦੀ ਹੈ। ਦੁਪਹਿਰੇ ਤੇ ਸ਼ਾਮ ਨੂੰ ਲੰਗਰ ਚਲਾਏ ਜਾਂਦੇ ਹਨ ਤੇ ਵਧਦੀ ਭੀੜ ਨੂੰ ਦੇਖਦੇ ਹੋਏ ਮਸ਼ੀਨਾਂ ਨਾਲ ਕੰਮ ਸੌਖਾ ਹੋ ਜਾਂਦਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਲੰਗਰ ਅਤੇ ਸੌਣ ਦੇ ਪ੍ਰਬੰਧ

**ਨਵੀਂ ਦਿੱਲੀ:** ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਸਿੰਘੂ ਬਾਰਡਰ ਦੇ ਮੋਰਚੇ 'ਤੇ ਡਟੇ ਕਿਸਾਨਾਂ ਲਈ ਦੋ ਥਾਵਾਂ ਉਪਰ ਲੰਗਰ ਤੇ ਰਾਤ ਨੂੰ ਪੈਣ-ਸੌਣ ਦਾ ਪ੍ਰਬੰਧ ਕੀਤਾ ਗਿਆ ਹੈ। ਕਮੇਟੀ ਮੁਲਾਜ਼ਮ ਵੀਰ ਸਿੰਘ ਨੇ ਦੱਸਿਆ ਕਿ ਕਰੀਬ 200 ਲੋਕਾਂ ਦੇ ਸੌਣ ਦੀ ਵਿਵਸਥਾ ਕੁੰਡਲੀ ਵਾਲੇ ਖੇਤਰ ਵਿਚ ਕੀਤੀ ਗਈ ਹੈ। ਇਥੇ 24 ਘੰਟੇ ਲੰਗਰ ਚੱਲਦਾ ਰਹਿੰਦਾ ਹੈ, ਜਿਸ ਵਿਚ ਰਵਾਇਤੀ ਲੰਗਰ ਤੋਂ ਇਲਾਵਾ ਚਾਹ ਤੇ ਹੋਰ ਖਾਣ ਦੀਆਂ ਚੀਜ਼ਾਂ ਲੰਗਰ ਤੋਂ ਵੱਖਰੀਆਂ ਮੁਹੱਈਆ ਹਨ। ਸਨਅਤੀ ਤੇ ਖੇਤੀ ਵਾਲਾ ਖੇਤਰ ਹੋਣ ਕਰਕੇ ਮੱਖੀ-ਮੱਛਰ ਤੋਂ ਬਚਾਅ ਲਈ ਮੱਛਰਦਾਨੀਆਂ ਵੀ ਲਾਈਆਂ ਗਈਆਂ ਹਨ। ਦਾਨੀ ਸੰਸਥਾਵਾਂ ਵੱਲੋਂ ਮੱਛਰ ਭਜਾਉਣ ਵਾਲੀਆਂ ਧੂਫਾਂ ਤੇ ਤੇਲ ਵੀ ਅਜਿਹੀਆਂ ਥਾਵਾਂ ਉਪਰ ਵੰਡਿਆ ਜਾਂਦਾ ਹੈ। ਕਮੇਟੀ ਦੇ 50 ਦੇ ਕਰੀਬ ਮੁਲਾਜ਼ਮ ਕੁਰੂਕਸ਼ੇਤਰ, ਅੰਬਾਲਾ ਤੇ ਅੰਮ੍ਰਿਤਸਰ ਤੋਂ ਇਥੇ ਤਾਇਨਾਤ ਕੀਤੇ ਹੋਏ ਹਨ। ਮੀਰੀ-ਪੀਰੀ ਡਾਕਟਰੀ ਸੰਸਥਾ ਦੇ ਡਾਕਟਰਾਂ ਦੀ ਟੀਮ ਵੀ ਤਾਇਨਾਤ ਕੀਤੀ ਗਈ ਹੈ।

## ਸਾਮਾਨ ਭੇਜਣ ਲਈ ਉਤਾਵਲੇ ਨੇ ਦਾਨੀ ਸੱਜਣ

**ਨਵੀਂ ਦਿੱਲੀ:** ਸਿੰਘੂ ਤੇ ਟਿੱਕਰੀ ਮੋਰਚਿਆਂ ਉਪਰ ਡਟੇ ਕਿਸਾਨਾਂ ਲਈ ਦਾਨੀ ਸੱਜਣ ਹੁਣ ਮੌਜੂਦਾ ਲੋੜਾਂ ਮੁਤਾਬਕ ਸਾਮਾਨ ਪਹੁੰਚਾਉਣ ਲੱਗੇ ਹਨ। ਕੜਾਕੇ ਦੀ ਠੰਢ ਵਿੱਚ ਕਿਸਾਨ ਆਗੂਆਂ ਵੱਲੋਂ ਇਥੋਂ ਪੰਜਾਬ ਤੇ ਹਰਿਆਣਾ ਸਮੇਤ ਹੋਰ ਰਾਜਾਂ ਨੂੰ ਆਉਣ ਜਾਣ ਵਾਲੇ ਕਿਸਾਨਾਂ ਨੂੰ ਠੰਢ ਤੋਂ ਬਚਾਅ ਦੇ ਉਪਰਾਲਿਆਂ ਵੱਲ ਧਿਆਨ ਦੇਣ ਦੇ ਸੁਨੇਹੇ ਭੇਜੇ ਜਾ ਰਹੇ ਹਨ। ਇਸੇ ਲੜੀ 'ਚ ਮੋਗਾ ਦੇ ਨਵਦੀਪ ਸੰਘਾ ਵੱਲੋਂ ਕਿਸਾਨਾਂ ਨੂੰ ਠੰਢ ਤੋਂ ਬਚਾਉਣ ਲਈ 10 ਹਜ਼ਾਰ ਜੋੜੇ ਜੁਰਾਬਾਂ ਸਿੰਘੂ ਬਾਰਡਰ ਉਪਰ ਵੰਡੀਆਂ ਗਈਆਂ। ਉਹ ਅੱਗੋਂ ਹੋਰ ਸਾਮਾਨ ਵੀ ਲੈ ਕੇ ਆਉਣਗੇ। ਸ੍ਰੀ ਸੰਘਾ ਵੱਲੋਂ ਦਿੱਲੀ ਨੂੰ ਜਾਂਦੇ ਪੰਜ ਮੁੱਖ ਮਾਰਗਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਗਰਮ ਕੱਪੜੇ, ਦੇਸੀ ਗੀਜ਼ਰ, ਪਾਥੀਆਂ, ਮੋਟੀ ਲੱਕੜੀ ਦੀਆਂ ਗੇਂਢਾਂ ਸਮੇਤ ਬਲੱਡ ਪ੍ਰੈਸ਼ਰ ਮਾਪਣ ਵਾਲੀਆਂ ਮਸ਼ੀਨਾਂ ਲਈ ਵੀ ਅਪੀਲ ਕੀਤੀ ਜਾ ਰਹੀ ਹੈ।

# ਸੰਘਰਸ਼ ਦੌਰਾਨ ਜਾਨ ਗੁਆਉਣ ਵਾਲੇ ਕਿਸਾਨਾਂ ਨੂੰ ਸ਼ਰਧਾਂਜਲੀਆਂ ਭੇਂਟ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੇ ਸਿੰਘੂ ਤੇ ਟਿਕਰੀ ਬਾਰਡਰਾਂ 'ਤੇ ਕਿਸਾਨ ਅੰਦੋਲਨ ਦੌਰਾਨ ਵੱਖ-ਵੱਖ ਕਾਰਨਾਂ ਕਰਕੇ ਜਾਨ ਗੁਆਉਣ ਵਾਲੇ ਕਿਸਾਨਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਸੱਦੇ 'ਤੇ ਦੇਸ ਦੇ ਹੋਰਨਾਂ ਹਿੱਸਿਆਂ ਵਿੱਚ ਵੀ ਪਿੰਡ ਤੇ ਬਲਾਕ ਪੱਧਰ 'ਤੇ ਸ਼ਰਧਾਂਜਲੀ ਸਮਾਗਮ ਕੀਤੇ ਗਏ। ਇਸ ਦੌਰਾਨ ਕਿਸਾਨਾਂ ਨੇ ਕੇਂਦਰ ਸਰਕਾਰ ਨੂੰ ਰੱਜ ਕੇ ਭੰਡਿਆ। ਸਿੰਘੂ ਬਾਰਡਰ 'ਤੇ ਮ੍ਰਿਤਕ ਕਿਸਾਨਾਂ ਨੂੰ ਸਰਧਾਂਜਲੀ ਦੇਣ ਵਾਲਿਆਂ ਵਿਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਪੰਜਾਬ) ਦੇ ਪ੍ਰਧਾਨ ਡਾ. ਦਰਸ਼ਨ ਪਾਲ, ਫੁਰਮਾਨ ਸਿੰਘ ਸੰਧੂ, ਡਾ. ਸਤਨਾਮ ਸਿੰਘ, ਜਗਜੀਤ ਸਿੰਘ ਡੱਲੇਵਾਲ, ਉਂਕਾਰ ਸਿੰਘ, ਹਰਿੰਦਰ ਸਿੰਘ ਲੱਖੋਵਾਲ, ਸੁਰਜੀਤ ਸਿੰਘ ਫੂਲ, ਪ੍ਰੇਮ ਸਿੰਘ ਭੰਗੂ, ਹਰਜੀਤ ਸਿੰਘ ਰਵੀ, ਰੁਲਦੂ ਸਿੰਘ ਮਾਨਸਾ, ਲਖਬੀਰ ਸਿੰਘ ਨਿਜ਼ਾਮਪੁਰ, ਲਖਵਿੰਦਰ ਸਿੰਘ, ਹਰਮੀਤ ਸਿੰਘ ਕਾਦੀਆਂ, ਕਮਲਜੀਤ ਸਿੰਘ ਤੇ ਹੋਰ ਆਗੂ ਸਾਮਲ ਸਨ।

ਬੁਲਾਰਿਆਂ ਵੱਲੋਂ ਪਹਿਲਾਂ 'ਸ਼ਹੀਦ' ਕਿਸਾਨਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸਰਧਾਂਜਲੀਆਂ ਦਿੱਤੀਆਂ ਗਈਆਂ। ਆਗੂਆਂ ਨੇ ਵਿੱਛੜੀਆਂ ਰੂਹਾਂ ਨੂੰ ਸਮਰਪਿਤ ਹੋ ਕੇ ਇਸ ਕਿਸਾਨੀ ਸੰਘਰਸ਼ ਨੂੰ ਫੈਸਲਾਕੁਨ ਅੰਜਾਮ ਤੱਕ ਪਹੁੰਚਾਉਣ ਲਈ ਕੇਂਦਰ ਸਰਕਾਰ ਦੀਆਂ ਦਬਾਅ ਪਾਊ ਨੀਤੀਆਂ ਦਾ ਡਟ ਕੇ ਟਾਕਰਾ ਕਰਨ ਦਾ ਅਹਿਦ ਲਿਆ। ਉਨ੍ਹਾਂ ਖੇਤੀਬਾੜੀ ਕਾਨੂੰਨਾਂ ਨੂੰ ਕਿਸਾਨਾਂ ਦੇ ਨਾਲ ਨਾਲ ਹੋਰ ਵਰਗਾਂ ਲਈ ਵੀ ਘਾਤਕ ਕਰਾਰ ਦਿੱਤਾ। ਸਾਬਕਾ ਪੁਲਿਸ ਅਧਿਕਾਰੀ ਕਿਰਨਦੀਪ ਕੌਰ ਨੇ ਕੰਟਰੈਕਟ (ਠੇਕਾ) ਖੇਤੀ ਦੇ ਨੁਕਸਾਨ ਗਿਣਾਏ। ਉੱਤਰ ਪ੍ਰਦੇਸ ਦੇ ਗਾਜੀਪੁਰ ਤੋਂ ਆਏ ਕਿਸਾਨ ਆਗੂ ਧਰਮਪਾਲ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਵੱਲੋਂ ਲਾਈ ਚਿਣਗ ਹੁਣ ਦੇਸ ਦੇ ਕੋਨੇ ਕੋਨੇ ਤਕ ਭਾਂਬੜ ਦਾ ਰੂਪ ਲੈ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਕਰਕੇ ਹੀ ਦੇਸ ਦੇ ਵੱਖ ਵੱਖ ਹਿੱਸਿਆਂ ਤੋਂ ਆਏ ਕਿਸਾਨਾਂ ਨੂੰ ਇਕ ਦੂਜੇ ਨਾਲ ਮਿਲਣ ਦਾ ਮੌਕਾ ਮਿਲਿਆ ਹੈ। ਇਸ ਦੌਰਾਨ ਟਿਕਰੀ ਬਾਰਡਰ 'ਤੇ ਵੀ ਕਿਸਾਨ ਅੰਦੋਲਨ ਦੌਰਾਨ ਜਹਾਨੋਂ ਕੂਚ ਕਰ ਗਏ ਕਿਸਾਨਾਂ ਨੂੰ ਸਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਦੌਰਾਨ ਟਿਕਰੀ ਬਾਰਡਰ 'ਤੇ ਬੀਕੇਯੂ ਏਕਤਾ (ਉਗਰਾਹਾਂ) ਦੀ ਅਗਵਾਈ 'ਚ ਜੁੜੇ ਇਕੱਠ ਨੇ ਕਿਸਾਨੀ ਸੰਘਰਸ਼ ਦੌਰਾਨ ਸ਼ਹੀਦੀਆਂ ਪਾਉਣ ਵਾਲੇ ਕਿਸਾਨਾਂ ਨੂੰ ਸੰਗਰਾਮੀ ਸਰਧਾਂਜਲੀਆਂ ਭੇਟ ਕੀਤੀਆਂ। ਹਜ਼ਾਰਾਂ ਦੀ ਤਦਾਦ 'ਚ ਜੁੜੇ ਇਕੱਠ ਨੇ ਸਮੂਹਿਕ ਤੌਰ 'ਤੇ ਖੜ੍ਹੇ ਹੋ ਕੇ ਦੋ ਮਿੰਟ ਲਈ ਮੌਨ ਰੱਖਿਆ ਤੇ ਸ਼ਹੀਦਾਂ ਦੀ ਯਾਦ ਨੂੰ ਸਿਜਦਾ ਕੀਤਾ।

ਕਿਸਾਨਾਂ ਨੇ 'ਅਮਰ ਸ਼ਹੀਦਾਂ ਦਾ ਪੈਗਾਮ-ਜਾਰੀ ਰੱਖਣਾ ਹੈ ਸੰਗਰਾਮ' ਦੇ ਬੁਲੰਦ ਨਾਅਰਿਆਂ ਨਾਲ ਸ਼ਹੀਦਾਂ ਦੀ ਕੁਰਬਾਨੀ ਨੂੰ ਅਜਾਈਂ ਨਾ ਜਾਣ ਦੇਣ ਦਾ ਅਹਿਦ ਲੈਂਦਿਆਂ ਮੁਕੰਮਲ ਜਿੱਤ ਤਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ। ਬੀ.ਕੇ.ਯੂ. ਏਕਤਾ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਲਗਭਗ ਦੋ ਦਰਜਨ ਜ਼ਿੰਦਗੀਆਂ ਦਿੱਲੀ ਮੋਰਚੇ 'ਚ ਹੀ ਕੁਰਬਾਨ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ, 'ਸ਼ਹੀਦਾਂ ਦੇ ਡੁੱਲ੍ਹੇ ਲਹੂ ਨੂੰ ਮਸਤਕ ਨਾਲ ਲਾ ਕੇ ਅਸੀਂ ਕਸਮ ਖਾਂਦੇ ਹਾਂ ਕਿ ਸਿਦਕ ਦੀ ਇਸ ਅਜ਼ਮਾਇਸ਼ 'ਚ ਹਰ ਹਾਲ ਪੂਰੇ ਉਤਰਾਂਗੇ।' ਉਨ੍ਹਾਂ ਕਿਹਾ ਕਿ ਕਿਸਾਨੀ ਸੰਘਰਸ਼ ਲਈ ਕੁਰਬਾਨੀਆਂ ਅੱਗੋਂ ਵੀ ਜਾਰੀ ਰਹਿਣਗੀਆਂ, ਪਰ ਇਹ ਵਿਛੋੜੇ ਸਾਡੇ ਹੌਸਲੇ ਪਸਤ ਨਹੀਂ ਕਰ ਸਕਣਗੇ। ਰੈਲੀ ਨੂੰ ਜਥੇਬੰਦੀ ਦੇ ਸੂਬਾ ਸਕੱਤਰ ਸਿੰਗਾਰਾ ਸਿੰਘ ਮਾਨ, ਔਰਤ ਵਿੰਗ ਦੀ ਆਗੂ ਕੁਲਦੀਪ ਕੌਰ ਕੁੱਸਾ ਨੇ ਵੀ ਸੰਬੋਧਨ ਕੀਤਾ ਤੇ ਸੰਘਰਸ਼ ਦੌਰਾਨ ਮਾਰੀਆਂ ਮੱਲਾਂ ਦੀ



ਚਰਚਾ ਕੀਤੀ। ਕੰਵਰ ਗਰੇਵਾਲ, ਹਰਫ ਚੀਮਾ, ਸੋਨੀਆ ਮਾਨ ਤੇ ਹੋਰਨਾਂ ਕਲਾਕਾਰਾਂ ਨੇ ਸੰਘਰਸ਼ ਨਾਲ ਇਕਜੁੱਟਤਾ ਜਾਹਿਰ ਕੀਤੀ। ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ ਵੱਲੋਂ ਇਥੇ ਮੈਡੀਕਲ ਕੈਂਪ ਵੀ ਲਗਾਇਆ ਗਿਆ।

ਇਸ ਦੌਰਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ ਨੇ ਸਾਂਝੀ ਪ੍ਰੈੱਸ ਕਾਨਫਰੰਸ ਵੀ ਕੀਤੀ। ਪੰਨੂ ਨੇ ਕਿਹਾ ਕਿ ਮੋਦੀ ਸਰਕਾਰ ਖੇਤੀ ਕਾਨੂੰਨਾਂ ਨੂੰ ਕਿਸਾਨ ਪੱਖੀ ਦੱਸਣ ਲਈ ਪ੍ਰਚਾਰ ਸਾਧਨਾਂ ਵਿਚ ਸਿਰੇ ਦਾ ਜੋਰ ਲਾ ਰਹੀ ਹੈ। ਆਗੂਆਂ ਨੇ ਆੜ੍ਹਤੀਆਂ ਤੇ ਵਪਾਰੀਆਂ ਨੂੰ ਧਮਕਾਉਣ ਅਤੇ ਉਨ੍ਹਾਂ ਖਿਲਾਫ ਆਮਦਨ ਕਰ ਵਿਭਾਗ ਦੇ ਛਾਪਿਆਂ ਨੂੰ ਬਦਲੇ ਦੀ ਭਾਵਨਾ ਨਾਲ ਕੀਤੀ ਕਾਰਵਾਈ ਦੱਸਦਿਆਂ ਨਿੰਦਾ ਕੀਤੀ। ਇਸ ਤੋਂ ਪਹਿਲਾਂ ਦਿਨੇ 12 ਵਜੇ ਮੋਰਚੇ ਵਿਚ ਅਰਦਾਸ ਕਰਕੇ ਸਾਮ ਨੂੰ ਮੋਮਬੱਤੀਆਂ ਜਗਾ ਕੇ ਸਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਪ੍ਰੋ. ਮਨਜੀਤ ਸਿੰਘ, ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਭਾਨੂੰ ਪ੍ਰਤਾਪ ਸਿੰਘ, ਰਣਜੀਤ ਸਿੰਘ ਕਲੇਰਬਾਲਾ, ਬਾਜ ਸਿੰਘ, ਦਿਆਲ ਸਿੰਘ, ਇਕਬਾਲ ਸਿੰਘ, ਅਮਰਦੀਪ ਗੋਪੀ, ਮੇਜਰ ਸਿੰਘ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ। ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਪ੍ਰਧਾਨ ਸੁਰਜੀਤ ਸਿੰਘ ਫੂਲ ਨੇ ਕਿਹਾ ਕਿ ਜਦੋਂ ਪਰਵਾਸੀ ਪੰਜਾਬੀਆਂ ਨੂੰ ਇਹ ਪਤਾ ਲੱਗਾ ਕਿ ਸਟੇਜ ਵੱਡੀ ਕਰਨ ਲਈ ਯੂਨੀਅਨਾਂ ਵੱਲੋਂ 10-10 ਹਜ਼ਾਰ ਰੁਪਏ ਇਕੱਠੇ ਕੀਤੇ ਜਾਣਗੇ ਤਾਂ ਐਨ.ਆਰ.ਆਈਜ਼. ਨੇ ਸੁਨੇਹਾ ਭੇਜਿਆ ਕਿ ਉਹ ਹੀ ਪੈਸਾ ਭੇਜ ਦੇਣਗੇ।

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

100% OWNER OPERATOR COMPANY

Pay Single 48 Cent + Team 58 Cent

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

**Punjab Times**

**Established in 2000**
**21st Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲੰਗਾਹ ਦੇ ਕਰਵਾਏ ਅਖੰਡ ਪਾਠ ਦਾ ਮਾਮਲਾ ਭਖਿਆ

## ਗੁਰਦੁਆਰੇ ਦਾ ਮੈਨੇਜਰ ਤੇ ਗ੍ਰੰਥੀ ਮੁਅੱਤਲ

**ਫਤਹਿਗੜ੍ਹ ਸਾਹਿਬ:** ਇਥੋਂ ਦੇ ਇਤਿਹਾਸਕ ਗੁਰਦੁਆਰਾ ਭੋਰਾ ਸਾਹਿਬ ਵਿਚ ਸ੍ਰੀ ਅਖੰਡ ਪਾਠ ਦੇ ਭੋਗ ਮੌਕੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਦੀ ਸ਼ਮੂਲੀਅਤ ਨੇ ਨਵੀਂ ਚਰਚਾ ਛੇੜ ਦਿੱਤੀ ਹੈ। ਜਿਕਰਯੋਗ ਹੈ ਕਿ ਲੰਗਾਹ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਪੰਥ ਵਿੱਚੋਂ ਛੇਕਿਆ ਹੋਇਆ ਹੈ।

ਲੰਗਾਹ ਦਾ ਵਿਰੋਧ ਕਰਦਿਆਂ ਇਥੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਨੇ ਪ੍ਰੈੱਸ ਕਾਨਫਰੰਸ ਕਰਕੇ ਦੋਸ਼ ਲਾਇਆ ਕਿ ਅਜਿਹਾ ਕਰ ਕੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਗੁਰਦੁਆਰਾ ਭੋਰਾ ਸਾਹਿਬ ਨੂੰ ਦੁੱਧ ਨਾਲ ਪਵਿੱਤਰ ਕੀਤਾ ਜਾਵੇ ਅਤੇ ਅਪਵਿੱਤਰ ਚੌਰ ਸਾਹਿਬ ਨੂੰ ਸਸਕਾਰ ਕਰ ਕੇ ਇਸ ਲਈ ਜਿੰਮੇਵਾਰ ਮੁਲਾਜ਼ਮਾਂ ਖਿਲਾਫ ਕਾਰਵਾਈ ਕੀਤੀ ਜਾਵੇ। ਉਨ੍ਹਾਂ ਇਹ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਧਿਆਨ ਵਿਚ ਸਬੂਤਾਂ ਸਮੇਤ ਲਿਆ ਕੇ ਕਾਰਵਾਈ ਦੀ ਮੰਗ ਕੀਤੀ ਹੈ।

ਜ਼ਿਲ੍ਹਾ ਜਥੇਦਾਰ ਜਗਦੀਪ ਸਿੰਘ ਚੀਮਾ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਅਵਤਾਰ ਸਿੰਘ ਰਿਆ ਨੇ ਵੱਖਰੀ ਪ੍ਰੈੱਸ ਕਾਨਫਰੰਸ ਦੌਰਾਨ ਦੁੱਖ ਪ੍ਰਗਟ ਕੀਤਾ ਕਿ ਕੁਝ ਰਾਜਸੀ ਲੋਕ ਸ਼ਹੀਦੀ ਦਿਹਾੜਿਆਂ ਮੌਕੇ ਵੀ ਰਾਜਨੀਤੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਅਜਿਹੇ ਕੱਪੜੇ ਪਹਿਨੇ ਸਨ ਜੋ ਮੁੱਖ ਮੰਤਰੀ ਵੀ ਗੁਰੂ ਘਰ ਆਉਣ ਲੱਗਿਆਂ ਨਹੀਂ ਪਹਿਨਦਾ। ਉਨ੍ਹਾਂ ਇਨ੍ਹਾਂ ਸ਼ਹੀਦੀ ਦਿਹਾੜਿਆਂ 'ਤੇ ਸਿਆਸੀ ਆਗੂਆਂ ਨੂੰ ਰਾਜਨੀਤੀ ਨਾ ਕਰਨ ਦੀ ਅਪੀਲ ਕੀਤੀ।

ਉਧਰ, ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਸੁੱਚਾ ਸਿੰਘ ਲੰਗਾਹ ਨੂੰ ਸਿਰੋਪਾਉ ਦੇਣ ਵਾਲੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਦੇ ਮੈਨੇਜਰ ਕਰਮ ਸਿੰਘ ਅਤੇ ਇਕ ਗ੍ਰੰਥੀ ਨੂੰ ਮੁਅੱਤਲ ਕਰ ਦਿੱਤਾ ਹੈ। ਬੀਬੀ ਜਗੀਰ ਕੌਰ ਨੇ ਆਖਿਆ ਕਿ ਪੰਥ ਵਿਚੋਂ ਛੇਕੇ ਵਿਅਕਤੀ ਨਾਲ ਮਿਲਵਰਤਣ ਰੱਖਣ ਵਾਲੇ ਕਿਸੇ ਵੀ ਕਰਮਚਾਰੀ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਵਾਸਤੇ ਫਲਾਇੰਗ ਵਿਭਾਗ ਦੀ ਡਿਊਟੀ ਲਗਾਈ ਗਈ ਹੈ। ਉਨ੍ਹਾਂ ਆਖਿਆ ਕਿ ਇਸ ਮਾਮਲੇ ਦੀ ਜਾਂਚ ਰਿਪੋਰਟ ਆਉਣ ਮਗਰੋਂ ਦੋਸ਼ੀਆਂ ਖਿਲਾਫ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਗੁਰਦੁਆਰੇ ਦੇ ਮੈਨੇਜਰ ਕਰਮ ਸਿੰਘ ਨੇ ਸਪੱਸ਼ਟ ਕੀਤਾ ਕਿ ਅਖੰਡ ਪਾਠ ਸਾਹਿਬ 2015 ਦਾ ਬੁੱਕ ਹੈ ਅਤੇ ਜਦੋਂ ਭੋਗ ਵੇਲੇ ਉਨ੍ਹਾਂ ਦੇ ਨੋਟਿਸ ਵਿਚ ਆਇਆ ਤਾਂ ਕਿਸੇ ਵੀ ਮੁਲਾਜ਼ਮ ਨੇ ਸੁੱਚਾ ਸਿੰਘ ਲੰਗਾਹ ਨੂੰ ਸਿਰੋਪਾਉ ਨਹੀਂ ਦਿੱਤਾ ਅਤੇ ਨਾ ਹੀ ਕੋਈ ਸੰਪਰਕ ਬਣਾਇਆ।

## ਰਾਘਵ ਚੱਢਾ ਨੂੰ 'ਆਪ' ਪੰਜਾਬ ਦਾ ਸਹਿ-ਇੰਚਾਰਜ ਥਾਪਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਦੇ ਨੌਜਵਾਨ ਵਿਧਾਇਕ ਰਾਘਵ ਚੱਢਾ ਨੂੰ 'ਆਪ' ਪੰਜਾਬ ਦਾ ਸਹਿ-ਇੰਚਾਰਜ ਲਗਾਇਆ ਹੈ ਜਦੋਂਕਿ ਜਰਨੈਲ ਸਿੰਘ ਪਾਰਟੀ ਦੇ ਇੰਚਾਰਜ ਵਜੋਂ ਕੰਮ ਕਰਦੇ ਰਹਿਣਗੇ। ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਰਾਘਵ ਚੱਢਾ ਨੂੰ ਸਹਿ-ਇੰਚਾਰਜ ਲਗਾਉਣ 'ਤੇ ਖੁਸ਼ੀ ਪ੍ਰਗਟਾਉਂਦੇ ਹੋਏ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਕੀਤਾ। ਸ੍ਰੀ ਮਾਨ ਨੇ ਕਿਹਾ ਕਿ ਰਾਘਵ ਚੱਢਾ ਦੀ ਨਿਯੁਕਤੀ ਨਾਲ ਪੰਜਾਬ ਵਿਚ ਪਾਰਟੀ ਹੋਰ ਮਜ਼ਬੂਤ ਹੋਵੇਗੀ। ਸ੍ਰੀ ਚੱਢਾ ਨੇ ਕਿਹਾ ਕਿ ਪੰਜਾਬ ਵਿਚ ਅਕਾਲੀ-ਭਾਜਪਾ ਅਤੇ ਕਾਂਗਰਸ ਪਾਰਟੀ ਨੇ ਵਾਰੋ-ਵਾਰੀ ਸੱਤਾ 'ਤੇ ਰਹਿੰਦੇ ਹੋਏ ਤੇ ਭ੍ਰਿਸ਼ਟਾਚਾਰ ਕਰਕੇ ਪੰਜਾਬ ਵਾਸੀਆਂ ਨੂੰ ਲੁੱਟਿਆ ਹੈ। ਪੰਜਾਬ ਨੂੰ ਮੁੜ ਤੋਂ ਬੁਲੰਦੀਆਂ 'ਤੇ ਲਿਜਾਣ ਲਈ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇਗਾ।

# ਬਰਤਾਨੀਆ ਵਿਚ ਕਰੋਨਾ ਦਾ ਘਾਤਕ ਰੂਪ ਸਾਹਮਣੇ ਆਇਆ

**ਲੰਡਨ:** ਕਰੋਨਾ ਵਾਇਰਸ ਦੇ ਨਵੇਂ ਰੂਪ ਦੇ ਫੈਲਾਅ ਨਾਲ ਇੰਗਲੈਂਡ ਲਈ ਸੰਕਟ ਖੜ੍ਹਾ ਹੋ ਗਿਆ ਹੈ ਅਤੇ ਯੂਰਪੀ ਮੁਲਕਾਂ ਨੇ ਉਸ ਨਾਲ ਸੰਪਰਕ ਤੋੜ ਲਿਆ ਹੈ। ਯੂਰਪੀ ਮੁਲਕਾਂ ਨੇ ਕਰੋਨਾ ਵਾਇਰਸ ਦੇ ਨਵੇਂ ਰੂਪ ਤੋਂ ਡਰਦਿਆਂ ਇੰਗਲੈਂਡ ਨਾਲ ਆਵਾਜਾਈ ਬੰਦ ਕਰ ਦਿੱਤੀ ਹੈ। ਕ੍ਰਿਸਮਸ ਨੇੜੇ ਹੋਣ ਕਰਕੇ ਕਈ ਪਰਿਵਾਰਾਂ, ਟਰੱਕ ਵਾਲਿਆਂ ਅਤੇ ਸੁਪਰ ਮਾਰਕਿਟਾਂ 'ਚ ਹਫੜਾ-ਦਫੜੀ ਦਾ ਮਾਹੌਲ ਬਣ ਗਿਆ ਹੈ। ਫਰਾਂਸ ਨਾਲ ਲੱਗਦੀ ਸਰਹੱਦ 'ਤੇ ਵਾਹਨਾਂ ਦੀ ਕਤਾਰ ਲੱਗ ਗਈ ਹੈ। ਟਰੱਕ ਅਤੇ ਹੋਰ ਢੋਆ-ਢੁਆਈ ਵਾਲੇ ਵਾਹਨਾਂ ਦੇ ਦਾਖਲੇ ਨੂੰ ਵੀ ਰੋਕ ਦਿੱਤਾ ਗਿਆ ਹੈ।

ਫਰਾਂਸ, ਜਰਮਨੀ, ਇਟਲੀ, ਨੀਦਰਲੈਂਡਜ਼, ਆਸਟਰੀਆ, ਸਵਿਟਜਰਲੈਂਡ, ਆਇਰਲੈਂਡ, ਬੈਲਜੀਅਮ, ਇਜ਼ਰਾਈਲ, ਹਾਂਗਕਾਂਗ, ਇਰਾਨ, ਕ੍ਰੋਏਸ਼ੀਆ, ਅਰਜਨਟੀਨਾ, ਚਿਲੀ, ਮੋਰੱਕੋ, ਕੁਵੈਤ ਅਤੇ ਕੈਨੇਡਾ ਨੇ ਇੰਗਲੈਂਡ ਦੇ ਸਫਰ ਅਤੇ ਉਥੋਂ ਆਉਣ ਵਾਲੀਆਂ ਉਡਾਣਾਂ 'ਤੇ ਪਾਬੰਦੀ ਲਗਾ ਦਿੱਤੀ ਹੈ।

ਸਾਊਦੀ ਅਰਬ ਨੇ ਸਾਰੀਆਂ ਕੌਮਾਂਤਰੀ ਉਡਾਣਾਂ 'ਤੇ ਇਕ ਹਫਤੇ ਲਈ ਰੋਕ ਲਗਾ ਦਿੱਤੀ ਹੈ। ਇੰਗਲੈਂਡ ਦੇ ਸਿਹਤ ਮੰਤਰੀ ਮੈਟ ਹੈਨਕੌਕ ਨੇ ਕਿਹਾ ਕਿ ਲੋਕਾਂ ਖਾਸ ਕਰਕੇ ਟੀਅਰ 4 ਇਲਾਕਿਆਂ ਦੇ ਵਸਨੀਕਾਂ ਨੂੰ ਵਾਇਰਸ ਹੋਣ 'ਤੇ ਚੌਕਸ ਰਹਿਣ ਦੀ ਸਲਾਹ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਕਰੋਨਾ ਦੇ ਨਵੇਂ ਰੂਪ ਨਾਲ ਅਜੇ ਘਰਾਂ ਅੰਦਰ ਰਹਿ ਕੇ ਹੀ ਨਜਿੱਠਿਆ ਜਾ ਸਕਦਾ ਹੈ। ਕਰੋਨਾ ਵਾਇਰਸ ਦੀ ਨਵੀਂ ਕਿਸਮ 70 ਫੀਸਦੀ ਵਧੇਰੇ ਲਾਗ ਫੈਲਾਉਣ ਵਾਲੀ ਮੰਨੀ ਜਾ ਰਹੀ ਹੈ। ਉਂਜ, ਸਿਹਤ ਮਾਹਿਰਾਂ ਨੇ ਕਿਹਾ ਹੈ ਕਿ ਇਸ ਦਾ ਅਜੇ ਕੋਈ ਸਬੂਤ ਨਹੀਂ ਮਿਲਿਆ ਹੈ ਕਿ ਨਵਾਂ ਰੂਪ ਵਧੇਰੇ ਘਾਤਕ ਹੈ ਜਾਂ ਇਹ ਵੈਕਸੀਨ 'ਤੇ ਵੱਖਰੇ ਢੰਗ ਨਾਲ ਅਸਰ ਪਾਏਗਾ। ਲੰਡਨ ਦੇ ਇੰਪੀਰੀਅਲ ਕਾਲਜ ਦੇ ਡਾਕਟਰ ਐਰਿਕ ਵੋਲਜ ਨੇ ਕਿਹਾ ਕਿ ਕੋਵਿਡ-19 ਨਾਲੋਂ ਲਾਗ ਦਾ ਨਵਾਂ ਰੂਪ ਕਿਤੇ ਵੱਧ ਤੇਜੀ ਨਾਲ ਫੈਲ ਰਿਹਾ ਹੈ।

## ਬਾਇਡਨ ਨੇ ਜਲਵਾਯੂ ਪਰਿਵਰਤਨ ਟੀਮ ਬਣਾਈ

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਜੋਅ ਬਾਇਡਨ ਨੇ ਜਲਵਾਯੂ ਪਰਿਵਰਤਨ ਅਤੇ ਊਰਜਾ ਖੇਤਰ ਲਈ ਆਪਣੀ ਟੀਮ ਦਾ ਐਲਾਨ ਕੀਤਾ ਹੈ। ਉਨ੍ਹਾਂ ਦੀ ਟੀਮ ਨੇ ਕਿਹਾ ਕਿ ਉਹ ਸੱਤਾ ਸੰਭਾਲਣ ਦੇ ਪਹਿਲੇ ਦਿਨ ਤੋਂ ਹੀ ਜਲਵਾਯੂ ਪਰਿਵਰਤਨ ਦੇ ਮੁੱਦਿਆਂ ਨਾਲ ਸਿੱਝਣ 'ਚ ਦੁਨੀਆ ਦੀ ਅਗਵਾਈ ਕਰਨ ਲਈ ਤਿਆਰ ਹੈ। ਉਨ੍ਹਾਂ ਕਾਂਗਰਸਵਿਮੈੱਨ ਡੇਬ ਹਾਲਾਂਡ ਨੂੰ ਗ੍ਰਹਿ ਮਾਮਲਿਆਂ ਦਾ ਮੰਤਰੀ, ਜੈਨੀਫਰ ਗ੍ਰਾਨਹੋਮ ਨੂੰ ਊਰਜਾ ਮੰਤਰੀ, ਮਾਈਕਲ ਰੀਗਨ ਨੂੰ ਵਾਤਾਵਰਨ ਸੁਰੱਖਿਆ ਏਜੰਸੀ ਦਾ ਪ੍ਰਸ਼ਾਸਕ ਅਤੇ ਬ੍ਰੈਂਡਾ ਮੈਲੋਰੀ ਨੂੰ ਵਾਤਾਵਰਨ ਗੁਣਵੱਤਾ ਬਾਰੇ ਪਰਿਸ਼ਦ ਦਾ ਮੁਖੀ ਨਾਮਜਦ ਕੀਤਾ ਹੈ। ਬਾਇਡਨ ਨੇ ਜੀਨਾ ਮੈਕਾਰਥੀ ਨੂੰ ਕੌਮੀ ਜਲਵਾਯੂ ਸਲਾਹਕਾਰ ਅਤੇ ਅਲੀ ਜੈਦੀ ਨੂੰ ਕੌਮੀ ਜਲਵਾਯੂ ਉਪ ਸਲਾਹਕਾਰ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਬਾਇਡਨ ਪ੍ਰਸ਼ਾਸਨ 'ਚ ਜੈਦੀ ਸਭ ਤੋਂ ਵੱਡਾ ਅਹੁਦਾ ਹਾਸਲ ਕਰਨ ਵਾਲੇ ਪਾਕਿਸਤਾਨੀ ਮੂਲ ਦੇ ਅਮਰੀਕੀ ਅਧਿਕਾਰੀ ਹਨ।

ਬਾਇਡਨ ਨੇ ਕਿਹਾ ਕਿ ਇਹ ਟੀਮ ਪਹਿਲੇ ਦਿਨ ਤੋਂ ਜਲਵਾਯੂ ਪਰਿਵਰਤਨ ਦੇ ਮੁੱਦਿਆਂ ਨਾਲ ਨਜਿੱਠਣਾ ਸ਼ੁਰੂ ਕਰ ਦੇਵੇਗੀ ਅਤੇ ਇਸ ਦੇ ਕਦਮ ਸਾਇੰਸ ਅਤੇ ਬਰਾਬਰੀ 'ਤੇ ਆਧਾਰਿਤ ਹੋਣਗੇ। ਬਾਇਡਨ ਨੇ ਕਿਹਾ ਹੈ ਕਿ ਉਹ ਜਲਵਾਯੂ ਸੰਕਟ ਨਾਲ ਸਿੱਝਣ, ਆਬੋ-ਹਵਾ ਸਾਫ ਰੱਖਣ ਅਤੇ ਵਾਤਾਵਰਨ ਦੇ ਨੁਕਸਾਨ ਦਾ ਬੋਝ ਝੱਲਣ ਵਾਲਿਆਂ ਨੂੰ ਇਨਸਾਫ ਦਿਵਾਉਣਾ ਚਾਹੁਣਗੇ। ਉਨ੍ਹਾਂ ਕਿਹਾ ਹੈ ਕਿ ਰਾਸ਼ਟਰਪਤੀ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ ਅਮਰੀਕਾ ਪੈਰਿਸ ਜਲਵਾਯੂ ਪਰਿਵਰਤਨ ਸਮਝੌਤੇ 'ਚ ਸ਼ਾਮਲ ਹੋ ਜਾਵੇਗਾ।

## ਖੇਲੋ ਇੰਡੀਆ ਯੂਥ ਗੇਮਜ਼-2021 ਦਾ ਹਿੱਸਾ ਹੋਵੇਗਾ ਗਤਕਾ

**ਜਲੰਧਰ:** ਖੇਡ ਮੰਤਰਾਲੇ ਨੇ ਦੇਸ਼ ਦੀਆਂ ਚਾਰ ਵਿਰਾਸਤੀ ਖੇਡਾਂ ਗਤਕਾ, ਕਲੱਰੀਪਾਇਟੂ , ਥਾਂਗਟਾ ਅਤੇ ਮਲਖੰਭ ਨੂੰ ਖੇਡਾਂ ਨੂੰ ਮਾਨਤਾ ਦੇ ਦਿੰਦਿਆਂ ਖੇਲੋ ਇੰਡੀਆ ਯੂਥ ਗੇਮਜ਼-2021 'ਚ ਸ਼ਾਮਲ ਕਰ ਲਿਆ ਹੈ ਜੋ ਕਿ ਹਰਿਆਣਾ 'ਚ ਕਰਵਾਈਆਂ ਜਾ ਰਹੀਆਂ ਹਨ। ਪੇਂਡੂ ਜਾਂ ਪੁਸ਼ਤੈਨੀ ਖੇਡਾਂ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਤਹਿਤ ਇਹ ਚਾਰ ਪੁਰਾਤਨ ਖੇਡਾਂ ਪਹਿਲੀ ਵਾਰ ਖੇਲੋ ਇੰਡੀਆ ਮੁਕਾਬਲਿਆਂ 'ਚ ਸ਼ਾਮਲ ਹੋ ਰਹੀਆਂ ਹਨ ਅਤੇ ਇਹ ਚਾਰ ਵਿਰਾਸਤੀ ਖੇਡਾਂ ਸਮੇਤ ਅਗਲੇ ਸਾਲ ਹੋਣ ਵਾਲੀਆਂ ਯੂਥ ਗੇਮਾਂ 'ਚ ਖੇਡ ਅਨੁਸ਼ਾਸਨ ਦੇ ਤੌਰ ਉਤੇ ਯੋਗਾਸਨ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਖੇਲੋ ਇੰਡੀਆ ਗੇਮਜ਼-2021 'ਚ ਇਨ੍ਹਾਂ ਖੇਡਾਂ ਨੂੰ ਸ਼ਾਮਲ ਕਰਨ ਦੇ ਲਏ ਗਏ ਫੈਸਲੇ ਬਾਰੇ ਬੋਲਦਿਆਂ ਕੇਂਦਰੀ ਯੁਵਕ ਮਾਮਲੇ ਅਤੇ ਖੇਡ ਮੰਤਰੀ ਕਿਰੇਨ ਰਿਜੀਜੂ ਨੇ ਕਿਹਾ ਕਿ 'ਭਾਰਤ ਕੋਲ ਵਿਰਾਸਤੀ ਖੇਡਾਂ ਦੀ ਅਮੀਰ ਵਿਰਾਸਤ ਹੈ, ਅਤੇ ਖੇਡ ਮੰਤਰਾਲੇ ਦੀ ਇਹ ਪਹਿਲੀ ਤਰਜੀਹ ਹੈ ਕਿ ਇਨ੍ਹਾਂ ਖੇਡਾਂ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਗਤਕਾ ਪੰਜਾਬ ਰਾਜ ਦੀ ਖੇਡ ਹੈ ਅਤੇ ਇਸ ਰਵਾਇਤੀ ਖੇਡ ਨੂੰ ਸਵੈ-ਰੱਖਿਆ ਦੇ ਨਾਲ ਨਾਲ ਇਸ ਨੂੰ ਖੇਡ ਵਜੋਂ ਵੀ ਖੇਡਿਆ ਜਾਂਦਾ ਹੈ। ਨੈਸ਼ਨਲ ਗਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਬਹੁਤ ਖੁਸ਼ੀ ਹੈ ਕਿ ਖੇਡ ਮੰਤਰਾਲੇ ਵਲੋਂ ਦੇਸ਼ ਦੀ ਇਸ ਵਿਰਾਸਤੀ ਮਾਰਸ਼ਲ ਆਰਟ ਖੇਡ ਗਤਕਾ ਨੂੰ ਖੇਲੋ ਇੰਡੀਆ ਯੂਥ ਗੇਮਜ਼ 'ਚ ਸ਼ਾਮਲ ਕੀਤਾ ਗਿਆ ਹੈ।

# ਕਿਸਾਨਾਂ ਦੀ ਰਣਨੀਤੀ ਅੱਗੇ ਸਰਕਾਰ ਦਾ ਹਰ ਦਾਅ ਪੁੱਠਾ ਪੈਣ ਲੱਗਾ

*(ਸਫਾ ਇਕ ਦੀ ਬਾਕੀ)*

ਦੇ 86.2 ਫੀਸਦੀ ਕਿਸਾਨਾਂ ਕੋਲ ਦੋ ਹੈਕਟੇਅਰ (ਲਗਭਗ 5 ਏਕੜ) ਤੋਂ ਘੱਟ ਜ਼ਮੀਨ ਹੈ। ਇਨ੍ਹਾਂ ਕਿਸਾਨਾਂ ਕੋਲ ਖੇਤੀ ਵਾਲੀ ਜ਼ਮੀਨ ਦਾ ਸਿਰਫ 47.3 ਫੀਸਦੀ ਹਿੱਸਾ ਹੈ। ਸਵਾਲ ਇਹ ਹੈ ਕਿ ਕੀ ਉਹ ਇਨ੍ਹਾਂ ਸੁਧਾਰਾਂ ਦੀ ਮੰਗ ਕਰਦੇ ਰਹੇ ਹਨ। ਸਪਸ਼ਟ ਹੈ ਕਿ ਵੱਡੀ ਗਿਣਤੀ ਵਿਚ ਕਿਸਾਨਾਂ ਨੇ ਕਦੇ ਵੀ ਇਨ੍ਹਾਂ ਕਾਨੂੰਨਾਂ ਜਿਨ੍ਹਾਂ ਨੂੰ ਖੇਤੀ ਖੇਤਰ ਦੇ ਸੁਧਾਰ ਕਹਿ ਕੇ ਪੇਸ਼ ਕੀਤਾ ਜਾ ਰਿਹਾ ਹੈ, ਨੂੰ ਬਣਾਉਣ ਦੀ ਮੰਗ ਨਹੀਂ ਕੀਤੀ।

ਲੰਮੇ ਸਮੇਂ ਤੋਂ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਣਸਾਂ ਦੇ ਲਾਭਕਾਰੀ ਭਾਅ ਨਹੀਂ ਮਿਲੇ ਅਤੇ ਇਸ ਦੇ ਨਾਲ ਹੀ ਪੀੜ੍ਹੀ-ਦਰ-ਪੀੜ੍ਹੀ ਜ਼ਮੀਨਾਂ ਵੰਡੀਆਂ ਜਾਣ ਕਾਰਨ ਦੇਸ਼ ਵਿਚ 86 ਫੀਸਦੀ ਦੇ ਲਗਭਗ ਕਿਸਾਨ ਇਸ ਸਮੇਂ 5 ਏਕੜ ਤੋਂ ਵੀ ਘੱਟ ਜ਼ਮੀਨਾਂ ਵਾਲੇ ਦਰਮਿਆਨੇ ਅਤੇ ਛੋਟੇ ਕਿਸਾਨ ਬਣ ਕੇ ਰਹਿ ਗਏ ਹਨ। ਇਸੇ ਕਾਰਨ ਉਹ ਕਰਜ਼ਿਆਂ ਦੇ ਜਾਲ ਵਿਚ ਵੀ ਫਸ ਚੁੱਕੇ ਹਨ। 1991 ਤੋਂ ਲੈ ਕੇ ਹੁਣ ਤੱਕ ਪੌਣੇ ਚਾਰ ਲੱਖ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ। ਇਸ ਸਮੇਂ ਵੀ ਦੇਸ਼ ਭਰ ਵਿਚੋਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਖੁਦਕੁਸ਼ੀਆਂ ਕਰਨ ਦੀਆਂ ਖਬਰਾਂ ਆ ਰਹੀਆਂ ਹਨ। ਟਿਕਰੀ ਸਰਹੱਦ ਉਤੇ ਪੰਜਾਬ ਤੋਂ ਵੱਡੀ ਗਿਣਤੀ ਵਿਚ ਅਜਿਹੀਆਂ ਵਿਧਵਾ ਕਿਸਾਨ ਔਰਤਾਂ ਸ਼ਾਮਲ ਹੋਈਆਂ ਹਨ, ਜਿਨ੍ਹਾਂ ਦੇ ਪਤੀ ਕਰਜ਼ੇ ਕਾਰਨ ਖੁਦਕੁਸ਼ੀਆਂ ਕਰ ਗਏ ਹਨ। ਜੇ ਪੰਜਾਬ ਦੀ ਹੀ ਗੱਲ ਕਰੀਏ ਤਾਂ ਨਵੰਬਰ ਅਤੇ ਦਸੰਬਰ ਦੇ ਮਹੀਨਿਆਂ ਵਿਚ ਹੀ 17 ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ। ਹੁਣ ਇਹ ਗੱਲ ਉਭਰ ਕੇ ਸਾਹਮਣੇ ਆ ਗਈ ਹੈ ਕਿ ਇਹ ਕਾਨੂੰਨ ਸਿਰਫ ਕਾਰਪੋਰੇਟ ਘਰਾਣਿਆਂ ਦਾ ਭਲਾ ਕਰਨ ਵਾਲੇ ਹਨ ਤੇ ਉਨ੍ਹਾਂ ਦੇ ਦਬਾਅ ਹੇਠ ਹੀ ਬਣਾਏ ਗਏ ਹਨ।

# ਸਾਬਕਾ ਪੁਲਿਸ ਅਧਿਕਾਰੀ ਮੋੜਨਗੇ ਸਰਕਾਰ ਨੂੰ ਮੈਡਲ

**ਅੰਮ੍ਰਿਤਸਰ:** ਸਾਬਕਾ ਪੁਲਿਸ ਅਧਿਕਾਰੀਆਂ ਅਤੇ ਅਧਿਆਪਕ ਯੂਨੀਅਨ ਦੇ ਕਾਰਕੁਨਾਂ ਨੇ ਸਥਾਨਕ ਲਾਰੈਂਸ ਰੋਡ ਚੌਕ ਵਿਚ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਧਰਨਾ ਲਾਇਆ ਤੇ ਕੇਂਦਰ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਪੁਲਿਸ ਦੇ ਸਾਬਕਾ ਅਧਿਕਾਰੀਆਂ ਨੇ ਆਪਣੇ ਪੁਲਿਸ ਮੈਡਲ ਸਰਕਾਰ ਨੂੰ ਵਾਪਸ ਕਰਨ ਦਾ ਐਲਾਨ ਕਰਦਿਆਂ ਕੇਂਦਰ ਤੋਂ ਖੇਤੀ ਕਾਨੂੰਨ ਵਾਪਸ ਲੈਣ ਦੀ ਮੰਗ ਕੀਤੀ।

ਧਰਨੇ ਵਿਚ ਸਾਬਕਾ ਪੁਲਿਸ ਅਧਿਕਾਰੀਆਂ ਦੀ ਜਥੇਬੰਦੀ (ਨਾਨ-ਗਜਟਿਡ ਅਫਸਰ) ਐਨ.ਜੀ.ਓ. ਅਤੇ ਹੋਰ ਰੈਂਕ ਦੇ ਅਧਿਕਾਰੀ ਸ਼ਾਮਲ ਸਨ। ਇਸ ਮੌਕੇ ਸਾਬਕਾ ਇੰਸਪੈਕਟਰ ਜਸਬੀਰ ਸਿੰਘ ਨੇ ਆਖਿਆ ਕਿ ਜਥੇਬੰਦੀ ਕਿਸਾਨ ਸੰਘਰਸ਼ ਦੀ ਹਮਾਇਤ ਕਰਨ ਲਈ ਦਿੱਲੀ ਜਾਵੇਗੀ, ਜਿੱਥੇ ਸਾਬਕਾ ਪੁਲਿਸ ਅਧਿਕਾਰੀ ਆਪਣੀ ਪੈਨਸ਼ਨ ਵਿਚੋਂ ਕੁਝ ਹਿੱਸਾ ਕਿਸਾਨ ਸੰਘਰਸ਼ ਲਈ ਮਦਦ ਵਜੋਂ ਦੇਣਗੇ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਅਧਿਕਾਰੀਆਂ ਨੂੰ ਅਤਿਵਾਦ ਵੇਲੇ ਜਾਂ ਹੋਰ ਬਹਾਦਰੀ ਦੇ ਕਾਰਨਾਮਿਆਂ ਲਈ ਪੁਲਿਸ ਮੈਡਲ ਮਿਲੇ ਹਨ, ਉਹ ਵੀ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਸਰਕਾਰ ਨੂੰ ਵਾਪਸ ਕੀਤੇ ਜਾਣਗੇ।

ਉਨ੍ਹਾਂ ਆਖਿਆ ਕਿ ਸਰਕਾਰ ਖੇਤੀ ਕਾਨੂੰਨਾਂ ਨੂੰ ਧੱਕੇ ਨਾਲ ਲਾਗੂ ਕਰ ਰਹੀ ਹੈ ਜਦਕਿ ਸਮੁੱਚਾ ਕਿਸਾਨ ਵਰਗ ਇਨ੍ਹਾਂ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਸਰਕਾਰ ਦਾਅਵਾ ਕਰਦੀ ਹੈ ਕਿ ਇਹ ਖੇਤੀ ਕਾਨੂੰਨ ਕਿਸਾਨਾਂ ਦੇ ਹੱਕ ਵਿਚ ਹਨ ਪਰ ਜਦੋਂ ਕਿਸਾਨ ਇਹ ਖੇਤੀ ਕਾਨੂੰਨ ਨਹੀਂ ਚਾਹੁੰਦੇ ਤਾਂ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣੇ ਚਾਹੀਦੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਰੁਜ਼ਗਾਰ ਮੰਗਦੇ ਅਧਿਆਪਕਾਂ 'ਤੇ ਲਾਠੀਆਂ ਚਲਾਈਆਂ




**ਪਟਿਆਲਾ:** ਬੇਰੁਜ਼ਗਾਰ ਈ.ਟੀ.ਟੀ. ਟੈੱਟ ਪਾਸ ਅਧਿਆਪਕ ਯੂਨੀਅਨ ਪੰਜਾਬ ਦੇ ਸੱਦੇ 'ਤੇ ਵੱਡੀ ਗਿਣਤੀ ਕਾਰਕੁਨਾਂ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਥਾਨਕ ਰਿਹਾਇਸ਼ ਨਿਊ ਮੋਤੀ ਬਾਗ ਪੈਲੇਸ ਵੱਲ ਕੀਤੇ ਗਏ ਰੋਸ ਮਾਰਚ ਦੌਰਾਨ ਬੇਰੁਜ਼ਗਾਰ ਅਧਿਆਪਕਾਂ 'ਤੇ ਪੁਲਿਸ ਨੇ ਲਾਠੀਚਾਰਜ ਕੀਤਾ। ਲੋਕ ਸਵਾਲ ਕਰ ਰਹੇ ਹਨ ਕਿ ਮੁੱਖ ਮੰਤਰੀ ਲੋਕਾਂ ਦੇ ਮਸਲੇ ਹੱਲ ਕਿਉਂ ਨਹੀਂ ਕਰ ਰਹੇ?

ਰੁਜ਼ਗਾਰ ਪ੍ਰਾਪਤੀ ਦੀ ਮੰਗ ਲੈ ਕੇ ਇਥੇ ਬਾਰਾਂਦਰੀ 'ਚ ਇਕੱਤਰ ਹੋਏ ਬੇਰੁਜ਼ਗਾਰ ਅਧਿਆਪਕ ਜਿਉਂ ਹੀ ਮੋਤੀ ਬਾਗ ਪੈਲੇਸ ਵੱਲ ਰਵਾਨਾ ਹੋਏ ਤਾਂ ਵਾਈ.ਪੀ.ਐਸ. ਚੌਕ ਕੋਲ ਤਾਇਨਾਤ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ। ਬੈਰੀਕੇਡਿੰਗ ਦੇ ਬਾਵਜੂਦ ਜਦੋਂ ਬੇਰੁਜ਼ਗਾਰ ਅਧਿਆਪਕ ਅੱਗੇ ਵਧਣ ਲੱਗੇ ਤਾਂ ਪੁਲਿਸ ਨੇ ਲਾਠੀਚਾਰਜ ਸ਼ੁਰੂ ਕਰ ਦਿੱਤਾ ਜਿਸ ਦੌਰਾਨ ਇਕ ਲੜਕੀ ਸਮੇਤ ਅੱਧੀ ਦਰਜਨ ਮੁਜ਼ਾਹਰਾਕਾਰੀ ਮਾਮੂਲੀ ਜ਼ਖਮੀ ਹੋ ਗਏ।

ਇਸ ਮਗਰੋਂ ਪ੍ਰਦਸ਼ਨਕਾਰੀ ਧਿਰ ਨੇ ਫੈਸਲਾ ਕੀਤਾ ਕਿ ਰੁਜ਼ਗਾਰ ਪ੍ਰਾਪਤੀ ਦੀ ਮੰਗ ਮੰਨੇ ਜਾਣ ਤੱਕ ਉਹ ਵਾਈ.ਪੀ.ਐਸ. ਚੌਕ ਵਿਚ ਰੋਸ ਧਰਨਾ ਦੇਵੇਗੀ। ਇਹ ਵੀ ਪਤਾ ਲੱਗਿਆ ਹੈ ਕਿ ਇਸੇ ਦੌਰਾਨ ਪੁਲਿਸ ਵੱਲੋਂ ਸੂਬਾ ਪ੍ਰਧਾਨ ਦੀਪਕ ਕੰਬੋਜ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਧਰਨੇ ਮੌਕੇ ਜਥੇਬੰਦੀ ਦੇ ਸੂਬਾ ਪ੍ਰਧਾਨ ਦੀਪਕ ਕੰਬੋਜ, ਸੀਨੀਅਰ ਮੀਤ ਪ੍ਰਧਾਨ ਸੰਦੀਪ ਸਾਮਾ ਤੇ ਪ੍ਰੈੱਸ ਸਕੱਤਰ ਦੀਪ ਬਨਾਰਸੀ ਨੇ ਰੋਸ ਜਤਾਇਆ ਕਿ ਪੰਜਾਬ ਸਰਕਾਰ ਵੱਲੋਂ ਈ.ਟੀ.ਟੀ. ਅਧਿਆਪਕਾਂ ਦੀਆਂ ਪੋਸਟਾਂ 'ਤੇ ਬੀ.ਐਡ ਉਮੀਦਵਾਰਾਂ ਨੂੰ ਬਰਾਬਰ ਵਿਚਾਰ ਕੇ ਈ.ਟੀ.ਟੀ. ਦੀ ਹੋਂਦ ਖਤਮ ਕੀਤੀ ਜਾ ਰਹੀ ਹੈ।

ਆਗੂਆਂ ਨੇ ਸਰਕਾਰ ਤੋਂ ਇਹ ਤਾਨਾਸ਼ਾਹੀ ਫੈਸਲਾ ਵਾਪਸ ਲੈਣ ਅਤੇ ਈ.ਟੀ.ਟੀ. ਪੋਸਟਾਂ 'ਤੇ ਸਿਰਫ ਈ.ਟੀ.ਟੀ. ਟੈੱਟ ਪਾਸ ਉਮੀਦਵਾਰਾਂ ਨੂੰ ਪਹਿਲ ਦੇਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ ਉਨ੍ਹਾਂ ਦੀਆਂ ਹੱਕੀ ਅਤੇ ਵਾਜਿਬ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਉਹ ਆਪਣਾ ਘੋਲ ਹੋਰ ਤਿੱਖਾ ਅਤੇ ਤੇਜ਼ ਕਰਨਗੇ। ਇਸ ਤੋਂ ਇਲਾਵਾ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਭਰਾਤਰੀ ਜਥੇਬੰਦੀਆਂ ਦਾ ਸਹਿਯੋਗ ਲੈਣ ਬਾਰੇ ਵੀ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ। ਮੰਗਾਂ ਮੰਨੇ ਜਾਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।

**ਢੀਂਡਸਾ ਵੱਲੋਂ ਅਧਿਆਪਕਾਂ 'ਤੇ ਲਾਠੀਚਾਰਜ ਦੀ ਨਿਖੇਧੀ :** ਆਪਣੀਆਂ ਮੰਗਾਂ ਦੀ ਪੂਰਤੀ ਲਈ ਮੁੱਖ ਮੰਤਰੀ ਦੀ ਪਟਿਆਲਾ ਸਥਿਤ ਰਿਹਾਇਸ਼ ਨੇੜੇ ਧਰਨਾ ਦੇਣ ਗਏ ਅਧਿਆਪਕਾਂ 'ਤੇ ਪੁਲਿਸ ਵੱਲੋਂ ਕੀਤੇ ਗਏ ਲਾਠੀਚਾਰਜ ਦਾ ਗੰਭੀਰ ਨੋਟਿਸ ਲੈਂਦਿਆਂ, ਸ਼੍ਰੋਮਣੀ ਅਕਾਲੀ ਦਲ (ਡੈਮੋਕਰੇਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਇਸ ਕਾਰਵਾਈ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਹੱਕ ਮੰਗਣ 'ਤੇ ਸੰਘੀ ਘੁੱਟਣ ਵਾਲੀ ਇਹ ਕਾਰਵਾਈ ਜਮਹੂਰੀ ਅਧਿਕਾਰਾਂ ਦਾ ਉਲੰਘਣ ਹੈ।

## ਪਰਾਲੀ ਸਮੱਸਿਆ: ਪਟਿਆਲਾ 'ਚ ਬਰਿਕਟਿੰਗ ਪਲਾਂਟ ਦਾ ਉਦਘਾਟਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਝੋਨੇ ਦੀ ਪਰਾਲੀ 'ਤੇ ਆਧਾਰਿਤ ਬਰਿਕਟਿੰਗ ਪਲਾਂਟ ਦਾ ਪਟਿਆਲਾ ਵਿਚ ਉਦਘਾਟਨ ਕੀਤਾ। ਪਰਾਲੀ ਸਾੜਨ ਨਾਲ ਪੈਦਾ ਹੋਣ ਵਾਲੇ ਪ੍ਰਦੂਸ਼ਣ ਨੂੰ ਠੱਲ੍ਹਣ ਲਈ ਕਦਮਾਂ ਤਹਿਤ ਜਿਲ੍ਹੇ ਦੇ ਪਿੰਡ ਕੁਲਬੁਰਛਾਂ 'ਚ 5.50 ਕਰੋੜ ਰੁਪਏ ਦੀ ਲਾਗਤ ਨਾਲ ਲਾਏ ਗਏ ਇਸ ਪਲਾਂਟ ਦੀ ਸਮਰੱਥਾ 100 ਟਨ ਪ੍ਰਤੀ ਦਿਨ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਵੀਂ ਤਕਨੀਕ ਤਹਿਤ ਸੂਬੇ ਵਿਚ ਝੋਨੇ ਦੀ ਪਰਾਲੀ ਦੇ ਠੋਸ ਪ੍ਰਬੰਧਨ ਰਾਹੀਂ ਨਾ ਸਿਰਫ ਵਾਤਾਵਰਨ ਪ੍ਰਦੂਸ਼ਣ ਘਟਾਉਣ ਵਿਚ ਮਦਦ ਮਿਲੇਗੀ ਬਲਕਿ ਪਰਾਲੀ ਦੀ ਰਹਿੰਦ-ਖੂੰਹਦ ਵੇਚ ਕੇ ਕਿਸਾਨ ਆਪਣੀ ਆਮਦਨ 'ਚ ਵੀ ਵਾਧਾ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਹ ਊਰਜਾ ਮਹਿੰਗੇ ਤੇਲਾਂ ਦੇ ਮੁਕਾਬਲੇ ਇਕ ਕਿਫਾਇਤੀ ਸ੍ਰੋਤ ਹੈ। ਇਸ ਨਵੀਂ ਤਕਨੀਕ ਨਾਲ ਇਸ ਪਲਾਂਟ ਦੇ ਨੇੜਲੇ 40 ਪਿੰਡਾਂ ਦੀ ਪਰਾਲੀ ਨੂੰ ਹਰੇ ਈਂਧਣ ਵਿੱਚ ਬਦਲਿਆ ਜਾ ਸਕੇਗਾ।


# Matrimonials

### ਲੜਕੀ ਦੀ ਲੋੜ ਹੈ

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055

47-50

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892

46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com

44-

### ਲੜਕੇ ਦੀ ਲੋੜ ਹੈ

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102

40-41

Wanted suitable match for US citizen Sikh Khatri girl, 34 yrs, 5'-4", B. Pharmacy (India), Doctorate of Pharmacy (USA), MBA (USA), working full time inpatient Pharmacist in Michigan. Divorced, no children. Looking for an educated Sikh boy who resides in USA. Caste no bar. Please email/text, Ph: 1-262-506-4748, sukhmanpreet007@gmail.com

36-39

*Visit us on the web:*
***www.punjabtimesusa.com***



# ਟਰੱਕ ਡਰਾਈਵਰਾਂ ਦੀ ਲੋੜ ਹੈ



ਕੈਂਟਨ, ਮਿਸ਼ੀਗਨ ਵਿਚ ਟਰੱਕ ਡਰਾਈਵਰਾਂ ਦੀ ਲੋੜ ਹੈ। ਰੋਜ਼ਾਨਾ ਕੰਮ, ਚੰਗੀ ਤਨਖਾਹ ਵੀਕਐਂਡ 'ਤੇ ਘਰ

**Wanted CDL Truck Driver**

**In Canton, Michigan**
**Daily Work, Good Pay**
**Week end Home.**

ਸੰਪਰਕ ਕਰੋ
ਫੋਨ: 734-366-5300 ਜਾਂ 734-231-1871

49-



**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

*One of the Fastest Growing City in America and Best School System...*

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ

**For the Best advice for BUYING-SELLING-RENTING**

Ben Singh Bashal (Realtor/Broker) Ph: 317-809-1818 midlandrealtygroup@yahoo.com

Kamaljeet Kaur (Realtor/Broker) Ph: 317-909-9295 kahlonkamaljeet@gmail.com



*Kamaljeet Kaur*

*Mortgage rates available from 2.1% to 3%*

**Midland Realty Group-Company You Trust**



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

| SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ । | ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ। | STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP • 3 Axle Alignment $199 • Trailer Alignment $150 |
|---|---|---|

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਦਿੱਲੀ ਵਿਧਾਨ ਸਭਾ 'ਚ ਵੀ ਖੇਤੀ ਕਾਨੂੰਨਾਂ ਖਿਲਾਫ ਮਤਾ ਪਾਸ

## ਕੇਜਰੀਵਾਲ ਨੇ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਪਾੜੀਆਂ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਨੇ ਕੇਂਦਰ ਦੇ ਤਿੰਨੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਮਤਾ ਪਾਸ ਕੀਤਾ ਹੈ। ਇਸ ਦੌਰਾਨ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵਿਧਾਨ ਸਭਾ 'ਚ ਤਿੰਨੋਂ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਪਾੜਦਿਆਂ ਕਿਹਾ ਕਿ ਉਹ ਦੇਸ਼ ਦੇ ਕਿਸਾਨਾਂ ਨਾਲ ਦਗਾ ਨਹੀਂ ਕਰ ਸਕਦੇ।



ਦਿੱਲੀ ਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਇਹ ਕਾਨੂੰਨ ਭਾਜਪਾ ਦੇ ਚੋਣ ਫੰਡਾਂ ਲਈ ਬਣਾਏ ਗਏ ਹਨ ਅਤੇ ਇਹ ਕਿਸਾਨਾਂ ਲਈ ਨਹੀਂ ਹਨ। ਕੇਜਰੀਵਾਲ ਨੇ ਤਿੰਨਾਂ ਕਾਨੂੰਨਾਂ ਦੀਆਂ ਕਾਪੀਆਂ ਪਾੜਦਿਆਂ ਕਿਹਾ, 'ਮੈਨੂੰ ਅਜਿਹਾ ਕਰਦਿਆਂ ਬਹੁਤ ਦੁੱਖ ਹੋ ਰਿਹਾ ਹੈ ਪਰ ਮੈਂ ਦੇਸ਼ ਦੇ ਕਿਸਾਨਾਂ ਨਾਲ ਧੋਖਾ ਨਹੀਂ ਕਰ ਸਕਦਾ ਜੋ ਠੰਢ 'ਚ ਸੜਕਾਂ 'ਤੇ ਸੌਂ ਰਹੇ ਹਨ।' ਉਨ੍ਹਾਂ ਕਿਹਾ, 'ਸਭ ਤੋਂ ਪਹਿਲਾਂ ਮੈਂ ਇਸ ਦੇਸ਼ ਦਾ ਨਾਗਰਿਕ ਹਾਂ ਮੁੱਖ ਮੰਤਰੀ ਬਾਅਦ ਵਿਚ। ਵਿਧਾਨ ਸਭਾ ਤਿੰਨਾਂ ਕਾਨੂੰਨਾਂ ਨੂੰ ਖਾਰਜ ਕਰਦੀ ਹੈ ਅਤੇ ਕੇਂਦਰ ਸਰਕਾਰ ਨੂੰ ਕਿਸਾਨਾਂ ਦੀ ਗੱਲ ਮੰਨਣੀ ਚਾਹੀਦੀ ਹੈ।' ਉਨ੍ਹਾਂ ਕਿਹਾ, 'ਹੁਣ ਤੱਕ 20 ਸੰਘਰਸ਼ੀ ਕਿਸਾਨਾਂ ਦੀ ਮੌਤ ਹੋ ਚੁੱਕੀ ਹੈ ਤੇ ਕੇਂਦਰ ਨੂੰ ਹੁਣ ਤੱਕ ਜਾਗ ਜਾਣਾ ਚਾਹੀਦਾ ਸੀ।' ਉਨ੍ਹਾਂ ਕਿਹਾ ਕਿ ਕੇਂਦਰ ਇਸ ਭੁਲੇਖੇ 'ਚ ਨਾ ਰਹੇ ਕਿ ਕਿਸਾਨ ਵਾਪਸ ਆਪਣੇ ਘਰ ਚਲੇ ਜਾਣਗੇ।

ਸਾਲ 1907 'ਚ ਕਿਸਾਨ ਪ੍ਰਦਰਸ਼ਨ ਨੌਂ ਮਹੀਨੇ ਚੱਲਿਆ ਸੀ ਜਦੋਂ ਬਰਤਾਨਵੀ ਸਰਕਾਰ ਨੇ ਕੁਝ ਕਾਨੂੰਨ ਰੱਦ ਨਹੀਂ ਕੀਤੇ ਸਨ। ਉਨ੍ਹਾਂ ਕਿਹਾ, 'ਜਦੋਂ ਕਾਨੂੰਨਾਂ ਦੇ ਫਾਇਦੇ ਬਾਰੇ ਪੁੱਛਿਆ ਗਿਆ ਤਾਂ ਭਾਜਪਾ ਦੇ ਹਰ ਆਗੂ ਨੇ ਕਿਹਾ ਕਿ ਕਿਸਾਨ ਦੇਸ਼ 'ਚ ਕਿਤੇ ਵੀ ਆਪਣੀ ਫਸਲ ਵੇਚ ਸਕਦੇ ਹਨ ਪਰ ਕਿਸਾਨ ਆਪਣੀ ਫਸਲ ਐਮ.ਐਸ.ਪੀ. 'ਤੇ ਵੇਚਣ ਲਈ ਜਾਣ ਕਿੱਥੇ।' ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਖੇਤੀ ਕਾਨੂੰਨਾਂ ਕਾਰਨ ਵੱਡੇ ਪੂੰਜੀਪਤੀ ਉੱਚੀਆਂ ਕੀਮਤਾਂ 'ਤੇ ਉਤਪਾਦ ਵੇਚਣਗੇ ਜਿਸ ਨਾਲ ਮਹਿੰਗਾਈ ਵਧੇਗੀ। ਉਨ੍ਹਾਂ ਕਿਹਾ ਕਿ ਭਾਜਪਾ ਦੇ ਲੋਕ ਵੀ ਕਾਨੂੰਨਾਂ ਦੇ ਫਾਇਦਿਆਂ ਨੂੰ ਨਹੀਂ ਜਾਣਦੇ। ਉਨ੍ਹਾਂ ਕਿਹਾ, 'ਅੱਜ ਮੈਂ ਯੋਗੀ ਆਦਿੱਤਿਆਨਾਥ ਦਾ ਪੂਰਾ ਭਾਸ਼ਣ ਸੁਣਿਆ। ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਹੈ ਕਿ ਇਸ ਦੀ ਵਰਤੋਂ ਕੀ ਹੈ? ਮੈਂ ਕੇਂਦਰ ਸਰਕਾਰ ਨੂੰ ਕਹਿੰਦਾ ਹਾਂ ਕਿ ਤੁਸੀਂ ਵੀ ਕਿਸਾਨਾਂ ਦੇ ਵਕੀਲ ਬਣੋ। ਕਿਸਾਨ ਇਸ ਦੇਸ਼ ਦਾ ਅੰਨਦਾਤਾ ਦਾਤਾ ਹੈ। ਜੇ ਤੁਸੀਂ ਉਸ ਦੀ ਵਕਾਲਤ ਨਹੀਂ ਕਰ ਸਕਦੇ ਤਾਂ ਦਲਾਲੀ ਕਿਉਂ ਕਰਦੇ ਹੋ?

## ਪੁੱਡੂਚੇਰੀ ਦੇ ਮੁੱਖ ਮੰਤਰੀ ਨੇ ਕਾਨੂੰਨਾਂ ਦੀਆਂ ਕਾਪੀਆਂ ਪਾੜੀਆਂ

**ਪੁੱਡੂਚੇਰੀ:** ਪੁੱਡੂਚੇਰੀ ਦੇ ਮੁੱਖ ਮੰਤਰੀ ਵੀ. ਨਾਰਾਇਣਸਵਾਮੀ ਨੇ ਰਾਸ਼ਟਰੀ ਰਾਜਧਾਨੀ ਦਿੱਲੀ ਦੇ ਬਾਰਡਰ 'ਤੇ ਅੰਦੋਲਨ ਕਰ ਰਹੇ ਕਿਸਾਨਾਂ ਦੇ ਸਮਰਥਨ 'ਚ ਇਕ ਦਿਨ ਦੀ ਭੁੱਖ ਹੜਤਾਲ ਦੀ ਸਮਾਪਤੀ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਤਿੰਨੋਂ ਕਾਲੇ ਖੇਤੀ ਕਾਨੂੰਨਾਂ ਦੀਆਂ ਕਾਪੀਆਂ ਪਾੜ ਦਿੱਤੀਆਂ। ਕਿਸਾਨਾਂ ਦੇ ਹੱਕ 'ਚ ਭੁੱਖ ਹੜਤਾਲ ਦਾ ਸੱਦਾ ਸੱਤਾਧਾਰੀ ਕਾਂਗਰਸ ਵਲੋਂ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਸੰਬੋਧਨ ਕਰਦਿਆਂ ਮੁੱਖ ਮੰਤਰੀ ਨਾਰਾਇਣਸਵਾਮੀ ਨੇ ਕੇਂਦਰ ਸਰਕਾਰ ਉਤੇ ਦੋਸ਼ ਲਗਾਇਆ ਕਿ ਕੇਂਦਰ ਵਲੋਂ ਪਾਸ ਕੀਤੇ ਤਿੰਨੋਂ ਖੇਤੀ ਕਾਨੂੰਨ ਸੰਸਦ 'ਚ ਸਾਰੇ ਲੋਕਤੰਤਰਿਕ ਮਾਪਦੰਡਾਂ ਅਤੇ ਪ੍ਰਥਾਵਾਂ ਦੀ ਉਲੰਘਣਾ ਕਰਦਿਆਂ ਬਣਾਏ ਗਏ ਹਨ ਤੇ ਪੂਰੀ ਤਰ੍ਹਾਂ ਨਾਲ ਕਿਸਾਨਾਂ ਦੇ ਖਿਲਾਫ ਹਨ ਅਤੇ ਸਿਰਫ ਕਾਰਪੋਰੇਟਾਂ ਨੂੰ ਲਾਭ ਦੇਣ ਲਈ ਬਣਾਏ ਗਏ ਹਨ।

## 'ਕਿਸਾਨਾਂ ਨਾਲ ਲੜਨਾ ਰੱਬ ਨਾਲ ਆਢਾ ਲਾਉਣ ਵਾਂਗ'

**ਨਵੀਂ ਦਿੱਲੀ:** ਉਤਰਾਖੰਡ ਦੇ ਮੁੱਖ ਮੰਤਰੀ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਹਰੀਸ਼ ਰਾਵਤ ਨੇ ਇਥੇ ਦਿੱਲੀ ਸਰਹੱਦ 'ਤੇ ਕਿਸਾਨਾਂ ਵੱਲੋਂ ਲਾਏ ਧਰਨੇ 'ਚ ਸ਼ਾਮਲ ਹੁੰਦਿਆਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ 'ਕਿਸਾਨ ਨਾਲ ਲੜਨਾ, ਰੱਬ ਨਾਲ ਆਢਾ ਲਾਉਣ ਦੇ ਬਰਾਬਰ ਹੈ।' ਪੂਰਬੀ ਦਿੱਲੀ 'ਚ ਦਿੱਲੀ-ਉੱਤਰ ਪ੍ਰਦੇਸ਼ ਸਰਹੱਦ 'ਤੇ ਲੱਗੇ ਧਰਨੇ 'ਚ ਰਾਵਤ ਨੇ 'ਕਿਸਾਨ ਏਕਤਾ ਜ਼ਿੰਦਾਬਾਦ' ਦੇ ਨਾਅਰੇ ਵੀ ਲਾਏ। ਖੇਤੀ ਕਾਨੂੰਨਾਂ ਖਿਲਾਫ ਮੋਰਚੇ 'ਤੇ ਡਟੇ ਕਿਸਾਨਾਂ ਨੂੰ ਮੁਖ਼ਾਤਬ ਹੁੰਦਿਆਂ ਰਾਵਤ ਨੇ ਕਿਹਾ, 'ਮੈਂ ਇਥੇ ਇਕ ਕਿਸਾਨ ਵਜੋਂ ਆਇਆ ਹਾਂ। ਕਿਸਾਨ ਨਾਲ ਲੜਨਾ, ਰੱਬ ਨਾਲ ਲੜਨ ਦੇ ਬਰਾਬਰ ਹੈ।' ਰਾਵਤ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਸੁਨੇਹੇ ਨੂੰ 'ਸਮਝਣ'। ਕਾਂਗਰਸੀ ਆਗੂ ਨੇ ਸਾਫ ਕਰ ਦਿੱਤਾ ਕਿ ਉਹ ਧਰਨੇ ਵਾਲੀ ਥਾਂ ਸਿਆਸਤ ਕਰਨ ਲਈ ਨਹੀਂ ਆਏ। ਰਾਵਤ ਦੀ ਕਿਸਾਨ ਧਰਨੇ 'ਚ ਸ਼ਮੂਲੀਅਤ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨਾਲ ਦਿੱਲੀ 'ਚ ਮੁਲਾਕਾਤ ਮਗਰੋਂ ਸੰਭਵ ਹੋਈ ਹੈ। ਉੱਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਦੀ ਇਹ ਪੇਸ਼ਕਦਮੀ ਇਸ ਲਈ ਵੀ ਅਹਿਮ ਹੈ ਕਿਉਂਕਿ ਪਹਾੜੀ ਰਾਜ 'ਚ ਅਸੈਂਬਲੀ ਚੋਣਾਂ 2022 ਦੇ ਸ਼ੁਰੂ 'ਚ ਹੋਣੀਆਂ ਹਨ ਤੇ ਅਜਿਹੇ ਕਿਆਸ ਹਨ ਕਿ ਕਾਂਗਰਸ ਇਸ ਅਹਿਮ ਲੜਾਈ 'ਚ ਰਾਵਤ ਨੂੰ ਮੁੜ ਮੁੱਖ ਚਿਹਰੇ ਵਜੋਂ ਉਭਾਰ ਸਕਦੀ ਹੈ।

# ਮੋਦੀ ਨੇ ਗੁਰਦੁਆਰਾ ਰਕਾਬਗੰਜ ਵਿਖੇ ਮੱਥਾ ਟੇਕਿਆ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਚਨਚੇਤ ਹੀ ਇਥੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਿਜਦਾ ਕੀਤਾ। ਉਨ੍ਹਾਂ ਬਿਨਾਂ ਕਿਸੇ ਸੁਰੱਖਿਆ ਬੰਦੋਬਸਤ ਜਾਂ ਆਵਾਜਾਈ ਰੋਕਾਂ ਤੋਂ ਸੰਗਤ ਦੀ ਮੌਜੂਦਗੀ 'ਚ ਗੁਰੂ ਘਰ ਮੱਥਾ ਟੇਕਿਆ ਗਿਆ।



ਪ੍ਰਧਾਨ ਮੰਤਰੀ ਨੇ ਟਵਿੱਟਰ 'ਤੇ ਤਸਵੀਰਾਂ ਸਾਂਝੀਆਂ ਕਰਦਿਆਂ ਟਵੀਟ ਕੀਤਾ, "ਅੱਜ ਸਵੇਰੇ ਮੈਂ ਇਤਿਹਾਸਿਕ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਅਰਦਾਸ ਕੀਤੀ, ਜਿੱਥੇ ਗੁਰੂ ਤੇਗ ਬਹਾਦਰ ਜੀ ਦੀ ਪਾਵਨ ਦੇਹ ਦਾ ਸਸਕਾਰ ਕੀਤਾ ਗਿਆ ਸੀ।" ਉਨ੍ਹਾਂ ਅੱਗੇ ਕਿਹਾ, "ਮੈਂ ਬਹੁਤ ਮੁਬਾਰਕ ਮਹਿਸੂਸ ਕੀਤਾ! ਮੈਂ ਦੁਨੀਆ ਭਰ ਦੇ ਲੱਖਾਂ ਲੋਕਾਂ ਵਾਂਗ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦਿਆਲਤਾ ਤੋਂ ਪ੍ਰੇਰਿਤ ਹਾਂ।"

ਉਨ੍ਹਾਂ ਪੰਜਾਬੀ ਵਿਚ ਟਵੀਟ ਵੀ ਕਰਦਿਆਂ ਕਿਹਾ ਕਿ ਗੁਰੂ ਜੀ ਨੇ ਹਿੰਦੂ ਧਰਮ ਦੀ ਹਿਫਾਜ਼ਤ ਕਰਦਿਆਂ ਸਰਬਉਚ ਬਲੀਦਾਨ ਦਿੱਤਾ ਅਤੇ ਆਲਮੀ ਭਾਈਚਾਰੇ ਦਾ ਸੰਦੇਸ਼ ਫੈਲਾਇਆ। ਇਕ ਹੋਰ ਟਵੀਟ ਵਿੱਚ, ਮੋਦੀ ਨੇ ਕਿਹਾ, "ਇਹ ਗੁਰੂ ਸਾਹਿਬਾਨ ਦੀ ਵਿਸ਼ੇਸ਼ ਕ੍ਰਿਪਾ ਹੈ ਕਿ ਸਾਨੂੰ ਆਪਣੀ ਸਰਕਾਰ ਦੇ ਕਾਰਜਕਾਲ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵਾਂ ਪ੍ਰਕਾਸ਼ ਪੁਰਬ ਮਨਾਉਣ ਦਾ ਮੌਕਾ ਮਿਲਿਆ ਹੈ। ਆਓ ਇਸ ਬਖ਼ਸ਼ਸ਼ ਦਿਹਾੜੇ ਨੂੰ ਇਤਿਹਾਸਕ ਤਰੀਕੇ ਨਾਲ ਮਨਾਈਏ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਦਰਸ਼ਾਂ ਦੀ ਪਾਲਣਾ ਕਰੀਏ।"

ਪ੍ਰਧਾਨ ਮੰਤਰੀ ਦਾ ਸੰਗਤ ਦੀ ਮੌਜੂਦਗੀ ਵਿਚ ਕੌਮੀ ਰਾਜਧਾਨੀ ਦੇ ਪ੍ਰਸਿੱਧ ਗੁਰਦੁਆਰਿਆਂ ਵਿਚ ਜਾਣਾ ਮਹੱਤਵਪੂਰਨ ਹੈ ਕਿਉਂਕਿ ਉਨ੍ਹਾਂ ਦੀ ਸਰਕਾਰ ਵੱਲੋਂ ਬਣਾਏ ਗਏ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ, ਵਿਸ਼ੇਸ਼ ਤੌਰ 'ਤੇ ਪੰਜਾਬ ਅਤੇ ਹਰਿਆਣਾ ਤੋਂ ਦਿੱਲੀ ਪੁੱਜੇ ਕਿਸਾਨਾਂ ਵੱਲੋਂ ਭਾਰੀ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਸ਼ਰਧਾਲੂਆਂ ਨਾਲ ਤਸਵੀਰਾਂ ਵੀ ਖਿਚਵਾਈਆਂ ਤੇ ਸਾਂਝੀਆਂ ਕੀਤੀਆਂ।

# ਸਨੀ ਦਿਓਲ ਦੀ ਸੁਰੱਖਿਆ ਵਿਚ ਵਾਧਾ

**ਚੰਡੀਗੜ੍ਹ:** ਅਦਾਕਾਰ ਤੇ ਭਾਜਪਾ ਦੇ ਪੰਜਾਬ ਤੋਂ ਸੰਸਦ ਮੈਂਬਰ ਸਨੀ ਦਿਓਲ ਦੀ ਸੁਰੱਖਿਆ ਵਿਚ ਵਾਧਾ ਕਰ ਦਿੱਤਾ ਗਿਆ ਹੈ। ਦੱਸਣਯੋਗ ਹੈ ਕਿ ਦਿਓਲ ਨੇ ਨਵੇਂ ਕੇਂਦਰੀ ਖੇਤੀ ਕਾਨੂੰਨਾਂ ਦੇ ਹੱਕ ਵਿਚ ਟਿੱਪਣੀਆਂ ਕੀਤੀਆਂ ਹਨ। ਸਨੀ ਨੂੰ ਵਾਈ-ਕੈਟਾਗਿਰੀ ਸੁਰੱਖਿਆ ਦਿੱਤੀ ਗਈ ਹੈ। ਗਿਆਰਾਂ ਸੁਰੱਖਿਆ ਕਰਮੀ ਉਨ੍ਹਾਂ ਦੇ ਨਾਲ ਰਹਿਣਗੇ ਜਿਨ੍ਹਾਂ ਵਿਚ ਦੋ ਕਮਾਂਡੋ ਵੀ ਹੋਣਗੇ। ਗੁਰਦਾਸਪੁਰ ਦੇ ਸੰਸਦ ਮੈਂਬਰ ਨੇ ਛੇ ਦਸੰਬਰ ਨੂੰ ਕਿਹਾ ਸੀ ਕਿ ਕੁਝ ਲੋਕ ਸੰਕਟ ਪੈਦਾ ਕਰ ਰਹੇ ਹਨ ਤੇ ਕਾਨੂੰਨਾਂ ਦੇ ਮਸਲੇ ਨੂੰ ਸਰਕਾਰ ਅਤੇ ਕਿਸਾਨਾਂ ਵਿਚਾਲੇ ਰਹਿਣ ਦੇਣਾ ਚਾਹੀਦਾ ਹੈ। ਸਨੀ ਦਿਓਲ ਨੇ ਨਾਲ ਹੀ ਕਿਹਾ ਸੀ ਕਿ ਇਹ ਲੋਕ ਸਥਿਤੀ ਦਾ ਲਾਹਾ ਲੈਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਕਿਸਾਨਾਂ ਬਾਰੇ ਨਹੀਂ ਸੋਚ ਰਹੇ, ਉਨ੍ਹਾਂ ਦਾ ਆਪਣਾ ਏਜੰਡਾ ਹੈ।

# ਪਿੰਡ ਗਾਖਲ ਨਿਵਾਸੀਆਂ ਵਲੋਂ ਸਿੰਘੂ ਬਾਰਡਰ ਉਤੇ ਲੰਗਰ ਦੀ ਸੇਵਾ ਜਾਰੀ ਰਹੇਗੀ: ਗਾਖਲ

**ਸਿੰਘੂ ਬਾਰਡਰ (ਬਿਊਰੋ):** ਭਾਰਤ ਵਿਚ ਮੋਦੀ ਸਰਕਾਰ ਵਲੋਂ ਬਣਾਏ ਗਏ ਤਿੰਨ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਚੱਲ ਰਹੇ ਸੰਘਰਸ਼ ਦੌਰਾਨ ਜਿੱਥੇ ਪੰਜਾਬ, ਹਰਿਆਣਾ ਤੇ ਹੋਰਨਾਂ ਸਟੇਟਾਂ ਦੇ ਲੋਕਾਂ ਵਲੋਂ ਕਿਸਾਨਾਂ ਤੇ ਕਿਰਤੀਆਂ ਲਈ ਲੰਗਰ-ਪਾਣੀ ਦੇ ਖੁੱਲ੍ਹੇ ਪ੍ਰਬੰਧ ਕੀਤੇ ਗਏ ਹਨ, ਉਥੇ ਕਿਸਾਨ ਸੰਘਰਸ਼ ਦੀ ਸਫਲਤਾ ਲਈ ਵਿਦੇਸ਼ਾਂ ਤੋਂ ਵੀ ਇਮਦਾਦ ਭੇਜੀ ਜਾ ਰਹੀ ਹੈ। ਇਹ ਮਸਲਾ ਹੁਣ ਸਿਰਫ ਕਿਸਾਨਾਂ ਦਾ ਨਾ ਰਹਿ ਕੇ ਸਗੋਂ ਸਭ ਵਰਗਾਂ ਦੇ ਮਿਹਨਤਕਸ਼ ਲੋਕਾਂ ਦਾ ਬਣ ਜਾਣ ਨਾਲ ਇਸ ਸੰਘਰਸ਼ ਦੀ ਹਮਾਇਤ ਲਈ ਅਮਰੀਕਾ, ਕੈਨੇਡਾ ਤੇ ਹੋਰਨਾਂ ਮੁਲਕਾਂ ਤੋਂ ਪਰਵਾਸੀ ਪੰਜਾਬੀ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ। ਦਿੱਲੀ ਵਿਖੇ ਲੱਗੇ ਮੋਰਚੇ ਦੌਰਾਨ ਲੰਗਰ-ਪਾਣੀ ਦੀ ਸੇਵਾ ਸਿਰਫ ਕਿਸਾਨਾਂ ਲਈ ਨਹੀਂ ਹੈ, ਸਗੋਂ ਉਥੇ ਤਾਂ ਲੰਗਰ ਬਿਨਾ ਕਿਸੇ ਭੇਦਭਾਵ ਅਤੇ ਧਰਮ-ਨਸਲ ਦੇ ਸਭਨਾਂ ਨੂੰ ਛਕਾਇਆ ਜਾ ਰਿਹਾ ਹੈ।





ਇਸੇ ਦੌਰਾਨ ਸਿੰਘੂ ਬਾਰਡਰ ਉਤੇ ਜਲੰਧਰ ਨੇੜਲੇ ਪਿੰਡ ਗਾਖਲ ਦੇ ਨਿਵਾਸੀਆਂ ਨੇ ਵੀ ਅਮਰੀਕਾ ਵੱਸਦੇ ਕਾਰੋਬਾਰੀ ਤੇ ਖੇਡ ਪ੍ਰਮੋਟਰ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਤੇ ਪਲਵਿੰਦਰ ਸਿੰਘ ਅਤੇ ਹਰਜਿੰਦਰ ਸਿੰਘ ਲਿੱਧੜ ਵਲੋਂ ਭੇਜੀ ਜਾ ਰਹੀ ਵਿੱਤੀ ਇਮਦਾਦ ਨਾਲ ਲੰਗਰ ਲਾਇਆ ਹੋਇਆ ਹੈ। ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਸਿੰਘੂ ਬਾਰਡਰ 'ਤੇ ਨਿਰਮਲ ਸਿੰਘ ਗਾਖਲ, ਸਾਧੂ ਸਿੰਘ, ਨੱਥਾ ਸਿੰਘ, ਸ਼ੀਰਾ ਸਿੰਘ, ਤੇਜਾ ਸਿੰਘ ਤੇ ਹੋਰ ਪਿੰਡ ਗਾਖਲ ਨਿਵਾਸੀ ਸੇਵਾ ਨਿਭਾ ਰਹੇ ਹਨ। ਸ. ਗਾਖਲ ਨੇ ਦੱਸਿਆ ਕਿ ਲੰਗਰ ਦੀ ਸੇਵਾ ਲਈ ਗਾਖਲ ਭਰਾਵਾਂ ਅਤੇ ਨਗਰ ਨਿਵਾਸੀਆਂ ਗੁਰਪ੍ਰੀਤ ਸਿੰਘ ਗਾਖਲ, ਬਿੱਲਾ ਗਾਖਲ, ਤੀਰਥ ਗਾਖਲ, ਸੋਨੀ ਗਾਖਲ ਤੇ ਹੋਰਨਾਂ ਸੱਜਣਾਂ ਨੇ ਮਦਦ ਭੇਜੀ ਹੈ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਕਿਸਾਨ ਮੋਰਚਾ ਚੱਲਦਾ ਰਹੂ, ਉਨ੍ਹਾਂ ਚਿਰ ਉਥੇ ਪਿੰਡ ਗਾਖਲ ਦੇ ਨਿਵਾਸੀ ਲੰਗਰ ਤੇ ਚਾਹ-ਪਾਣੀ ਦੀ ਸੇਵਾ ਕਰਦੇ ਰਹਿਣਗੇ।

ਸ. ਗਾਖਲ ਨੇ ਅਪੀਲ ਕੀਤੀ ਕਿ ਵਿਦੇਸ਼ਾਂ ਵਿਚ ਜਿੰਨੇ ਵੀ ਸੱਜਣ ਵੱਸਦੇ ਹਨ, ਉਹ ਆਪੋ ਆਪਣੇ ਪਿੰਡਾਂ ਦੇ ਜਥਿਆਂ ਨੂੰ ਮਦਦ ਭੇਜਣ ਤਾਂ ਜੋ ਹੱਕਾਂ ਲਈ ਜੂਝ ਰਹੇ ਕਿਰਤੀਆਂ-ਕਿਸਾਨਾਂ ਨੂੰ ਕਿਸੇ ਕਿਸਮ ਦੀ ਤੋਟ ਨਾ ਆਵੇ। ਉਨ੍ਹਾਂ ਕਿਸਾਨ ਸੰਘਰਸ਼ ਵਿਚ ਪਹੁੰਚੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਕਾਲੇ ਖੇਤੀ ਕਾਨੂੰਨਾਂ ਖਿਲਾਫ ਅਵਾਜ਼ ਬੁਲੰਦ ਕਰਨ ਲਈ ਮਿਲ ਕੇ ਚੱਲਣ ਅਤੇ ਇਸ ਦੌਰਾਨ ਸ਼ਾਂਤੀ ਦਾ ਮਾਹੌਲ ਬਣਾਈ ਰੱਖਣ।

# ਕਿਸਾਨਾਂ ਦੇ ਹੱਕ ਵਿਚ ਇਕੱਲੇ ਸਿੰਘ ਨੇ ਹੀ ਮੋਰਚਾ ਲਾਇਆ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਉੱਘੇ ਆਗੂ ਜੋਗਾ ਸਿੰਘ ਵਲੋਂ ਜਥੇਬੰਦੀ ਦੇ ਸਹਿਯੋਗ ਨਾਲ ਨਿਊ ਯਾਰਕ ਵਿਖੇ ਇੰਡੀਅਨ ਅੰਬੈਸੀ ਅੱਗੇ ਕਿਸਾਨਾਂ ਦੇ ਹੱਕ ਵਿਚ ਪਿਛਲੇ ਕਰੀਬ ਦੋ ਹਫਤਿਆਂ ਤੋਂ ਮੋਰਚਾ ਲਾਇਆ ਹੋਇਆ ਹੈ। ਉਹ ਹਰ ਰੋਜ ਨਿਊ ਜਰਸੀ ਤੋਂ ਨਿਊ ਯਾਰਕ ਪਹੁੰਚਦੇ ਹਨ। ਉਹ ਆਪਣੇ ਸਰੀਰ ਨਾਲ ਸਿੱਖ ਰਾਜ ਨਾਲ ਸਬੰਧਤ ਪੋਸਟਰ, ਕਿਸਾਨੀ ਮੋਰਚੇ ਨਾਲ ਸਬੰਧਤ ਪੋਸਟਰ ਤੇ ਬੈਨਰ ਬੰਨ੍ਹ ਕੇ ਅੰਬੈਸੀ ਦੇ ਅੱਗੇ ਚੱਕਰ ਲਾਉਂਦੇ ਹਨ। ਉਨ੍ਹਾਂ ਦੇ ਇਸ ਉੱਦਮ ਨੂੰ ਦੇਖਦਿਆਂ ਕਈ ਵੀਰ ਉਨ੍ਹਾਂ ਕੋਲ ਹਾਜਰੀ ਲਵਾਉਣ ਪਹੁੰਚਦੇ ਹਨ। ਸੋਸ਼ਲ ਮੀਡੀਏ 'ਤੇ ਵੀ ਉਨ੍ਹਾਂ ਦੀ ਚਰਚਾ ਖੂਬ ਚਲ ਰਹੀ ਹੈ।




ਜਿਥੇ ਪੂਰੀ ਦੁਨੀਆਂ ਵਿਚ ਕਿਸਾਨੀ ਮੋਰਚੇ ਦੇ ਹੱਕ ਵਿਚ ਰੈਲੀਆਂ ਕੀਤੀਆਂ ਜਾ ਰਹੀਆਂ ਹਨ, ਉਥੇ ਸ. ਜੋਗਾ ਸਿੰਘ ਨੇ ਕੁਝ ਵੱਖਰਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵਾਹਿਗੁਰੂ ਜੀ ਨੇ ਆਪ ਹੌਸਲਾ ਦੇ ਕੇ ਇਹ ਕਾਰਜ ਕਰਵਾਇਆ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵੀ ਉਨ੍ਹਾਂ ਦੀ ਇਸ ਕਾਰਜ ਵਾਸਤੇ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ ਹੈ ਕਿ ਕਿਸਾਨਾਂ ਦੇ ਸੰਘਰਸ਼ ਵਿਚ ਉਹ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ।

# ਪੰਜਾਬ ਦੇ ਲੋਕ ਅੰਬਾਨੀ ਦੇ 'ਜੀਓ' ਨੂੰ ਅਲਵਿਦਾ ਕਹਿਣ ਲੱਗੇ



**ਚੰਡੀਗੜ੍ਹ:** ਪੰਜਾਬੀ ਲੋਕ ਆਪਣੇ ਘਰਾਂ 'ਚੋਂ ਅੰਬਾਨੀ ਦੇ 'ਜੀਓ' ਨੂੰ ਅਲਵਿਦਾ ਆਖਣ ਲੱਗੇ ਹਨ। ਕਿਸਾਨ ਧਿਰਾਂ ਦੀ ਅੰਬਾਨੀ ਦੇ ਜੀਓ ਮੋਬਾਈਲ ਦੇ ਬਾਈਕਾਟ ਦੀ ਅਪੀਲ ਨੂੰ ਪੰਜਾਬ ਨੇ ਸਿਰ ਮੱਥੇ ਕਬੂਲ ਕੀਤਾ ਹੈ। ਜੀਓ ਮੋਬਾਈਲ ਨੇ ਪੰਜਾਬੀ ਘਰਾਂ 'ਚ ਏਨੀ ਘੁਸਪੈਠ ਕਰ ਲਈ ਸੀ ਕਿ ਪੰਜਾਬ ਦੇ ਹਰ ਘਰ 'ਚ ਜੀਓ ਦੇ ਔਸਤਨ ਦੋ ਮੋਬਾਈਲ ਸਨ। ਤੱਥ ਉਭਰੇ ਹਨ ਕਿ ਪੰਜਾਬੀ ਹੁਣ ਜੀਓ ਦੇ ਸਿਮ ਚਲਾਉਣ ਤੋਂ ਪਾਸਾ ਵੱਟਣ ਲੱਗੇ ਹਨ।

ਰਿਲਾਇੰਸ ਜੀਓ ਨੇ ਟੈਲੀਕਾਮ ਅਥਾਰਿਟੀ ਕੋਲ ਸ਼ਿਕਾਇਤ ਦਰਜ ਕਰਾਈ ਹੈ। ਟੈਲੀਕਾਮ ਰੈਗੂਲੇਟਰੀ ਅਥਾਰਿਟੀ ਆਫ ਇੰਡੀਆ ਦੇ 3 ਦਸੰਬਰ, 2020 ਦੇ ਵੇਰਵਿਆਂ ਅਨੁਸਾਰ ਪੰਜਾਬ ਵਿਚ ਸਤੰਬਰ ਮਹੀਨੇ ਕੁੱਲ 3.88 ਕਰੋੜ ਮੋਬਾਈਲ ਕੁਨੈਕਸ਼ਨ ਸਨ, ਭਾਵ ਪੰਜਾਬ ਦੇ ਹਰ ਘਰ 'ਚ ਔਸਤਨ 7 ਕੁਨੈਕਸ਼ਨ ਸਨ। ਇਨ੍ਹਾਂ ਕੁਨੈਕਸ਼ਨਾਂ 'ਚੋਂ 1.39 ਕਰੋੜ (35.99 ਫੀਸਦੀ) ਜੀਓ ਦੇ ਹਨ। ਦੇਖਿਆ ਜਾਵੇ ਤਾਂ ਪੰਜਾਬ 'ਚ ਜੰਮਦੇ ਬੱਚੇ ਦੇ ਹਿੱਸੇ ਵੀ ਇਕ ਮੋਬਾਈਲ ਕੁਨੈਕਸ਼ਨ ਆਉਂਦਾ ਹੈ। ਜੀਓ ਦੀ ਸ਼ੁਰੂਆਤੀ ਮੁਫਤ ਆਫਰ ਦੇ ਲਾਲਚ 'ਚ ਪੰਜਾਬੀ ਸਭ ਤੋਂ ਵੱਧ ਫਸੇ। 'ਦਿੱਲੀ ਮੋਰਚੇ' ਵਿਚ ਕਿਸਾਨ ਧਿਰਾਂ ਨੇ ਇਨ੍ਹਾਂ ਘਰਾਣਿਆਂ ਦੇ ਉਤਪਾਦਾਂ ਦੇ ਬਾਈਕਾਟ ਦਾ ਸੱਦਾ ਦਿੱਤਾ। ਟੈਲੀਕਾਮ ਅਥਾਰਿਟੀ ਦੇ ਤੱਥਾਂ ਅਨੁਸਾਰ ਰਿਲਾਇੰਸ ਜੀਓ ਦੇ ਚਾਲੂ ਕੁਨੈਕਸ਼ਨਾਂ ਦੀ ਦਰ ਵੀ ਘਟਣ ਲੱਗੀ ਹੈ। ਪੰਜਾਬ 'ਚ ਚਾਲੂ ਵਰ੍ਹੇ ਦੇ ਸਤੰਬਰ ਮਹੀਨੇ 'ਚ ਜੀਓ ਦੇ ਡੈੱਡ ਕੁਨੈਕਸ਼ਨਾਂ ਦੀ ਦਰ 33.44 ਫੀਸਦੀ ਹੋ ਗਈ ਹੈ, ਜੋ ਜਨਵਰੀ 2019 ਵਿਚ 20.16 ਫੀਸਦੀ ਸੀ।

ਰਿਲਾਇੰਸ ਜੀਓ ਦੇ ਪੰਜਾਬ ਵਿਚਲੇ 1.39 ਕਰੋੜ ਕੁਨੈਕਸ਼ਨਾਂ ਵਿਚੋਂ ਸਿਰਫ 66.56 ਫੀਸਦੀ ਕੁਨੈਕਸ਼ਨ ਹੀ ਵਰਤੋਂ ਵਿਚ ਹਨ ਜਦਕਿ ਦੇਸ਼ ਭਰ ਵਿਚ ਜੀਓ ਦੇ 78.76 ਫੀਸਦੀ ਕੁਨੈਕਸ਼ਨ ਐਕਟਿਵ ਹਨ। ਪੰਜਾਬ ਵਿਚ ਏਅਰਟੈੱਲ ਕੰਪਨੀ ਦੇ 97.78 ਫੀਸਦੀ, ਆਈਡੀਆ ਦੇ 88.93 ਫੀਸਦੀ ਅਤੇ ਬੀ.ਐਸ.ਐਨ.ਐਲ. ਦੇ 39.24 ਫੀਸਦੀ ਕੁਨੈਕਸ਼ਨ ਐਕਟਿਵ ਹਨ। ਬੀ.ਕੇ.ਯੂ (ਕ੍ਰਾਂਤੀਕਾਰੀ) ਦੇ ਸੂਬਾ ਪ੍ਰਧਾਨ ਸੁਰਜੀਤ ਸਿੰਘ ਫੂਲ ਆਖਦੇ ਹਨ ਕਿ ਕਿਸਾਨ ਧਿਰਾਂ ਦੀ ਅੰਬਾਨੀ ਅਡਾਨੀ ਦੇ ਬਾਈਕਾਟ ਦੀ ਅਪੀਲ ਨੂੰ ਸਭ ਤੋਂ ਵੱਧ ਬੂਰ ਪੰਜਾਬ 'ਚ ਪਿਆ ਹੈ।

ਪੰਜਾਬ ਵਿਚ ਇਕੱਲੇ ਸਤੰਬਰ ਮਹੀਨੇ ਸਿਮ ਇਕ ਕੰਪਨੀ ਤੋਂ ਦੂਸਰੀ ਕੰਪਨੀ ਵਿਚ ਤਬਦੀਲ ਕਰਾਉਣ ਲਈ 10 ਹਜ਼ਾਰ ਦਰਖਾਸਤਾਂ ਕੰਪਨੀਆਂ ਕੋਲ ਪੁੱਜੀਆਂ ਹਨ, ਜਿਸ 'ਚ ਜੀਓ ਵੀ ਸ਼ਾਮਲ ਹੈ। ਰਿਲਾਇੰਸ ਜੀਓ ਨੇ ਟੈਲੀਕਾਮ ਅਥਾਰਿਟੀ ਨੂੰ ਲਿਖੀ ਸ਼ਿਕਾਇਤ ਵਿਚ ਆਖਿਆ ਹੈ ਕਿ ਭਾਰਤੀ ਏਅਰਟੈੱਲ ਅਤੇ ਵੋਡਾਫੋਨ ਵੱਲੋਂ ਖਪਤਕਾਰਾਂ ਵਿਚ ਗੁਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ ਜਦਕਿ ਇਨ੍ਹਾਂ ਕੰਪਨੀਆਂ ਨੇ ਰਿਲਾਇੰਸ ਜੀਓ ਦੇ ਦੋਸ਼ਾਂ ਨੂੰ ਰੱਦ ਕੀਤਾ ਹੈ। ਪੱਖ ਜਾਣਨ ਲਈ ਰਿਲਾਇੰਸ ਜੀਓ ਦੇ ਪੰਜਾਬ ਦੇ ਮੁੱਖ ਕਾਰਜਕਾਰੀ ਅਫਸਰ ਨਾਲ ਸੰਪਰਕ ਕੀਤਾ, ਜਿਨ੍ਹਾਂ ਫੋਨ ਨਹੀਂ ਚੁੱਕਿਆ।

ਦੇਸ਼ ਭਰ 'ਚ ਰਿਲਾਇੰਸ ਜੀਓ ਨੇ ਚੰਗੀ ਕਮਾਈ ਕੀਤੀ ਹੈ ਅਤੇ ਇਸ ਵੇਲੇ ਮੋਬਾਈਲ ਕੁਨੈਕਸ਼ਨ ਕਾਰੋਬਾਰ 'ਚ ਦੇਸ਼ ਭਰ ਵਿਚ ਸਭ ਤੋਂ ਵੱਧ ਮਾਰਕੀਟ ਸ਼ੇਅਰ 35.19 ਫੀਸਦੀ ਰਿਲਾਇੰਸ ਜੀਓ ਦਾ ਹੈ, ਜੋ ਨਵੰਬਰ 2016 ਵਿੱਚ ਸਿਰਫ 4.72 ਫੀਸਦੀ ਸੀ। ਇਸੇ ਤਰ੍ਹਾਂ ਮੁਲਕ 'ਚ ਵੋਡਾਫੋਨ ਦਾ 25.73 ਫੀਸਦੀ, ਏਅਰਟੈੱਲ ਦਾ 28.44 ਫੀਸਦੀ ਅਤੇ ਬੀ.ਐਸ.ਐਨ.ਐਲ. ਦਾ 10.36 ਫੀਸਦੀ ਮਾਰਕੀਟ ਸ਼ੇਅਰ ਹੈ। ਭਾਵੇਂ ਪੰਜਾਬ 'ਚ ਹੁਣ ਤਕ ਰਿਲਾਇੰਸ ਜੀਓ ਦੀ ਚਾਂਦੀ ਰਹੀ ਹੈ ਪਰ ਹੁਣ ਬਾਈਕਾਟ ਦਾ ਸੱਦਾ ਜੀਓ ਨੂੰ ਮਹਿੰਗਾ ਪਵੇਗਾ।

### ਅਡਾਨੀ ਗਰੁੱਪ ਵੱਲੋਂ ਭੰਡੀ ਪ੍ਰਚਾਰ ਖਿਲਾਫ ਇਸ਼ਤਿਹਾਰ

**ਨਵੀਂ ਦਿੱਲੀ:** ਕਿਸਾਨ ਅੰਦੋਲਨ ਦੌਰਾਨ ਹੋ ਰਹੀ ਭੰਡੀ ਤੋਂ ਪਰੇਸ਼ਾਨ ਅਡਾਨੀ ਗਰੁੱਪ ਨੇ ਆਪਣੀ ਸਾਖ ਬਚਾਉਣ ਤੇ ਆਪਣਾ ਪੱਖ ਰੱਖਣ ਦੇ ਇਰਾਦੇ ਨਾਲ ਉੱਤਰੀ ਭਾਰਤ ਤੇ ਖਾਸ ਕਰਕੇ ਪੰਜਾਬ ਨਾਲ ਸਬੰਧਤ ਕਈ ਅਖਬਾਰਾਂ 'ਚ ਇਸ਼ਤਿਹਾਰਾਂ ਦੀ ਲੜੀ ਲਾ ਦਿੱਤੀ ਹੈ। ਪੂਰੇ ਸਫੇ ਦੇ ਇਨ੍ਹਾਂ ਇਸ਼ਤਿਹਾਰਾਂ 'ਚ ਗਰੁੱਪ ਨੇ ਕਿਸਾਨਾਂ ਦੀ ਭਲਾਈ ਲਈ ਕੰਮ ਕਰਨ ਵਾਲੀ ਕੰਪਨੀ ਨੂੰ ਸੌੜੇ ਹਿੱਤਾਂ ਲਈ ਬਦਨਾਮ ਕੀਤੇ ਜਾਣ ਨੂੰ ਮੰਦਭਾਗਾ ਦੱਸਿਆ ਹੈ। ਗਰੁੱਪ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗਲਤ ਸੂਚਨਾ ਦੇ ਅਧਾਰ 'ਤੇ ਚਲਾਈ ਮੁਹਿੰਮ ਖਿਲਾਫ ਆਵਾਜ਼ ਉਠਾਉਣ।

# ਪਰਵਾਸੀਆਂ ਨੂੰ ਜ਼ਮੀਨ ਦਾ ਠੇਕਾ ਨਾ ਲੈਣ ਦੀ ਅਪੀਲ ਕੀਤੀ



**ਅੰਮ੍ਰਿਤਸਰ:** ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਨੇ ਪਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਪਰਵਾਸੀ ਪੰਜਾਬੀਆਂ ਦੀ ਪੰਜਾਬ ਵਿਚ ਵਾਹੀਯੋਗ ਜ਼ਮੀਨ ਹੈ, ਉਹ ਕਿਸਾਨ ਸੰਘਰਸ਼ ਦੇ ਚੱਲਦਿਆਂ ਕਿਸਾਨਾਂ ਨੂੰ ਜ਼ਮੀਨ ਦਾ ਇਕ ਸਾਲ ਦਾ ਠੇਕਾ ਮੁਆਫ ਕਰ ਦੇਣ। ਇਸ ਦੌਰਾਨ ਸਿੱਖ ਜਥੇਬੰਦੀਆਂ ਵੱਲੋਂ ਭਾਰਤ ਸਰਕਾਰ 'ਤੇ ਦਬਾਅ ਬਣਾਉਣ ਲਈ ਵਿਦੇਸ਼ਾਂ ਵਿਚ ਵੀ ਖੇਤੀ ਕਾਨੂੰਨਾਂ ਖਿਲਾਫ ਪ੍ਰਦਰਸ਼ਨ ਤੇ ਰੈਲੀਆਂ ਕੀਤੀਆਂ ਜਾ ਰਹੀਆਂ ਹਨ।

ਸਿੱਖ ਜਥੇਬੰਦੀ ਵਰਲਡ ਸਿੱਖ ਪਾਰਲੀਮੈਂਟ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਹਿੰਮਤ ਸਿੰਘ, ਡਾ. ਪ੍ਰਿਤਪਾਲ ਸਿੰਘ, ਜੋਗਾ ਸਿੰਘ, ਹਰਜਿੰਦਰ ਸਿੰਘ ਨੇ ਕਿਹਾ ਕਿ ਇਸ ਵੇਲੇ ਭਾਰਤ ਵਿਚ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦੇ ਪਰਿਵਾਰਾਂ ਵਿਚੋਂ ਬਜ਼ੁਰਗ, ਜਵਾਨ, ਮਾਵਾਂ, ਭੈਣਾਂ ਅਤੇ ਬੱਚੇ ਸਾਰੇ ਹੀ ਸਖਤ ਠੰਢ ਦੇ ਬਾਵਜੂਦ ਅਤੇ ਬਿਮਾਰੀਆਂ ਦੀ ਪ੍ਰਵਾਹ ਕੀਤੇ ਬਿਨਾਂ ਸੰਘਰਸ਼ ਵਿਚ ਡਟੇ ਹੋਏ ਹਨ। ਕਈ ਕਿਸਾਨ ਪਰਿਵਾਰ ਤਾਂ ਘਰਾਂ ਨੂੰ ਜਿੰਦਰੇ ਮਾਰ ਕੇ ਦਿੱਲੀ ਧਰਨੇ ਵਿਚ ਡੇਰੇ ਲਾ ਕੇ ਬੈਠੇ ਹਨ। ਅਜਿਹੇ ਵਿਚ ਉਹ ਖੇਤੀ ਨਹੀਂ ਕਰ ਸਕਣਗੇ। ਸਿੱਖ ਆਗੂਆਂ ਨੇ ਸਾਰੇ ਪਰਵਾਸੀਆਂ ਨੂੰ ਕਿਹਾ ਕਿ ਜਿਨ੍ਹਾਂ ਦੀ ਜ਼ਮੀਨ ਪੰਜਾਬ ਵਿਚ ਠੇਕੇ 'ਤੇ ਦਿੱਤੀ ਹੋਈ ਹੈ, ਉਹ ਸਾਲ ਦੀ ਠੇਕੇ ਦੀ ਰਕਮ ਸੰਘਰਸ਼ ਦੀ ਅਹਿਮੀਅਤ ਨੂੰ ਧਿਆਨ ਵਿਚ ਰੱਖਦੇ ਹੋਏ ਕਿਸਾਨਾਂ ਕੋਲੋਂ ਨਾ ਲੈਣ। ਇਸ ਨਾਲ ਆਪਸੀ ਪਿਆਰ ਵਿਚ ਵੀ ਵਾਧਾ ਹੋਵੇਗਾ। ਅਮਰੀਕੀ ਸਿੱਖ ਆਗੂਆਂ ਨੇ ਕਿਹਾ ਕਿ ਇਸ ਸਬੰਧੀ ਭਾਰਤ ਸਰਕਾਰ 'ਤੇ ਦਬਾਅ ਬਣਾਉਣ ਲਈ ਵੱਖ ਵੱਖ ਮੁਲਕਾਂ ਵਿਚ ਭਾਰਤੀ ਸਫਾਰਤਖਾਨਿਆਂ ਬਾਹਰ ਧਰਨੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

# ਯੂਰਪੀ ਪਾਰਲੀਮੈਂਟ ਸਾਹਮਣੇ ਕਿਸਾਨਾਂ ਦੇ ਹੱਕ 'ਚ ਪ੍ਰਦਰਸ਼ਨ

**ਬਰੱਸਲਜ:** ਕਿਸਾਨ ਅੰਦੋਲਨ ਦੀ ਹਮਾਇਤ ਵਿਚ ਵਿਸ਼ਵ ਭਰ ਵਿਚ ਵਸਦੇ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ ਜਾਰੀ ਹਨ। ਯੂਰਪ ਦੀ ਰਾਜਧਾਨੀ ਬਰੱਸਲਜ਼ (ਬੈਲਜੀਅਮ) ਵਿਚ ਵੀ ਯੂਰਪੀ ਪਾਰਲੀਮੈਂਟ ਸਾਹਮਣੇ ਪੰਜਾਬੀਆਂ ਨੇ ਕਿਸਾਨੀ ਘੋਲ ਦੀ ਹਮਾਇਤ ਵਿਚ ਰੋਸ ਮੁਜ਼ਾਹਰਾ ਕੀਤਾ ਜਿਸ ਵਿਚ ਬੈਲਜੀਅਮ ਦੇ ਕੋਨੇ-ਕੋਨੇ ਵਿਚੋਂ ਕਿਸਾਨ-ਮਜ਼ਦੂਰ ਹਮਾਇਤੀ ਪਹੁੰਚੇ। ਇਸ ਦੇ ਨਾਲ ਹੀ ਹਾਲੈਂਡ ਤੋਂ ਨੌਜਵਾਨ ਮੁੰਡੇ-ਕੁੜੀਆਂ ਦੇ ਵੱਡੇ ਜਥੇ ਨੇ ਵੀ ਸ਼ਮੂਲੀਅਤ ਕੀਤੀ। ਪ੍ਰਦਰਸ਼ਨਕਾਰੀਆਂ ਨੇ ਕਿਸਾਨ ਪੱਖੀ ਨਾਅਰਿਆਂ ਨਾਲ ਲਿਖੀਆਂ ਹੋਈਆਂ ਸਫੈਦ ਰੰਗ ਦੀਆਂ ਕੋਟੀਆਂ ਪਾਈਆਂ ਹੋਈਆਂ ਸਨ। ਵਰਲਡ ਸਿੱਖ ਪਾਰਲੀਮੈਂਟ ਦੇ ਚਾਰ ਨੁਮਾਇੰਦਿਆਂ ਜਰਮਨੀ ਤੋਂ ਭਾਈ ਗੁਰਚਰਨ ਸਿੰਘ ਗੁਰਾਇਆ, ਫਰਾਂਸ ਤੋਂ ਪ੍ਰਿਥੀਪਾਲ ਸਿੰਘ ਵਰਿਆਣਾ, ਹਾਲੈਂਡ ਤੋਂ ਹਰਜੀਤ ਸਿੰਘ ਗਿੱਲ ਵੱਲੋਂ ਹਾਜ਼ਰੀ ਭਰੀ ਗਈ। ਜਰਮਨੀ ਤੋਂ ਹਰਦਵਿੰਦਰ ਸਿੰਘ, ਗੁਰਪਾਲ ਸਿੰਘ ਪਾਲਾ, ਕੁਲਦੀਪ ਸਿੰਘ, ਹਾਲੈਂਡ ਤੋਂ ਜਸਵਿੰਦਰ ਸਿੰਘ, ਬਲਜਿੰਦਰ ਸਿੰਘ, ਫਰਾਂਸ ਤੋਂ ਸਤਨਾਮ ਸਿੰਘ, ਬੈਲਜੀਅਮ ਦੇ ਖੇਡ ਕਲੱਬਾਂ ਸ਼ੇਰੇ ਪੰਜਾਬ, ਚੜ੍ਹਦੀ ਕਲਾ, ਐਨਆਰਆਈ ਅਤੇ ਜੰਗ ਕਲੱਬ ਦੇ ਅਹੁਦੇਦਾਰਾਂ ਨੇ ਇਸ ਮੁਜ਼ਾਹਰੇ ਵਿੱਚ ਹਿੱਸਾ ਲਿਆ। ਇਸ ਮੌਕੇ ਪ੍ਰਬੰਧਕਾਂ 'ਚੋਂ ਅਜਾਇਬ ਸਿੰਘ



ਅਲੀਸ਼ੇਰ, ਕੁਲਵਿੰਦਰ ਮਿੰਟਾ, ਤਰਸੇਮ ਸ਼ੇਰਗਿੱਲ, ਗੁਰਬੰਦਨ ਲਾਲੀ, ਸੁਰਜੀਤ ਖਹਿਰਾ, ਭਾਈ ਕਰਨੈਲ ਸਿੰਘ, ਪਾਵਰ ਲਿਫਟਰ ਤੀਰਥ ਰਾਮ, ਕਿਰਪਾਲ ਬਾਜਵਾ, ਚਰਨਜੀਤ ਬਰਨਾਲਾ, ਜੱਸੀ ਸ਼ੇਰਗਿੱਲ, ਗਗਨ ਹੁੰਦਲ ਆਦਿ ਨੇ ਸਹਿਯੋਗ ਦਿੱਤਾ। ਸਿੱਖ ਆਗੂ ਭਾਈ ਜਗਦੀਸ਼ ਸਿੰਘ ਭੂਰਾ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

# ਮੋਦੀ, ਅੰਬਾਨੀ ਤੇ ਅਡਾਨੀ ਦੀ ਘੇਰਾਬੰਦੀ ਹੋਰ ਤਿੱਖੀ ਕਰਨ ਦਾ ਸੱਦਾ



**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਵਿਰੁੱਧ ਲਗਾਤਾਰ ਢਾਈ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਕਿਸਾਨਾਂ ਨੇ ਸੱਦਾ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਖੇਤੀ ਮੰਤਰੀ ਨਰੇਂਦਰ ਤੋਮਰ, ਹੋਰ ਭਾਜਪਾ ਆਗੂਆਂ ਅਤੇ ਭਾਜਪਾ ਦੇ ਆਈਟੀ ਸੈੱਲ ਵੱਲੋਂ ਖੇਤੀ ਕਾਨੂੰਨਾਂ ਅਤੇ ਕਾਰਪੋਰੇਟ ਘਰਾਣਿਆਂ ਦੇ ਹੱਕ 'ਚ ਕੀਤੇ ਜਾਂਦੇ ਪ੍ਰਚਾਰ ਦਾ ਮੂੰਹ ਤੋੜ ਜਵਾਬ ਦੇਣ ਲਈ ਸ਼ਾਂਤਮਈ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇ। ਪੰਜਾਬ ਅੰਦਰ ਟੌਲ ਪਲਾਜ਼ਿਆਂ, ਭਾਜਪਾ ਨੇਤਾਵਾਂ ਦੇ ਘਰਾਂ ਮੂਹਰੇ, ਅੰਬਾਨੀ ਤੇ ਅਡਾਨੀ ਦੇ ਕਾਰੋਬਾਰੀ ਟਿਕਾਣਿਆਂ ਅਤੇ ਰੇਲਵੇ ਸਟੇਸ਼ਨਾਂ ਦੇ ਪਾਰਕਾਂ ਵਿਚ ਵੱਡੇ ਇਕੱਠਾਂ ਦੌਰਾਨ ਕੇਂਦਰ ਸਰਕਾਰ ਦੇ ਹੈਂਕੜ ਤੇ ਹੰਕਾਰੀ ਵਤੀਰੇ ਨੂੰ ਤੋੜਨ ਦਾ ਸੱਦਾ ਦਿੰਦਿਆਂ ਕਿਸਾਨ ਬੁਲਾਰਿਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਬੌਖਲਾਹਟ ਦਾ ਨਤੀਜਾ ਹੈ।

ਕਿਸਾਨਾਂ ਨੇ ਕਿਹਾ ਕਿ ਮੋਦੀ ਸਰਕਾਰ ਸਮਝ ਚੁੱਕੀ ਹੈ ਕਿ ਕਿਸਾਨਾਂ ਨੂੰ ਹਰਾਇਆ ਨਹੀਂ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹੁਣ ਸਪੱਸ਼ਟ ਹੋ ਚੁੱਕਾ ਹੈ ਕਿ ਕੇਂਦਰ ਸਰਕਾਰ ਅਤੇ ਭਾਜਪਾ ਦਾ ਕੂੜ ਪ੍ਰਚਾਰ ਹਾਰੇਗਾ ਤੇ ਕਿਸਾਨ ਏਕਤਾ ਨੇ ਹੀ ਜਿੱਤ ਦਾ ਰਾਹ ਦੇਖਣਾ ਹੈ। ਬੁਲਾਰਿਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਰਟ ਬਿਆਨ ਕਰਦੀ ਹੈ ਕਿ ਭਾਜਪਾ ਨੇ ਹਾਲ ਦੀ ਘੜੀ ਕਿਸਾਨੀ ਰੋਹ ਤੋਂ ਸਬਕ ਨਹੀਂ ਸਿੱਖਿਆ ਤੇ ਇਹ ਅੰਦੋਲਨ ਹਕੂਮਤ ਲਈ ਭਾਰੀ ਪਵੇਗਾ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਅਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਦੱਸਿਆ ਕਿ ਠੰਢ ਦੇ ਬਾਵਜੂਦ ਦਿੱਲੀ ਜਾਣ ਵਾਲੇ ਜਥਿਆਂ 'ਚ ਕਿਸਾਨਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ।

ਕਿਸਾਨ ਬੁਲਾਰਿਆਂ ਨੇ ਕਿਹਾ ਕਿ ਕਿਸਾਨਾਂ ਦੇ ਰੋਹ ਕਾਰਨ ਪੰਜਾਬ ਅੰਦਰ ਬੀ.ਜੇ.ਪੀ. ਦੇ ਲੀਡਰਾਂ ਦੀ ਹਾਲਤ ਘਰਾਂ ਅੰਦਰ ਕੈਦ ਹੋਣ ਵਾਲੀ ਬਣੀ ਹੋਈ ਹੈ। ਬੀ.ਜੇ.ਪੀ. ਸਰਕਾਰ ਦੀ ਛਤਰਛਾਇਆ ਵਾਲੇ ਉਚ ਅਮੀਰ ਘਰਾਣਿਆਂ ਅਡਾਨੀ, ਅੰਬਾਨੀ ਦੇ 40 ਦਿਨਾਂ ਤੋਂ ਠੱਪ ਪਏ ਕਾਰੋਬਾਰਾਂ ਵਿਚ ਉੱਲੂ ਬੋਲ ਰਹੇ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ ਮੋਦੀ ਹਕੂਮਤ ਵੱਲੋਂ ਮੁਲਕ ਅੰਦਰ ਸੰਘਰਸ਼ ਕਰਨ ਦੇ ਹੱਕ 'ਤੇ ਲਾਈਆਂ ਪਾਬੰਦੀਆਂ ਦਰਮਿਆਨ ਕਿਸਾਨਾਂ ਨੇ ਆਪਣਾ ਇਹ ਹੱਕ ਪੁਗਾਇਆ ਹੈ ਜਿਸ ਨੂੰ ਸਰਬਉੱਚ ਅਦਾਲਤ ਨੇ ਵੀ ਪ੍ਰਵਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕਮੇਟੀ ਬਣਾ ਕੇ ਮਸਲੇ ਬਾਰੇ ਚਰਚਾ ਕਰਨ ਦੀ ਜ਼ਰੂਰਤ ਤਾਂ ਪੈਦਾ ਹੁੰਦੀ ਹੈ ਜਦੋਂ ਸਮਾਜ ਦੇ ਕਿਸੇ ਹਿੱਸੇ ਵਿਚ ਇਨ੍ਹਾਂ ਕਾਨੂੰਨਾਂ ਬਾਰੇ ਕੋਈ ਵੱਖਰੀ ਰਾਏ ਮੌਜੂਦ ਹੋਵੇ ਪਰ ਮੁਲਕ ਦੇ ਕਿਸਾਨ ਤਾਂ ਕਾਨੂੰਨਾਂ ਖਿਲਾਫ ਲੱਖਾਂ ਦੀ ਤਾਦਾਦ 'ਚ ਸੜਕਾਂ 'ਤੇ ਨਿੱਤਰੇ ਹੋਏ ਹਨ। ਇਹ ਸਮੂਹਕ ਲੋਕ ਰਜ਼ਾ ਹੈ ਜਿਸ ਦਾ ਕੇਂਦਰ ਸਰਕਾਰ ਨੂੰ ਸਨਮਾਨ ਕਰਨਾ ਚਾਹੀਦਾ ਹੈ ਤੇ ਮਾਣਯੋਗ ਅਦਾਲਤ ਨੂੰ ਚਾਹੀਦਾ ਹੈ ਕਿ ਉਹ ਕੇਂਦਰ ਸਰਕਾਰ ਨੂੰ ਇਸ ਰਜ਼ਾ ਦਾ ਸਨਮਾਨ ਕਰਨ ਲਈ ਕਹੇ।

## ਬਾਬਾ ਰਾਮ ਸਿੰਘ ਨੇ ਕਿਸਾਨਾਂ ਲਈ ਦਿੱਤੀ ਜਾਨ

**ਨਵੀਂ ਦਿੱਲੀ:** ਸਿੰਘੂ ਸਰਹੱਦ 'ਤੇ ਬਾਬਾ ਰਾਮ ਸਿੰਘ ਨਾਨਕਸਰ ਸੀਂਗੜਾ ਵਾਲੇ ਨੇ ਆਪਣੇ ਲਾਇਸੈਂਸੀ ਹਥਿਆਰ ਨਾਲ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਕਰਨਾਲ ਜ਼ਿਲ੍ਹੇ ਦੇ ਨਿਸਿੰਗ ਇਲਾਕੇ ਵਿਚ ਨਾਨਕਸਰ ਸੰਪਰਦਾ ਦੇ ਵੱਡੇ ਡੇਰੇ ਦੇ ਸੰਚਾਲਕ ਬਾਬਾ ਰਾਮ ਸਿੰਘ ਨੇ ਖੁਦਕੁਸ਼ੀ ਕਰਨ ਤੋਂ ਪਹਿਲਾਂ ਇਕ ਨੋਟ ਵੀ ਲਿਖਿਆ। ਉਨ੍ਹਾਂ ਨੋਟ 'ਚ ਲਿਖਿਆ ਕਿ ਕਿਸਾਨਾਂ ਦੀ ਹਾਲਤ ਨਹੀਂ ਦੇਖੀ ਜਾਂਦੀ, ਜਿਸ ਕਰਕੇ ਉਹ ਇਸ ਅੰਦੋਲਨ ਵਿੱਚ ਹਿੱਸਾ ਪਾ ਰਹੇ ਹਨ। ਬਾਬਾ ਰਾਮ ਸਿੰਘ ਸੀਂਗੜਾ ਵਾਲੇ ਨੂੰ ਗੰਭੀਰ ਹਾਲਤ ਵਿਚ ਪਾਣੀਪਤ ਦੇ ਹਸਪਤਾਲ ਭਰਤੀ ਕਰਵਾਇਆ ਗਿਆ, ਪਰ ਉਨ੍ਹਾਂ ਨੂੰ ਬਚਾਇਆ ਨਹੀਂ ਜਾ ਸਕਿਆ। ਉਹ ਪਿਛਲੇ ਕਈ ਦਿਨਾਂ ਤੋਂ ਕਿਸਾਨ ਅੰਦੋਲਨ ਵਿਚ ਹਾਜ਼ਰੀ ਲਾ ਰਹੇ ਸਨ। ਵੱਖ-ਵੱਖ ਕਿਸਾਨ ਆਗੂਆਂ ਨੇ ਕਿਹਾ ਕਿ ਇਸ ਖੁਦਕੁਸ਼ੀ ਕਾਂਡ ਨੂੰ ਕਤਲ ਵਜੋਂ ਦੇਖਣਾ ਚਾਹੀਦਾ ਹੈ। ਖੁਦਕੁਸ਼ੀ ਨੋਟ ਵਿਚ ਬਾਬਾ ਰਾਮ ਸਿੰਘ ਨੇ ਲਿਖਿਆ, 'ਕਿਸਾਨ ਹੱਕ ਲੈਣ ਲਈ ਸੜਕਾਂ ਉਪਰ ਲੜ ਰਹੇ ਹਨ ਤੇ ਸਰਕਾਰ ਨਿਆਂ ਨਹੀਂ ਦੇ ਰਹੀ। ਜ਼ੁਲਮ ਕਰਨਾ ਤੇ ਜ਼ੁਲਮ ਸਹਿਣਾ ਵੀ ਪਾਪ ਹੈ। ਕਈਆਂ ਨੇ ਕਿਸਾਨਾਂ ਦੇ ਹੱਕ ਵਿਚ ਕਾਫੀ ਕੁਝ ਕੀਤਾ, ਸਨਮਾਨ ਵਾਪਸ ਕੀਤੇ, ਪੁਰਸਕਾਰ ਵਾਪਸ ਕੀਤੇ। ਦਾਸ, ਕਿਸਾਨਾਂ ਦੇ ਹੱਕ ਵਿੱਚ ਸਰਕਾਰੀ ਜ਼ੁਲਮ ਦੇ ਰੋਸ ਵਿਚ ਆਤਮ-ਦਾਹ ਕਰਦਾ ਹੈ। ਇਹ ਜ਼ੁਲਮ ਦੇ ਖਿਲਾਫ ਆਵਾਜ਼ ਹੈ ਤੇ ਕਿਰਤੀ ਕਿਸਾਨ ਦੇ ਹੱਕ ਵਿਚ ਆਵਾਜ਼ ਹੈ।'

# ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਸ਼ਰਧਾ ਨਾਲ ਮਨਾਇਆ



**ਅੰਮ੍ਰਿਤਸਰ/ਕੀਰਤਪੁਰ ਸਾਹਿਬ:** ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਪੁਰਬ ਇਥੇ ਗੁਰੂ ਸਾਹਿਬ ਦੇ ਜਨਮ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ, ਮੰਜੀ ਸਾਹਿਬ ਦੀਵਾਨ ਹਾਲ ਅਤੇ ਚੀਫ ਖਾਲਸਾ ਦੀਵਾਨ ਵੱਲੋਂ ਵੱਖ-ਵੱਖ ਥਾਈਂ ਸ਼ਰਧਾ ਨਾਲ ਮਨਾਇਆ ਗਿਆ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਅਖੰਡ ਪਾਠ ਦੇ ਭੋਗ ਮਗਰੋਂ ਮੰਜੀ ਸਾਹਿਬ ਦੀਵਾਨ ਹਾਲ 'ਚ ਦੀਵਾਨ ਸਜਾਏ ਗਏ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਮੁਖਤਾਰ ਸਿੰਘ ਨੇ ਦੱਸਿਆ ਕਿ ਸ਼ਹੀਦੀ ਦਿਵਸ ਸਬੰਧੀ ਮੁੱਖ ਸਮਾਗਮ ਗੁਰਦੁਆਰਾ ਜਨਮ ਅਸਥਾਨ ਗੁਰੂ ਕੇ ਮਹਿਲ ਵਿਖੇ ਕੀਤੇ ਗਏ। ਉਥੇ ਵੀ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਕੀਰਤਨ ਕੀਤਾ ਗਿਆ।

ਇਸੇ ਤਰ੍ਹਾਂ ਚੀਫ ਖਾਲਸਾ ਦੀਵਾਨ ਵੱਲੋਂ ਧਾਰਮਿਕ ਸਮਾਗਮ ਕੀਤਾ ਗਿਆ, ਜਿਸ ਵਿਚ ਸੈਂਟਰਲ ਖਾਲਸਾ ਯਤੀਮਖਾਨਾ ਤੇ ਬੀਬੀ ਪ੍ਰਭਜੀਤ ਕੌਰ ਦੇ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ। ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ ਨੇ ਗੁਰਇਤਿਹਾਸ 'ਤੇ ਚਾਨਣਾ ਪਾਇਆ। ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਪ੍ਰੋ. ਹਰੀ ਸਿੰਘ ਅਤੇ ਡਾ. ਸਰਬਜੀਤ ਸਿੰਘ ਛੀਨਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਦੀਵਾਨ ਵੱਲੋਂ ਪ੍ਰਕਾਸ਼ਿਤ ਪੁਸਤਕ 'ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਜੀਵਨ ਅਤੇ ਦਰਪਣ-ਸਰੂਪ ਅਤੇ ਸੰਦਰਭ' ਲੋਕ ਅਰਪਣ ਕੀਤੀ ਗਈ।

ਇਸੇ ਦੌਰਾਨ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸ੍ਰੀ ਕੀਰਤਪੁਰ ਸਾਹਿਬ ਤੋਂ ਗੁਰਦੁਆਰਾ ਸੀਸਗੰਜ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਤਕ ਸਜਾਇਆ ਗਿਆ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਇਸ ਤੋਂ ਪਹਿਲਾਂ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ ਸਜਾਇਆ ਗਿਆ, ਜਿਸ ਵਿਚ ਰਾਗੀ, ਢਾਡੀ ਜਥਿਆਂ ਤੇ ਕਥਾਵਾਚਕਾਂ ਨੇ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਤੇ ਸ਼ਹੀਦੀ ਬਾਰੇ ਜਾਣੂ ਕਰਵਾਇਆ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਦੱਸਿਆ ਕਿ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੇ ਹਿੰਦੁਸਤਾਨ ਦੀ ਕਾਇਆ ਹੀ ਪਲਟ ਕੇ ਰੱਖ ਦਿੱਤੀ ਕਿਉਂਕਿ ਤਤਕਾਲੀ ਹਾਕਮ ਔਰੰਗਜ਼ੇਬ ਦੂਜੇ ਧਰਮਾਂ ਨੂੰ ਖਤਮ ਕਰਨ 'ਤੇ ਤੁਲਿਆ ਹੋਇਆ ਸੀ। ਉਸ ਦੇ ਮਨਸੂਬਿਆਂ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਨੇ ਬਦਲ ਕੇ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਦਿੱਲੀ ਚਾਂਦਨੀ ਚੌਕ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ) ਗੁਰੂ ਸਾਹਿਬ ਦਾ ਸੀਸ ਲੈ ਕੇ ਦਿੱਲੀ ਤੋਂ ਸ੍ਰੀ ਕੀਰਤਪੁਰ ਸਾਹਿਬ (ਗੁਰਦੁਆਰਾ ਬਿਬਾਨਗੜ੍ਹ ਸਾਹਿਬ) ਪਹੁੰਚੇ। ਇਸ ਅਸਥਾਨ 'ਤੇ ਗੁਰੂ ਜੀ ਦਾ ਸੀਸ ਟਿਕਾ ਕੇ ਬਾਲ ਗੋਬਿੰਦ ਰਾਏ ਨੂੰ ਸੁਨੇਹਾ ਭੇਜਿਆ ਗਿਆ, ਜਿਸ ਮਗਰੋਂ ਗੁਰੂ ਜੀ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਨਾਲ ਕੀਰਤਪੁਰ ਸਾਹਿਬ ਆਏ ਅਤੇ ਆਪਣੇ ਪਿਤਾ ਜੀ ਦੇ ਸੀਸ ਨੂੰ ਬਿਬਾਨ ਦੇ ਰੂਪ ਵਿਚ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਲੈ ਕੇ ਗਏ ਤੇ ਸੀਸ ਦਾ ਅੰਤਿਮ ਸੰਸਕਾਰ ਕੀਤਾ। ਇਸ ਯਾਦ ਨੂੰ ਸਮਰਪਿਤ ਇਹ ਨਗਰ ਕੀਰਤਨ ਸਜਾਇਆ ਜਾਂਦਾ ਹੈ। ਇਸ ਮੌਕੇ ਗਿਆਨੀ ਫੂਲਾ ਸਿੰਘ ਹੈੱਡ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ, ਭਾਈ ਅਮਰਜੀਤ ਸਿੰਘ ਚਾਵਲਾ, ਪ੍ਰਿੰਸੀਪਲ ਸੁਰਿੰਦਰ ਸਿੰਘ (ਅਤੇ ਮੈਨੇਜਰ ਗੁਰਦੀਪ ਸਿੰਘ ਕੰਗ ਆਦਿ ਹਾਜ਼ਰ ਸਨ।

### ਕਿਸਾਨ ਮੋਰਚਿਆਂ 'ਤੇ ਸ਼ਹੀਦੀ ਦਿਹਾੜਾ ਮਨਾਇਆ

**ਨਵੀਂ ਦਿੱਲੀ:** ਦਿੱਲੀ ਦੇ ਸਿੰਘੂ ਤੇ ਟਿਕਰੀ ਬਾਰਡਰਾਂ 'ਤੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਪੁਰਬ ਮੌਕੇ ਵਿਸ਼ੇਸ਼ ਸਮਾਗਮ ਕੀਤੇ ਗਏ। ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਦੀ ਦਿੱਲੀ ਦੇ ਚਾਂਦਨੀ ਚੌਕ ਸਥਿਤ ਸ਼ਹੀਦੀ ਸਥਾਨ ਨੂੰ ਦੇਖਣ ਲਈ ਵੀ ਕਿਸਾਨ ਪਹੁੰਚੇ। ਸਿੰਘੂ ਬਾਰਡਰ 'ਤੇ ਸਟੇਜ ਦੀ ਸ਼ੁਰੂਆਤ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ ਸਬੰਧੀ ਧਾਰਮਿਕ ਸਮਾਗਮ ਨਾਲ ਹੋਈ। ਸੁਖਮਨੀ ਸਾਹਿਬ ਦੇ ਪਾਠ ਮਗਰੋਂ ਗੁਰਦੁਆਰਾ ਪ੍ਰਭ ਮਿਲਣੈ ਕਾ ਚਾਉ ਤੋਂ ਭਾਈ ਦਲਬੀਰ ਸਿੰਘ ਤਰਮਾਲੇ ਵਾਲੇ ਦੇ ਜਥੇ ਨੇ ਕੀਰਤਨ ਕੀਤਾ। ਇਸ ਮਗਰੋਂ ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਨੇ ਕਥਾ ਦੁਆਰਾ ਗੁਰੂ ਸਾਹਿਬ ਦੀ ਸ਼ਹਾਦਤ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਕਾਰ ਸੇਵਾ ਵਾਲੇ ਬਾਬਾ ਭਿੰਦਾ ਸਿੰਘ ਨੇ ਸੰਗਤਾਂ ਨੂੰ ਵਾਹਿਗੁਰੂ ਦਾ ਜਾਪ ਕਰਾਇਆ। ਭਾਈ ਜਸਬੀਰ ਸਿੰਘ ਜਥੇਦਾਰ ਨੇ ਅਰਦਾਸ ਕੀਤੀ।

# ਖੇਤੀ ਕਾਨੂੰਨ: ਅਕਾਲੀਆਂ ਤੇ ਭਾਜਪਾਈਆਂ ਦਰਮਿਆਨ ਸ਼ਬਦੀ ਜੰਗ ਭਖੀ



**ਚੰਡੀਗੜ੍ਹ:** ਖੇਤੀ ਕਾਨੂੰਨਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਭਾਜਪਾ ਆਗੂ ਆਹਮੋ ਸਾਹਮਣੇ ਆ ਗਏ ਹਨ। ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਨੂੰ ਆਖਿਆ ਹੈ ਕਿ ਉਹ ਆਪਣੀ ਹਾਈ ਕਮਾਂਡ ਨੂੰ ਪੁੱਛੇ ਕਿ ਉਸ ਨੇ ਅਟਲ ਬਿਹਾਰੀ ਵਾਜਪਾਈ ਦੇ ਮੂਲ ਸਿਧਾਂਤ ਕਿਉਂ ਛੱਡ ਦਿੱਤੇ ਅਤੇ ਅਕਾਲੀ ਦਲ ਦੇ ਮਾਮਲੇ ਵਿਚ ਨਫਰਤ ਭਰੀ ਰਾਜਨੀਤੀ ਕਰ ਕੇ ਗੱਠਜੋੜ ਧਰਮ ਕਿਉਂ ਨਹੀਂ ਨਿਭਾਇਆ।

ਅਕਾਲੀ ਦਲ ਨੇ ਆਖਿਆ ਹੈ ਕਿ ਭਾਜਪਾ ਨੇ ਸੂਬੇ ਵਿਚ ਫਿਰਕੂ ਮਾਹੌਲ ਪੈਦਾ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸੁਖਬੀਰ ਸਿੰਘ ਬਾਦਲ ਨੇ ਰਾਸ਼ਟਰਪਤੀ ਨੂੰ ਅਪੀਲ ਕੀਤੀ ਹੈ ਕਿ ਉਹ ਤੁਰਤ ਦਖਲ ਦੇ ਕੇ ਸੰਸਦ ਦਾ ਸਰਦ ਰੁੱਤ ਇਜਲਾਸ ਬੁਲਵਾਉਣ। ਅਕਾਲੀ ਦਲ ਦੇ ਪ੍ਰਧਾਨ ਨੇ ਰਾਸ਼ਟਰਪਤੀ ਨੂੰ ਪੱਤਰ ਲਿਖ ਕੇ ਆਖਿਆ ਹੈ ਕਿ ਕਰੋਨਾ ਦਾ ਬਹਾਨਾ ਬਣਾ ਕੇ ਸੰਸਦ ਦੇ ਸਰਦ ਰੁੱਤ ਇਜਲਾਸ ਰੱਦ ਕਰਨ ਨੂੰ ਸਹੀ ਠਹਿਰਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਕਰੋਨਾ ਮਹਾਮਾਰੀ ਦੌਰਾਨ ਤਿੰਨ ਵਿਵਾਦਗ੍ਰਸਤ ਬਿੱਲ ਪਾਸ ਕਰਨ ਲਈ ਸੰਸਦ ਦਾ ਸੈਸ਼ਨ ਸੱਦ ਲਿਆ ਸੀ ਤੇ ਉਸ ਵੇਲੇ ਦੇਸ ਵਿਚ ਲੌਕਡਾਊਨ ਲੱਗਿਆ ਸੀ। ਹੁਣ ਜਦੋਂ ਸਰਕਾਰ ਨੇ ਖੁਦ ਮੰਨਿਆ ਹੈ ਕਿ ਮਹਾਮਾਰੀ ਦਾ ਪ੍ਰਭਾਵ ਘੱਟ ਗਿਆ ਹੈ ਤੇ ਲੌਕਡਾਊਨ ਦੀ ਜਰੂਰਤ ਨਹੀਂ ਹੈ ਤਾਂ ਫਿਰ ਸਰਦ ਰੁੱਤ ਇਜਲਾਸ ਰੱਦ ਕਰਨਾ ਕਿਸ ਤਰ੍ਹਾਂ ਵਾਜਬ ਹੈ। ਸ੍ਰੀ ਬਾਦਲ ਨੇ ਪੱਤਰ ਦੀਆਂ ਕਾਪੀਆਂ ਲੋਕ ਸਭਾ ਸਪੀਕਰ ਅਤੇ ਭਾਰਤ ਦੇ ਉਪ ਰਾਸ਼ਟਰਪਤੀ ਨੂੰ ਵੀ ਭੇਜੀਆਂ ਹਨ। ਅਕਾਲੀ ਆਗੂ ਨੇ ਕਿਹਾ ਕਿ ਇਹ ਹੈਰਾਨ ਕਰਨ ਵਾਲੀ ਗੱਲ ਹੈ ਕਿ ਸੱਤਾਧਾਰੀ ਪਾਰਟੀ ਨੂੰ ਬਿਹਾਰ ਵਿਚ ਚੋਣ ਰੈਲੀਆਂ ਵਿਚ ਹਜ਼ਾਰਾਂ ਲੋਕਾਂ ਦੇ ਇਕੱਠ ਤੇ ਹੁਣ ਪੱਛਮੀ ਬੰਗਾਲ ਵਿਚ ਹਜ਼ਾਰਾਂ ਲੋਕਾਂ ਦੇ ਇਕੱਠ ਵਿਚ ਲੋਕਾਂ ਦੀ ਜਾਨ ਤੇ ਸਿਹਤ ਨੂੰ ਕੋਈ ਖਤਰਾ ਨਹੀਂ ਲੱਗਿਆ ਪਰ ਇਜਲਾਸ ਸੱਦਣ ਵਿਚ ਖਤਰਾ ਦੱਸਿਆ ਜਾ ਰਿਹਾ ਹੈ। ਉਨ੍ਹਾਂ ਸਰਕਾਰ ਦੇ ਰਵੱਈਏ ਨੂੰ ਇਤਿਹਾਸਕ ਗਲਤੀ ਕਰਾਰ ਦਿੰਦਿਆਂ ਕਿਹਾ ਕਿ ਸੱਤਾਧਾਰੀ ਪਾਰਟੀ ਦੇਸ ਦੇ ਅੰਨਦਾਤਾ ਦੀ ਗੱਲ ਨਹੀਂ ਸੁਣ ਰਹੀ ਜਦਕਿ ਕਿਸਾਨਾਂ ਦੇ ਅੰਦੋਲਨ ਨੂੰ ਕੌਮੀ ਤਰਜੀਹ ਅਨੁਸਾਰ ਵੇਖਣਾ ਚਾਹੀਦਾ ਹੈ।

ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੋ.ਪ੍ਰੇਮ ਸਿੰਘ ਚੰਦੂਮਾਜਰਾ ਨੇ ਆਖਿਆ ਕਿ ਪੰਜਾਬ ਭਾਜਪਾ ਨੇ ਕਾਂਗਰਸ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਣਾ ਲਈ ਹੈ ਜਿਸ ਦਾ ਸੂਬੇ 'ਤੇ ਬਹੁਤ ਮਾਰੂ ਅਸਰ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਇਕ ਸਿੱਖ ਭਰਾ ਨੂੰ ਦੂਜੇ ਹਿੰਦੂ ਭਰਾ ਖਿਲਾਫ ਲੜਵਾਉਣਾ ਚਾਹੁੰਦੇ ਹਨ ਅਤੇ ਇਨ੍ਹਾਂ ਦਾ ਮਕਸਦ ਆਪਣੀ ਸਥਿਤੀ ਮਜਬੂਤ ਬਣਾਉਣਾ ਹੈ ਕਿਉਂਕਿ ਭਾਜਪਾ ਦਾ ਖੇਤੀ ਕਾਨੂੰਨਾਂ ਕਾਰਨ ਲੋਕ ਵਿਰੋਧ ਕਰ ਰਹੇ ਹਨ।

### ਸੰਸਦ ਦਾ ਇਜਲਾਸ ਰੱਦ ਕਰਨਾ ਤਾਨਾਸ਼ਾਹੀ ਫੈਸਲਾ ਕਰਾਰ

**ਲੁਧਿਆਣਾ:** ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਕਿਸਾਨ ਅੰਦੋਲਨ ਕਾਰਨ ਸੰਸਦ ਦਾ ਸਰਦ ਰੁੱਤ ਇਜਲਾਸ ਰੱਦ ਕਰ ਕੇ ਕੇਂਦਰ ਦੀ ਮੋਦੀ ਸਰਕਾਰ ਤਾਨਾਸ਼ਾਹੀ ਰਵੱਈਆ ਅਪਣਾ ਰਹੀ ਹੈ, ਜੋ ਵਿਰੋਧੀਆਂ ਵੱਲੋਂ ਪੁੱਛੇ ਜਾਣ ਵਾਲੇ ਸਵਾਲਾਂ ਦੇ ਜਵਾਬ ਦੇਣ ਤੋਂ ਭੱਜਣ ਦੇ ਬਰਾਬਰ ਹੈ। ਉਨ੍ਹਾਂ ਕਿਹਾ, 'ਧੱਕੇ ਦੀ ਇਹ ਰਾਜਨੀਤੀ ਲੋਕਤੰਤਰ ਦਾ ਘਾਣ ਹੈ ਅਤੇ ਇਹ ਧੱਕਾ ਉਨ੍ਹਾਂ ਨੂੰ ਬਹੁਤ ਭਾਰੀ ਪੈ ਸਕਦਾ ਹੈ।' ਸ੍ਰੀ ਬੈਂਸ ਨੇ ਸਵਾਲ ਕੀਤਾ, ਕੀ ਕਰੋਨਾ ਵਾਇਰਸ ਨੇ ਕਿਸਾਨਾਂ ਨਾਲ ਕੋਈ ਸਮਝੌਤਾ ਕੀਤਾ ਹੋਇਆ ਹੈ, ਜਿਹੜਾ ਲੋਕ ਸਭਾ ਮੈਂਬਰਾਂ ਨਾਲ ਨਹੀਂ ਹੋ ਸਕਿਆ, ਜਿਸ ਕਾਰਨ ਸੰਸਦ ਦਾ ਇਜਲਾਸ ਰੱਦ ਕਰ ਦਿੱਤਾ ਗਿਆ।

### ਅਕਾਲੀਆਂ ਨੇ ਭਾਜਪਾ ਦੀ ਪਿੱਠ 'ਚ ਛੁਰਾ ਮਾਰਿਆ: ਸ਼ਵੇਤ

**ਅੰਮ੍ਰਿਤਸਰ:** ਭਾਜਪਾ ਦੇ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਭਾਜਪਾ ਦੀ ਭਾਈਵਾਲ ਪਾਰਟੀ ਸ਼੍ਰੋਮਣੀ ਅਕਾਲੀ ਦਲ 'ਤੇ ਖੇਤੀ ਕਾਨੂੰਨਾਂ ਦੇ ਮਾਮਲੇ ਵਿਚ ਦੋਹਰੇ ਮਾਪਦੰਡ ਅਪਣਾਉਣ ਦੇ ਦੋਸ਼ ਲਾਉਂਦਿਆਂ ਆਖਿਆ ਕਿ ਉਸ ਨੇ ਦੁੱਖ-ਸੁੱਖ ਵਿਚ ਸਾਥ ਦੇਣ ਵਾਲੇ ਦੋਸਤ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਭਾਜਪਾ ਵਲੋਂ ਖੇਤੀ ਕਾਨੂੰਨਾਂ ਦੇ ਹੱਕ ਵਿਚ ਸ਼ੁਰੂ ਕੀਤੀ ਪ੍ਰਚਾਰ ਮੁਹਿੰਮ ਦੌਰਾਨ ਉਨ੍ਹਾਂ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਖੇਤੀ ਕਾਨੂੰਨ ਕਿਸਾਨਾਂ ਦੇ ਹੱਕ ਵਿਚ ਹਨ। ਸ੍ਰੀ ਮਲਿਕ ਨੇ ਦਾਅਵਾ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਖੇਤੀ ਕਾਨੂੰਨਾਂ ਸਬੰਧੀ ਮੀਟਿੰਗਾਂ ਵਿਚ ਸ਼ਾਮਲ ਹੁੰਦੇ ਰਹੇ ਹਨ ਅਤੇ ਉਨ੍ਹਾਂ ਨੇ ਕਾਨੂੰਨਾਂ ਨੂੰ ਕਿਸਾਨ ਪੱਖੀ ਦੱਸਦਿਆਂ ਇਨ੍ਹਾਂ ਦੀ ਸ਼ਲਾਘਾ ਵੀ ਕੀਤੀ ਸੀ। ਇਸੇ ਤਰ੍ਹਾਂ ਸੰਸਦ ਮੈਂਬਰ ਵਜੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਇਨ੍ਹਾਂ ਕਾਨੂੰਨਾਂ ਦੀ ਸ਼ਲਾਘਾ ਕੀਤੀ ਸੀ।

### ਸਰਦ ਰੁੱਤ ਇਜਲਾਸ ਰੱਦ ਕਰਨ ਦੀ ਨਿਖੇਧੀ

**ਬਠਿੰਡਾ:** ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕੇਂਦਰ ਸਰਕਾਰ ਵੱਲੋਂ ਸੰਸਦ ਦਾ ਸਰਦ ਰੁੱਤ ਇਜਲਾਸ ਰੱਦ ਕੀਤੇ ਜਾਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਨਵੇਂ ਖੇਤੀ ਕਾਨੂੰਨ ਰੱਦ ਕਰਨ ਦੀ ਕਿਸਾਨਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਤਿੰਨ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਦੀ ਇੱਛਾ ਅਨੁਸਾਰ ਰੱਦ ਕਰਨ ਵਾਸਤੇ ਸੰਸਦ ਦਾ ਇਕ ਰੋਜ਼ਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇ। ਬਠਿੰਡਾ ਤੋਂ ਸੰਸਦ ਮੈਂਬਰ ਨੇ ਕਿਹਾ ਕਿ ਕੇਂਦਰ ਨੇ ਖੇਤੀਬਾੜੀ ਵਿਸ਼ੇ 'ਤੇ ਕਾਨੂੰਨ ਬਣਾ ਦਿੱਤੇ ਜਦਕਿ ਇਹ ਸੂਬਿਆਂ ਦੀ ਸੂਚੀ ਦਾ ਵਿਸ਼ਾ ਹੈ ਅਤੇ ਸਾਰੇ ਰਾਜਾਂ ਦੇ ਕਿਸਾਨਾਂ ਨੇ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕੀਤਾ ਹੈ।

ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਅਕਾਲੀ ਦਲ ਨੇ ਭਾਜਪਾ ਨਾਲ ਗੱਠਜੋੜ ਸਿਰਫ ਲੋਕਾਂ ਦੀ ਭਲਾਈ ਲਈ ਕੀਤਾ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਭਾਜਪਾ ਹਾਈ ਕਮਾਂਡ ਨੂੰ ਆਖਿਆ ਸੀ ਕਿ ਉਹ ਖੇਤੀ ਆਰਡੀਨੈਂਸਾਂ ਨੂੰ ਕਾਨੂੰਨ ਵਿਚ ਬਦਲਣ ਤੋਂ ਪਹਿਲਾਂ ਕਿਸਾਨਾਂ ਦੀ ਗੱਲ ਸੁਣੇ ਪਰ ਭਾਜਪਾ ਨੇ ਭਰੋਸਾ ਦੁਆਇਆ ਸੀ ਕਿ ਸਾਰੀਆਂ ਸ਼ਿਕਾਇਤਾਂ ਦੂਰ ਕੀਤੀਆਂ ਜਾਣਗੀਆਂ ਪਰ ਇਸ ਨੇ ਧੱਕੇ ਨਾਲ ਸੰਸਦ ਵਿਚ ਖੇਤੀ ਬਿੱਲ ਪਾਸ ਕਰਵਾ ਕੇ ਇਹ ਕਾਨੂੰਨ ਬਣਾ ਦਿੱਤੇ।

# ਅੰਦੋਲਨ ਨੂੰ ਸਿਆਸੀ ਪਰਛਾਵੇਂ ਤੋਂ ਬਚਾਉਣ ਲਈ ਮੁਸਤੈਦੀ

**ਚੰਡੀਗੜ੍ਹ:** ਕਿਸਾਨ ਅੰਦੋਲਨ ਨੂੰ ਸਿਆਸੀ ਪਰਛਾਵੇਂ ਤੋਂ ਦੂਰ ਰੱਖਣ ਲਈ ਕਿਸਾਨ ਜਥੇਬੰਦੀਆਂ ਲਗਾਤਾਰ ਮੁਸਤੈਦ ਹਨ। ਖੇਤੀ ਕਾਨੂੰਨ ਰੱਦ ਕਰਵਾਉਣ ਸਬੰਧੀ ਪੰਜਾਬ ਵਿਚ ਲਾਏ ਧਰਨਿਆਂ ਦੀਆਂ ਸਟੇਜਾਂ ਤੋਂ ਬੋਲਣ ਲਈ ਸਿਆਸੀ ਆਗੂ ਤਰਲੋਮੱਛੀ ਹੁੰਦੇ ਦਿਸੇ ਪਰ ਉਨ੍ਹਾਂ ਨੂੰ ਪੰਡਾਲਾਂ 'ਚ ਹੀ ਚੌਕੜੀਆਂ ਮਾਰਨੀਆਂ ਪਈਆਂ। ਇਹੀ ਵਰਤਾਰਾ ਦਿੱਲੀ ਦੀਆਂ ਸਿੰਘੂ, ਕੁੰਡਲੀ ਤੇ ਟਿਕਰੀ ਹੱਦਾਂ 'ਤੇ ਦੇਖਣ ਨੂੰ ਮਿਲ ਰਿਹਾ ਹੈ।

ਲੋਕ ਰੋਹ ਨੂੰ ਦੇਖਦਿਆਂ ਹੁਣ ਸਿਆਸੀ ਆਗੂ ਆਪੋ-ਆਪਣੀਆਂ ਪਾਰਟੀਆਂ ਦੇ ਝੰਡੇ ਛੱਡ ਕੇ 'ਹਰੇ' ਰੰਗ ਥੱਲੇ ਮੋਰਚਿਆਂ ਵਿਚ ਸ਼ਾਮਲ ਹੋ ਰਹੇ ਹਨ। ਇਨ੍ਹਾਂ ਆਗੂਆਂ 'ਚ ਸ਼ਾਮਲ ਇਥੋਂ ਦੇ ਸਾਬਕਾ ਵਿਧਾਇਕ ਚੌਧਰੀ ਮੋਹਨ ਲਾਲ ਬਹਿਰਾਮ ਨੇ ਦਿੱਲੀ ਜਾ ਕੇ ਜਲੇਬੀਆਂ ਕੱਢਣ, ਸਬਜ਼ੀ ਕੱਟਣ ਅਤੇ ਰੋਟੀਆਂ ਪਕਾਉਣ ਦੀ ਸੇਵਾ ਕੀਤੀ। ਉਨ੍ਹਾਂ ਕਿਹਾ ਕਿ ਸਿਆਸਤ ਆਪਣੀ ਥਾਂ ਹੈ ਪਰ ਲੋਕ ਹਿੱਤ ਲਈ ਉਨ੍ਹਾਂ ਨੂੰ ਜਿਹੜੀ ਵੀ ਸੇਵਾ ਮਿਲੇ, ਉਹ ਕਰਦੇ ਰਹਿਣਗੇ। ਇੰਜ ਹੀ ਸਥਾਨਕ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਵੀ ਹਲਕੇ ਤੋਂ ਗਈ ਸੰਗਤ ਨੂੰ ਮਿਲ ਕੇ ਆਪਣਾ ਸਮਰਥਨ ਦਿੰਦੇ ਦੇਖੇ ਗਏ। ਉਨ੍ਹਾਂ ਕਿਹਾ ਕਿ ਕਿਸਾਨੀ ਦੇ ਹਿੱਤਾਂ ਲਈ ਉਹ ਕੁਰਬਾਨੀ ਦੇਣ ਲਈ ਤਿਆਰ ਹਨ।

ਇਸ ਸਬੰਧੀ ਸਮਾਜਿਕ ਸਾਂਝ ਸੰਸਥਾ ਬੰਗਾ ਦੇ ਪ੍ਰਧਾਨ ਹਰਮਿੰਦਰ ਸਿੰਘ ਤਲਵੰਡੀ ਨੇ ਕਿਹਾ ਕਿ ਅੰਦੋਲਨ ਦਾ ਸਿਆਸੀਕਰਨ ਤੋਂ ਬਚੇ ਰਹਿਣਾ ਹੀ ਇਸ ਦੀ ਸਫਲਤਾ ਦਾ ਰਾਜ਼ ਹੈ। ਕਿਸਾਨਾਂ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਦਾ ਸਿਆਸੀ ਧਿਰਾਂ ਤੋਂ ਦੂਰੀ ਬਣਾਈ ਰੱਖਣ ਦਾ ਫੈਸਲਾ ਕਾਰਗਰ ਸਿੱਧ ਹੋਇਆ ਹੈ। ਜ਼ਿਕਰਯੋਗ ਹੈ ਕਿ ਅੰਦੋਲਨ ਦੇ ਸਿਆਸਤ ਨਾਲੋਂ ਨਿਖੇੜੇ ਨੂੰ ਦੇਖਦਿਆਂ ਪਿੰਡਾਂ 'ਚ ਲੋਕਾਂ ਵੱਲੋਂ ਸਿਆਸੀ ਆਗੂਆਂ ਤੋਂ ਦੂਰੀ ਬਣਾਈ ਜਾਣ ਲੱਗੀ ਹੈ ਅਤੇ ਅੰਦੋਲਨ ਸਬੰਧੀ ਪਿੰਡਾਂ 'ਚ ਹੋਣ ਵਾਲੀਆਂ ਮੀਟਿੰਗਾਂ 'ਚ ਸਿਆਸੀ ਧਿਰਾਂ ਦੇ ਬਾਈਕਾਟ ਵਾਲੇ ਮਤੇ ਪੈਣੇ ਸ਼ੁਰੂ ਹੋ ਗਏ ਹਨ।

### ਸੰਯੁਕਤ ਕਿਸਾਨ ਮੋਰਚੇ ਨੇ ਅਸ਼ਵਨੀ ਸ਼ਰਮਾ ਦਾ ਘਰ ਘੇਰਿਆ

**ਪਠਾਨਕੋਟ:** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪਠਾਨਕੋਟ ਜ਼ਿਲ੍ਹੇ ਦੇ ਕਿਸਾਨਾਂ ਨੇ ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਰਿਹਾਇਸ਼ ਦਾ ਘਿਰਾਓ ਕੀਤਾ। ਇਸ ਦੌਰਾਨ ਕਿਸਾਨ ਟੈਂਟ ਚੌਕ ਤੋਂ ਮਾਰਚ ਸ਼ੁਰੂ ਕਰ ਕੇ ਅਸ਼ਵਨੀ ਸ਼ਰਮਾ ਦੇ ਘਰ ਅੱਗੇ ਪੁੱਜੇ ਅਤੇ ਉਥੇ ਹੀ ਧਰਨਾ ਲਾ ਲਿਆ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਅਸ਼ਵਨੀ ਸ਼ਰਮਾ ਘਰ ਨਹੀਂ ਹਨ ਤਾਂ ਉਹ ਉਥੋਂ ਚਲੇ ਗਏ। ਇਸ ਤੋਂ ਪਹਿਲਾਂ ਧਰਨੇ ਨੂੰ ਸੰਬੋਧਨ ਕਰਦਿਆਂ ਬਲਵੰਤ ਸਿੰਘ, ਕਾਮਰੇਡ ਨੱਥਾ ਸਿੰਘ ਢਡਵਾਲ ਤੇ ਗੁਰਦਿਆਲ ਸਿੰਘ ਸੈਣੀ ਨੇ ਕਿਹਾ ਕਿ ਕੇਂਦਰ ਦੇ ਤਿੰਨ ਮੰਤਰੀਆਂ ਨੇ ਖੇਤੀ ਕਾਨੂੰਨ ਦੀਆਂ ਖਾਮੀਆਂ ਲਿਖਤੀ ਰੂਪ 'ਚ ਮੰਨ ਲਈਆਂ ਹਨ ਪਰ ਭਾਜਪਾ ਹਾਲੇ ਵੀ ਕਿਸਾਨਾਂ ਨੂੰ ਇਸ ਦੇ ਫਾਇਦੇ ਗਿਣਵਾ ਰਹੀ ਹੈ।

# ਕੋਟਕਪੂਰਾ-ਬਹਿਬਲ ਕਲਾਂ ਗੋਲੀ ਕਾਂਡ ਦੀ ਸੁਣਵਾਈ ਫਿਰ ਟਲੀ

**ਫਰੀਦਕੋਟ:** ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਮਾਮਲੇ ਦੀ ਸੁਣਵਾਈ ਸੈਸ਼ਨ ਜੱਜ ਦੇ ਛੁੱਟੀ 'ਤੇ ਹੋਣ ਕਾਰਨ ਨਹੀਂ ਹੋ ਸਕੀ। ਜਾਂਚ ਟੀਮ ਨੇ ਖਦਸ਼ਾ ਜਾਹਰ ਕੀਤਾ ਹੈ ਕਿ ਮਾਮਲੇ ਦੀ ਸੁਣਵਾਈ ਲਟਕਣ ਕਾਰਨ ਗਵਾਹ ਪ੍ਰਭਾਵਿਤ ਹੋ ਸਕਦੇ ਹਨ। ਹੁਣ ਇਸ ਮਾਮਲੇ ਦੀ ਸੁਣਵਾਈ 29 ਜਨਵਰੀ ਨੂੰ ਹੋਵੇਗੀ।

ਦੂਜੇ ਪਾਸੇ ਗੋਲੀ ਕਾਂਡ ਵਿੱਚ ਨਾਮਜ਼ਦ ਕੀਤੇ ਗਏ ਥਾਣਾ ਸਿਟੀ ਕੋਟਕਪੂਰਾ ਦੇ ਤਤਕਾਲੀ ਐਸ.ਐਚ.ਓ. ਗੁਰਦੀਪ ਸਿੰਘ ਪੰਧੇਰ ਨੇ ਹਾਈਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਜਾਂਚ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਬਦਲਣ ਦੀ ਮੰਗ ਕੀਤੀ ਹੈ। ਡੀ.ਜੀ.ਪੀ. ਅਤੇ ਗ੍ਰਹਿ ਵਿਭਾਗ ਨੇ ਹਾਈਕੋਰਟ ਨੂੰ ਦੱਸਿਆ ਕਿ ਜਾਂਚ ਅਧਿਕਾਰੀ ਨੂੰ ਨਹੀਂ ਬਦਲਿਆ ਜਾ ਸਕਦਾ ਕਿਉਂਕਿ ਇਸ ਨਾਲ ਜਾਂਚ ਪ੍ਰਕਿਰਿਆ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗੀ।

# ਮੋਦੀ ਐਂਡ ਕੰਪਨੀ ਦੀਆਂ ਗੱਲਾਂ ਲੋਕਾਂ ਲਈ ਕੁਵੇਲੇ ਦਾ ਹੀ ਰਾਗ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਹ ਪ੍ਰਭਾਵ ਦੇਣ ਦਾ ਯਤਨ ਕਰ ਰਿਹਾ ਹੈ ਕਿ ਉਸ ਨੂੰ ਕਿਸੇ ਕਿਸਮ ਦੇ ਜਨਤਕ ਵਿਰੋਧ ਦੀ ਕੋਈ ਪ੍ਰਵਾਹ ਨਹੀਂ। ਹਕੀਕਤਾਂ ਤੋਂ ਮੂੰਹ ਛਿਪਾਉਣ ਲਈ ਉਹ ਵੱਖ-ਵੱਖ ਰਾਜਾਂ ਵਿਚ ਜਾ ਕੇ ਉਥੋਂ ਦੇ ਲੋਕਾਂ ਨਾਲ, ਖਾਸ ਕਰ ਕੇ ਕਿਸਾਨਾਂ ਨਾਲ ਗੱਲਬਾਤ ਕਰਨ ਦਾ ਵਿਖਾਵਾ ਕਰਦਾ ਹੈ, ਜਿਨ੍ਹਾਂ ਵਿਚ ਗੁਜਰਾਤ ਵਿਚਲੇ ਉਹ ਪੰਜਾਬੀ ਕਿਸਾਨ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਲਾਲ ਬਹਾਦਰ ਸ਼ਾਸਤਰੀ ਦੀ ਸਰਕਾਰ ਨੇ ਪਚਵੰਜਾ ਸਾਲ ਪਹਿਲਾਂ ਉਸ ਰਾਜ ਵਿਚ ਖੇਤੀ ਕਰਨ ਲਈ ਪ੍ਰੇਰਿਆ ਸੀ। ਉਨ੍ਹਾਂ ਵੱਸਦੇ-ਰਸਦੇ ਅਤੇ ਕਿਰਤ ਕਰ ਕੇ ਖਾਂਦੇ ਕਿਸਾਨਾਂ ਨੂੰ ਉਸ ਰਾਜ ਵਿਚੋਂ ਉਸ ਵਕਤ ਉਜਾੜਿਆ ਗਿਆ ਸੀ, ਜਦੋਂ ਨਰਿੰਦਰ ਮੋਦੀ ਉਥੋਂ ਦਾ ਮੁੱਖ ਮੰਤਰੀ ਸੀ ਤੇ ਜਦੋਂ ਹਾਈ ਕੋਰਟ ਨੇ ਉਨ੍ਹਾਂ ਦੇ ਮਾਲਕੀ ਹੱਕ ਮੰਨਣ ਦਾ ਫੈਸਲਾ ਕਰ ਦਿੱਤਾ ਤਾਂ ਗੁਜਰਾਤ ਦੀ ਮੋਦੀ ਸਰਕਾਰ ਨੇ ਮੰਨਣ ਦੀ ਥਾਂ ਅੱਗੇ ਸੁਪਰੀਮ ਕੋਰਟ ਵਿਚ ਨਵਾਂ ਕੇਸ ਕਰ ਦਿੱਤਾ ਸੀ। ਇਸ ਹਫਤੇ ਨਰਿੰਦਰ ਮੋਦੀ ਗੁਜਰਾਤ ਦੇ ਦੌਰੇ ਦੌਰਾਨ ਉਨ੍ਹਾਂ ਨੂੰ ਵੀ ਮਿਲਿਆ ਹੈ। ਇਸ ਮਿਲਣੀ ਦੇ ਬਾਅਦ ਉਹ ਕਿਸਾਨ ਨਰਿੰਦਰ ਮੋਦੀ ਜਾਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਹੱਕ ਵਿਚ ਨਹੀਂ ਬੋਲੇ, ਉਨ੍ਹਾਂ ਦੀਆਂ ਫੋਟੋਆਂ ਚੇਪ ਕੇ ਭਾਰਤ ਸਰਕਾਰ ਨੇ ਇਹ ਪ੍ਰਚਾਰ ਜ਼ਰੂਰ ਕੀਤਾ ਹੈ ਕਿ ਕਿਸਾਨ ਵੀ, ਖਾਸ ਕਰ ਕੇ ਗੁਜਰਾਤ ਦੇ ਸਿੱਖ ਕਿਸਾਨ ਵੀ, ਹੋਰਨਾਂ ਵਾਂਗ ਪ੍ਰਧਾਨ ਮੰਤਰੀ ਮੋਦੀ ਦੀਆਂ ਨੀਤੀਆਂ ਦੀ ਹਮਾਇਤ ਕਰਦੇ ਹਨ। ਏਦਾਂ ਦਾ ਵਿਖਾਵਾ ਭਾਰਤ ਦੇ ਕਈ ਰਾਜਾਂ ਵਿਚ ਕੀਤਾ ਗਿਆ ਤੇ ਪ੍ਰਧਾਨ ਮੰਤਰੀ ਦੀ ਮੋਢੇ ਉੱਤੇ ਹਲ ਚੁੱਕ ਕੇ ਖਿਚਵਾਈ ਫੋਟੋ ਇਸ ਪ੍ਰਚਾਰ ਵਿਚ ਬਹੁਤ ਸਾਰੇ ਥਾਂਈਂ ਪੇਸ਼ ਕੀਤੀ ਗਈ ਹੈ। ਰੇਲਵੇ ਦੀਆਂ ਟਿਕਟਾਂ ਜਾਂ ਹੋਰ ਥਾਂਵਾਂ ਉੱਤੇ ਜਿਸ ਵੀ ਮਰਦ ਸਵਾਰੀ ਦਾ ਨਾਂ 'ਸਿੰਘ' ਦੇ ਪਿਛੇਤਰ ਵਾਲਾ ਹੈ, ਉਨ੍ਹਾਂ ਦੇ ਐਡਰੈੱਸ ਲੱਭ ਕੇ ਸਾਰਿਆਂ ਦੇ ਘਰਾਂ ਵਿਚ ਭਾਰਤ ਸਰਕਾਰ ਦੀ ਇੱਕ ਕਿਤਾਬ ਭੇਜਣ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿਚ ਕਰਤਾਰਪੁਰ ਸਾਹਿਬ ਦੇ ਲਾਂਘੇ ਤੱਕ ਹਰ ਗੱਲ ਵਿਚ ਮੋਦੀ ਨੂੰ ਸਿੱਖਾਂ ਦਾ ਵੱਡਾ ਹੇਜਲਾ ਹੋਣ ਦਾ ਭਰਮ ਪਾਇਆ ਗਿਆ ਹੈ। ਇਹ ਗੱਲ ਕਿਸਾਨ ਮੋਰਚੇ ਬਾਰੇ ਸਰਕਾਰ ਦੀ ਘਬਰਾਹਟ ਜਾਹਰ ਕਰਦੀ ਹੈ।

ਕਈ ਤਸਵੀਰਾਂ ਵਿਚ ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨਾਲ ਸਿੱਖ ਖੜ੍ਹੇ ਪੇਸ਼ ਕਰ ਕੇ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਕਿਸਾਨ ਸਰਕਾਰ ਦੇ ਨਾਲ ਹਨ। ਫੋਟੋ ਖਿੱਚੇ ਜਾਣ ਵਾਲੇ ਜਿਹੜੇ ਲੋਕਾਂ ਨੇ ਕਿਸਾਨਾਂ ਵਾਲੇ ਕੱਪੜੇ ਪਾਏ ਸਨ, ਬਾਅਦ ਵਿਚ ਉਨ੍ਹਾਂ ਦੀ ਕੋਟ-ਪੈਂਟ ਵਾਲੀਆਂ



ਫੋਟੋ ਵੀ ਆ ਗਈਆਂ ਤੇ ਇੱਕ ਜਣੇ ਦੀ ਨਿੱਕਰਧਾਰੀ ਆਰ. ਐੱਸ. ਐੱਸ. ਵਾਲੀ ਪਰੇਡ ਕਰਦੇ ਦੀ ਫੋਟੋ ਵੀ ਦੱਸੀ ਗਈ ਹੈ। ਇਹ ਸਾਰੇ ਉਸੇ ਤਰ੍ਹਾਂ ਡੰਗ ਸਾਰਨ ਲਈ ਘੜੀ ਦੀ ਘੜੀ ਕਿਸਾਨ ਬਣੇ ਸਨ, ਜਿਸ ਤਰ੍ਹਾਂ ਪ੍ਰਧਾਨ ਮੰਤਰੀ ਦੀ ਹਲ ਚੁੱਕ ਕੇ ਬਣਾਈ ਤਸਵੀਰ ਵਿਖਾਈ ਜਾ ਰਹੀ ਸੀ। ਇਨ੍ਹਾਂ ਜਾਅਲੀ ਕਿਸਾਨਾਂ ਦੇ ਚਿਹਰੇ ਵਿਖਾਉਣ ਨਾਲ ਅਸਲ ਹਾਲਤ ਨੂੰ ਕੋਈ ਫਰਕ ਨਹੀਂ ਪਿਆ। ਮੋਰਚਾ ਅਜੇ ਵੀ ਚੱਲੀ ਜਾ ਰਿਹਾ ਹੈ।

ਇਸ ਦੌਰਾਨ ਨਵੀਂ ਗੱਲ ਇਹ ਹੋਈ ਕਿ ਇੱਕ ਜਣੇ ਨੇ ਸੁਪਰੀਮ ਕੋਰਟ ਵਿਚ ਕੇਸ ਕਰ ਦਿੱਤਾ ਕਿ ਦਿੱਲੀ ਦੁਆਲੇ ਬੈਠੇ ਕਿਸਾਨਾਂ ਨੂੰ ਹਟਾਇਆ ਜਾਣਾ ਚਾਹੀਦਾ ਹੈ। ਉਸ ਨੇ ਏਸੇ ਸਾਲ ਦੇ ਸ਼ੁਰੂ ਵਿਚ ਸ਼ਾਹੀਨ ਬਾਗ ਵਿਚ ਲਾਏ ਗਏ ਧਰਨੇ ਦਾ ਜ਼ਿਕਰ ਕਰ ਕੇ ਕਿਹਾ ਕਿ ਉਦੋਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਰਸਤੇ ਜਾਮ ਨਹੀਂ ਕਰਨ ਦਿੱਤੇ ਜਾ ਸਕਦੇ। ਕੇਸ ਦੀ ਸੁਣਵਾਈ ਮੌਕੇ ਅਦਾਲਤ ਨੇ ਪਹਿਲੀ ਗੱਲ ਇਹ ਕਹਿ ਦਿੱਤੀ ਕਿ ਇਹੋ ਜਿਹੇ ਮਾਮਲਿਆਂ ਵਿਚ ਇੱਕ ਥਾਂ ਦੀ ਤੁਲਨਾ ਕਿਸੇ ਦੂਸਰੀ ਥਾਂ ਨਾਲ ਨਹੀਂ ਹੋ ਸਕਦੀ। ਦੂਸਰਾ ਮੁੱਦਾ ਇਹ ਬਣ ਗਿਆ ਕਿ ਰਸਤੇ ਰੋਕੇ ਕਿਸ ਨੇ ਹਨ ਤੇ ਦਿੱਲੀ ਪੁਲਿਸ ਨੂੰ ਵੀ ਮੰਨਣਾ ਪੈ ਗਿਆ ਕਿ ਕਿਸਾਨਾਂ ਨੇ ਨਹੀਂ ਰੋਕੇ, ਉਹ ਦਿੱਲੀ ਸ਼ਹਿਰ ਵਿਚ ਨਾ ਵੜ ਜਾਣ, ਇਸ ਲਈ ਖੁਦ ਦਿੱਲੀ ਪੁਲਿਸ ਨੇ ਹੀ ਰੋਕੇ ਹਨ। ਸੁਪਰੀਮ ਕੋਰਟ ਨੇ ਕਹਿ ਦਿੱਤਾ ਕਿ ਫਿਰ ਕਿਸਾਨਾਂ ਨੂੰ ਹਟਾਉਣ ਦਾ ਸਵਾਲ ਹੀ ਨਹੀਂ, ਰਸਤੇ ਰੋਕਣ ਵਾਲੇ ਉਹ ਜਦੋਂ ਨਹੀਂ ਤਾਂ ਰਸਤੇ ਖੋਲ੍ਹਣ ਲਈ ਉਨ੍ਹਾਂ ਨੂੰ ਨਹੀਂ ਕਿਹਾ ਜਾ ਸਕਦਾ। ਇਹ ਵੀ ਮੁੱਦਾ ਠੱਪ ਹੋ ਗਿਆ। ਜਿਵੇਂ ਕੋਰਟ ਤੋਂ ਇਹ ਝਾਕ ਰੱਖੀ ਗਈ ਸੀ ਕਿ ਉਹ ਕਿਸਾਨਾਂ ਨੂੰ ਉਥੋਂ ਭਜਾ ਦੇਵੇਗੀ ਤੇ ਸਰਕਾਰ ਦਾ ਪੱਖ ਲਵੇਗੀ, ਸਰਕਾਰ ਉਦਾਂ ਦਾ ਕੋਈ ਫੈਸਲਾ ਨਹੀਂ ਕਰਵਾ ਸਕੀ, ਇਸ ਦੇ ਬਾਵਜੂਦ ਕਿਸਾਨ ਇਸ ਮੁੱਦੇ ਦਾ ਫੈਸਲਾ ਕੋਰਟ ਤੋਂ ਕਰਵਾਉਣ ਲਈ ਮੰਨਣ ਨੂੰ ਤਿਆਰ ਨਹੀਂ, ਜਿਸ ਦਾ ਜਾਇਜ਼ ਕਾਰਨ ਹੈ।

ਨਿਆਂ ਪਾਲਿਕਾ ਦਾ ਸਤਿਕਾਰ ਕਰਨਾ ਇੱਕ ਵੱਖਰੀ ਗੱਲ ਹੈ, ਪਰ ਭਾਰਤ ਦੇ ਲੋਕਾਂ ਦੇ ਮਨਾਂ ਵਿਚ ਜਿਹੋ ਜਿਹਾ ਸਤਿਕਾਰ ਨਿਆਂ ਪਾਲਿਕਾ ਬਾਰੇ ਪਹਿਲਾਂ ਹੁੰਦਾ ਸੀ, ਉਹ ਇਸ ਵਕਤ ਦਿਖਾਈ ਨਹੀਂ ਦਿੰਦਾ। ਪਿਛਲੇ ਕੁਝ ਕੇਸਾਂ ਵਿਚ ਜੱਜਾਂ ਨੇ ਪਹਿਲਾਂ ਸਰਕਾਰ ਵਿਰੁੱਧ ਬਹੁਤ ਸਖਤੀ ਵਿਖਾਈ ਤੇ ਫਿਰ ਅਚਾਨਕ ਨਰਮੀ ਦੀ ਸਿਖਰ ਕਰ ਕੇ ਉਹ ਫੈਸਲੇ ਸੁਣਾ ਦਿੱਤੇ, ਜਿਹੜੇ ਸਰਕਾਰ ਚਾਹੁੰਦੀ ਸੀ। ਕਿਸਾਨਾਂ ਦੇ ਕੇਸ ਵਿਚ ਵੀ ਮੁੱਢਲੇ ਪੜਾਅ ਵਿਚ ਸੁਪਰੀਮ ਕੋਰਟ ਦੇ ਜੱਜਾਂ ਨੇ ਸਰਕਾਰ ਦੀ ਕੋਈ ਗੱਲ ਨਹੀਂ ਮੰਨੀ, ਪਰ ਇਹ ਮੁੱਢਲਾ ਪੜਾਅ ਹੈ, ਜਸਟਿਸ ਰੰਜਨ ਗੋਗੋਈ ਦੇ ਤਜਰਬੇ ਪਿੱਛੋਂ ਕੋਈ ਇਹ ਕਹਿਣ ਵਾਲਾ ਨਹੀਂ ਕਿ ਅਦਾਲਤ ਦਾ ਇਹੋ ਕਿਸਾਨ ਪੱਖੀ ਸੁਭਾਅ ਚੱਲਦਾ ਰਹੇਗਾ, ਇਸ ਕਰ ਕੇ ਕਿਸਾਨ ਆਗੂਆਂ ਨੇ ਅਦਾਲਤ ਦੀ ਥਾਂ ਸਰਕਾਰ ਨਾਲ ਸਿੱਧੀ ਗੱਲਬਾਤ ਦਾ ਰਾਹ ਚੁਣਿਆ ਹੈ। ਕੇਂਦਰ ਸਰਕਾਰ ਨੇ ਕਰੋਨਾ ਦੀ ਮੁਸੀਬਤ ਦੌਰਾਨ ਨਵੀਂ ਮੁਸੀਬਤ ਪਾਈ ਹੈ ਤਾਂ ਇਸ ਦਾ ਅਤਾਬ ਵੀ ਉਸੇ ਨੂੰ ਝੱਲਣਾ ਚਾਹੀਦਾ ਹੈ।

ਜਿੱਥੋਂ ਤੱਕ ਖੇਤੀਬਾੜੀ ਕਾਨੂੰਨਾਂ ਦੀ ਮਾਰ ਦਾ ਸਬੰਧ ਹੈ, ਇਹ ਕਿਸਾਨਾਂ ਨੂੰ ਤਾਂ ਪੈਣੀ ਹੀ ਪੈਣੀ ਹੈ, ਸਭ ਤੋਂ ਪਹਿਲਾਂ ਇਸ ਦੀ ਮਾਰ ਨਰਿੰਦਰ ਮੋਦੀ ਸਰਕਾਰ ਨੂੰ ਪਈ ਹੈ, ਜਿਸ ਨੇ ਸਾਬਤ ਕਰ ਦਿੱਤਾ ਹੈ ਕਿ ਨਿਰਾ ਝੂਠ ਬੋਲਣ 'ਤੇ ਪਲਟੀਆਂ ਮਾਰਨ ਵਾਲੇ ਹਾਕਮਾਂ ਦੇ ਹੱਥਾਂ ਵਿਚ ਭਾਰਤ ਦੀ ਵਾਗਡੋਰ ਹੈ। ਇੱਕ ਦਿਨ ਭਾਰਤ ਦਾ ਖੇਤੀ ਮੰਤਰੀ ਇੱਕ ਮੀਟਿੰਗ ਦੌਰਾਨ ਕਿਸਾਨ ਆਗੂਆਂ ਨੂੰ ਇਹ ਕਹਿੰਦਾ ਹੈ ਕਿ ਤੁਹਾਡੀਆਂ ਗੱਲਾਂ ਨਾਲ ਮੈਂ ਸਹਿਮਤ ਹਾਂ, ਪਰ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਸਾਨੂੰ ਕਾਨੂੰਨ ਮੰਤਰਾਲੇ ਤੇ ਹੋਰ ਵਿਭਾਗਾਂ ਨਾਲ ਗੱਲ ਕਰਨ ਲਈ ਵਕਤ ਚਾਹੀਦਾ ਹੈ। ਅਗਲੀ ਮੀਟਿੰਗ ਵਿਚ ਮੁੜ ਕੇ ਕਿਸਾਨਾਂ ਨੂੰ ਇਹ ਪੜ੍ਹਾਉਣ ਲੱਗ ਪੈਂਦਾ ਹੈ ਕਿ ਇਨ੍ਹਾਂ ਕਾਨੂੰਨਾਂ ਦੇ ਫਾਇਦੇ ਬਹੁਤ ਹਨ, ਤੁਸੀਂ ਵਿਰੋਧ ਪ੍ਰਦਰਸ਼ਨ ਛੱਡ ਕੇ ਇਨ੍ਹਾਂ ਦੀ ਹਮਾਇਤ ਕਰੋ। ਤੀਸਰੇ ਦਿਨ ਇੱਕ ਸੂਚੀ ਭੇਜ ਦਿੰਦਾ ਹੈ ਕਿ ਸਰਕਾਰ ਆਹ ਸੋਧਾਂ ਕਰਨ ਦੇ ਲਈ ਤਿਆਰ ਹੈ, ਪਰ ਜਦੋਂ ਕਿਸਾਨਾਂ ਨੇ ਕਾਨੂੰਨ ਰੱਦ ਕਰਨ ਦੀ ਮੰਗ ਦੁਹਰਾਈ ਤਾਂ ਅਚਾਨਕ ਫਿਰ ਰੱਦ ਕਰਨੀਆਂ ਮੰਨੀਆਂ ਸੋਧਾਂ ਨੂੰ ਦੇਸ਼ ਦੇ ਕਿਸਾਨਾਂ ਦੇ ਭਲੇ ਵਾਲੀਆਂ ਕਹਿ ਕੇ ਲਾਗੂ ਕਰਨ ਦੀ ਦੁਹਾਈ ਪਾਉਣ ਲੱਗ ਪੈਂਦਾ ਹੈ। ਇੱਕ ਦਿਨ ਵਿਚ ਚਾਰ ਵਾਰ ਜਦੋਂ ਦੇਸ਼ ਦੇ ਮੰਤਰੀ ਬੋਲੀਆਂ ਬਦਲਦੇ ਹਨ ਤਾਂ ਲੋਕ ਉਨ੍ਹਾਂ ਦੀਆਂ ਇਨ੍ਹਾਂ ਬੋਲੀਆਂ 'ਚੋਂ ਅਸਲੀ ਬੋਲੀ ਨਹੀਂ ਪਛਾਣ ਸਕਦੇ।

ਅਸਲੀ ਬੋਲੀ ਤਾਂ ਕੀ, ਅਸਲੀ ਨੀਤੀ ਵੀ ਪਛਾਣ ਵਿਚ ਨਹੀਂ ਆਉਂਦੀ। ਅੱਠ ਦਸੰਬਰ ਨੂੰ 'ਭਾਰਤ ਬੰਦ' ਹੋਣ ਦੇ ਬਾਅਦ ਜਦੋਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਸਾਨਾਂ ਨੂੰ ਮੀਟਿੰਗ ਲਈ ਸੱਦਿਆ ਤਾਂ ਗੱਲ ਉੱਠੀ ਸੀ ਕਿ ਤੁਸੀਂ ਸੰਘਰਸ਼ ਕਰਦੇ ਕਿਸਾਨਾਂ ਨੂੰ ਦੇਸ਼-ਧਰੋਹੀ ਕਿਉਂ ਕਹਿੰਦੇ ਹੋ? ਅਮਿਤ ਸ਼ਾਹ ਨੇ ਕਿਹਾ ਸੀ ਕਿ 'ਮੈਂ ਕਦੀ ਏਦਾਂ ਨਹੀਂ ਕਿਹਾ ਅਤੇ ਜੇ ਕਿਸੇ ਨੇ ਏਦਾਂ ਕਿਹਾ ਹੈ ਤਾਂ ਮੈਂ ਉਸ ਨਾਲ ਸਹਿਮਤ ਨਹੀਂ।' ਇਸ ਦੇ ਬਾਵਜੂਦ ਉਨ੍ਹਾਂ ਦੇ ਸਾਥੀ ਲਗਾਤਾਰ ਕਿਸਾਨਾਂ ਬਾਰੇ ਬੇਹੂਦਾ ਬੋਲੀ ਬੋਲਦੇ ਰਹੇ। ਕੇਂਦਰੀ ਮੰਤਰੀ ਰਾਓ ਸਾਹਿਬ ਦਾਨਵੇ ਨੇ ਕਿਹਾ ਕਿ ਕਿਸਾਨ ਐਜੀਟੇਸ਼ਨ ਪਿੱਛੇ ਪਾਕਿਸਤਾਨ ਦਾ ਹੱਥ ਸੁਣਿਆ ਹੈ। ਗੁਜਰਾਤ ਦੇ ਡਿਪਟੀ ਮੁੱਖ ਮੰਤਰੀ ਨੇ ਵੀ ਇਹੋ ਗੱਲ ਕਹਿ ਦਿੱਤੀ। ਫਿਰ ਉੱਤਰ ਪ੍ਰਦੇਸ਼ ਦੀ ਭਾਜਪਾ ਦੇ ਦੋ ਪਾਰਲੀਮੈਂਟ ਮੈਂਬਰਾਂ ਨੇ ਇਹੋ ਦੋਸ਼ ਥੱਪ ਦਿੱਤਾ। ਸਾਰਿਆਂ ਤੋਂ ਖੁਰਾਫਾਤੀ ਗੱਲ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਤੇ ਹਿੰਦੂ ਧਰਮ ਦੀ ਇੱਕ ਸੰਪਰਦਾ ਦੇ ਮੁਖੀ ਯੋਗੀ ਆਦਿੱਤਿਆਨਾਥ ਨੇ ਕਹੀ ਕਿ ਅਸੀਂ ਰਾਮ ਮੰਦਿਰ ਬਣਾਉਣ ਲੱਗੇ ਹਾਂ, ਇਨ੍ਹਾਂ ਤੋਂ ਬਰਦਾਸ਼ਤ ਨਹੀਂ ਹੁੰਦਾ, ਇਸ ਲਈ ਕਿਸਾਨਾਂ ਦੇ ਨਾਂ ਉੱਤੇ ਵਿਰੋਧੀ ਧਿਰਾਂ ਨੇ ਸੰਘਰਸ਼ ਛੇੜਿਆ ਹੈ। ਇਹ ਬਹੁਤ ਚੁਸਤ ਚਾਲ ਚੱਲੀ ਹੈ ਯੋਗੀ ਆਦਿੱਤਿਆਨਾਥ ਨੇ। ਉਹ ਅਸਲ ਵਿਚ ਇਹੋ ਜਿਹੀ ਗੱਲ ਕਹਿ ਕੇ ਭਾਰਤ ਦੀ ਇੱਕ ਸੌ ਚਾਲੀ ਕਰੋੜ ਆਬਾਦੀ ਵਿਚੋਂ ਇੱਕ ਸੌ ਕਰੋੜ ਤੋਂ ਵੱਧ ਹਿੰਦੂਆਂ ਨੂੰ ਕਿਸਾਨਾਂ ਦੇ ਸੰਘਰਸ਼ ਦੇ ਵਿਰੋਧ ਵਿਚ ਖੜ੍ਹਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਨੂੰ ਭੁਲੇਖਾ ਨਹੀਂ ਕਿ ਕਿਸਾਨਾਂ ਵਿਚੋਂ ਵੀ ਅੱਸੀ ਫੀਸਦੀ ਤੋਂ ਵੱਧ ਹਿੰਦੂ ਕਿਸਾਨ ਹਨ ਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਰਾਮ ਮੰਦਿਰ ਬਣਿਆ ਵੇਖਣਾ ਚਾਹੁੰਦੇ ਹੋਣਗੇ, ਫਿਰ ਵੀ ਯੋਗੀ ਸਿਰਫ ਸਾਧੂ ਨਾ ਹੋ ਕੇ ਸਿਆਸੀ ਆਗੂ ਵਾਲੀ ਚੁਸਤੀ ਨਾਲ ਦੇਸ਼ ਦੇ ਸਭ ਤੋਂ ਵੱਡੇ ਧਾਰਮਿਕ ਭਾਈਚਾਰੇ ਦੇ ਲੋਕਾਂ ਨੂੰ ਕਿਸਾਨਾਂ ਦੇ ਗਲ ਪਵਾਉਣਾ ਚਾਹੁੰਦਾ ਹੈ। ਪਹਿਲਾਂ ਕਰੋੜਾਂ ਦੇ ਡੇਰੇ ਦਾ ਮੁਖੀਆ ਤੇ ਅੱਜ ਭਾਰਤ ਦੇ ਸਭ ਤੋਂ ਵੱਡੇ ਰਾਜ ਦਾ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਜਿਵੇਂ ਸੋਚਦਾ ਹੈ, ਉਸ ਕਿਸਮ ਦੀ ਸੋਚ ਉਡਾਰੀ ਆਮ ਮਨੁੱਖ ਨਹੀਂ ਲਾ ਸਕਦਾ। ਪੇਟ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾਂ ਖੋਟੀਆਂ। ਇਹੋ ਕਾਰਨ ਹੈ ਕਿ ਯੋਗੀ ਆਦਿੱਤਿਆਨਾਥ ਹੋਵੇ ਜਾਂ ਕੋਈ ਹੋਰ ਮਹਾਤਮਾ ਅਜਿਹੀ ਪ੍ਰਚਾਰ ਤੁਤਣੀ ਵਜਾਉਣ ਲਈ ਭਾਜਪਾ ਤਿਆਰ ਕਰ ਲਵੇ, ਆਮ ਲੋਕਾਂ ਨੂੰ ਇਹ ਕੁਵੇਲੇ ਦਾ ਰਾਗ ਹੀ ਜਾਪਣੀ ਹੈ। ਉਨ੍ਹਾਂ ਦੀ ਤੇ ਆਮ ਲੋਕਾਂ ਦੀ ਸੋਚ ਦਾ ਇਹੋ ਫਰਕ ਹੈ।

ਜਿਹੜੀ ਗੱਲ ਬੀਤੇ ਸ਼ੁੱਕਰਵਾਰ ਪ੍ਰਧਾਨ ਮੰਤਰੀ ਨੇ ਕਹੀ ਤੇ ਭਾਜਪਾ ਪੱਖੀ ਮੀਡੀਏ ਨੇ ਬਹੁਤ ਚੁੱਕੀ ਹੈ, ਉਹ ਇਹ ਕਿ ਨਵੇਂ ਕਾਨੂੰਨਾਂ ਨਾਲ ਕਿਸਾਨਾਂ ਦੀ ਫਸਲ ਬਾਰੇ ਵਪਾਰਕ ਘਰਾਣੇ ਅਗੇਤਾ ਹੀ ਸੌਦਾ ਕਰ ਲੈਣਗੇ ਕਿ ਉਨ੍ਹਾਂ ਦੀ ਫਸਲ ਦੀ ਜ਼ਿੰਮੇਵਾਰੀ ਸਾਡੀ ਹੈ, ਇਸ ਲਈ ਕਿਸਾਨ ਚਿੰਤਾ ਮੁਕਤ ਹੋ ਜਾਵੇਗਾ। ਇਹ ਸੋਹਣਾ ਸੁਫਨਾ ਸਾਡੇ ਪੰਜਾਬ ਦੇ ਗੰਨਾ ਬੀਜਣ ਵਾਲੇ ਕਿਸਾਨਾਂ ਨੂੰ ਕਿਸੇ ਵੀ ਹੋਰ ਤੋਂ ਵੱਧ ਪਤਾ ਹੈ। ਹਰ ਸਾਲ ਖੰਡ ਮਿੱਲਾਂ ਕਿਸਾਨਾਂ ਦੇ ਗੰਨੇ ਦਾ ਬਾਂਡ ਭਰਦੀਆਂ ਹਨ, ਪਰ ਅੱਜ ਤੱਕ ਕਦੇ ਵੀ ਮਿੱਲਾਂ ਨੇ ਸਾਰਾ ਗੰਨਾ ਏਥੇ ਨਹੀਂ ਖਰੀਦਿਆ ਅਤੇ ਜਿਹੜਾ ਖਰੀਦਿਆ ਵੀ ਜਾਂਦਾ ਹੈ, ਉਸ ਦੇ ਬਦਲੇ ਮਿਲਣ ਵਾਲੇ ਪੈਸੇ ਤਿੰਨ-ਤਿੰਨ ਸਾਲ ਤੱਕ ਵੀ ਨਹੀਂ ਮਿਲਦੇ ਹੁੰਦੇ ਤੇ ਕਿਸਾਨਾਂ ਨੂੰ ਧਰਨੇ ਮਾਰਨੇ ਪੈਂਦੇ ਹਨ। ਹਕੀਕਤਾਂ ਤੋਂ ਕੋਹਾਂ ਦੂਰ ਜਾ ਕੇ ਕੀਤਾ ਨਰਿੰਦਰ ਮੋਦੀ ਸਰਕਾਰ ਦਾ ਇਨ੍ਹਾਂ ਕਾਨੂੰਨਾਂ ਦਾ ਪ੍ਰਚਾਰ ਕਿਸਾਨਾਂ ਦੇ ਸੰਘਰਸ਼ ਅੱਗੇ ਟਿਕਣ ਵਾਲਾ ਨਹੀਂ ਜਾਪਦਾ। ਚਿਰਾਂ ਪਿੱਛੋਂ ਵੇਖੇ ਗਏ ਇਸ ਸੰਘਰਸ਼ ਦੀ ਕਾਮਯਾਬੀ ਆਮ ਲੋਕਾਂ ਦੀ ਸੋਚ ਦਾ ਹਿੱਸਾ ਹੈ।

# ਕਿਸਾਨ ਸੰਘਰਸ਼ ਮੋਦੀ ਸਰਕਾਰ, ਅੰਬਾਨੀ ਤੇ ਅਡਾਨੀ ਖਿਲਾਫ

ਰਵੀਸ਼ ਕੁਮਾਰ
ਅਨੁਵਾਦ: ਕੇਹਰ ਸ਼ਰੀਫ

ਕਿਸਾਨ ਅੰਦੋਲਨ ਮੁੱਦਿਆਂ ਦੀ ਸਮਝ ਅਤੇ ਸਮਝ ਪ੍ਰਤੀ ਪੂਰਨ ਇਮਾਨਦਾਰੀ ਦੀ ਮਿਸਾਲ ਪੇਸ਼ ਕਰ ਰਿਹਾ ਹੈ। ਕਿਸਾਨ ਜਥੇਬੰਦੀਆਂ ਨੂੰ ਗੱਲਬਾਤ ਕਰਨ ਦੇ ਨਾਂ 'ਤੇ ਇਨ੍ਹਾਂ ਅੰਦਰ ਫੁੱਟ ਪਾਉਣ ਵਾਸਤੇ ਕੱਚੇ ਮਾਲ ਵਜੋਂ ਵਰਤਣ ਦਾ ਯਤਨ ਕੀਤਾ ਗਿਆ, ਪਰ ਕਿਸਾਨ ਓਨੇ ਹੀ ਇਕਮੁੱਠ ਹੋ ਰਹੇ ਹਨ। ਫਿਲਹਾਲ ਕਿਸਾਨ ਜਥੇਬੰਦੀਆਂ ਦੇ ਅੰਦਰੂਨੀ ਢਾਂਚੇ ਨੂੰ ਸਮਝਿਆ ਜਾਣਾ ਬਾਕੀ ਹੈ। ਆਖਰ, ਉਹ ਆਪਸ ਵਿਚ ਪਾਟੇ ਕਿਉਂ ਨਹੀਂ, ਜਦੋਂ ਕਿ ਗੱਲਬਾਤ ਕਰਨ ਵਾਲੇ ਫੁੱਟ ਪਾਉਣ ਅਤੇ ਤੋੜ ਦੇਣ ਦੇ ਗੁਰ ਵਾਲੇ ਮਾਸਟਰ ਖਿਲਾੜੀ ਮੰਨੇ ਜਾਂਦੇ ਹਨ। ਕਿਸਾਨਾਂ ਨੇ ਰਿਲਾਇੰਸ ਅਤੇ ਅਡਾਨੀ ਦਾ ਵਿਰੋਧ ਕਰਨ ਦਾ ਐਲਾਨ ਕਰਕੇ ਦੱਸ ਦਿੱਤਾ ਹੈ ਕਿ ਇਨ੍ਹਾਂ ਦੋਹਾਂ ਕੰਪਨੀਆਂ ਦਾ ਪਿੰਡਾਂ ਵਿਚ ਕੀ ਅਕਸ ਹੈ। ਕਿਸਾਨ ਇਨ੍ਹਾਂ ਦੋਹਾਂ ਕੰਪਨੀਆਂ ਨੂੰ ਸਰਕਾਰ ਦੇ ਭਾਈਵਾਲਾਂ ਵਜੋਂ ਹੀ ਵੇਖਦੇ ਹਨ। ਲੋਕਾਂ ਨੇ ਹੁਣ ਗੱਲ ਗੱਲ 'ਤੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਦੇਸ਼ ਕਿਹੜੀਆਂ ਦੋ ਕੰਪਨੀਆਂ ਦੇ ਹੱਥਾਂ ਵਿਚ ਵੇਚਿਆ ਜਾ ਰਿਹਾ ਹੈ। ਵਿਰੋਧੀ ਪਾਰਟੀਆਂ ਵਿਚ ਰਾਹੁਲ ਗਾਂਧੀ ਹੀ ਅੰਬਾਨੀ-ਅਡਾਨੀ ਦੇ ਨਾਂ ਲੈ ਕੇ ਬੋਲਦੇ ਹਨ, ਬਾਕੀ ਉਨ੍ਹਾਂ ਦੀ ਪਾਰਟੀ ਅਤੇ ਸਰਕਾਰਾਂ ਵੀ ਚੁੱਪ ਰਹਿੰਦੀਆਂ ਹਨ।

ਕਿਸਾਨਾਂ ਨੇ ਰਿਲਾਇੰਸ ਅਤੇ ਅਡਾਨੀ ਦੇ ਸਮਾਨ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਹੋ ਸਕਦਾ ਹੈ, ਵਿਹਾਰਕ ਕਾਰਨਾਂ ਕਰਕੇ ਸਾਰੇ ਕਿਸਾਨ ਰਿਲਾਇੰਸ ਜਿਓ ਦਾ ਸਿਮ ਵਾਪਸ ਨਾ ਕਰ ਸਕਣ, ਪਰ ਜਿਸ ਜਿਓ ਦੇ ਰਾਹੀਂ ਵੱਟਸਐਪ ਯੂਨੀਵਰਸਿਟੀ ਉਨ੍ਹਾਂ ਤੱਕ ਮੁਫਤ ਪਹੁੰਚੀ ਹੈ, ਹੁਣ ਉਹ ਇਸ ਦੇ ਖਤਰੇ ਨੂੰ ਸਮਝਣ ਲੱਗ ਪਏ ਹਨ। ਇੱਥੇ ਜਿਓ ਨੂੰ ਪ੍ਰਤੀਕ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ, ਇਕ ਕੰਪਨੀ ਦੇ ਵਿਰੋਧ ਵਜੋਂ ਹੀ ਨਹੀਂ। ਤਾਲਾਬੰਦੀ ਦੇ ਦੌਰ ਵਿਚ, ਜਦੋਂ ਛੋਟੇ ਤੋਂ ਵੱਡੇ ਕਾਰੋਬਾਰ ਤਬਾਹ ਹੋ ਰਹੇ ਸਨ, ਉਸ ਸਮੇਂ ਅੰਬਾਨੀ-ਅਡਾਨੀ ਦੇ ਮੁਨਾਫਿਆਂ ਵਿਚ ਕਈ ਗੁਣਾ ਵਾਧੇ ਦੀਆਂ ਖਬਰਾਂ ਦਾ ਜਸ਼ਨ ਮਨਾਇਆ ਜਾ ਰਿਹਾ ਸੀ। ਹੁਣ ਉਹੀ ਅੰਬਾਨੀ ਅਤੇ ਅਡਾਨੀ ਕਿਸਾਨਾਂ ਦੇ ਨਿਸ਼ਾਨੇ 'ਤੇ ਹਨ। ਇਹ ਕੋਈ ਛੋਟੀ ਜਿਹੀ ਘਟਨਾ ਨਹੀਂ ਹੈ। ਹੋ ਸਕਦਾ ਹੈ, ਇਸ ਨਾਲ ਦੋਹਾਂ ਘਰਾਣਿਆਂ ਨੂੰ ਕੋਈ ਫਰਕ ਨਾ ਪਵੇ, ਪਰ ਲੋਕਾਂ ਦਾ ਇਕ ਹਿੱਸਾ ਆਪਣੇ ਜੀਵਨ 'ਤੇ ਕਾਰਪੋਰੇਟ ਦੇ ਰਾਜਨੀਤਿਕ ਅਤੇ ਆਰਥਕ ਪ੍ਰਭਾਵਾਂ ਨੂੰ ਸਮਝਣ ਲੱਗ ਪਿਆ ਹੈ।

ਕਿਸਾਨ ਦੇਖ ਰਹੇ ਸਨ ਕਿ ਇਸ ਕਾਨੂੰਨ ਦੇ ਆਉਣ ਤੋਂ ਪਹਿਲਾਂ ਹੀ ਬਿਹਾਰ ਤੋਂ ਪੰਜਾਬ ਤੱਕ ਫੂਡ ਕਾਰਪੋਰੇਸ਼ਨ ਆਫ ਇੰਡੀਆ ਅਡਾਨੀ ਸਮੂਹ ਨਾਲ ਅੰਨ ਜਮਾਂ ਕਰਨ ਲਈ ਇਕ ਸਮਝੌਤਾ ਕਰ ਚੁਕਾ ਹੈ। ਅਡਾਨੀ ਨੇ ਅੰਨ ਜਮਾਂ ਕਰਨ ਵਾਸਤੇ ਵੱਡੇ ਵੱਡੇ ਗੋਦਾਮ ਬਣਾ ਵੀ ਦਿੱਤੇ ਹਨ। ਜੇ ਐਫ. ਸੀ. ਆਈ. ਦਾ ਇਰਾਦਾ ਸਹੀ ਹੁੰਦਾ, ਤਾਂ ਇਹ ਵੀ ਅਡਾਨੀ ਦੀ ਕੰਪਨੀ ਵਰਗੇ ਵੱਡੇ ਭੰਡਾਰ ਜਮਾਂ ਕਰਨ ਵਾਲੇ ਗੋਦਾਮਾਂ ਦਾ ਨਿਰਮਾਣ ਕਰਦੀ। ਫਿਰ ਤਾਂ ਇਹ ਕਹਿ ਸਕਦੀ ਸੀ ਕਿ ਸਾਰਾ ਅਨਾਜ ਐਫ. ਸੀ. ਆਈ. ਸਟੋਰ ਨਹੀਂ ਸਕਦੀ, ਇਸ ਕਰਕੇ ਪ੍ਰਾਈਵੇਟ ਪਾਰਟੀ ਦੀ ਭਾਗੀਦਾਰੀ ਜ਼ਰੂਰੀ ਹੈ। ਅਨਾਜ ਦੀ ਸਾਂਭ ਸੰਭਾਲ ਵਾਲੇ ਬਜਟ ਵਿਚ ਕੀਤੇ ਐਲਾਨ ਵਾਲੀ ਰਾਸ਼ੀ ਕਿੱਥੇ ਜਾਂਦੀ ਹੈ, ਪਤਾ ਨਹੀਂ! ਖੇਤੀਬਾੜੀ ਮੰਤਰੀ ਇਹ ਟਵੀਟ ਕਿਉਂ ਨਹੀਂ ਕਰਦੇ ਕਿ ਉਨ੍ਹਾਂ ਦੀ ਸਰਕਾਰ ਨੇ ਵੀ ਅਡਾਨੀ ਵਰਗੇ ਭੰਡਾਰ ਜਮਾਂ



ਕਰਨ ਵਾਲੇ ਵੱਡੇ ਗੋਦਾਮਾਂ ਦਾ ਨਿਰਮਾਣ ਕੀਤਾ ਹੈ? ਅਤੇ ਅਡਾਨੀ ਦੇ ਭੰਡਾਰ ਗ੍ਰਹਿ ਐਫ. ਸੀ. ਆਈ. ਦੀ ਜ਼ਮੀਨ 'ਤੇ ਨਹੀਂ ਬਣੇ ਹਨ?

ਪੰਜਾਬ ਤੇ ਬਿਹਾਰ ਵਿਚ ਅਡਾਨੀ ਨੇ ਜਿਸ ਤਰ੍ਹਾਂ ਦੇ ਭੰਡਾਰ ਕਰਨ ਵਾਲੇ ਵੱਡੇ ਗੋਦਾਮਾਂ ਦਾ ਨਿਰਮਾਣ ਕੀਤਾ ਹੈ ਅਤੇ ਐਫ. ਸੀ. ਆਈ. ਨੇ ਤੀਹ ਸਾਲਾਂ ਤੱਕ ਕਿਰਾਇਆ ਦੇਣ ਦੀ ਗਾਰੰਟੀ ਦਿੱਤੀ ਹੈ, ਇਸ ਸਬੰਧੀ ਵਿਆਪਕ ਤੌਰ 'ਤੇ ਸਪਸ਼ਟ ਸ਼ਬਦਾਂ ਵਿਚ ਲੋਕਾਂ ਨੂੰ ਦੱਸਿਆ ਜਾਣਾ ਚਾਹੀਦਾ ਹੈ। ਅਡਾਨੀ ਦੀ ਨਵੀਂ ਕੰਪਨੀ ਨੇ ਨਵੇਂ ਕਾਨੂੰਨ ਤੋਂ ਕਿੰਨਾ ਚਿਰ ਪਹਿਲਾਂ ਵੱਡੇ ਸਟੋਰ ਬਣਾਉਣ ਦਾ ਕੰਮ ਸ਼ੁਰੂ ਕੀਤਾ ਅਤੇ ਭੰਡਾਰ ਜਮਾਂ ਕਰਨ ਨੂੰ ਲੈ ਕੇ ਉਸ ਦੀ ਕੰਪਨੀ ਕਿਸ ਤਰ੍ਹਾਂ ਦਾ ਵਿਸਥਾਰ ਕਰ ਰਹੀ ਹੈ?

ਰਾਜਨੀਤੀ ਅੰਦਰ ਪਰਿਵਾਰਵਾਦ ਨੂੰ ਖਤਮ ਕਰਨ ਦੇ ਨਾਮ 'ਤੇ ਅਖੌਤੀ ਨੈਤਿਕ ਬੜਤ ਦਾ ਦਾਅਵਾ ਕਰਨ ਵਾਲੇ ਨਰਿੰਦਰ ਮੋਦੀ ਦੇ ਕਾਰਜਕਾਲ ਵਿਚ ਉਨ੍ਹਾਂ ਦੀ ਆਪਣੀ ਪਾਰਟੀ ਵਿਚ ਹੀ ਪਰਿਵਾਰਵਾਦ ਹੋਰ ਮਜ਼ਬੂਤ ਹੋਇਆ ਹੈ। ਇਹ ਹੀ ਵਰਤਾਰਾ ਤੁਸੀਂ ਉਦਯੋਗਿਕ ਘਰਾਣਿਆਂ ਦੇ ਪ੍ਰਸੰਗ ਵਿਚ ਵੇਖ ਸਕਦੇ ਹੋ।

ਸਟਾਰਟ ਅੱਪ ਇੰਡੀਆ ਵਾਲੇ ਲਾਰਿਆਂ ਵਿਚੋਂ ਨਿਕਲ ਕੇ ਵੇਖੋਗੇ ਤਾਂ ਸਾਫ ਨਜ਼ਰ ਆਉਂਦਾ ਹੈ ਕਿ ਉਹ ਆਰਥਕ ਜਗਤ ਵਾਲੇ ਘਰਾਣਿਆਂ ਨੂੰ ਕਿਵੇਂ ਮਜ਼ਬੂਤ ਕਰ ਰਹੇ ਹਨ। ਪੁਰਾਣੇ ਉਦਯੋਗਿਕ ਘਰਾਣਿਆਂ ਨੂੰ ਖਤਮ ਕਰਨ ਦੇ ਨਾਮ 'ਤੇ ਇਨ੍ਹਾਂ ਘਰਾਣਿਆਂ ਦੀ ਗਿਣਤੀ ਘਟਾਈ ਜਾ ਰਹੀ ਹੈ ਅਤੇ ਉਨ੍ਹਾਂ ਦੇ ਕਾਰੋਬਾਰ ਤੇ ਪ੍ਰਭਾਵ ਦਾ ਵਿਸਥਾਰ ਕੀਤਾ ਜਾ ਰਿਹਾ ਹੈ, ਕਿਸਾਨ ਹੁਣ ਇਹ ਵੀ ਦੇਖਣ ਲੱਗੇ ਹਨ।

ਇਹ ਸਭ ਕੁਝ ਨਵੇਂ ਕਾਨੂੰਨ ਆਉਣ ਦੇ ਸਮੇਂ ਹੀ ਕਿਉਂ ਹੁੰਦਾ ਦਿਖਾਈ ਦੇ ਰਿਹਾ ਹੈ? ਅਜਿਹਾ ਕਿਉਂ ਲਗਦਾ ਹੈ ਕਿ ਤਿਆਰੀ ਪਹਿਲਾਂ ਕਰ ਲਈ ਗਈ ਹੈ ਅਤੇ ਕਾਨੂੰਨ ਬਾਅਦ ਵਿਚ ਆਇਆ ਹੈ? ਇਹ ਕਿਉਂ ਹੈ ਕਿ ਅੰਬਾਨੀ ਅਤੇ ਅਡਾਨੀ ਦੇ ਵਿਸਥਾਰ ਦਾ ਸਬੰਧ ਸਰਕਾਰ ਦੇ ਕਿਸੇ ਨੀਤੀਗਤ ਫੈਸਲੇ ਵਿਚੋਂ ਵਿਖਾਈ ਦਿੰਦਾ ਹੈ? ਕੀ ਬੀ. ਐਸ. ਐਨ. ਐਲ. ਦੇ ਲੱਖਾਂ ਕਰਮਚਾਰੀ ਨਹੀਂ ਜਾਣਦੇ ਜਾਂ ਕਹਿੰਦੇ ਕਿ ਰਿਲਾਇੰਸ ਦੇ ਜਿਓ ਵਾਸਤੇ ਬੀ. ਐਸ. ਐਨ. ਐਲ.-ਐਮ. ਟੀ. ਐਨ. ਐਲ. (BSNL-MTNL) ਨੂੰ ਬਰਬਾਦ ਕਰ ਦਿੱਤਾ ਗਿਆ। ਕੀ ਮੋਦੀ ਸਰਕਾਰ ਦੇ ਸਮੇਂ ਮੋਤੀਆਂ ਦੀ ਖਾਣ ਵਰਗੀ ਕੰਪਨੀ ਮਿੱਟੀ ਹੋ ਗਈ? ਕਿਸਾਨਾਂ ਨੇ ਅੰਬਾਨੀ ਅਤੇ ਅਡਾਨੀ ਖਿਲਾਫ ਪ੍ਰਦਰਸ਼ਨਾਂ ਦਾ ਐਲਾਨ ਕਰਕੇ ਵੱਡਾ ਜੋਖਮ ਮੁੱਲ ਲਿਆ ਹੈ। ਇਨ੍ਹਾਂ ਦੇ ਪ੍ਰਭਾਵ ਅਧੀਨ ਗੋਦੀ ਮੀਡੀਆ ਕਿਸਾਨਾਂ ਦੇ ਅੰਦੋਲਨ ਨੂੰ ਲੈ ਕੇ ਵਧੇਰੇ ਹਮਲਾਵਰ ਹੋਏਗਾ। ਕਿਸਾਨਾਂ ਨੂੰ ਗੋਦੀ ਮੀਡੀਆ ਨਾਲ ਤਾਂ ਲੜਨਾ ਹੀ ਪਏਗਾ, ਹੁਣ ਉਨ੍ਹਾਂ ਨੂੰ ਮੀਡੀਆ ਤੋਂ ਬਿਨਾ ਆਪਣੀ ਲਹਿਰ ਨੂੰ ਚਲਾਉਣ ਦੀ ਆਦਤ ਵੀ ਪਾਉਣੀ ਪਏਗੀ। ਮੀਡੀਆ ਕਾਰਪੋਰੇਟ ਦਾ ਹੈ, ਕਿਸਾਨਾਂ ਦਾ ਨਹੀਂ। ਗੋਦੀ ਮੀਡੀਆ ਲਈ ਕਿਸਾਨ ਅਤਿਵਾਦੀ ਹੈ, ਖਾਲਿਸਤਾਨੀ ਹੈ। ਚਾਰੇ ਪਾਸਿਓਂ ਇਸ ਲੜਾਈ ਵਿਚ ਕਿਸਾਨ ਨਿਹੱਥੇ ਹੋਏ ਹਨ। ਕਿਸਾਨ ਇਸ ਲੜਾਈ ਵਿਚ ਚਾਰੇ ਪਾਸਿਓਂ ਨਿਹੱਥੇ ਘੇਰ ਲਏ ਗਏ ਹਨ। ਗੱਲ ਕਾਨੂੰਨ ਦੀ ਨਹੀਂ ਹੈ, ਉਸ ਦੇ ਵਜੂਦ ਦੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 26 ਦਸੰਬਰ 2020*

## ਸ਼ਹਾਦਤਾਂ ਅਤੇ ਸੰਘਰਸ਼

ਪੋਹ ਦਾ ਮਹੀਨਾ ਚੱਲ ਰਿਹਾ ਹੈ। ਕੜਾਕੇ ਦੀ ਠੰਢ ਪੈ ਰਹੀ ਹੈ। ਇਨ੍ਹਾਂ ਵਕਤਾਂ ਦੌਰਾਨ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸਮੁੱਚਾ ਪਰਿਵਾਰ, ਪੰਥ ਖਾਲਸਾ ਔਖੇ ਹਾਲਾਤ ਨਾਲ ਜੂਝ ਰਿਹਾ ਸੀ। ਇਨ੍ਹਾਂ ਦਿਨਾਂ ਵਿਚ ਸ਼ਹਾਦਤਾਂ ਦੀ ਝੜੀ ਲੱਗੀ ਪਰ ਇਹ ਸਿਦਕੀ ਜਿਊੜੇ ਆਪਣੀ ਆਨ ਅਤੇ ਸ਼ਾਨ 'ਤੇ ਕਾਇਮ ਰਹੇ। ਇਸੇ ਕਰ ਕੇ ਅੱਜ ਸੰਸਾਰ ਭਰ ਵਿਚ ਫੈਲੇ ਸਿੱਖ ਅਤੇ ਪੰਜਾਬੀ ਹੀ ਨਹੀਂ, ਹੋਰ ਜਿਊੜੇ ਵੀ ਇਨ੍ਹਾਂ ਸ਼ਹਾਦਤਾਂ ਨੂੰ ਸਿਜਦਾ ਕਰ ਰਹੇ ਹਨ। ਸ਼ਹਾਦਤਾਂ ਦੇ ਇਨ੍ਹਾਂ ਦਿਨਾਂ ਦੌਰਾਨ ਦਿੱਲੀ ਬਾਰਡਰ ਉਤੇ ਕਿਸਾਨਾਂ ਦਾ ਸੰਘਰਸ਼ ਚੱਲ ਰਿਹਾ ਹੈ। ਇਸ ਸੰਘਰਸ਼ ਦੌਰਾਨ ਹੀ ਕਿਸਾਨਾਂ ਨੇ ਪਹਿਲਾਂ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਅਤੇ ਫਿਰ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਮਨਾਇਆ। ਹੁਣ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰੇ ਸਾਹਿਜ਼ਾਦਿਆਂ ਦੀਆਂ ਸ਼ਹੀਦੀਆਂ ਦੇ ਦਿਹਾੜਿਆਂ ਮੌਕੇ ਵੀ ਸੰਘਰਸ਼ ਵਿਚ ਕੁੱਦੇ ਕਿਸਾਨਾਂ ਨੇ ਇਸੇ ਤਰ੍ਹਾਂ ਸਿਜਦੇ ਕੀਤੇ ਹਨ। ਇਹ ਅਸਲ ਵਿਚ ਆਨ ਅਤੇ ਸ਼ਾਨ ਲਈ ਜੂਝਣ ਦੀ ਪਿਰਤ ਹੈ ਜਿਸ ਦੀ ਲਗਾਤਾਰਤਾ ਵਾਲੀ ਕੜੀ ਬਣੀ ਹੋਈ ਹੈ। ਕਿਸਾਨਾਂ ਦਾ ਇਹ ਅੰਦੋਲਨ ਪੰਜਾਬ ਵਿਚ ਤਕਰੀਬਨ ਕਈ ਮਹੀਨਿਆਂ ਤੋਂ ਚੱਲ ਰਿਹਾ ਹੈ ਅਤੇ ਦਿੱਲੀ ਬਾਰਡਰ ਉਤੇ ਕਿਸਾਨਾਂ ਦੇ ਇਸ ਸੰਘਰਸ਼ ਨੂੰ ਵੀ ਹੁਣ ਮਹੀਨਾ ਹੋ ਗਿਆ ਹੈ। ਇਹ ਸੰਘਰਸ਼ ਉਨ੍ਹਾਂ ਤਿੰਨ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਚੱਲ ਰਿਹਾ ਹੈ ਜਿਨ੍ਹਾਂ ਦੇ ਅਮਲ ਨਾਲ ਖੇਤੀ ਉਤੇ ਕਾਰਪੋਰੇਟਾਂ, ਭਾਵ ਵਪਾਰੀਆਂ ਦਾ ਕਬਜ਼ਾ ਹੋ ਜਾਵੇਗਾ। ਪਹਿਲਾਂ ਪੰਜਾਬ ਦੇ ਘਰ-ਘਰ ਅਤੇ ਫਿਰ ਮੁਲਕ ਭਰ ਵਿਚ ਚੇਤਨਾ ਫੈਲਾਉਣ ਵਾਲੇ ਇਸ ਸੰਘਰਸ਼ ਦੀ ਅਗਵਾਈ ਕਰਨ ਵਾਲੀਆਂ ਕਿਸਾਨ ਯੂਨੀਅਨਾਂ ਦੇ ਆਗੂਆਂ ਨਾਲ ਮੋਦੀ ਸਰਕਾਰ ਦੇ ਵੱਖ-ਵੱਖ ਮੰਤਰੀਆਂ ਅਤੇ ਅਫਸਰਾਂ ਦੀਆਂ ਕਈ ਗੇੜ ਦੀਆਂ ਮੀਟਿੰਗਾਂ ਹੋ ਚੁੱਕੀਆਂ ਹਨ। ਇਨ੍ਹਾਂ ਮੀਟਿੰਗਾਂ ਦੌਰਾਨ ਕਿਸਾਨ ਆਗੂਆਂ ਨੇ ਆਪਣਾ ਪੱਖ ਠੋਕ-ਵਜਾ ਕੇ ਰੱਖਿਆ ਤੇ ਕਿਹਾ ਕਿ ਉਹ ਇਹ ਕਾਨੂੰਨ ਰੱਦ ਕਰਵਾਏ ਬਗੈਰ ਵਾਪਸ ਨਹੀਂ ਮੁੜਨਗੇ। ਮੋਦੀ ਸਰਕਾਰ ਇਨ੍ਹਾਂ ਕਾਨੂੰਨਾਂ ਵਿਚ ਕੁਝ ਸੋਧਾਂ ਲਈ ਤਾਂ ਤਿਆਰ ਹੋ ਗਈ ਹੈ ਪਰ ਕਾਨੂੰਨ ਰੱਦ ਕਰਨ ਲਈ ਉਕਾ ਹੀ ਤਿਆਰ ਨਹੀਂ।

ਅਸਲ ਵਿਚ ਤਕਰੀਬਨ 30 ਸਾਲ ਪਹਿਲਾਂ ਜਦੋਂ ਨਰਸਿਮਹਾ ਰਾਓ ਸਰਕਾਰ ਦੀ ਅਗਵਾਈ ਹੇਠ ਡਾ. ਮਨਮੋਹਨ ਸਿੰਘ ਨੇ ਨਵੀਆਂ ਆਰਥਿਕ ਦੀ ਸ਼ੁਰੂਆਤ ਕਰਵਾਈ, ਉਸ ਵਕਤ ਹੀ ਤੈਅ ਹੋ ਗਿਆ ਸੀ ਕਿ ਹੌਲੀ-ਹੌਲੀ ਸਾਰਾ ਕੁਝ ਕਾਰਪੋਰੇਟਾਂ ਦੇ ਹਵਾਲੇ ਕੀਤਾ ਜਾਵੇਗਾ। ਇਨ੍ਹਾਂ 30 ਸਾਲਾਂ ਵਿਚੋਂ 12 ਸਾਲ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਰਹੀ ਹੈ ਅਤੇ ਬਾਕੀ ਸਮਾਂ ਰਾਜ ਚਲਾਉਣ ਦਾ ਮੌਕਾ ਕਾਂਗਰਸ ਨੂੰ ਮਿਲਿਆ। ਇਨ੍ਹਾਂ ਸਾਲਾਂ ਦੌਰਾਨ ਇਨ੍ਹਾਂ ਨੀਤੀਆਂ ਮੁਤਾਬਕ ਹੀ ਸਾਰੇ ਫੈਸਲੇ ਕੀਤੇ ਜਾਂਦੇ ਰਹੇ ਅਤੇ ਖੱਬੇ ਪੱਖੀ ਧਿਰਾਂ ਨੂੰ ਛੱਡ ਕੇ ਕਿਸੇ ਵੀ ਕੌਮੀ ਜਾਂ ਖੇਤਰੀ ਪਾਰਟੀ ਨੇ ਠੁੱਕ ਨਾਲ ਇਨ੍ਹਾਂ ਨੀਤੀਆਂ ਦਾ ਵਿਰੋਧ ਨਹੀਂ ਕੀਤਾ। ਹੁਣ ਵੀ ਕਿਸਾਨ ਸੰਘਰਸ਼ ਦੀ ਸ਼ੁਰੂਆਤ ਕਰਨ ਅਤੇ ਇਸ ਨੂੰ ਇਸ ਮੁਕਾਮ ਤੱਕ ਲਿਆਉਣ ਵਿਚ ਖੱਬੇ ਪੱਖੀ ਕਿਸਾਨ ਯੂਨੀਅਨਾਂ ਦਾ ਵੱਡਾ ਯੋਗਦਾਨ ਰਿਹਾ ਹੈ। ਅਸਲ ਵਿਚ, ਖੱਬੇ ਪੱਖੀਆਂ ਦਾ ਕਾਰਪੋਰੇਟਾਂ ਦਾ ਵਿਰੋਧ ਸਿਧਾਂਤਕ ਹੈ ਜਦਕਿ ਦੂਜੀਆਂ ਧਿਰਾਂ ਇਨ੍ਹਾਂ ਨੀਤੀਆਂ ਦੇ ਵਿਰੋਧ ਵਿਚ ਉਸ ਵਕਤ ਆਈਆਂ, ਜਦੋਂ ਸਾਰਾ ਕੁਝ ਤੈਅ ਹੋ ਚੁੱਕਾ ਸੀ; ਕਹਿਣ ਦਾ ਭਾਵ ਇਹ ਧਿਰਾਂ ਉਸ ਵਕਤ ਇਨ੍ਹਾਂ ਨੀਤੀਆਂ ਦੀ ਮਾਰ ਬਾਰੇ ਅੰਦਾਜ਼ਾ ਹੀ ਨਹੀਂ ਲਗਾ ਸਕੀਆਂ। ਹੁਣ ਵਿਚੋਂ ਸਮਝਣ ਵਾਲਾ ਨੁਕਤਾ ਇਹ ਹੈ ਕਿ ਭਾਰਤ ਸਰਕਾਰ ਉਨ੍ਹਾਂ ਸਮਝੌਤਿਆਂ ਉਤੇ ਦਸਤਖਤ ਕਰ ਚੁੱਕੀ ਹੈ ਜਿਨ੍ਹਾਂ ਤਹਿਤ ਖੇਤੀ ਸੁਧਾਰਾਂ ਦੇ ਨਾਂ 'ਤੇ ਇਹ ਤਿੰਨੇ ਕਾਨੂੰਨ ਤਿਆਰ ਕੀਤੇ ਗਏ ਹਨ। ਇਸੇ ਕਰ ਕੇ ਇਹ ਲੜਾਈ ਇੰਨੀ ਛੋਟੀ ਨਹੀਂ; ਇਸੇ ਕਰ ਕੇ ਇਹ ਲੜਾਈ ਇਤਿਹਾਸਕ ਹੈ ਜਿਸ ਦਾ ਸਿਹਰਾ ਪੰਜਾਬ ਦੀ ਕਿਸਾਨ ਲੀਡਰਸ਼ਿਪ ਨੂੰ ਜਾਂਦਾ ਹੈ; ਇਸੇ ਕਰ ਕੇ ਹੀ ਕਿਸਾਨ ਲੀਡਰਸ਼ਿਪ ਨੂੰ ਇਹ ਲੜਾਈ ਸਿਰੇ ਤੱਕ ਪਹੁੰਚਾਉਣ ਇਨ੍ਹਾਂ ਤੱਥਾਂ ਮੁਤਾਬਕ ਅਗਲੀ ਲੜਾਈ ਵਿੱਢਣੀ ਪਵੇਗੀ। ਹੁਣ ਤੱਕ ਕੇਂਦਰ ਸਰਕਾਰ ਇਹੀ ਕਹਿੰਦੀ ਰਹੀ ਹੈ ਕਿ ਇਹ ਸੰਘਰਸ਼ ਸਿਰਫ ਪੰਜਾਬ ਦੇ ਕਿਸਾਨ ਹੀ ਕਰ ਰਹੇ ਹਨ। ਫਿਰ ਇਸ ਸੰਘਰਸ਼ ਨੂੰ ਬਦਨਾਮ ਕਰਨ ਦੀਆਂ ਤਾਬੜਤੋੜ ਕੋਸ਼ਿਸ਼ਾਂ ਕੀਤੀਆਂ ਗਈਆਂ। ਸੰਘਰਸ਼ ਅੰਦਰ ਖਾਲਿਸਤਾਨੀਆਂ ਅਤੇ ਮਾਓਵਾਦੀਆਂ ਦੀ ਘੁਸਪੈਠ ਵਾਲਾ ਮੁੱਦਾ ਉਭਾਰਨ ਦਾ ਯਤਨ ਕੀਤਾ ਗਿਆ ਪਰ ਇਹ ਸੰਘਰਸ਼ ਸਭ ਅੜਿੱਕੇ ਪਾਰ ਕਰ ਗਿਆ। ਹੁਣ ਕਿਸਾਨ ਲੀਡਰਸ਼ਿਪ ਦਾ ਸਾਰਾ ਜ਼ੋਰ ਇਸ ਸੰਘਰਸ਼ ਨੂੰ ਦੇਸ਼ ਪੱਧਰ ਉਤੇ ਲਿਜਾਣ ਦੀਆਂ ਕੋਸ਼ਿਸ਼ਾਂ ਦਾ ਹੋਣਾ ਚਾਹੀਦਾ ਹੈ। ਇਸ ਨਾਲ ਇਕ ਤਾਂ ਕੇਂਦਰ ਸਰਕਾਰ ਵੱਲੋਂ ਤਾਕਤ ਦੀ ਵਰਤੋਂ ਵਾਲੀ ਕਿਸੇ ਵੀ ਕਾਰਵਾਈ ਦੀ ਸੰਭਾਵਨਾ ਘਟਗੀ; ਦੂਜੇ, ਹੋਰ ਸੂਬਿਆਂ ਦੀ ਸ਼ਮੂਲੀਅਤ ਨਾਲ ਸੰਘਰਸ਼ ਦਾ ਘੇਰਾ ਵਿਸ਼ਾਲ ਹੋਵੇਗਾ। ਉਤਰ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ, ਕਰਨਾਟਕ, ਗੁਜਰਾਤ ਆਦਿ ਸੂਬਿਆਂ ਤੋਂ ਇਸ ਸੰਘਰਸ਼ ਨੂੰ ਹਮਾਇਤ ਮਿਲ ਤਾਂ ਰਹੀ ਹੈ ਪਰ ਉਥੋਂ ਦੇ ਕਿਸਾਨ ਅਤੇ ਕਿਸਾਨ ਜਥੇਬੰਦੀਆਂ ਅਜੇ ਉਸ ਤਰ੍ਹਾਂ ਸਰਗਰਮ ਨਹੀਂ ਹੋਈਆਂ ਹਨ ਜਿਸ ਤਰ੍ਹਾਂ ਪੰਜਾਬ ਅਤੇ ਹਰਿਆਣਾ ਦੀਆਂ ਕਿਸਾਨ ਜਥੇਬੰਦੀਆਂ ਹੋਈਆਂ ਹਨ। ਇਸ ਕਾਰਜ ਲਈ ਪੰਜਾਬ ਦੇ ਲੀਡਰਾਂ ਨੂੰ ਦੂਜੇ ਸੂਬਿਆਂ ਦੀਆਂ ਜਥੇਬੰਦੀਆਂ ਨਾਲ ਵਧੇਰੇ ਤਾਲਮੇਲ ਬਿਠਾਉਣਾ ਪਵੇਗਾ। ਮੁਲਕ ਪੱਧਰ 'ਤੇ ਤਾਲਮੇਲ ਲਈ ਭਾਵੇਂ 7 ਮੈਂਬਰੀ ਕਮੇਟੀ ਬਣਾਈ ਗਈ ਸੀ ਪਰ ਇਸ ਕਮੇਟੀ ਨੇ ਵੀ ਆਪਣਾ ਸਾਰਾ ਧਿਆਨ ਦਿੱਲੀ ਬਾਰਡਰਾਂ ਉਤੇ ਹੀ ਲਾਇਆ ਹੋਇਆ ਹੈ। ਹੁਣ ਮਸਲਾ ਬਾਰਡਰ ਉਤੇ ਡਟੇ ਰਹਿਣ ਦੇ ਨਾਲ-ਨਾਲ ਦੂਜੇ ਸੂਬਿਆਂ ਵਿਚ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਹੈ। ਇਸ ਰਾਹ ਪੈ ਕੇ ਹੀ ਕੇਂਦਰ ਸਰਕਾਰ ਉਤੇ ਵਧੇਰੇ ਅਸਰਦਾਰ ਢੰਗ ਨਾਲ ਦਬਾਅ ਬਣਾਇਆ ਅਤੇ ਵਧਾਇਆ ਜਾ ਸਕੇਗਾ। ਸੱਚਮੁੱਚ ਇਹ ਕਿਸਾਨਾਂ ਦੀ ਹੋਂਦ ਦੀ ਲੜਾਈ ਹੈ ਅਤੇ ਆਰ-ਪਾਰ ਦੀ ਲੜਾਈ ਇੰਨੀ ਹੀ ਸ਼ਿੱਦਤ ਨਾਲ ਲੜਨੀ ਪਵੇਗੀ। ਇਸ ਦੀ ਜ਼ਿੰਮੇਵਾਰੀ ਵੀ ਫਿਲਹਾਲ ਪੰਜਾਬ ਦੀ ਕਿਸਾਨ ਲੀਡਰਸ਼ਿਪ 'ਤੇ ਹੀ ਆਣ ਪਈ ਹੈ। ਇਹ ਅਸਲ ਵਿਚ ਕੇਂਦਰ ਦੀ ਅੜੀ ਅੱਗੇ ਮੌਕਾ ਸੰਭਾਲਣ ਦਾ ਵੇਲਾ ਹੈ।

## ਠਾਹ-ਸੋਟਾ

–ਚਾਚਾ ਬੇਲਿਹਾਜ਼

### *ਬੀਂਡੀ ਬਣੇ ਪੰਜਾਬੀ!*

ਮੁੱਢ ਬੰਨ੍ਹਿਆਂ ਤੁਸੀਂ ਸੰਘਰਸ਼ ਵਾਲਾ, ਸਾਰੇ ਵਰਗਾਂ ਦੇ ਭਲੇ ਦਾ ਕਾਜ ਵੀਰੋ।
ਬੀਅ ਫੁੱਟ ਦੇ ਬੀਜਣ ਨੂੰ ਫਿਰੇ ਹਾਕਮ, ਆਉਂਦੀ ਏਕੇ ਦੀ ਰਹੇ ਅਵਾਜ਼ ਵੀਰੋ।
ਦੇਵੋ ਬਦਲ ਸਿਰਨਾਵੇਂ ਸਿਆਸਤਾਂ ਦੇ, ਸਜੇ 'ਨਵੇਂ' ਹੀ ਸਿਰਾਂ 'ਤੇ ਤਾਜ ਵੀਰੋ।
ਸੋਸ਼ਲ ਮੀਡੀਆ ਕਰੇ ਨਿਸ਼ਕਾਮ ਸੇਵਾ, 'ਗੋਦੀ-ਕਿਆਂ' ਦੇ ਖੋਲ੍ਹਦਾ ਪਾਜ ਵੀਰੋ।
ਦੁਨੀਆਂ ਭਰ 'ਚ ਵਸੇ ਪਰਵਾਸੀਆਂ ਨੂੰ, ਮਣਾ-ਮੂੰਹੀਂ ਭਰਾਵਾਂ 'ਤੇ ਨਾਜ ਵੀਰੋ।
ਵੇਲਾ ਜੰਗੇ ਅਜ਼ਾਦੀ ਦਾ ਯਾਦ ਕਰਕੇ, ਬੀਂਡੀ ਬਣਨ ਦੀ ਰੱਖਿਓ ਲਾਜ ਵੀਰੋ!

# ਪੰਜਾਬ ਦਾ ਬਦਲਦਾ ਮੁਹਾਂਦਰਾ

***ਪੰਜਾਬ ਦੇ ਕਿਸਾਨ ਅੰਦੋਲਨ ਨਾਲ ਪੰਜਾਬੀਆਂ ਦੀ ਚੇਤਨਾ ਨੇ ਵੱਡਾ ਅਤੇ ਇਤਿਹਾਸਕ ਮੋੜ ਕੱਟਿਆ ਹੈ। ਆਸ ਕੀਤੀ ਜਾ ਰਹੀ ਹੈ ਕਿ ਇਹ ਅੰਦੋਲਨ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਉਤੇ ਅਸਰ ਪਾਵੇਗਾ। ਇਨ੍ਹਾਂ ਅਸਰਾਂ ਬਾਰੇ ਚਰਚਾ ਜਗਵਿੰਦਰ ਜੋਧਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

**ਜਗਵਿੰਦਰ ਜੋਧਾ**
ਫੋਨ: +91-94654-64502

ਸਭਿਆਚਾਰਕ ਬਦਲਾਓ ਦੀ ਪ੍ਰਕਿਰਿਆ ਅੰਦਰੂਨੀ ਤੇ ਬਾਹਰੀ ਕਾਰਨਾਂ ਉਪਰ ਨਿਰਭਰ ਕਰਦੀ ਹੈ। ਇਤਿਹਾਸ ਦੇ ਸਮਵਿੱਥ ਸਭਿਆਚਾਰ ਦਾ ਨਿਰੰਤਰ ਵਹਾਅ ਅੰਤਰ-ਸੰਵਾਦ ਵਾਲੀ ਹਾਲਤ ਪੈਦਾ ਕਰਦਾ ਹੈ ਜੋ ਲੋਕਾਂ ਦੇ ਵਿਹਾਰ ਤੇ ਵਿਚਾਰ ਵਿਚ ਤਬਦੀਲੀ ਦਾ ਕਾਰਨ ਬਣਦੀ ਹੈ। ਇਹ ਕਿਰਿਆ ਬਹੁਤ ਧੀਮੀ ਹੁੰਦੀ ਹੈ। ਬਾਹਰੀ ਹਾਲਤਾਂ ਕਿਸੇ ਸਮਾਜ ਸਭਿਆਚਾਰ ਵਾਲੇ ਲੋਕਾਂ ਵਿਚ ਫੌਰੀ ਤੇ ਵੱਡੇ ਬਦਲਾਵਾਂ ਦਾ ਕਾਰਨ ਬਣ ਸਕਦੀਆਂ ਹਨ। ਸੰਸਾਰ ਪੂੰਜੀ ਨੇ ਪਿਛਲੇ ਤਿੰਨ ਦਹਾਕਿਆਂ ਤੋਂ ਵਿਕਾਸਸ਼ੀਲ ਖਿੱਤਿਆਂ ਦੇ ਸਭਿਆਚਾਰ ਨੂੰ ਖਪਤ ਤੇ ਬਾਜ਼ਾਰ ਦੀ ਵਿਆਕਰਨ ਅਨੁਸਾਰ ਢਾਲਣ ਦੀ ਕਵਾਇਦ ਜਾਰੀ ਰੱਖੀ ਹੈ। ਜੇ ਸੰਸਾਰੀਕਰਨ ਦਾ ਸਭਿਆਚਾਰਕ ਮੁਹਾਵਰਾ ਇਕ ਪਾਸੇ 'ਵਰਤੋ ਤੇ ਸੁੱਟੋ' ਦੇ ਖਪਤਕਾਰੀ ਉਦੇਸ਼ ਨਾਲ ਜੁੜਿਆ ਰਿਹਾ ਤਾਂ ਇਸ ਦਾ ਇਕ ਸਿਰਾ ਉਨ੍ਹਾਂ ਪਛਾਣਾਂ ਨੂੰ ਉਭਾਰਨ ਵੱਲ ਵੀ ਸੇਧਿਤ ਰਿਹਾ ਜੋ ਸਮਾਜ ਵਿਚ ਨਸਲੀ, ਸੰਪਰਦਾਇਕ, ਰਾਜਸੀ ਤੇ ਧਾਰਮਿਕ ਭੇਦਾਂ ਵਜੋਂ ਸਦਾ ਰਹਿੰਦੀਆਂ ਹਨ ਤੇ ਆਧੁਨਿਕਤਾ ਇਨ੍ਹਾਂ ਪਛਾਣਾਂ ਨੂੰ ਮਿਟਾ ਕੇ ਸਮਾਨ ਮਨੁੱਖੀ ਸਮਾਜ ਸਿਰਜਣ ਦਾ ਸੰਦ ਹੈ। ਸਭਿਆਚਾਰ ਵਿਚ ਇਕੋ ਸਮੇਂ ਕੁਝ ਸਮੂਹਾਂ ਦੇ ਗਲਬੇ ਅਤੇ ਕੁਝ ਸਮੂਹਾਂ ਦੇ ਉਸ ਗਲਬੇ ਤੋਂ ਮੁਕਤੀ ਦੀ ਕਸ਼ਮਕਸ਼ ਦਿਖਾਈ ਦਿੰਦੀ ਹੈ। ਪੰਜਾਬੀ ਸਭਿਆਚਾਰ ਦੀ ਹੁਣ ਤਕ ਦੀ ਵਿਆਖਿਆ ਵਿਚ ਇਸ ਦੇ ਧਾਰਮਿਕ, ਸਿਆਸੀ, ਲਿੰਗਕ, ਆਰਥਿਕ ਅਤੇ ਇਤਿਹਾਸਕ ਅਨੁਭਵ ਪਏ ਹਨ। ਜੇ ਇਸ ਦੀ ਇਕ ਸਤਰੀ ਪਰਿਭਾਸ਼ਾ ਦੇਣੀ ਹੋਵੇ ਤਾਂ ਇਸ ਨੂੰ ਜੱਟ, ਸਿੱਖ ਤੇ ਮਰਦਵਾਚੀ ਗਲਬੇ ਦਾ ਸਭਿਆਚਾਰ ਕਿਹਾ ਜਾਵੇਗਾ।

ਕਿਸਾਨ ਅੰਦੋਲਨ ਜਿਸ ਮੁਕਾਮ ਉਪਰ ਹੈ, ਉਥੇ ਪੰਜਾਬ ਦੇ ਸਭਿਆਚਾਰ ਦਾ ਨਵਾਂ ਮੁਹਾਵਰਾ ਤੇ ਮੁਹਾਂਦਰਾ ਪੈਦਾ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਵਿਚ ਰਾਜਸੀ, ਲਿੰਗਕ, ਜਾਤੀਵਾਦੀ, ਸੰਪਰਦਾਇਕ ਵਖਰੇਵਿਆਂ ਦੀ ਰਵਾਇਤੀ ਪਰਿਭਾਸ਼ਾ ਜੇ ਟੁੱਟਦੀ ਨਹੀਂ ਤਾਂ ਦੁਬਾਰਾ ਪਰਿਭਾਸ਼ਿਤ ਜ਼ਰੂਰ ਹੋ ਰਹੀ ਹੈ। ਰਾਜਸੀ ਮੁਹਾਜ਼ 'ਤੇ ਪੰਜਾਬੀ ਹੋਂਦ ਨੂੰ ਕੁਝ ਸਾਲ ਪਹਿਲਾਂ ਤਕ ਸਿੱਧੀ ਦੋ ਧਿਰੀ ਤੇ ਪਿਛਲੀ ਵਿਧਾਨ ਸਭਾ ਚੋਣ ਵੇਲੇ ਤਿੰਨ ਧਿਰੀ ਵੰਡ ਨਾਲ ਪਰਿਭਾਸ਼ਿਤ ਕੀਤਾ ਜਾਂਦਾ ਰਿਹਾ। ਪਿਛਲੀ ਪੰਥਕ ਸਰਕਾਰ ਨੇ ਰਾਜਨੀਤਕ ਵਖਰੇਵੇਂ ਨੂੰ ਹੇਠਲੇ ਪੱਧਰ 'ਤੇ ਇੰਨੇ ਅਸਰਦਾਰ ਤਰੀਕੇ ਨਾਲ ਲਾਗੂ ਕੀਤਾ ਕਿ ਪਰਿਵਾਰ ਵੀ ਵੰਡੇ ਗਏ। ਇਸ ਅੰਦੋਲਨ ਨੇ ਉਸ ਵੰਡ ਨੂੰ ਨਕਾਰ ਦਿੱਤਾ ਹੈ। ਖੇਤੀ ਕਾਨੂੰਨਾਂ ਖਿਲਾਫ ਪੰਜਾਬ ਵਿਚੋਂ ਸ਼ੁਰੂ ਹੋਏ ਅੰਦੋਲਨ ਤੋਂ ਲੈ ਕੇ ਸਿੰਘੂ/ਟਿਕਰੀ ਬਾਰਡਰਾਂ 'ਤੇ ਚਲਦੇ ਧਰਨਿਆਂ ਵਿਚ ਕਿਸਾਨਾਂ ਨੇ ਆਪਣੇ ਆਪ ਨੂੰ ਰਾਜਸੀ ਧਿਰਾਂ ਤੋਂ ਮੁਕਤ ਰੱਖਿਆ। ਰਾਜਸੀ ਆਗੂਆਂ ਨੂੰ ਆਪਣੇ ਮੰਚ ਨਹੀਂ ਦਿੱਤੇ ਗਏ ਤੇ ਉਨ੍ਹਾਂ ਦੇ ਬਿਆਨਾਂ ਵੱਲ ਪਿੱਠ ਕਰ ਲਈ। ਇਹ ਗੱਲ ਦੱਸਦੀ ਹੈ ਕਿ ਪੰਜਾਬੀ ਬੰਦੇ ਨੇ ਰਵਾਇਤੀ ਰਾਜਨੀਤੀ ਪ੍ਰਤੀ ਬੇਭਰੋਸਗੀ ਦਿਖਾਈ ਹੈ। ਇਸ ਅੰਦੋਲਨ ਤੋਂ ਬਾਅਦ ਦੇ ਰਾਜਸੀ ਸਮੀਕਰਨ ਚਾਹੇ ਬਿਲਕੁਲ ਬਦਲਵੇਂ ਨਾ ਹੋਣ ਪਰ ਪਹਿਲਾਂ ਵਾਲੇ ਰਹਿਣ ਦੀ ਸੰਭਾਵਨਾ ਹਰਗਿਜ਼ ਨਹੀਂ ਹੋਵੇਗੀ।

ਪੰਜਾਬੀ ਸਮਾਜ/ਸਭਿਆਚਾਰ ਨੂੰ ਕਿਸਾਨੀ ਆਧਾਰਿਤ ਕਿਹਾ ਜਾਂਦਾ ਰਿਹਾ ਹੈ ਤੇ ਇਸੇ ਗੱਲ ਨੇ ਜ਼ਮੀਨ ਉਪਰ ਕਾਬਜ਼ ਜਾਤੀਵਾਦੀ ਧਿਰਾਂ ਨੂੰ ਸਮਾਜ ਦਾ ਸਭ ਤੋਂ ਅਹਿਮ ਹਿੱਸਾ ਬਣਾ ਕੇ ਪੇਸ਼ ਕੀਤਾ। ਜੱਟ ਦੇ ਹੀ ਪੰਜਾਬੀ ਹੋਣ ਦੀ ਪਰਿਭਾਸ਼ਾ ਨੂੰ ਜੇ ਸਵੀਕਾਰ ਨਹੀਂ ਕੀਤਾ ਗਿਆ ਤਾਂ ਇਸ ਦਾ ਕੋਈ ਵਿਰੋਧ ਵੀ ਨਹੀਂ ਦਿਸਦਾ। ਵੰਡ ਤੋਂ ਪਹਿਲਾਂ ਦੇ ਪੰਜਾਬੀ ਸਮਾਜ ਵਿਚ ਚਾਰ ਦਰਜਨ ਦੇ ਕਰੀਬ ਜਾਤਾਂ ਸਨ ਜੋ ਵੰਡ ਤੋਂ ਬਾਅਦ ਦੋ ਦਰਜਨ ਤੋਂ ਵਧੇਰੇ ਰਹਿ ਗਈਆਂ। ਉਨ੍ਹਾਂ ਵਿਚ ਸ਼ਿਲਪਕਾਰ ਤੇ ਕਾਰੀਗਰ ਜਾਤਾਂ ਵੀ ਪੰਜਾਬੀ ਸਮਾਜ ਵਿਚ ਹਨ ਜਿਨ੍ਹਾਂ ਨੂੰ ਲਗਭਗ ਨਜ਼ਰਅੰਦਾਜ਼ ਕਰ ਕੇ ਜੱਟ ਰਾਹੀਂ ਸਮਾਜਿਕ ਵਿਆਖਿਆ ਹੁੰਦੀ ਰਹੀ। ਇਸ ਅੰਦੋਲਨ ਨਾਲ ਪਿਛਲੇ ਕਈ ਦਹਾਕਿਆਂ ਵਿਚ ਪਹਿਲੀ ਵਾਰ ਜੱਟ ਦੇ ਮੁਤਬਾਦਲ ਕਿਸਾਨ ਆਇਆ ਹੈ। ਇੱਥੋਂ ਤਕ ਕਿ ਪਗੜੀ ਸੰਭਾਲ ਅੰਦੋਲਨ ਵੀ ਜੱਟ ਨੂੰ ਹੀ ਸੰਬੋਧਿਤ ਸੀ ਪਰ ਇਸ ਵਾਰ ਕਿਸਾਨੀ ਦੇ ਅਰਥ ਵਸੀਹ ਹੋਏ ਹਨ। ਸ਼ਾਇਦ ਇਹੀ ਕਾਰਨ ਹੈ ਕਿ ਇਸ ਅੰਦੋਲਨ ਨੂੰ ਸਮਾਜ ਦੇ ਸਾਰੇ ਫਿਰਕਿਆਂ ਵਿਚੋਂ ਹਮਾਇਤ ਮਿਲੀ ਹੈ।

ਖੇਤੀ ਨੂੰ ਮਰਦਾਵਾਂ ਕਿੱਤਾ ਕਹਿ ਕੇ ਮਰਦਾਂ ਦਾ ਵਿਸ਼ੇਸ਼ ਖੇਤਰ ਸਾਬਤ ਕਰਨ ਦੀ ਰੁਚੀ ਪੰਜਾਬੀ ਸਭਿਆਚਾਰ ਦੀ ਭਾਰੂ ਧੁਨੀ ਰਹੀ। ਸਰੀਰਕ ਮੁਸ਼ੱਕਤ ਨਾਲ ਜੋੜ ਕੇ ਖੇਤੀ ਦੀ ਵਿਆਖਿਆ ਕਰਦੇ ਸਮੇਂ ਔਰਤ ਨੂੰ ਉਸ ਦੇ ਫੁਟਕਲ ਸਹਾਇਕ ਵਜੋਂ ਪੇਸ਼ ਕੀਤਾ ਜਾਂਦਾ ਰਿਹਾ। ਇਸ ਲਈ ਜਾਂ ਤਾਂ ਔਰਤਾਂ ਨੂੰ ਸਹਿਯੋਗੀ ਕਿੱਤਿਆਂ ਨਾਲ ਜੋੜ ਕੇ ਦੇਖਿਆ ਜਾਂਦਾ ਸੀ, ਜਾਂ ਫਿਰ ਜੇ ਕਿਤੇ ਕੋਈ ਔਰਤ ਖੇਤੀ ਦਾ ਕੰਮ ਕਰਦੀ ਹੋਵੇ ਤਾਂ ਉਸ ਨੂੰ ਅਚੰਭੇ ਵਾਂਗ ਦਿਖਾਇਆ ਜਾਂਦਾ ਸੀ। ਮੌਜੂਦਾ ਕਿਸਾਨ ਅੰਦੋਲਨ ਨੇ ਇਹ ਧਾਰਨਾ ਵੀ ਤੋੜੀ ਹੈ। ਅੰਦੋਲਨ ਲਈ ਦਿੱਲੀ ਗਏ ਕਿਸਾਨਾਂ ਵਿਚ ਔਰਤਾਂ ਦੀ ਵੱਡੀ ਸ਼ਮੂਲੀਅਤ ਤਾਂ ਸੀ ਹੀ, ਨਾਲ ਹੀ ਪਿੱਛੇ ਰਹਿ ਗਈਆਂ ਔਰਤਾਂ ਨੇ ਖੇਤੀ ਦੇ ਕੰਮ ਸੰਭਾਲ ਲਏ। ਇਸ ਨਾਲ ਖੇਤੀ ਵਿਚ ਔਰਤ ਦੀ ਸਰਗਰਮ ਭਾਗੀਦਾਰੀ ਯਕੀਨਨ ਅਹਿਮ ਹੋਈ ਹੈ। ਆਰਥਿਕ ਤੌਰ 'ਤੇ ਉਤਪਾਦਨੀ ਪ੍ਰਕਿਰਿਆ ਦਾ ਹਿੱਸਾ ਬਣਨ ਨਾਲ ਸਾਧਾਰਨ ਪੇਂਡੂ ਔਰਤ ਵਿਚ ਆਪਣੀ ਅਹਿਮੀਅਤ ਦਾ ਅਹਿਸਾਸ ਵੀ ਵਧੇਗਾ। ਇਸ ਤੋਂ ਵੀ ਅਹਿਮ ਪੱਖ ਅੰਦੋਲਨ ਵਿਚ ਭਵਿੱਖ ਦੀਆਂ ਸੁਆਣੀਆਂ ਦੀ ਭੂਮਿਕਾ ਹੈ।

ਇਸ ਅੰਦੋਲਨ ਨੇ ਪੰਜਾਬ ਦੀਆਂ ਜੁਝਾਰੂ ਧਿਰਾਂ ਨੂੰ ਆਪਣੇ ਬਾਰੇ ਦੁਬਾਰਾ ਸੋਚਣ ਤੇ ਸਾਂਝ ਦੇ ਅਵਸਰ ਵਿਚਾਰਨ ਦਾ ਮੌਕਾ ਦਿੱਤਾ ਹੈ। ਚਿਰਾਂ ਤੋਂ ਅਪ੍ਰਸੰਗਕ ਜਾਪਦੀ ਖੱਬੀ ਰਾਜਨੀਤੀ ਸਹੀ ਮੁੱਦੇ ਨਾਲ ਆਪਣੀ ਜ਼ਮੀਨ ਦੀ ਤਲਾਸ਼ ਕਰ ਰਹੀ ਹੈ। ਖੱਬਿਆਂ ਦੀ ਜਾਣੀ-ਪਛਾਣੀ ਅਸਹਿਮਤੀ ਦੀ ਭਾਵਨਾ ਭਾਵੇਂ ਵਿਵਾਦ ਵਿਚ ਬਦਲਣ ਤੋਂ ਪਿਛਾਂਹ ਨਹੀਂ ਰਹੀ। ਉਤਪਾਦਨੀ ਸਰੋਤਾਂ ਤੇ ਨਿੱਜੀ ਜਾਇਦਾਦ ਦਾ ਵਿਰੋਧ ਕਰਨ ਦੇ ਰਟੇ-ਰਟਾਏ ਸਿਧਾਂਤ ਦੀ ਪੈਰਵੀ ਦੀ ਥਾਂ ਇਸ ਵਾਰ ਖੱਬਿਆਂ ਨੇ ਜ਼ਮੀਨ ਖੁੱਸਣ ਦੇ ਡਰ ਨੂੰ ਅੰਦੋਲਨ ਵਿਚ ਆਪਣੇ ਹਿੱਸੇ ਦੀ ਊਰਜਾ ਬਣਾਇਆ। ਇਹ ਕਹਿਣਾ ਤਾਂ ਜਲਦਬਾਜ਼ੀ ਹੈ ਕਿ ਖੱਬੀਆਂ ਧਿਰਾਂ ਨੂੰ ਇਸ ਅੰਦੋਲਨ ਤੋਂ ਕੋਈ ਰਾਜਸੀ ਲਾਭ ਹੋਵੇਗਾ ਪਰ ਉਨ੍ਹਾਂ ਦੇ ਸਿੱਖਣ ਦੇ ਮੌਕੇ ਜ਼ਰੂਰ ਹਨ। ਉਹ ਇਹ ਕਿ ਪੰਜਾਬ ਵਿਚ ਦਰਾਮਦ ਕੀਤੀ ਖੱਬੀ ਸਿਧਾਂਤਕਾਰੀ ਦੀ ਜਗ੍ਹਾ ਇਥੋਂ ਦੇ ਪ੍ਰਸੰਗ ਅਨੁਸਾਰ ਚੀਜ਼ਾਂ/ਵਰਤਾਰਿਆਂ ਨੂੰ ਸਮਝਣਾ ਹੋਵੇਗਾ, ਨਹੀਂ ਤਾਂ ਖੱਬੇ ਪੱਖ ਦੀ ਰਾਜਨੀਤੀ ਬੰਦ ਕਮਰਿਆਂ ਦੀਆਂ ਬਹਿਸਾਂ ਤੋਂ ਜ਼ਿਆਦਾ ਦੂਰ ਜਾਣ ਦੇ ਮੌਕੇ ਨਹੀਂ ਹੋਣਗੇ। ਦੂਜੀ ਗੱਲ ਕਿਸਾਨ ਨੂੰ ਅ-ਕ੍ਰਾਂਤੀਕਾਰੀ ਤੇ ਜਗੀਰੂ ਕਹਿਣ ਦੀ ਧਾਰਨਾ ਨੂੰ ਫਿਰ ਤੋਂ ਵਿਚਾਰਨ ਦਾ ਸਮਾਂ ਵੀ ਹੈ। ਕਿਸਾਨੀ ਭਾਵੇਂ ਮੂਲ ਰੂਪ ਵਿਚ ਜ਼ਮੀਨ ਦੀ ਮਾਲਕੀ ਦੇ ਮੋਹ ਤੋਂ ਟੁੱਟਦੀ ਨਹੀਂ ਤੇ ਉਸ ਦੇ ਸਰੋਕਾਰ ਵੀ ਜਾਗੀਰਦਾਰੀ ਸਮਾਜ ਵਾਲੇ ਹੀ ਹੁੰਦੇ ਹਨ ਪਰ ਖੱਬੀਆਂ ਧਿਰਾਂ ਨੂੰ ਸੰਵਾਦ ਦੀ ਹਾਲਤ ਵਿਚ ਆਉਣਾ ਪਵੇਗਾ, ਹਿਕਾਰਤ ਨੇ ਪਹਿਲਾਂ ਹੀ ਇਨ੍ਹਾਂ ਨੂੰ ਹਾਸ਼ੀਏ ਉਪਰ ਲਿਜਾ ਸੁੱਟਿਆ ਹੈ। ਪੰਜਾਬੀ ਸਮਾਜ ਦੇ ਕ੍ਰਾਂਤੀਕਾਰੀ ਅੰਸ਼ਾਂ ਦੀ ਤਲਾਸ਼ ਲਈ ਨਵਾਂ ਮੁਹਾਵਰਾ ਵੀ ਇਸ ਅੰਦੋਲਨ ਵਿਚੋਂ ਸਾਹਮਣੇ ਆਉਂਦਾ ਨਜ਼ਰ ਆਇਆ। ਹਰੀ ਸਿੰਘ ਨਲੂਆ, ਬਾਬਾ ਦੀਪ ਸਿੰਘ, ਭਗਤ ਸਿੰਘ, ਚੀ ਗੁਵੇਰਾ, ਲੈਨਿਨ; ਇਹ ਸਭ ਇਕੋ ਸੰਵਾਦ ਦੀਆਂ ਪਰਤਾਂ ਵਜੋਂ ਸੋਸ਼ਲ ਮੀਡੀਆ 'ਤੇ ਵਿਚਰ ਰਹੇ ਵਿਚਾਰ ਬਣੇ।

ਪਾਪੂਲਰ ਅਰਥਾਂ ਵਜੋਂ ਸੰਗੀਤ ਨੂੰ ਵੀ ਸਭਿਆਚਾਰ ਦਾ ਇਕ ਪਸਾਰ ਮੰਨਿਆ ਜਾਂਦਾ ਹੈ। ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਸੰਗੀਤ ਦਾ ਜੋ ਸਰੂਪ ਸੀ, ਉਸ ਨੂੰ ਕੁਝ ਲੋਕ ਭਾਵੇਂ ਅਸ਼ਲੀਲ ਜਾਂ ਅਸਮਾਜਿਕ ਵਰਗ ਵਿਚ ਰੱਖ ਕੇ ਦੇਖਦੇ ਰਹੇ; ਨਸ਼ਿਆਂ, ਸੈਕਸ, ਹਿੰਸਾ ਤੇ ਔਰਤ-ਵਿਰੋਧੀ ਵਿਚਾਰਾਂ ਦਾ ਮਾਧਿਅਮ ਕਹਿੰਦੇ ਰਹੇ ਪਰ ਉਹ ਨੌਜਵਾਨ ਪੀੜ੍ਹੀ ਵਿਚ ਇੰਨਾ ਮਕਬੂਲ ਸੀ ਕਿ ਇੰਡਸਟਰੀ ਬਣ ਚੁੱਕਿਆ ਹੈ। ਇਸ ਦਾ ਤਰਕ ਇਹ ਵੀ ਹੈ ਕਿ ਸੰਗੀਤ ਸਮਾਜਿਕ ਪਰ-ਉਸਾਰ ਦੀ ਇਕ ਪਰਤ ਹੈ। ਜੋ ਵਿਚਾਰ ਸਮਾਜ ਵਿਚ ਭਾਰੂ ਹੁੰਦੇ ਹੋਣਗੇ ਤੇ ਸਮਾਜ ਦੀ ਸਥਾਪਤ ਧਿਰ ਦੇ ਹੱਕ ਵਿਚ ਭੁਗਤਦੇ ਹੋਣਗੇ, ਉਹੀ ਵਿਚਾਰ ਮੰਡੀ ਵਿਚ ਵਿਕਣਯੋਗ ਵੀ ਹੋਣਗੇ। ਕਿਸਾਨ ਅੰਦੋਲਨ ਨੇ ਦੋ ਕੰਮ ਕੀਤੇ। ਇਕ ਤਾਂ ਸਾਰੇ ਕਲਾਕਾਰ ਨੈਤਿਕ ਫਰਜ਼ ਵਾਂਗ ਧਰਨੇ ਵਿਚ ਸ਼ਾਮਲ ਹੋਏ, ਦੂਜਾ ਸਾਡੇ ਸੰਗੀਤ ਦੇ ਮੁਹਾਵਰੇ ਵਿਚ ਬਦਲਾਓ ਵੀ ਦੇਖਣ ਨੂੰ ਮਿਲਿਆ, ਚਾਹੇ ਉਹ ਵਕਤੀ ਹੀ ਹੋਵੇ। ਬਹੁਤ ਸਾਰਾ ਸੰਗੀਤ ਐਸਾ ਆਇਆ ਜਿਸ ਵਿਚ ਕਿਸਾਨੀ ਦੀ ਬੁਰੀ ਦਸ਼ਾ ਤੋਂ ਲੈ ਕੇ ਦਿੱਲੀ ਨਾਲ ਟੱਕਰ, ਹੱਕਾਂ ਨੂੰ ਖੋਹਣ ਦੀ ਲਲਕ ਤੇ ਜ਼ੁਲਮਾਂ ਦੇ ਟਾਕਰੇ ਦੀ ਸੁਰ ਭਾਰੂ ਸੀ। ਪਹਿਲਾਂ ਵਾਲਾ ਅਸਲੇ ਵਾਲਾ ਵੈਲੀ ਜੱਟ ਇਕਦਮ ਹੱਕਾਂ ਲਈ ਲੜਾਕੂ ਕਿਸਾਨ ਬਣ ਕੇ ਸਾਹਮਣੇ ਆਇਆ। ਗੀਤ-ਸੰਗੀਤ ਵਿਚ ਇਹ ਬਦਲਾਓ ਇਸ ਅੰਦੋਲਨ ਦੀ ਸਭਿਆਚਾਰਕ ਦੇਣ ਮੰਨੀ ਜਾਵੇਗੀ।

ਕਿਸਾਨ ਅੰਦੋਲਨ ਨੇ ਬੁੱਧੀਜੀਵੀ ਕਹੇ ਜਾਣ ਵਾਲੇ ਵਰਗ ਨੂੰ ਵਿਚਾਰ ਲਈ ਨਵੇਂ ਮੁੱਦੇ ਦਿੱਤੇ। ਹੁਣ ਤਕ ਸੈਮੀਨਾਰੀ ਬਹਿਸਾਂ ਵਿਚੋਂ ਇਨਕਲਾਬ ਲੱਭਦਾ ਬੁੱਧੀਜੀਵੀ ਕਿਸਾਨ ਨਾਲ ਸੜਕ ਉਪਰ ਖੜ੍ਹਾ ਹੈ। ਬਾਕੀ ਸਾਹਿਤਕ ਰੂਪਾਕਾਰ ਬਾਅਦ ਵਿਚ ਵਿਚਾਰੇ ਜਾਣਗੇ ਪਰ ਕਵਿਤਾ ਫੌਰੀ ਪ੍ਰਤੀਕਰਮ ਲੈ ਕੇ ਹਾਜ਼ਰ ਹੋਈ ਹੈ। ਸਥਾਪਤ ਕਵੀਆਂ ਤੋਂ ਲੈ ਕੇ ਨਵੀਆਂ ਕਲਮਾਂ ਤਕ ਸਭ ਨੇ ਆਪਣੀ ਕਵਿਤਾ ਵਿਚ ਕਿਸਾਨ ਅੰਦੋਲਨ ਨੂੰ ਵਿਸ਼ਾ ਬਣਾਇਆ। ਇਕਹਿਰੇ ਰਾਸ਼ਟਰਵਾਦ ਦਾ ਅਸ਼ਵਮੇਧ ਯੱਗ ਰੋਕਣ ਲਈ ਪੰਜਾਬੀ ਵਿਚਾਰ ਖੇਤ, ਦੁਕਾਨ, ਸੱਥ ਤੇ ਕਵਿਤਾ, ਹਰ ਮੰਚ ਉਪਰ ਸਰਗਰਮ ਨਜ਼ਰ ਆਏ ਹਨ। ਚਿਰਾਂ ਤੋਂ ਸਿਥਲ ਹੋਈ ਕਾਵਿ-ਚੇਤਨਾ ਨੂੰ ਹੁਲਾਰਾ ਮਿਲਿਆ ਤੇ ਨਵੀਂ ਵਿਸ਼ਾ ਸਮੱਗਰੀ ਵੀ। ਪੰਜਾਬੀ ਕਵੀ ਕਿਰਤ ਦੇ ਮਾਣ ਤੋਂ ਲੈ ਕੇ ਕਿਰਤ ਦੀ ਲੁੱਟ, ਇਤਿਹਾਸ ਦੇ ਵਿਸ਼ਲੇਸ਼ਣ ਤੇ ਲੜਨ-ਮਰਨ ਦੇ ਜਜ਼ਬੇ ਦਾ ਪ੍ਰਸਾਰਕ ਬਣਿਆ ਹੈ। ਇਹ ਜਜ਼ਬਾ ਲੰਮਾ ਚੱਲਣ ਵਾਲਾ ਤੇ ਵਿਚਾਰ ਦੀਆਂ ਕਈ ਪਰਤਾਂ ਉਪਜਾਉਣ ਵਾਲਾ ਹੋ ਸਕਦਾ ਹੈ।

ਇਸ ਅੰਦੋਲਨ ਨੇ ਪੰਜਾਬੀ ਸਭਿਆਚਾਰਕ ਹੋਂਦ ਵਿਚ ਇਤਿਹਾਸਕ ਵੱਢ ਮਾਰਿਆ ਹੈ। ਆਜ਼ਾਦੀ ਲਈ ਸੰਘਰਸ਼ ਤੋਂ ਬਾਅਦ ਪੰਜਾਬੀ ਸਮਾਜ ਕਦੇ ਵੀ ਇੰਨਾ ਇੱਕਜੁਟ ਨਜ਼ਰ ਨਹੀਂ ਆਇਆ ਜਿੰਨਾ ਇਸ ਅੰਦੋਲਨ ਦੌਰਾਨ ਦਿਖਾਈ ਦਿੱਤਾ ਹੈ। ਪੰਜਾਬੀ ਦੀ ਚੜ੍ਹਦੀ ਕਲਾ ਅਤੇ ਕੁਰਬਾਨੀ ਦੀਆਂ ਕਹਾਣੀਆਂ ਵੀ ਮਿੱਥਾਂ ਹੀ ਲੱਗਦੀਆਂ ਰਹੀਆਂ ਹਨ ਪਰ ਇਸ ਅੰਦੋਲਨ ਦੌਰਾਨ ਸੜਕਾਂ ਉਪਰ ਸੁੱਤੇ, ਠੰਢ ਝਾਖਦੇ ਬਜ਼ੁਰਗ, ਔਰਤਾਂ, ਬੱਚੇ ਜਿਵੇਂ ਲੜਨ ਮਰਨ ਦੇ ਜਜ਼ਬੇ ਨਾਲ ਲਬਰੇਜ਼ ਹਨ। ਸਿਨੇਮਾ ਨੇ ਭਾਰਤੀ ਕੌਮੀਅਤਾਂ ਵਿਚ ਪੰਜਾਬੀਆਂ ਦੀ ਛਬੀ ਜਾਂ ਤਾਂ ਮਸਖਰਿਆਂ ਵਾਲੀ ਬਣਾਈ ਜਾਂ ਪਿਛਲੇ ਕੁਝ ਸਾਲਾਂ ਤੋਂ ਨਸ਼ਾ ਪੰਜਾਬੀ ਸਮਾਜ ਦਾ ਕੇਂਦਰੀ ਬਿੰਦੂ ਸੀ; ਇਸ ਅੰਦੋਲਨ ਨੇ ਇਹ ਸਾਰੀਆਂ ਧਾਰਨਾਵਾਂ ਢਹਿ-ਢੇਰੀ ਕੀਤੀਆਂ ਹਨ। 'ਦਨਦਨਾਉਂਦੇ ਰਾਸ਼ਟਰਵਾਦ' ਮੂਹਰੇ ਹਿੱਕ ਡਾਹੀ ਖੜ੍ਹੇ ਪੰਜਾਬੀ ਪੂਰੇ ਦੇਸ਼ ਦੀਆਂ ਡਰੀਆਂ ਸਹਿਮੀਆਂ ਧਿਰਾਂ ਲਈ ਮਿਸਾਲ ਬਣੇ ਹਨ। ਇਹ ਸਾਰੇ ਪੱਖ ਸਭਿਆਚਾਰ ਵਿਚ ਸਿਫਤੀ ਤਬਦੀਲੀ ਦੇ ਸੂਚਕ ਹਨ।

ਇਤਿਹਾਸਕ ਤੌਰ 'ਤੇ ਸਾਬਤ ਹੋਇਆ ਹੈ ਕਿ ਮਨੁੱਖ ਆਪਣੇ ਅਨੁਭਵਾਂ ਤੋਂ ਸਭ ਤੋਂ ਵੱਧ ਸਿੱਖਦਾ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਸੰਸਾਰੀਕਰਨ ਦੇ ਬਿਰਤਾਂਤ ਨੂੰ ਜ਼ੋਰ ਲਾ ਕੇ ਪ੍ਰਚਾਰਦੇ ਵਿਦਵਾਨ ਹੁਣ ਥੱਕ ਹਾਰ ਚੁੱਕੇ ਸਨ; ਜਿਸ ਤਰ੍ਹਾਂ ਇਸ ਨੂੰ ਸੱਚਾਈ ਮੰਨ ਲਿਆ ਹੋਵੇ। ਸੰਸਾਰੀਕਰਨ ਦੇ ਹਾਮੀਆਂ ਵੱਲੋਂ ਇਸ ਚੁੱਪ ਨੂੰ ਜਿੱਤ ਮੰਨ ਕੇ ਲਾਭਕਾਰੀ ਹੋਣ ਦੇ ਦਾਅਵੇ ਠੋਕਿਆਂ ਵੀ ਚਿਰ ਹੋਇਆ ਸੀ। ਹੁਣ ਪੰਜਾਬੀਆਂ ਨੇ ਇਸ ਦੇ ਨਾਂਹ-ਵਾਚੀ ਸਿੱਟੇ ਮਹਿਸੂਸ ਕੀਤੇ ਹਨ। ਇਕ ਖਾਸ ਕੰਪਨੀ ਦੇ ਮਾਲ ਦਾ ਬਾਈਕਾਟ ਕਰਨ ਦਾ ਰੁਝਾਨ ਭਾਵੇਂ ਮਾਅਰਕੇਬਾਜ਼ੀ ਲੱਗਦਾ ਹੋਵੇ ਪਰ ਵਿਚਾਰ ਦੇ ਥੱਲੇ ਤਕ ਪਹੁੰਚਣ ਦਾ ਪ੍ਰਮਾਣ ਤਾਂ ਹੈ। ਪੰਜਾਬੀਆਂ ਨੇ ਕੌਮੀ ਮੀਡੀਆ ਵਿਰੁਧ ਦੱਬਵੀਂ ਜ਼ੁਬਾਨ ਨੂੰ ਉਚੀ ਆਵਾਜ਼ ਦਿੱਤੀ ਹੈ। ਬਹੁਤ ਦੇਰ ਬਾਅਦ ਲੱਗਦਾ ਹੈ ਕਿ ਪੰਜਾਬੀ ਬੰਦਾ ਆਪਣੀ ਹੋਣੀ ਬਾਰੇ ਜਾਨਣ, ਵਿਚਾਰਨ ਦੇ ਰਾਹ ਤੁਰਿਆ ਹੈ।

ਇਸ ਅੰਦੋਲਨ ਦੇ ਸਿੱਟੇ ਜਾਂ ਪ੍ਰਾਪਤੀਆਂ ਕੀ ਹੋਣਗੀਆਂ, ਇਹ ਪੇਸ਼ੀਨਗੋਈ ਕਰਨੀ ਅਜੇ ਬਹੁਤ ਕਾਹਲ ਹੋਵੇਗੀ ਪਰ ਇਕ ਗੱਲ ਪੱਕੀ ਹੈ ਕਿ ਪੰਜਾਬੀ ਸਭਿਆਚਾਰ ਵਿਚ ਇਹ ਅੰਦੋਲਨ ਦੂਰਗਾਮੀ ਪ੍ਰਭਾਵ ਛੱਡਣ ਵਾਲਾ ਸਾਬਤ ਹੋਵੇਗਾ।

**ਆਰ.ਐਸ.ਐਸ.-ਭਾਜਪਾ ਸਰਕਾਰ ਝੂਠ-ਦਰ-ਝੂਠ ਬੋਲ ਕੇ ਕਿਸਾਨ ਸੰਘਰਸ਼ ਨੂੰ ਗੁਮਰਾਹ ਕਰਨ ਅਤੇ ਲੀਹੋਂ ਲਾਹੁਣ ਲਈ ਹਰ ਹਰਬਾ ਵਰਤ ਰਹੀ ਹੈ। ਇਸ ਝੂਠ ਦਾ ਇਕ ਧੁਤੂ ਕੇਂਦਰੀ ਖੇਤੀ ਮੰਤਰੀ ਹੈ ਜੋ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਦੌਰਾਨ ਬਹੁਤ ਹੀ ਮੀਸਣਾ ਬਣ ਕੇ ਮਸਲੇ ਦੇ ਹੱਲ ਲਈ ਸੰਜੀਦਾ ਹੋਣ ਦਾ ਢੌਂਗ ਰਚਦਾ ਹੈ ਅਤੇ ਮੀਟਿੰਗ ਤੋਂ ਬਾਹਰ ਆ ਕੇ ਮੁੜ ਪਹਿਲਾਂ ਵਾਲੇ ਝੂਠ-ਮੋਡ ਵਿਚ ਆ ਕੇ ਖੇਤੀ ਕਾਨੂੰਨਾਂ ਨੂੰ ਜਾਇਜ਼ ਠਹਿਰਾਉਣ ਦਾ ਰਾਗ ਅਲਾਪਣਾ ਸ਼ੁਰੂ ਕਰ ਦਿੰਦਾ ਹੈ। ਹੁਣੇ ਜਿਹੇ ਖੇਤੀ ਮੰਤਰੀ ਨੇ ਖੁੱਲ੍ਹੀ ਚਿੱਠੀ ਲਿਖ ਕੇ ਕਿਸਾਨਾਂ ਨੂੰ 'ਦੇਸ਼-ਧ੍ਰੋਹੀ ਤਾਕਤਾਂ' ਤੋਂ ਸੁਚੇਤ ਕਰਦਿਆਂ ਇਕ ਵਾਰ ਫਿਰ ਖੇਤੀ ਕਾਨੂੰਨਾਂ ਦੀਆਂ ਘੋੜੀਆਂ ਗਾ ਦਿੱਤੀਆਂ; ਜਦਕਿ ਕਿਸਾਨ ਨੁਮਾਇੰਦਿਆਂ ਨਾਲ ਮੀਟਿੰਗ ਵਿਚ ਉਹ ਸਾਫ ਮੰਨ ਚੁੱਕਾ ਹੈ ਕਿ ਕਾਨੂੰਨ ਗਲਤ ਬਣਾਏ ਗਏ ਹਨ। ਇਸ ਲੇਖ ਵਿਚ ਛੱਤੀਸਗੜ੍ਹ ਦੇ ਕਿਸਾਨ ਆਗੂ ਸੰਜੇ ਪਰਾਤੇ ਨੇ ਖੇਤੀ ਮੰਤਰੀ ਵੱਲੋਂ ਬੋਲੇ ਝੂਠ ਦੀ ਗੰਢ ਖੋਲ੍ਹੀ ਹੈ, ਜਿਸ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ**

# ਖੇਤੀ ਮੰਤਰੀ ਦੀ ਖੁੱਲ੍ਹੀ ਚਿੱਠੀ ਦੇ ਦਾਅਵਿਆਂ ਦਾ ਕੱਚ-ਸੱਚ

**ਸੰਜੇ ਪਰਾਤੇ**
**ਅਨੁਵਾਦ: ਬੂਟਾ ਸਿੰਘ**

ਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਹਾਲ ਹੀ ਵਿਚ ਮੁਲਕ ਦੇ ਕਿਸਾਨਾਂ ਨੂੰ ਖੁੱਲ੍ਹੀ ਚਿੱਠੀ ਲਿਖੀ ਹੈ ਅਤੇ ਖੇਤੀ ਕਾਨੂੰਨਾਂ ਦੀਆਂ ਖੂਬੀਆਂ ਗਿਣਾਉਂਦੇ ਹੋਏ ਇਨ੍ਹਾਂ ਕਾਨੂੰਨਾਂ ਵਿਰੁਧ ਚੱਲ ਰਹੇ ਮੁਲਕ ਵਿਆਪੀ ਅੰਦੋਲਨ ਨੂੰ ਖਤਮ ਕਰਨ ਦੀ ਗੁਜ਼ਾਰਿਸ਼ ਕੀਤੀ ਹੈ। ਦਰਅਸਲ ਇਸ ਖੁੱਲ੍ਹੀ ਚਿੱਠੀ ਦੇ ਜ਼ਰੀਏ ਉਸ ਨੇ ਅਡਾਨੀ-ਅੰਬਾਨੀ ਦੇ ਵਪਾਰਕ-ਕਾਰੋਬਾਰੀ ਹਿਤਾਂ ਨੂੰ ਕਿਸਾਨਾਂ ਦੇ ਕੌਮੀ ਹਿਤ ਸਾਬਤ ਕਰਨ ਦੀ ਕਵਾਇਦ ਕੀਤੀ ਹੈ। ਇਸ ਦੇ ਲਈ ਉਸ ਨੇ ਆਪਣੇ ਝੂਠ ਨੂੰ ਅੰਦੋਲਨ ਦੀ ਆੜ ਵਿਚ ਕੁਝ 'ਰਾਜਨੀਤਿਕ ਪਾਰਟੀਆਂ ਅਤੇ ਜਥੇਬੰਦੀਆਂ ਵੱਲੋਂ ਰਚੇ ਗਏ ਕੁਚੱਕਰ' ਤੋਂ ਲੈ ਕੇ 'ਪੂਜਨੀਕ ਬਾਪੂ ਦਾ ਅਪਮਾਨ', 'ਦੰਗਿਆਂ ਦੇ ਦੋਸ਼ੀਆਂ ਦੀ ਰਿਹਾਈ', '62 ਦੀ ਲੜਾਈ', 'ਭਾਰਤ ਦੇ ਉਤਪਾਦਾਂ ਦਾ ਬਾਈਕਾਟ' ਵਗੈਰਾ ਮਸਾਲਿਆਂ ਦਾ ਖੂਬ ਤੜਕਾ ਲਗਾਇਆ ਹੈ ਜਿਸ ਦਾ ਕਿਸਾਨ ਅੰਦੋਲਨ ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਹੈ।

ਲੇਕਿਨ ਇਹ ਉਹ ਖਾਸ ਸੰਘੀ ਮਸਾਲਾ ਹੈ ਜਿਸ ਤੋਂ ਬਿਨਾਂ ਉਸ ਦੀ ਪਛਾਣ ਮੁਕੰਮਲ ਨਹੀਂ ਹੁੰਦੀ ਅਤੇ ਖਾਕੀ ਪੈਂਟ ਹੇਠਲੀ ਨਿੱਕਰ ਵੀ ਨਜ਼ਰ ਨਹੀਂ ਆਉਂਦੀ ਕਿਉਂਕਿ ਤੋਮਰ ਨੂੰ ਇਹ ਖਾਕੀ ਨਿੱਕਰ ਦਿਖਾਉਣ ਵਿਚ ਕੋਈ ਹਿਚਕ ਨਹੀਂ ਹੈ, ਲਿਹਾਜ਼ਾ ਇਹ ਸਾਫ ਹੈ ਕਿ ਉਹ ਭਾਰਤੀ ਗਣਰਾਜ ਦੇ ਕੇਂਦਰੀ ਮੰਤਰੀ ਦੀ ਜਗ੍ਹਾ ਇਕ ਐਸੀ ਕਾਰਪੋਰੇਟਪ੍ਰਸਤ ਪਾਰਟੀ ਦੇ ਕਾਰਿੰਦੇ ਦੀ ਭੂਮਿਕਾ ਨਿਭਾਅ ਰਿਹਾ ਹੈ ਜੋ ਆਜ਼ਾਦੀ ਦੇ ਅੰਦੋਲਨ ਵਿਚ ਆਪਣੀ ਅੰਗਰੇਜ਼ਪ੍ਰਸਤ ਭੂਮਿਕਾ ਦੇ ਲਈ ਜਾਣੀ ਜਾਂਦੀ ਹੈ ਅਤੇ ਆਜ਼ਾਦੀ ਤੋਂ ਪਿੱਛੋਂ ਦਾ ਜਿਸ ਦਾ ਇਕੋ-ਇਕ ਇਤਿਹਾਸ ਸਿਰਫ ਆਮ ਜਨਤਾ ਦੀ ਭਾਈਚਾਰਕ ਏਕਤਾ ਨੂੰ ਤੋੜਨ ਹੀ ਰਿਹਾ ਹੈ।

ਪਿਛਲੇ ਇਕ ਮਹੀਨੇ ਤੋਂ ਪੂਰੇ ਮੁਲਕ ਦੇ ਕਿਸਾਨ ਦਿੱਲੀ ਦੀਆਂ ਸਰਹੱਦਾਂ ਉਪਰ ਡੇਰੇ ਲਾਈ ਬੈਠੇ ਹਨ, ਇਸ ਲਈ ਕਿ ਦਿੱਲੀ ਵਿਚ ਬੈਠ ਕੇ ਪੂਰੇ ਮੁਲਕ ਦੇ ਕਿਸਾਨਾਂ ਨੂੰ ਹੁਕਮ ਦੇਣ ਵਾਲੀ ਸਰਕਾਰ ਵਿਚ ਏਨੀ ਹਿੰਮਤ ਨਹੀਂ ਹੈ ਕਿ ਦਿੱਲੀ ਬੁਲਾ ਕੇ ਇਨ੍ਹਾਂ ਕਿਸਾਨਾਂ ਦੀ ਗੱਲ ਸੁਣ ਲਵੇ। ਇਨ੍ਹਾਂ ਕਿਸਾਨਾਂ ਦੀ ਇਕ ਹੀ ਮੰਗ ਹੈ ਕਿ ਉਨ੍ਹਾਂ ਨੂੰ ਬਰਬਾਦ ਕਰਨ ਵਾਲੇ ਇਹ ਕਾਨੂੰਨ ਵਾਪਸ ਲਏ ਜਾਣ ਅਤੇ ਇਸ ਤੋਂ ਘੱਟ ਉਨ੍ਹਾਂ ਨੂੰ ਕੁਝ ਵੀ ਮਨਜ਼ੂਰ ਨਹੀਂ ਹੈ। ਸੁਪਰੀਮ ਕੋਰਟ ਵੀ ਉਨ੍ਹਾਂ ਨੂੰ ਉਥੋਂ ਹਟਾਉਣ ਦਾ ਆਦੇਸ਼ ਦੇਣ ਤੋਂ ਇਨਕਾਰ ਕਰ ਚੁੱਕੀ ਹੈ ਅਤੇ ਸਰਕਾਰ ਨੂੰ ਇਕ ਚਿਤਾਵਨੀ ਵੀ ਦਿੱਤੀ ਗਈ ਹੈ ਕਿ ਕਿਸਾਨਾਂ ਨੂੰ ਉਕਸਾਉਣ ਦੀ ਹਰਕਤ ਤੋਂ ਬਾਜ ਆਵੇ। ਲੱਖਾਂ ਕਿਸਾਨ ਦਿੱਲੀ ਨੂੰ ਘੇਰਾ ਪਾਈ ਬੈਠੇ ਹਨ ਅਤੇ ਇਸ ਨਾਲ ਬੁਖਲਾਈ ਸਰਕਾਰ ਨੇ ਸੰਸਦ ਦਾ ਸਰਦ ਰੁੱਤ ਦਾ ਸੈਸ਼ਨ ਹੀ ਰੱਦ ਕਰਨ ਦਾ ਐਲਾਨ ਕਰ ਦਿੱਤਾ ਹੈ।

ਇਕ ਪਾਸੇ ਪੂਰਾ ਮੁਲਕ ਇਸ ਇਤਿਹਾਸਕ ਕਿਸਾਨ ਅੰਦੋਲਨ ਉਪਰ ਨਜ਼ਰਾਂ ਟਿਕਾਈ ਬੈਠਾ ਹੈ, ਉਸ ਦੀ ਹਮਾਇਤ 'ਚ ਡਟਿਆ ਹੋਇਆ ਹੈ, ਉਥੇ ਦੂਜੇ ਪਾਸੇ ਸਰਕਾਰ ਦੇ ਝੂਠ ਦੀ ਮਸ਼ੀਨ ਪੂਰੇ ਦਮ-ਖਮ ਨਾਲ ਕੰਮ 'ਚ ਜੁੱਟੀ ਹੋਈ ਹੈ। ਸਰਕਾਰੀ ਮਿੱਥ ਪ੍ਰਚਾਰਕਾਂ ਨੂੰ ਹੁਣ ਕਿਸਾਨ ਅੰਨਦਾਤਾ ਨਜ਼ਰ ਨਹੀਂ ਆਉਂਦਾ, ਉਹ ਉਸ ਵਿਚ ਖਾਲਿਸਤਾਨੀ, ਅਤਿਵਾਦੀ, ਨਕਸਲੀ, ਪਾਕਿਸਤਾਨੀ, ਦੇਸ਼-ਧ੍ਰੋਹੀ ਆਦਿ ਦਾ ਝਉਲਾ ਦੇਖ ਰਹੇ ਹਨ। ਉਨ੍ਹਾਂ ਦੀ ਨਜ਼ਰ ਇਸ ਅੰਦੋਲਨ ਦੀ ਸਹਾਇਤਾ-ਸੰਭਾਲ 'ਚ ਸੇਵਾ ਭਾਵਨਾ ਨਾਲ ਜੁਟੇ ਲੋਕਾਂ ਅਤੇ ਇਸ ਦੇ ਬਾਵਜੂਦ ਤਿੰਨ ਦਰਜਨ ਲੋਕਾਂ ਦੀਆਂ ਸ਼ਹਾਦਤਾਂ ਨੂੰ ਨਹੀਂ ਦੇਖਦੀ। ਹਾਂ, ਇਸ ਅੰਦੋਲਨ ਦੇ ਪਿੱਛੇ ਹੋਣ ਵਾਲੀ ਕਥਿਤ ਅਦਿੱਖ ਫੰਡਿੰਗ ਨੂੰ ਲੱਭਣ ਲੱਗੀ ਹੋਈ ਹੈ।

ਇਹ ਸਭ ਰਟਣ-ਮੰਤਰ ਤੋਮਰ ਦੀ ਚਿੱਠੀ ਵਿਚ ਸਾਫ ਝਲਕ ਰਿਹਾ ਹੈ। ਆਪਣੀ ਚਿੱਠੀ ਵਿਚ ਉਹ ਜੋ ਦਾਅਵਾ ਕਰਦਾ ਹੈ, ਉਸ ਦੀ ਸਚਾਈ ਸਾਰਿਆਂ ਨੂੰ ਪਤਾ ਹੈ ਅਤੇ ਇਸ ਲਈ ਇਸ ਖੁੱਲ੍ਹੀ ਚਿੱਠੀ ਦੀ ਹਮਾਇਤ 'ਚ ਵ੍ਹੱਟਸਐਪ ਯੂਨੀਵਰਸਿਟੀ ਦੇ ਮਾਹਰਾਂ ਅਤੇ ਕੁਝ ਜਾਅਲੀ ਕਿਸਾਨ ਜਥੇਬੰਦੀਆਂ ਤੋਂ ਸਿਵਾਏ ਹੋਰ ਕੋਈ ਨਜ਼ਰ ਨਹੀਂ ਆ ਰਿਹਾ। ਕਿਸਾਨ ਵਿਰੋਧੀ ਖੇਤੀ ਕਾਨੂੰਨਾਂ ਦੇ ਪ੍ਰਸੰਗ 'ਚ ਤੋਮਰ ਦੇ ਦਾਅਵੇ ਅਤੇ ਉਨ੍ਹਾਂ ਦੀ ਸਚਾਈ ਇਸ ਤਰ੍ਹਾਂ ਹੈ:

**ਦਾਅਵਾ 1:** ਕਿਸਾਨਾਂ ਦੀ ਜ਼ਮੀਨ ਨੂੰ ਕੋਈ ਖਤਰਾ ਨਹੀਂ ਹੈ। ਠੇਕੇ 'ਚ ਜ਼ਮੀਨ ਗਹਿਣੇ ਨਹੀਂ ਰੱਖੀ ਜਾਵੇਗੀ ਅਤੇ ਜ਼ਮੀਨ ਦੇ ਕਿਸੇ ਵੀ ਤਰ੍ਹਾਂ ਦੇ ਤਬਾਦਲੇ ਦਾ ਇਕਰਾਰ ਵੀ ਨਹੀਂ ਕੀਤਾ ਜਾਵੇਗਾ।

**ਸਚਾਈ:** ਖੇਤੀ ਮੰਤਰੀ ਦਾ ਦਾਅਵਾ ਕਾਨੂੰਨ ਨੂੰ ਦੇਖਦਿਆਂ ਗਲਤ ਹੈ। ਠੇਕਾ ਖੇਤੀ ਕਾਨੂੰਨ ਦੀ ਧਾਰਾ-9 ਵਿਚ ਸਾਫ ਲਿਖਿਆ ਹੈ ਕਿ ਕਿਸਾਨ ਦੀ ਲਾਗਤ ਦੀ ਜੋ ਅਦਾਇਗੀ ਕੰਪਨੀ ਨੂੰ ਕੀਤੀ ਜਾਣੀ ਹੈ, ਉਸ ਦੀ ਵਿਵਸਥਾ ਕਰਜ਼ਦਾਤਾ ਸੰਸਥਾਵਾਂ ਨਾਲ ਵੱਖਰਾ ਸਮਝੌਤਾ ਕਰ ਕੇ ਪੂਰੀ ਹੋਵੇਗੀ ਜੋ ਇਸ ਠੇਕੇ ਦੇ ਇਕਰਾਰਨਾਮੇ ਤੋਂ ਵੱਖਰਾ ਹੋਵੇਗਾ; ਲੇਕਿਨ ਕਰਜ਼ਦਾਤਾ ਸੰਸਥਾਵਾਂ ਜ਼ਮੀਨ ਗਹਿਣੇ ਰੱਖ ਕੇ ਹੀ ਕਰਜ਼ਾ ਦਿੰਦੀਆਂ ਹਨ।

ਠੇਕਾ ਖੇਤੀ ਕਾਨੂੰਨ ਦੀ ਧਾਰਾ 14(2) ਵਿਚ ਲਿਖਿਆ ਹੈ ਕਿ ਜੇ ਕਿਸਾਨ ਕੰਪਨੀ ਤੋਂ ਉਧਾਰ ਲੈਂਦਾ ਹੈ ਤਾਂ ਉਸ ਉਧਾਰ ਦੀ ਵਸੂਲੀ 'ਕੰਪਨੀ ਦੇ ਕੁਲ ਖਰਚ ਦੀ ਵਸੂਲੀ ਦੇ ਰੂਪ 'ਚ ਕੀਤੀ ਜਾਵੇਗੀ' ਜੋ ਧਾਰਾ 14(7) ਦੇ ਤਹਿਤ 'ਮਾਲੀਏ ਦੇ ਬਕਾਏ ਦੇ ਰੂਪ ਵਿਚ' ਕੀਤੀ ਜਾਵੇਗੀ।

**ਦਾਅਵਾ 2:** ਠੇਕੇ 'ਚ ਉਪਜ ਦਾ ਖਰੀਦ ਮੁੱਲ ਦਰਜ ਹੋਵੇਗਾ, ਭੁਗਤਾਨ ਸਮਾਂ ਸੀਮਾ ਦੇ ਅੰਦਰ ਹੋਵੇਗਾ, ਕਿਸਾਨ ਕਦੇ ਵੀ ਇਕਰਾਰਨਾਮਾ ਖਤਮ ਕਰ ਸਕਦੇ ਹਨ, ਵਗੈਰਾ।

**ਸਚਾਈ:** ਇਹ ਸਾਰੇ ਦਾਅਵੇ ਕਾਨੂੰਨ ਵਿਚ ਵਰਨਣ ਕੀਤੀਆਂ ਧਾਰਾਵਾਂ ਦੇ ਉਲਟ ਹਨ। ਇਹ ਧਾਰਾਵਾਂ ਸਪਸ਼ਟ ਕਰਦੀਆਂ ਹਨ ਕਿ ਕਿਸਾਨ ਦੀ ਉਪਜ ਦਾ ਭੁਗਤਾਨ ਕਰਨ ਤੋਂ ਪਹਿਲਾਂ ਕੰਪਨੀ ਫਸਲ ਦੀ ਗੁਣਵੱਤਾ ਦਾ ਕਿਸੇ ਪਾਰਖੂ ਤੋਂ ਮੁਲੰਕਣ ਕਰਾਏਗੀ, ਫਿਰ ਉਸ ਦੀ ਸਿਫਾਰਸ਼ ਅਤੇ ਮੁੱਲ ਤੈਅ ਕਰਨ ਤੋਂ ਬਾਅਦ ਭੁਗਤਾਨ ਕਰੇਗੀ।

ਭੁਗਤਾਨ ਦੀ ਸਮਾਂ-ਸੀਮਾ ਵਿਚ ਵੀ ਬਹੁਤ ਸਾਰੇ ਬਦਲ ਦਿੱਤੇ ਗਏ ਹਨ ਜਿਨ੍ਹਾਂ ਵਿਚ ਇਹ ਵੀ ਹੈ ਕਿ ਪਰਚੀ ਉਪਰ ਖਰੀਦਣ ਤੋਂ ਬਾਦ ਭੁਗਤਾਨ ਤਿੰਨ ਦਿਨ ਦੇ ਅੰਦਰ ਕੀਤਾ ਜਾਵੇਗਾ। ਹੁਣ ਵੀ ਗੰਨਾ ਬੀਜਣ ਵਾਲੇ ਕਿਸਾਨਾਂ ਨੂੰ ਫਸਲ ਦਾ ਭੁਗਤਾਨ ਪਰਚੀ ਉਪਰ ਹੁੰਦਾ ਹੈ ਜਿਸ ਦੇ ਕਾਰਨ ਇਨ੍ਹਾਂ ਕਿਸਾਨਾਂ ਦੇ ਪਿਛਲੇ ਕਈ ਸਾਲਾਂ ਦੇ ਹਜ਼ਾਰਾਂ ਕਰੋੜ ਰੁਪਏ ਅੱਜ ਵੀ ਬਕਾਇਆ ਖੜ੍ਹੇ ਹਨ। ਕਿਸਾਨਾਂ ਦੀ ਇਸ ਲੁੱਟ ਨੂੰ ਹੁਣ ਕਾਨੂੰਨੀ ਰੂਪ ਦੇ ਦਿੱਤਾ ਗਿਆ ਹੈ।

ਕਾਨੂੰਨ ਵਿਚ ਇਹ ਵਿਵਸਥਾ ਵੀ ਹੈ ਕਿ ਨਿੱਜੀ ਮੰਡੀ ਦਾ ਖਰੀਦਦਾਰ ਕਿਸਾਨ ਨੂੰ ਉਦੋਂ ਭੁਗਤਾਨ ਕਰੇਗਾ, ਜਦ ਉਸ ਨੂੰ ਉਸ ਕੰਪਨੀ ਤੋਂ ਅਦਾਇਗੀ ਮਿਲੇਗੀ ਜਿਸ ਨੂੰ ਉਹ ਅੱਗੇ ਫਸਲ ਵੇਚੇਗਾ। ਇਸ ਦਾ ਭਾਵ ਹੈ ਕਿ ਕਿਸਾਨਾਂ ਨੂੰ ਭੁਗਤਾਨ ਦੀ ਸਮਾਂ-ਸੀਮਾ ਦੀ ਕੋਈ ਗਾਰੰਟੀ ਨਹੀਂ ਹੈ।

**ਦਾਅਵਾ 3:** ਲਾਗਤ ਦਾ ਡੇਢ ਗੁਣਾਂ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾ ਰਿਹਾ ਹੈ।

**ਸਚਾਈ:** ਸਾਬਕਾ ਵਿੱਤ ਮੰਤਰੀ ਮਰਹੂਮ ਅਰੁਣ ਜੇਤਲੀ ਨੇ ਆਪਣੇ ਬਜਟ ਭਾਸ਼ਣ ਵਿਚ ਸਪਸ਼ਟ ਰੂਪ 'ਚ ਮੰਨਿਆ ਸੀ ਕਿ ਮੋਦੀ ਸਰਕਾਰ ਏ-2+ਐਫ.ਐਲ. ਦਾ ਡੇਢ ਗੁਣਾਂ ਸਮਰਥਨ ਮੁੱਲ ਦੇ ਰੂਪ 'ਚ ਕਿਸਾਨਾਂ ਨੂੰ ਦੇ ਰਹੀ ਹੈ। ਸੱਚ ਤਾਂ ਇਹ ਹੈ ਕਿ ਜ਼ਿਆਦਾਤਰ ਫਸਲਾਂ ਦਾ ਇਹ ਭਾਅ ਵੀ ਨਹੀਂ ਦਿੱਤਾ ਜਾ ਰਿਹਾ; ਜਦਕਿ ਮੁਲਕ ਵਿਆਪੀ ਕਿਸਾਨ ਅੰਦੋਲਨ ਦੀ ਮੰਗ ਫਸਲ ਦੀ ਸੀ-2 ਲਾਗਤ ਮੁੱਲ ਦਾ ਡੇਢ ਗੁਣਾਂ ਘੱਟੋ-ਘੱਟ ਸਮਰਥਨ ਮੁੱਲ ਦੇ ਰੂਪ 'ਚ ਦੇਣ ਅਤੇ ਕਾਨੂੰਨ ਬਣਾ ਕੇ ਇਸ ਦੀ ਗਾਰੰਟੀ ਦੇਣ ਦੀ ਹੈ।

ਇਹ ਮੋਦੀ ਸਰਕਾਰ ਹੀ ਸੀ ਜਿਸ ਨੇ ਐਮ.ਐਸ.ਪੀ. (ਘੱਟੋ.ਘੱਟ ਸਮਰਥਨ ਮੁੱਲ) ਦੇ ਤਰਕਪੂਰਨ ਨਿਰਧਾਰਨ ਲਈ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਦੇ ਜਵਾਬ ਵਿਚ ਹਲਫਨਾਮਾ ਦੇ ਕੇ ਸਾਫ ਕਿਹਾ ਸੀ ਕਿ 'ਚਾਹੇ ਚੋਣ ਮੈਨੀਫੈਸਟੋ ਵਿਚ ਐਸਾ ਵਾਅਦਾ ਕੀਤਾ ਗਿਆ ਸੀ, ਲੇਕਿਨ ਹੁਣ ਅਸੀਂ ਇਸ ਨੂੰ ਲਾਗੂ ਨਹੀਂ ਕਰ ਸਕਦੇ।'



**ਦਾਅਵਾ 4:** ਸਰਕਾਰੀ ਮੰਡੀਆਂ, ਐਮ.ਐਸ.ਪੀ. ਅਤੇ ਸਰਕਾਰੀ ਖਰੀਦ ਜਾਰੀ ਰਹੇਗੀ।

**ਸਚਾਈ:** ਕਾਨੂੰਨ ਦੇ ਅਨੁਸਾਰ ਖੇਤੀ-ਕਿਸਾਨੀ ਅਤੇ ਖੁਰਾਕੀ ਅਨਾਜਾਂ ਦੇ ਵਪਾਰ ਦੇ ਖੇਤਰ ਵਿਚ ਹੁਣ ਸਰਕਾਰ ਕਾਰਪੋਰੇਟਾਂ ਨੂੰ ਪ੍ਰੋਮੋਟ ਕਰੇਗੀ। ਇਸ ਤੋਂ ਸਪਸ਼ਟ ਹੈ ਕਿ ਹੋਰ ਵਿਵਸਥਾਵਾਂ ਨੂੰ ਨਿਰਉਤਸ਼ਾਹਤ ਕੀਤਾ ਜਾਵੇਗਾ ਅਤੇ ਸਹਿਜੇ-ਸਹਿਜੇ ਇਹ ਬੰਦ ਹੋ ਜਾਣਗੀਆਂ। ਨੀਤੀ ਆਯੋਗ ਦੇ ਮਾਹਰ ਵੀ ਲੇਖ ਲਿਖ ਕੇ ਕਹਿ ਰਹੇ ਹਨ ਕਿ ਮੁਲਕ ਵਿਚ ਅਨਾਜ ਬਹੁਤ ਜ਼ਿਆਦਾ ਪੈਦਾ ਹੋ ਰਿਹਾ ਹੈ, ਭੰਡਾਰਨ ਦੀ ਜਗ੍ਹਾ ਨਹੀਂ ਹੈ ਤਾਂ ਸਰਕਾਰ ਸਾਰਿਆਂ ਦੀ ਫਸਲ ਨੂੰ ਕਿਵੇਂ ਖਰੀਦ ਸਕਦੀ ਹੈ? ਸਰਕਾਰ ਦੇ ਨਾਲ ਕਿਸਾਨ ਜਥੇਬੰਦੀਆਂ ਦੀ ਗੱਲਬਾਤ ਵਿਚ ਵੀ ਤੋਮਰ ਨੇ ਸਪਸ਼ਟ ਕਿਹਾ ਸੀ ਕਿ ਐਮ.ਐਸ.ਪੀ. ਅਤੇ ਸਰਕਾਰੀ ਖਰੀਦ ਨੂੰ ਕੋਈ ਅਧਾਰ ਨਹੀਂ (ਗਾਰੰਟੀ ਦੇ ਰੂਪ 'ਚ) ਦਿੱਤਾ ਜਾ ਸਕਦਾ। ਇਸ ਲਈ ਨਿੱਜੀ ਮੰਡੀਆਂ ਵੀ ਆਉਣਗੀਆਂ, ਐਮ.ਐਸ.ਪੀ. ਦੀਆਂ ਮੰਡੀਆਂ ਵੀ ਜਾਰੀ ਰਹਿਣਗੀਆਂ - ਇਹ ਦਾਅਵਾ ਉਸੇ ਤਰ੍ਹਾਂ ਦਾ ਹੈ ਜਿਵੇਂ ਇਹ ਦਾਅਵਾ ਕੀਤਾ ਗਿਆ ਸੀ - ਅੰਬਾਨੀ ਦਾ ਜੀਓ ਵੀ ਆਵੇਗਾ ਅਤੇ ਸਰਕਾਰੀ ਬੀ.ਐਸ.ਐਨ.ਐਲ. ਵੀ ਜਾਰੀ ਰਹੇਗਾ। ਹਕੀਕਤ ਇਹ ਹੈ ਕਿ ਬੀ.ਐਸ.ਐਨ.ਐਲ. ਸਹਿਜੇ-ਸਹਿਜੇ ਖਤਮ ਹੋ ਰਿਹਾ ਹੈ।

**ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਅਤੇ ਬਿਜਲੀ ਬਿੱਲ-2020 ਨੂੰ ਵਾਪਸ ਲਿਆ ਜਾਣਾ ਇਸ ਲਈ ਵੀ ਜ਼ਰੂਰੀ ਹੈ, ਕਿਉਂਕਿ ਇਹ ਖੇਤੀ ਮੰਡੀਆਂ, ਖੇਤੀ ਕਰਨ ਦੀ ਪ੍ਰਕਿਰਿਆ, ਲਾਗਤ ਦੇ ਸਮਾਨ ਦੀ ਸਪਲਾਈ, ਫਸਲਾਂ ਦੇ ਭੰਡਾਰਨ, ਕੋਲਡ ਸਟੋਰਾਂ, ਢੋਆ-ਢੁਆਈ, ਪ੍ਰਾਸੈਸਿੰਗ, ਖਾਣੇ ਦੀ ਵਿਕਰੀ ਵਿਚ ਬੜੇ ਕਾਰਪੋਰੇਟ ਅਤੇ ਵਿਦੇਸ਼ੀ ਕੰਪਨੀਆਂ ਨੂੰ ਕਾਨੂੰਨੀ ਅਧਿਕਾਰ ਦੇ ਤੌਰ 'ਤੇ ਸਥਾਪਤ ਕਰ ਦੇਣਗੇ। ਨਾਲ ਹੀ ਜ਼ਰੂਰੀ ਵਸਤਾਂ ਕਾਨੂੰਨ ਵਿਚ ਕੀਤੀ ਗਈ ਸੋਧ ਖੁੱਲ੍ਹੇਆਮ ਜਮ੍ਹਾਖੋਰੀ ਅਤੇ ਕਾਲਾਬਜ਼ਾਰੀ ਨੂੰ ਸ਼ਹਿ ਅਤੇ ਹੱਲਾਸ਼ੇਰੀ ਦੇਵੇਗੀ। ਇਹ ਖਾਣ ਵਾਲੀਆਂ ਵਸਤਾਂ ਦੇ ਭਾਅ ਹਰ ਸਾਲ ਘੱਟੋ-ਘੱਟ ਡੇਢ ਗੁਣਾਂ ਵਧਾਉਣ ਦੀ ਇਜਾਜ਼ਤ ਦੇ ਦੇਵੇਗੀ ਅਤੇ ਸਰਕਾਰੀ ਰਾਸ਼ਣ ਪ੍ਰਣਾਲੀ ਦਾ ਭੋਗ ਪਾ ਦੇਵੇਗੀ।**

ਯਾਦ ਰਹੇ ਕਿ ਸ਼ਾਂਤਾ ਕੁਮਾਰ ਕਮੇਟੀ ਦੇ ਅਨੁਸਾਰ ਸਿਰਫ 6 ਫੀਸਦੀ ਕਿਸਾਨਾਂ ਨੂੰ ਹੀ ਐਮ.ਐਸ.ਪੀ. ਉਪਰ ਸਰਕਾਰੀ ਖਰੀਦ ਦਾ ਲਾਭ ਮਿਲਦਾ ਹੈ, ਬਾਕੀ ਇਸ ਤੋਂ ਵਾਂਝੇ ਰਹਿੰਦੇ ਹਨ। ਜਦਕਿ ਦੇਸ਼ਵਿਆਪੀ ਕਿਸਾਨ ਅੰਦੋਲਨ ਦੀ ਮੰਗ ਹੈ ਕਿ ਮੁਲਕ ਦੇ ਸਾਰੇ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦਾ ਲਾਭ ਲਾਜ਼ਮੀ ਮਿਲਣਾ ਚਾਹੀਦਾ ਹੈ।

**ਦਾਅਵਾ 5:** ਕਿਸਾਨ ਆਪਣੀ ਫਸਲ ਜਿੱਥੇ ਚਾਹੇ, ਉਥੇ ਜਾ ਕੇ ਵੇਚ ਸਕੇਗਾ।

**ਸਚਾਈ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਹਾਲ ਹੀ ਵਿਚ ਪ੍ਰਦੇਸ਼ ਦੇ ਬਾਹਰੋਂ ਫਸਲ ਵੇਚਣ ਆਏ ਕਿਸਾਨਾਂ ਦੇ ਖਿਲਾਫ ਕਾਰਵਾਈ ਕਰਨ ਦੀ ਧਮਕੀ ਦਿੱਤੀ ਹੈ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਤਾਂ ਉਨ੍ਹਾਂ ਦੇ ਟਰੱਕ-ਟਰੈਕਟਰ ਜ਼ਬਤ ਕਰਨ ਅਤੇ ਉਨ੍ਹਾਂ ਨੂੰ ਜੇਲ੍ਹ ਭੇਜਣ ਦਾ ਐਲਾਨ ਵੀ ਕੀਤਾ ਹੈ। ਇਹ ਦੋਵੇਂ ਕੱਟੜ ਸੰਘੀ ਅਤੇ ਭਾਜਪਾਈ ਮੁੱਖ ਮੰਤਰੀ ਹਨ। ਉਨ੍ਹਾਂ ਦੇ ਇਸ ਐਲਾਨ ਦੇ ਖਿਲਾਫ ਕੇਂਦਰ ਦੀ ਮੋਦੀ ਸਰਕਾਰ ਨੇ ਇਕ ਸ਼ਬਦ ਤੱਕ ਨਹੀਂ ਬੋਲਿਆ ਹੈ।

ਵੈਸੇ ਵੀ ਸਾਡੇ ਮੁਲਕ ਵਿਚ 86 ਫੀਸਦੀ ਕਿਸਾਨ ਅਤਿ-ਛੋਟੇ (ਸੀਮਾਂਤ) ਅਤੇ ਛੋਟੇ ਕਿਸਾਨ ਹਨ ਜੋ ਆਪਣਾ ਅਨਾਜ ਮੰਡੀਆਂ ਤੱਕ ਲੈ ਕੇ ਜਾਣ ਦੀ ਹੈਸੀਅਤ ਨਹੀਂ ਰੱਖਦੇ। ਇਨ੍ਹਾਂ ਕਿਸਾਨਾਂ ਨੂੰ ਇਹ ਸਰਕਾਰ ਮੁੰਗੇਰੀ ਲਾਲ ਦੇ ਸੁਪਨੇ ਦਿਖਾ ਰਹੀ ਹੈ। ਜਦਕਿ ਇਨ੍ਹਾਂ ਨੂੰ ਆਪਣੇ ਪਿੰਡ ਤੋਂ ਜ਼ਿਆਦਾ ਤੋਂ ਜ਼ਿਆਦਾ ਪੰਜ ਕਿਲੋਮੀਟਰ ਦੇ ਅੰਦਰ ਸਰਕਾਰੀ ਮੰਡੀ ਚਾਹੀਦੀ ਹੈ, ਜਿੱਥੇ ਉਨ੍ਹਾਂ ਨੂੰ ਆਪਣੀ ਫਸਲ ਦਾ ਤੈਅਸ਼ੁਦਾ ਘੱਟੋਘੱਟ ਸਮਰਥਨ ਮੁੱਲ ਮਿਲ ਸਕੇ।

**ਦਾਅਵਾ 6:** ਖੇਤੀ ਬੁਨਿਆਦੀ-ਢਾਂਚਾ ਫੰਡ ਉਪਰ ਸਰਕਾਰ ਨੇ ਇਕ ਲੱਖ ਕਰੋੜ ਰੁਪਏ ਜਾਰੀ ਕੀਤੇ ਹਨ।

**ਸਚਾਈ:** ਇਸ ਫੰਡ ਦੀ ਵਰਤੋਂ ਕਿਸਾਨਾਂ ਦੇ ਲਈ ਨਹੀਂ ਬਲਕਿ ਖੇਤੀ ਵਿਚ ਬੜੇ ਕਾਰਪੋਰੇਟ ਘਰਾਣਿਆਂ ਅਤੇ ਬਦੇਸ਼ੀ ਕੰਪਨੀਆਂ ਦੀ ਦਖਲਅੰਦਾਜ਼ੀ ਨੂੰ ਵਧਾਉਣ ਦੇ ਲਈ ਕੀਤੀ ਜਾ ਰਹੀ ਹੈ। ਜੇ ਇਸ ਫੰਡ ਦਾ ਇਸਤੇਮਾਲ ਸਿੱਧੇ ਤੌਰ 'ਤੇ ਜਾਂ ਸਹਿਕਾਰੀ ਸਭਾਵਾਂ ਦੇ ਜ਼ਰੀਏ ਕਿਸਾਨਾਂ ਨੂੰ ਸਿੰਜਾਈ, ਟਰੈਕਟਰ ਅਤੇ ਹੋਰ ਖੇਤੀ ਮਸ਼ੀਨਰੀ, ਲਾਗਤ ਦੀ ਹੋਰ ਸਮੱਗਰੀ, ਭੰਡਾਰਨ, ਫਸਲਾਂ ਦੀ ਪ੍ਰਾਸੈਸਿੰਗ ਦੇ ਸਾਜ਼ੋ-ਸਮਾਨ, ਕੋਲਡ ਸਟੋਰਾਂ ਅਤੇ ਵਿਕਰੀ ਵਗੈਰਾ ਦੀ ਵਿਵਸਥਾ ਕਰਨ ਲਈ ਕੀਤੀ ਜਾਂਦੀ ਤਾਂ ਇਸ ਨਾਲ ਕਿਸਾਨਾਂ ਦਾ ਭਲਾ ਹੁੰਦਾ।

**ਦਾਅਵਾ 7:** ਇਹ ਕਾਨੂੰਨ ਪੂਰੀ ਤਰ੍ਹਾਂ ਕਿਸਾਨਾਂ ਦੇ ਹਿਤ ਵਿਚ ਹਨ ਅਤੇ ਉਨ੍ਹਾਂ ਦੀ ਜ਼ਿੰਦਗੀ ਵਿਚ ਬਦਲਾਓ ਲਿਆਉਣਗੇ। ਇਸ ਵਿਚ ਕੁਛ ਸੋਧਾਂ ਕੀਤੀਆਂ ਜਾ ਸਕਦੀਆਂ ਹਨ।

**ਸਚਾਈ:** ਹਕੀਕਤ ਇਹ ਹੈ ਕਿ ਇਹ ਕਾਨੂੰਨ ਬੜੇ ਕਾਰਪੋਰੇਟਾਂ ਅਤੇ ਅਡਾਨੀ-ਅੰਬਾਨੀ ਦੇ ਹਿਤ ਵਿਚ ਹਨ ਅਤੇ ਅਡਾਨੀ-ਅੰਬਾਨੀ ਦੇ ਹਿਤ ਕਦੇ ਵੀ ਕਿਸਾਨਾਂ ਦੇ ਹਿਤ ਨਹੀਂ ਬਣ ਸਕਦੇ। ਹਾਂ, ਇਨ੍ਹਾਂ ਨਾਲ ਕਿਸਾਨਾਂ ਦੀ ਜ਼ਿੰਦਗੀ ਵਿਚ ਇਕ ਬਦਲਾਓ ਜ਼ਰੂਰ ਆਵੇਗਾ। ਉਹ ਇਹ ਕਿ ਉਹ ਜ਼ਮੀਨਾਂ ਤੋਂ ਵਿਰਵੇ ਅਤੇ ਜ਼ਮੀਨਾਂ ਤੋਂ ਬੇਦਖਲ ਹੋ ਕੇ ਬੇਜ਼ਮੀਨੇ ਬਣ ਜਾਣਗੇ ਅਤੇ ਬੜੀਆਂ ਕੰਪਨੀਆਂ ਦਾ ਕਬਜ਼ਾ ਪੂਰੀ ਪੇਂਡੂ ਜ਼ਿੰਦਗੀ ਉਪਰ ਨਜ਼ਰ ਆਵੇਗਾ। ਇਨ੍ਹਾਂ ਕਾਨੂੰਨਾਂ ਵਿਚ ਕਿਸੇ ਵੀ ਤਰ੍ਹਾਂ ਦੀ ਸੋਧ ਇਨ੍ਹਾਂ ਦੀ ਕਾਰਪੋਰੇਟਪ੍ਰਸਤ ਖਸਲਤ ਨੂੰ ਬਦਲ ਨਹੀਂ ਸਕਦੀ, ਇਸ ਲਈ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਲਿਆ ਹੀ ਜਾਣਾ ਚਾਹੀਦਾ ਹੈ।

ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਅਤੇ ਬਿਜਲੀ ਬਿੱਲ-2020 ਨੂੰ ਵਾਪਸ ਲਿਆ ਜਾਣਾ ਇਸ ਲਈ ਵੀ ਜ਼ਰੂਰੀ ਹੈ, ਕਿਉਂਕਿ ਇਹ ਖੇਤੀ ਮੰਡੀਆਂ, ਖੇਤੀ ਕਰਨ ਦੀ ਪ੍ਰਕਿਰਿਆ, ਲਾਗਤ ਦੇ ਸਮਾਨ ਦੀ ਸਪਲਾਈ, ਫਸਲਾਂ ਦੇ ਭੰਡਾਰਨ, ਕੋਲਡ ਸਟੋਰਾਂ, ਢੋਆ-ਢੁਆਈ, ਪ੍ਰਾਸੈਸਿੰਗ, ਖਾਣੇ ਦੀ ਵਿਕਰੀ ਵਿਚ ਬੜੇ ਕਾਰਪੋਰੇਟ ਅਤੇ ਵਿਦੇਸ਼ੀ ਕੰਪਨੀਆਂ ਨੂੰ ਕਾਨੂੰਨੀ ਅਧਿਕਾਰ ਦੇ ਤੌਰ 'ਤੇ ਸਥਾਪਤ ਕਰ ਦੇਣਗੇ। ਨਾਲ ਹੀ ਜ਼ਰੂਰੀ ਵਸਤਾਂ ਕਾਨੂੰਨ ਵਿਚ ਕੀਤੀ ਗਈ ਸੋਧ ਖੁੱਲ੍ਹੇਆਮ ਜਮ੍ਹਾਖੋਰੀ ਅਤੇ ਕਾਲਾਬਜ਼ਾਰੀ ਨੂੰ ਸ਼ਹਿ ਅਤੇ ਹੱਲਾਸ਼ੇਰੀ ਦੇਵੇਗੀ। ਇਹ ਖਾਣ ਵਾਲੀਆਂ ਵਸਤਾਂ ਦੇ ਭਾਅ ਹਰ ਸਾਲ ਘੱਟੋ-ਘੱਟ ਡੇਢ ਗੁਣਾਂ ਵਧਾਉਣ ਦੀ ਇਜਾਜ਼ਤ ਦੇ ਦੇਵੇਗੀ ਅਤੇ ਸਰਕਾਰੀ ਰਾਸ਼ਣ ਪ੍ਰਣਾਲੀ ਦਾ ਭੋਗ ਪਾ ਦੇਵੇਗੀ।

ਇਨ੍ਹਾਂ ਕਾਨੂੰਨਾਂ ਵਿਚ ਇਹ ਵੀ ਲਿਖਿਆ ਹੈ ਕਿ ਸਰਕਾਰ ਇਨ੍ਹਾਂ ਕੰਪਨੀਆਂ ਨੂੰ ਪ੍ਰੋਮੋਟ ਕਰੇਗੀ। ਇਸ ਨਾਲ ਖੇਤੀ ਬਰਬਾਦ ਹੋ ਜਾਵੇਗੀ ਅਤੇ ਕਿਸਾਨ ਖੇਤਾਂ ਤੋਂ ਬੇਦਖਲ ਹੋ ਜਾਣਗੇ। ਇਸ ਨਾਲ ਉਨ੍ਹਾਂ ਦੀ ਖੇਤੀ-ਕਿਸਾਨੀ ਨਾਲ ਜੁੜੇ ਸਾਰੇ ਲੋਕਾਂ ਦੀ ਰੋਜ਼ੀ-ਰੋਟੀ ਵੀ ਖੋਹੀ ਜਾਵੇਗੀ, ਜੋ ਪਹਿਲਾਂ ਹੀ ਭਾਰੀ ਕਰਜ਼ ਜਾਲ ਵਿਚ ਫਸੇ ਹੋਏ ਹਨ ਅਤੇ ਆਰਥਿਕਤਾ ਵਿਚ ਘੋਰ ਮੰਦਵਾੜੇ ਦੇ ਕਾਰਨ ਬੇਰੁਜ਼ਗਾਰੀ ਦੇ ਸ਼ਿਕਾਰ ਹਨ।

ਖੇਤੀ ਮੰਤਰੀ ਦੇ ਇਸ ਬਿਆਨ ਨਾਲ ਕਿ 'ਜੇ ਕਾਨੂੰਨ ਵਾਪਸ ਲੈ ਲਏ ਗਏ, ਤਾਂ ਸਰਕਾਰ ਤੋਂ ਕਾਰਪੋਰੇਟਾਂ ਦਾ ਭਰੋਸਾ ਉਠ ਜਾਵੇਗਾ' ਤੋਂ ਸਪਸ਼ਟ ਹੈ ਕਿ ਭਾਰਤ ਦੇ ਲੋਕਤੰਤਰ ਨੂੰ ਚੰਦ ਕਾਰਪੋਰੇਟ ਦੇ ਹਿਤਾਂ ਦੇ ਮਤਹਿਤ ਕਰਨ ਦੀ ਸਾਜ਼ਿਸ਼ ਬੜੇ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਮੁਲਕ ਦੀ ਇਸ ਤੋਂ ਬੜੀ ਬਦਕਿਸਮਤੀ ਕੀ ਹੋ ਸਕਦੀ ਹੈ। ਇਸ ਨੁਕਤੇ ਉਪਰ ਮੋਦੀ ਸਰਕਾਰ ਨੂੰ ਸੁਪਰੀਮ ਕੋਰਟ ਦੀ ਇਹ ਰਾਇ ਮੰਨ ਹੀ ਲੈਣੀ ਚਾਹੀਦੀ ਹੈ ਕਿ ਇਨ੍ਹਾਂ ਤਿੰਨਾਂ ਹੀ ਖੇਤੀ ਕਾਨੂੰਨਾਂ ਦੀ ਵਾਜਬੀਅਤ ਦੀ ਜਾਂਚ ਕੀਤੇ ਜਾਣ ਤੱਕ ਇਨ੍ਹਾਂ ਦੇ ਅਮਲ ਉਪਰ ਰੋਕ ਲਗਾ ਦਿੱਤੀ ਜਾਵੇ। ਲੇਕਿਨ ਜੇ ਮੋਦੀ ਸਰਕਾਰ ਏਨਾ ਵੀ ਨਹੀਂ ਕਰਦੀ ਤਾਂ ਇਸ ਮੁਲਕ ਦਾ ਅਵਾਮ ਸਰਕਾਰ ਉਪਰ ਭਰੋਸਾ ਕਿਉਂ ਕਰੇਗਾ। ਉਹ ਇਹ ਵੀ ਯਾਦ ਰੱਖਣ ਕਿ ਮਿਹਨਤਕਸ਼ਾਂ ਦੀ ਜਿਸ ਏਕਤਾ ਨੇ ਅੰਗਰੇਜ਼ ਬਸਤੀਵਾਦੀਆਂ ਨੂੰ ਵਾਪਸ ਚਲੇ ਜਾਣ ਲਈ ਮਜਬੂਰ ਕੀਤਾ ਸੀ, ਅੱਜ ਉਹੀ ਏਕਤਾ ਕਾਰਪੋਰੇਟਪ੍ਰਸਤ ਫਿਰਕੂ ਤਾਕਤਾਂ ਦੇ ਧੜਵੈਲ ਪੈਰਾਂ ਉਪਰ ਵੀ ਕਿੱਲ ਠੋਕ ਰਹੀ ਹੈ।

# ਕਿਸਾਨੀ ਮੋਰਚਾ ਬਨਾਮ ਭਾਈਚਾਰਕ ਸਾਂਝ

ਤਿੰਨ ਮਹੀਨੇ ਤੋਂ ਭਾਰਤ ਵਿਚ ਕਿਸਾਨੀ ਮੋਰਚਾ ਚੱਲ ਰਿਹਾ ਹੈ। ਦੇਸ਼-ਵਿਦੇਸ਼ ਵਿਚ ਬੈਠੇ ਪੰਜਾਬੀ ਸਿੱਖ ਕਿਸੇ ਨਾ ਕਿਸੇ ਢੰਗ ਨਾਲ ਇਸ ਮੋਰਚੇ ਨਾਲ ਜੁੜੇ ਹੋਏ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਪੰਜਾਬੀ ਜਿਥੇ ਮਰਜ਼ੀ ਬੈਠੇ ਹੋਣ, ਉਹ ਪੰਜਾਬ ਨਾਲ ਹਮੇਸ਼ਾਂ ਜੁੜੇ ਰਹਿੰਦੇ ਹਨ। ਆਪਣੇ ਲੋਕਾਂ ਨਾਲ ਖੜਨਾ ਤੇ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਸ਼ਲਾਘਾਯੋਗ ਰੁਝਾਨ ਹੈ। ਅਸੀਂ ਕਿਸਾਨ ਜਾਂ ਲੋਕ ਹੱਕਾਂ ਲਈ ਸੰਘਰਸ਼ ਕਰ ਰਹੇ ਲੋਕਾਂ ਦੇ ਨਾਲ ਖੜ੍ਹੇ ਹਾਂ ਤੇ ਆਪਣੇ ਵਿਤ ਜਾਂ ਸਮਝ ਅਨੁਸਾਰ ਆਪਣਾ ਯੋਗਦਾਨ ਵੀ ਪਾਉਂਦੇ ਰਹਾਂਗੇ। ਅਸੀਂ ਸਿਰਫ ਪੰਜਾਬ ਵਿਚ ਹੀ ਨਹੀਂ, ਕੈਲਗਰੀ ਜਾਂ ਕੈਨੇਡਾ ਵਿਚ ਵੀ ਲੋਕਾਂ ਦੇ ਮਸਲਿਆਂ ਲਈ ਨਾ ਸਿਰਫ



**ਹਰਚਰਨ ਸਿੰਘ ਪਰਹਾਰ**
**ਮੁੱਖ ਸੰਪਾਦਕ 'ਸਿੱਖ ਵਿਰਸਾ'**
**ਫੋਨ: 403-681-8689**
**ਈਮੇਲ:** hp8689@gmail.com

ਹਮੇਸ਼ਾਂ ਉਨ੍ਹਾਂ ਦੇ ਹੱਕ ਵਿਚ ਖੜ੍ਹੇ ਹਾਂ ਸਗੋਂ ਸੰਘਰਸ਼ਾਂ ਵਿਚ ਆਪਣਾ ਬਣਦਾ ਯੋਗਦਾਨ ਪਾਉਂਦੇ ਰਹੇ ਹਾਂ।

ਮੈਂ ਆਪਣੇ ਜੀਵਨ ਵਿਚ ਪਿਛਲੇ 25-30 ਸਾਲਾਂ ਵਿਚ ਕਈ ਮੋਰਚੇ ਜਾਂ ਸੰਘਰਸ਼ ਦੇਖੇ ਹਨ, ਜਦੋਂ ਆਪਣੇ ਲੋਕ ਇਤਨੇ ਜ਼ਿਆਦਾ ਜਜ਼ਬਾਤੀ ਤੇ ਉਲਾਰ ਹੋ ਜਾਂਦੇ ਹਨ ਕਿ ਉਨ੍ਹਾਂ ਲਈ ਇਹ ਮੋਰਚੇ ਜੀਵਨ ਮੌਤ ਦਾ ਸਵਾਲ ਬਣ ਜਾਂਦੇ ਹਨ ਜਾਂ ਬਹੁਤ ਸਾਰੇ ਲੋਕ ਮਰਨ-ਮਾਰਨ ਲਈ ਤਿਆਰ ਹੋ ਜਾਂਦੇ ਹਨ ਪਰ ਉਹ ਭੁੱਲ ਜਾਂਦੇ ਹਨ ਕਿ ਮੋਰਚੇ ਵੀ ਤੇ ਮਸਲੇ ਵੀ ਸਾਡੇ ਜੀਵਨ ਵਿਚ ਆਉਂਦੇ ਜਾਂਦੇ ਰਹਿੰਦੇ ਹਨ ਤੇ ਆਉਂਦੇ ਜਾਂਦੇ ਰਹਿਣਗੇ। ਇਥੇ ਕੁਝ ਵੀ ਸਦੀਵੀ ਨਹੀਂ, ਨਾ ਹੀ ਅਸੀਂ ਇਥੇ ਸਦੀਵੀ ਹਾਂ। ਇਸ ਲਈ ਸਾਨੂੰ ਕੁਝ ਵੀ ਕਰਨ ਵੇਲੇ ਰਿਸ਼ਤਿਆਂ ਦੀ ਮਰਿਯਾਦਾ, ਭਾਸ਼ਾ ਦੀ ਮਰਿਯਾਦਾ, ਦੂਸਰਿਆਂ ਦੇ ਮਨੁੱਖੀ ਅਧਿਕਾਰਾਂ ਨੂੰ ਸਵੀਕਾਰ ਕਰਨ, ਦੂਜਿਆਂ ਦਾ ਆਦਰ ਕਰਨ ਆਦਿ ਦਾ ਬਹੁਤ ਖਿਆਲ ਰੱਖਣਾ ਚਾਹੀਦਾ ਹੈ। ਸਾਨੂੰ ਦੂਜਿਆਂ ਨੂੰ ਵੀ ਆਪਣੇ ਵਾਂਗ ਆਜ਼ਾਦ ਹੋ ਕੇ ਬੋਲਣ, ਲਿਖਣ, ਕੁਝ ਕਰਨ ਦੀ ਉਵੇਂ ਹੀ ਆਜ਼ਾਦੀ ਦੇਣੀ ਚਾਹੀਦੀ ਹੈ, ਜਿਵੇਂ ਅਸੀਂ ਆਪਣੇ ਲਈ ਚਾਹੁੰਦੇ ਹਾਂ। ਮੈਨੂੰ ਯਾਦ ਹੈ ਕਿ 1997-1998 ਵਿਚ ਸਰੀ (ਕਨੇਡਾ) ਵਿਚ ਇੱਕ ਗੁਰਦੁਆਰੇ ਦੇ ਕਬਜ਼ੇ ਨੂੰ ਲੈ ਕੇ ਦੋ ਧੜਿਆਂ ਵਿਚ ਝਗੜਾ ਹੋ ਗਿਆ ਜੋ ਬਾਅਦ ਵਿਚ ਗੁਰਦੁਆਰਿਆਂ ਦੇ ਲੰਗਰ ਹਾਲ ਵਿਚ ਚੇਅਰਾਂ ਜਾਂ ਤੱਪੜਾਂ 'ਤੇ ਬੈਠਣ ਦਾ ਮਸਲਾ ਬਣ ਗਿਆ ਜਾਂ ਬਣਾ ਦਿੱਤਾ ਗਿਆ, ਉਸ ਨੂੰ ਵੀ ਆਪਣੀ ਕਮਿਉਨਿਟੀ ਨੇ ਇਤਨਾ ਤੂਲ ਦਿੱਤਾ ਕਿ ਭੈਣਾਂ-ਭਰਾ, ਮਾਂ-ਪਿਉ, ਹੋਰ ਰਿਸ਼ਤੇਦਾਰ, ਦੋਸਤ-ਮਿੱਤਰ ਇੱਕ ਦੂਜੇ ਨਾਲ ਬੋਲਣੋਂ ਹਟ ਗਏ, ਇੱਕ ਦੂਜੇ ਦੇ ਦੁਸ਼ਮਣ ਬਣ ਗਏ, ਇੱਕ ਦੂਜੇ ਨਾਲ ਵਰਤਣੋਂ ਹਟ ਗਏ, ਇੱਕ ਦੂਜੇ ਦੇ ਵਿਆਹਾਂ ਜਾਂ ਮਰਨੇ ਦੇ ਭੋਗਾਂ ਤੇ ਨਹੀਂ ਜਾਂਦੇ ਸਨ ਕਿ ਇਨ੍ਹਾਂ ਦਾ ਵਿਆਹ ਜਾਂ ਮਰਨਾ ਤੱਪੜਾਂ ਵਾਲੇ ਜਾਂ ਚੇਅਰਾਂ ਵਾਲੇ ਗੁਰਦੁਆਰੇ ਹੈ। ਮੈਂ ਕਈ ਅਜਿਹੇ ਪਰਿਵਾਰਾਂ ਨੂੰ ਬੀ. ਸੀ. ਵਿਚ ਜਾਣਦਾ ਹਾਂ ਜਿਨ੍ਹਾਂ ਦੇ ਰਿਸ਼ਤੇ 20-22 ਸਾਲ ਬਾਅਦ ਵੀ ਠੀਕ ਨਹੀਂ ਹੋਏ।

ਇਸੇ ਤਰ੍ਹਾਂ ਲੋਕ 84 ਦੀਆਂ ਘਟਨਾਵਾਂ, ਸਿਰਸੇ ਵਾਲੇ ਸਾਧ ਵਲੋਂ ਗੁਰੂ ਗੋਬਿੰਦ ਸਿੰਘ ਦੀ ਫੋਟੋ ਵਰਗੀ ਪੁਸ਼ਾਕ ਪਾਉਣ, ਗੁਰੂ ਗ੍ਰੰਥ ਸਾਹਿਬ ਦੀਆਂ 2015 ਤੇ ਬਾਅਦ ਵਿਚ ਬੇਅਦਬੀ ਦੀਆਂ ਘਟਨਾਵਾਂ, 2013 ਵਿਚ ਗੁਰਬਖਸ਼ ਸਿੰਘ ਦੇ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼, 2014 ਤੇ 2017 ਦੀਆਂ ਵੋਟਾਂ ਵਿਚ ਆਮ ਆਦਮੀ ਪਾਰਟੀ ਦੀ ਹਮਾਇਤ ਲਈ ਉਲਾਰਪਨ ਆਦਿ ਅਨੇਕਾਂ ਮੁੱਦੇ ਪਿਛਲੇ ਸਾਲਾਂ ਵਿਚ ਆਏ ਹਨ, ਜਦੋਂ ਲੋਕ ਇਤਨੇ ਜਜ਼ਬਾਤੀ ਤੇ ਉਲਾਰ ਹੋ ਜਾਂਦੇ ਰਹੇ ਹਨ ਕਿ ਜਿਸ ਤਰ੍ਹਾਂ ਹੁਣ ਦੁਨੀਆ ਹੀ ਖਤਮ ਹੋ ਜਾਵੇਗੀ ਪਰ ਜੇ ਅੱਜ ਅਸੀਂ ਸਾਰੇ ਸੋਚੀਏ ਕਿ ਉਨ੍ਹਾਂ ਮਸਲਿਆਂ ਦਾ ਕੀ ਬਣਿਆ? ਕੀ ਉਹ ਮਸਲੇ ਹੱਲ ਹੋ ਗਏ? ਕੀ ਉਸ ਤੋਂ ਬਾਅਦ ਹੋਰ ਮਸਲੇ ਨਹੀਂ ਆਏ? ਪਰ ਉਨ੍ਹਾਂ ਸਮਿਆਂ ਵਿਚ ਅਸੀਂ ਬਹੁਤ ਸਾਰਿਆਂ ਨੇ ਆਪਣੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਜਾਂ ਆਪਣੇ ਲੋਕਲ ਭਾਈਚਾਰੇ ਵਿਚ ਦੁਫਾੜ ਜ਼ਰੂਰ ਪਾ ਲਿਆ। ਸਾਨੂੰ ਕਦੇ ਵੀ ਕੁਝ ਵੀ ਅਜਿਹਾ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਾ ਚਾਹੀਦਾ ਹੈ ਕਿ ਜਿਸ ਨਾਲ ਸਾਨੂੰ ਬਾਅਦ ਵਿਚ ਸ਼ਰਮਿੰਦੇ ਨਾ ਹੋਣਾ ਪਵੇ। ਮੇਰਾ ਇਹ ਤਜਰਬਾ ਰਿਹਾ ਹੈ ਕਿ ਅਸੀਂ ਜਜ਼ਬਾਤੀ ਹੋ ਕੇ ਕੌਮੀ ਤੌਰ 'ਤੇ ਅਜਿਹੀ ਮਾਨਸਿਕਤਾ ਦਾ ਸ਼ਿਕਾਰ ਹੋ ਜਾਂਦੇ ਹਾਂ ਕਿ ਕਿਸੇ ਦਾ ਲਿਹਾਜ ਨਹੀਂ ਕਰਦੇ, ਕਿਸੇ ਦੀ ਇੱਜ਼ਤ ਨਹੀਂ ਕਰਦੇ, ਬੋਲਣ ਲੱਗੇ ਦੇਖਦੇ ਨਹੀਂ ਕਿ ਕੀ ਕਹਿ ਰਹੇ ਹਾਂ। ਸਾਡੀ ਭਾਸ਼ਾ ਬੜੀ ਨੀਵੇਂ ਪੱਧਰ ਦੀ ਹੋ ਜਾਂਦੀ ਹੈ। ਅਸੀਂ ਇਹ ਵੀ ਭੁੱਲ ਜਾਂਦੇ ਹਾਂ ਕਿ ਜੇ ਸਾਨੂੰ ਕਿਸੇ ਮਸਲੇ ਦੇ ਹੱਕ ਜਾਂ ਵਿਰੋਧ ਵਿਚ ਖੜ੍ਹਨ ਦਾ ਹੱਕ ਹੈ ਤਾਂ ਇਹ ਹੱਕ ਸਭ ਨੂੰ ਇਖਲਾਕੀ ਤੇ ਕਾਨੂੰਨੀ ਤੌਰ 'ਤੇ ਮਿਲਿਆ ਹੋਇਆ ਹੈ? ਪਰ ਸਾਡੇ ਤੇ ਭੀੜ ਦੀ ਮਾਨਸਿਕਤਾ ਇਤਨੀ ਹਾਵੀ ਹੋ ਜਾਂਦੀ ਹੈ ਕਿ ਜੇ ਅਸੀਂ ਕਿਸੇ ਦੇ ਹੱਕ ਵਿਚ ਹਾਂ ਤਾਂ ਚਾਹੁੰਦੇ ਹਾਂ ਕਿ ਹੁਣ ਸਾਰੇ ਹੱਕ ਵਿਚ ਖੜ੍ਹਨ ਤੇ ਜੇ ਅਸੀਂ ਵਿਰੋਧ ਵਿਚ ਹਾਂ ਤਾਂ ਚਾਹੁੰਦੇ ਹਾਂ ਕਿ ਸਾਰੇ ਵਿਰੋਧ ਵਿਚ ਖੜ੍ਹਨ। ਅਜਿਹਾ ਕਦੇ ਵੀ ਨਹੀਂ ਹੋਇਆ ਤੇ ਨਾ ਕਦੇ ਹੋਵੇਗਾ ਕਿਉਂਕਿ ਕੁਦਰਤ ਵਲੋਂ ਹੀ ਸਾਨੂੰ ਸਭ ਨੂੰ ਅਕਲ ਤੇ ਸ਼ਕਲ ਕਰ ਕੇ ਵੱਖਰੇ ਬਣਾਇਆ ਹੋਇਆ ਹੈ। ਸਾਡੇ ਇਸ ਬ੍ਰਹਿਮੰਡ ਵਿਚ ਗਲਤ-ਸਹੀ ਕੁਝ ਨਹੀਂ ਹੈ, ਸਿਰਫ ਨਜ਼ਰੀਆ ਹੈ ਕਿ ਤੁਸੀਂ ਕਿਸ ਨਜ਼ਰੀਏ ਨਾਲ ਘਟਨਾਵਾਂ ਨੂੰ ਦੇਖਦੇ ਹੋ? ਗਲਤ-ਸਹੀ ਸਿਰਫ ਇਹ ਹੁੰਦਾ ਹੈ ਕਿ ਤੁਸੀਂ ਕਿਸੇ ਦਾ ਨਿੱਜੀ ਜਾਂ ਸਮਾਜ ਦਾ ਸਾਂਝਾ ਨੁਕਸਾਨ ਤੇ ਨਹੀਂ ਕਰ ਰਹੇ, ਤੁਸੀਂ ਕੁਝ ਕਾਨੂੰਨ ਵਿਰੋਧੀ ਜਾਂ ਸਮਾਜ ਵਿਰੋਧੀ ਤੇ ਨਹੀਂ ਕਰ ਰਹੇ, ਜਿਸ ਨਾਲ ਕਿਸੇ ਦਾ ਨਿੱਜੀ ਜਾਂ ਸਮਾਜ ਦਾ ਸਾਂਝਾ ਨੁਕਸਾਨ ਹੋ ਰਿਹਾ ਹੈ ਜਾਂ ਹੋ ਸਕਦਾ ਹੈ।

ਹੁਣ ਇਸ ਮੋਰਚੇ ਵਿਚ ਵੀ ਅਜਿਹਾ ਹੀ ਵਾਪਰ ਰਿਹਾ ਹੈ, ਅਸੀਂ ਕਿਸੇ ਨੂੰ ਵੀ ਆਪਣੀ ਵਿਚਾਰਧਾਰਾ ਤੋਂ ਉਲਟ ਆਪਣਾ ਪੱਖ ਰੱਖਣ ਦਾ ਹੱਕ ਨਹੀਂ ਦੇਣਾ ਚਾਹੁੰਦੇ? ਜੇ ਅਸੀਂ ਸਹੀ ਹਾਂ ਤਾਂ ਫਿਰ ਸਾਨੂੰ ਦੂਜਿਆਂ ਤੋਂ ਡਰਨ ਦੀ ਲੋੜ ਨਹੀਂ? ਸਾਡੇ ਵਿਚ ਇੱਕ ਹੋਰ ਬੜੀ ਘਾਟ ਹੈ ਕਿ ਅਸੀਂ ਹਰ ਇਤਰਾਜ਼ ਜਾਂ ਵੱਖਰੇ ਵਿਚਾਰ ਨੂੰ ਵਿਰੋਧ ਮੰਨ ਲੈਂਦੇ ਹਾਂ ਪਰ ਸਾਡੀ ਅਜਿਹੀ ਸੋਚ ਸਾਡੀ ਸੁੰਗੜੀ ਮਾਨਸਿਕਤਾ ਦਾ ਪ੍ਰਗਟਾਵਾ ਹੈ। ਸਾਡੀ ਬੌਧਿਕ ਕੰਗਾਲੀ ਦੀ ਨਿਸ਼ਾਨੀ ਹੈ। ਅਜਿਹਾ ਨਹੀਂ ਹੁੰਦਾ ਕਿ ਹਰ ਇਤਰਾਜ਼ ਜਾਂ ਵੱਖਰਾ ਵਿਚਾਰ ਤੁਹਾਡੇ ਨਾਲੋਂ ਹਰ ਪੱਖ ਤੋਂ ਵੱਖਰਾ ਹੁੰਦਾ ਹੈ, ਤੁਸੀਂ ਕੁਝ ਨੁਕਤਿਆਂ ਤੇ ਵੱਖਰੇ ਵਿਚਾਰ ਵਾਲੇ ਹੋ ਸਕਦੇ ਤੇ ਬਹੁਤ ਸਾਰਿਆਂ ਤੇ ਤੁਹਾਡੀ ਸਹਿਮਤੀ ਵੀ ਹੋ ਸਕਦੀ ਹੈ? ਇਸ ਤੋਂ ਉਲਟ ਵੀ ਹੋ ਸਕਦਾ ਹੈ। ਕਈ ਵਿਅਕਤੀ ਅਜਿਹੀਆਂ ਪੋਸਟਾਂ ਪਾ ਰਹੇ ਹਨ ਕਿ ਫਲਾਣੀ ਕਮਿਉਨਿਟੀ ਜਾਂ ਫਲਾਣੀ ਵਿਚਾਰਧਾਰਾ ਵਾਲੇ ਲੋਕ ਮੈਨੂੰ ਅਨਫਰੈਂਡ ਕਰ ਜਾਣ ਜਾਂ ਮੈਂ ਕਰ ਦੇਣੇ ਹਨ? ਇਹ ਕਿਹੋ ਜਿਹੀ ਮਾਨਸਿਕਤਾ ਹੈ, ਜਿਥੇ ਅਸੀਂ ਦੂਸਰੇ ਦੇ ਵਿਚਾਰ ਪ੍ਰਤੀ ਇਤਨੇ ਅਸਹਿਣਸ਼ੀਲ ਹੋ ਰਹੇ ਹਾਂ ਕਿ ਇਥੋਂ ਤੱਕ ਪਬਲਿਕਲੀ ਕਹਿ ਰਹੇ ਹਾਂ, ਮੇਰੇ ਕੋਲੋਂ ਦੂਰ ਹੋ ਜਾਵੋ? ਅਸੀਂ ਅਕਸਰ ਥੋੜ੍ਹੇ ਜਿਹੇ ਵਿਚਾਰਧਾਰਕ ਮੱਤਭੇਦਾਂ ਕਾਰਨ ਵੱਡੇ-ਵੱਡੇ ਇਲਜ਼ਾਮ ਲਗਾਉਣ ਤੋਂ ਵੀ ਗੁਰੇਜ ਨਹੀਂ ਕਰਦੇ। ਜਦੋਂ ਅਸੀਂ ਕਿਸੇ ਨੂੰ ਚੰਗਾ ਜਾਂ ਮਾੜਾ ਕਹਿੰਦੇ ਹਾਂ ਤਾਂ ਅਸੀਂ ਦੂਜੇ ਬਾਰੇ ਨਹੀਂ ਆਪਣੇ ਬਾਰੇ ਹੀ ਦੱਸ ਰਹੇ ਹੁੰਦੇ ਹਾਂ ਕਿ ਅਸੀਂ ਕਿਸ ਔਕਾਤ ਦੇ ਮਾਲਕ ਹਾਂ? ਮੇਰੀ ਸਮਝ ਅਨੁਸਾਰ ਸੋਸ਼ਲ ਮੀਡੀਆ ਤੇ, ਕੌਮੀ ਤੌਰ ਤੇ ਅਸੀਂ ਜਿਸ ਢੰਗ ਨਾਲ ਵਿਚਰ ਰਹੇ ਹਾਂ, ਉਹ ਬਹੁਤ ਖਤਰਨਾਕ ਰੁਝਾਨ ਹੈ। ਉਸ ਤੋਂ ਲਗਦਾ



ਨਹੀਂ ਕਿ ਅਸੀਂ 21ਵੀਂ ਸਦੀ ਦੇ ਲੋਕਤੰਤਰੀ, ਸਭਿਅਕ ਤੇ ਵਿਕਸਤ ਸਮਾਜ ਦਾ ਹਿੱਸਾ ਹਾਂ? ਸੋਸ਼ਲ ਮੀਡੀਆ ਤੇ ਜਿਸ ਢੰਗ ਦੀਆਂ ਬਹੁਤ ਘਟੀਆ ਪੱਧਰ ਦੀਆਂ ਟਿੱਪਣੀਆਂ ਜਾਂ ਪੋਸਟਾਂ ਸ਼ੇਅਰ ਹੋ ਰਹੀਆਂ ਹਨ, ਉਹ ਸਾਡੀ ਦੂਜਿਆਂ ਪ੍ਰਤੀ ਮਾਨਸਿਕਤਾ ਦਰਸਾ ਰਹੀਆਂ ਹਨ। ਜਿਸ ਤਰ੍ਹਾਂ ਅਸੀਂ ਵੱਖ-ਵੱਖ ਵਿਅਕਤੀਆਂ ਦੀਆਂ ਫੋਟੋਆਂ ਐਡਿਟ ਕਰ ਕੇ ਮਜ਼ਾਕ ਉਡਾ ਰਹੇ ਹਾਂ, ਅਸਲ ਵਿਚ ਉਹ ਸਾਡੀ ਆਪਣੀ ਸੋਚ ਦਾ ਮਜ਼ਾਕ ਬਣ ਰਿਹਾ ਹੈ?

ਜਿਹੜੇ ਲੋਕ ਕੁਝ ਸਾਲ ਪਹਿਲਾਂ ਆਮ ਆਦਮੀ ਪਾਰਟੀ ਦੀ ਹਮਾਇਤ ਲਈ ਮਰਨ-ਮਾਰਨ ਨੂੰ ਤਿਆਰ ਸਨ, ਕਿਸੇ ਦੀ ਕੋਈ ਅਕਲ ਦੀ ਗੱਲ ਨਹੀਂ ਸੁਣਦੇ ਸਨ, ਜਹਾਜ਼ ਭਰ-ਭਰ ਕੇ ਇੰਡੀਆ ਜਾ ਰਹੇ ਸਨ, ਫੰਡ ਰੇਜ਼ ਕਰਦੇ ਸਨ, ਲੋਕ ਇਕੱਠ ਕਰਦੇ ਸਨ, ਅੱਜ ਉਹੀ ਕੇਜਰੀਵਾਲ, ਭਗਵੰਤ ਮਾਨ ਜਾਂ ਹੋਰ ਲੀਡਰਾਂ ਨੂੰ ਵੱਧ ਗਾਲਾਂ ਕੱਢਦੇ ਹਨ, ਕਿਉਂਕਿ ਅਸੀਂ ਕੁਝ ਵੀ ਕਰਨ ਤੋਂ ਪਹਿਲਾਂ ਸੋਚਣ ਵਾਲਾ ਪੁਰਜਾ ਆਫ ਕਰ ਲੈਂਦੇ ਹਾਂ। ਮੈਨੂੰ ਪਤਾ ਹੈ ਕਿ ਬਹੁਤ ਲੋਕ ਅਜਿਹੇ ਮੌਕਿਆਂ ਤੇ ਵਿਚਾਰਾਂ ਦੇ ਵਖਰੇਵੇਂ ਕਾਰਨ ਕਈ ਦੋਸਤ-ਮਿੱਤਰ ਜਾਂ ਰਿਸ਼ਤੇਦਾਰ ਗੁਆ ਲੈਂਦੇ ਹਨ ਜਾਂ ਰਿਸ਼ਤਿਆਂ ਵਿਚ ਕੁੜੱਤਣ ਭਰ ਲੈਂਦੇ ਹਨ। ਮੈਂ ਖੁਦ ਅਜਿਹੇ ਮੌਕਿਆਂ 'ਤੇ ਕਈ ਦੋਸਤ ਗੁਆਏ ਹਨ, ਜਿਹੜੇ ਮੈਨੂੰ ਇਸ ਕਰ ਕੇ ਨਹੀਂ ਛੱਡ ਕੇ ਗਏ ਕਿ ਹਰਚਰਨ ਕਰੈਕਟਰਲੈਸ ਹੈ, ਵਿਭਚਾਰੀ ਹੈ, ਦੁਰਾਚਾਰੀ ਹੈ, ਨਸ਼ਈ ਹੈ, ਧੋਖੇਬਾਜ਼ ਹੈ, ਠੱਗ ਹੈ, ਦੂਜਿਆਂ ਦਾ ਹੱਕ ਮਾਰਦਾ ਹੈ, ਕਾਨੂੰਨ ਵਿਰੋਧੀ ਕੋਈ ਜੁਰਮ ਕਰ ਰਿਹਾ ਹੈ, ਨਸ਼ੇ ਵੇਚਦਾ ਹੈ, ਸਮਗਲਰ ਹੈ, ਗੈਂਗਸਟਰ ਹੈ, ਦੂਜਿਆਂ ਦਾ ਨਿੱਜੀ ਨੁਕਸਾਨ ਕਰਦਾ ਹੈ, ਕਮਿਉਨਿਟੀ ਦੇ ਕੰਮਾਂ ਵਿਚ ਯੋਗਦਾਨ ਨਹੀਂ ਪਾਉਂਦਾ, ਲੋਕਾਂ ਦੇ ਦੁੱਖ-ਸੁੱਖ ਵਿਚ ਨਾਲ ਨਹੀਂ ਖੜ੍ਹਦਾ, ਸਗੋਂ ਇਸ ਕਰ ਕੇ ਛੱਡ ਗਏ ਕਿ ਇਸ ਦੇ ਵਿਚਾਰ ਸਾਡੇ ਨਾਲੋਂ ਵੱਖਰੇ ਹਨ; ਇਹ ਸਾਡੇ ਨਾਲੋਂ ਵੱਖਰੇ ਢੰਗ ਨਾਲ ਸੋਚਦਾ ਹੈ, ਜਦ ਕਿ ਪਿਛਲੇ 25-30 ਸਾਲਾਂ ਵਿਚ ਨਿੱਜੀ ਤੌਰ ਤੇ ਮੇਰੇ ਵਲੋਂ ਕਦੇ ਕਿਸੇ ਬਾਰੇ ਇੱਕ ਲਫਜ਼ ਵੀ ਕੋਈ ਗਲਤ ਲਿਖਿਆ ਜਾਂ ਬੋਲਿਆ ਨਹੀਂ ਗਿਆ। ਕਦੇ ਕਿਸੇ ਨਾਲ ਲੜਾਈ ਝਗੜਾ ਨਹੀਂ ਕੀਤਾ, ਕਿਸੇ ਨੂੰ ਕਦੇ ਕੋਈ ਗਾਲ ਨਹੀਂ ਕੱਢੀ? ਪਰ ਇਹ ਇਸ ਲਈ ਇਹ ਘਟੀਆ ਬੰਦਾ ਹੈ ਕਿ ਇਸ ਦੇ ਵਿਚਾਰ ਸਾਡੇ ਨਾਲੋਂ ਵੱਖਰੇ ਹਨ? ਜਦਕਿ ਅਜਿਹਾ ਪ੍ਰਚਾਰ ਕਰਨ ਵਾਲੇ ਲੋਕਾਂ ਦੇ ਉਪਰ ਦੱਸੇ ਔਗੁਣਾਂ ਵਾਲੇ ਲੋਕਾਂ ਨਾਲ ਜਾਤੀ ਤੇ ਜਮਾਤੀ ਦੋਨੋਂ ਸਬੰਧ ਹਨ।

ਪਿਛਲੇ ਸਮੇਂ ਵਿਚ ਅਸੀਂ ਦੇਖਦੇ ਰਹੇ ਹਾਂ ਜਾਂ ਪਿਛਲਾ ਇਤਿਹਾਸ ਗਵਾਹ ਹੈ ਕਿ ਕਿਸ ਤਰ੍ਹਾਂ ਮੌਕੇ ਦੀਆਂ ਹਕੂਮਤਾਂ ਲੋਕਾਂ ਨੂੰ ਧਰਮ, ਜਾਤ, ਕੌਮ, ਮਜ਼ਹਬ, ਇਲਾਕੇ ਆਦਿ ਦੇ ਨਾਮ ਤੇ ਲੜਾਉਂਦੀਆਂ ਰਹੀਆਂ ਹਨ। ਜਿਹੜੇ ਲੋਕ 100 ਸਾਲ ਅੰਗਰੇਜ਼ਾਂ ਖਿਲਾਫ ਧਰਮਾਂ, ਕੌਮਾਂ, ਜਾਤਾਂ ਤੋਂ ਉਪਰ ਉਠ ਕੇ ਦੇਸ਼ ਦੀ ਆਜ਼ਾਦੀ ਲਈ ਲੜਦੇ ਰਹੇ, ਕਿਵੇਂ ਅੰਗਰੇਜ਼ਾਂ ਜਾਂ ਦੇਸੀ ਲੀਡਰਾਂ ਦੀ ਚਾਲ ਵਿਚ ਫਸ ਕੇ 1947 ਵਿਚ ਕਤਲੇਆਮ ਲਈ ਉਤਾਰੂ ਹੋ ਗਏ, ਜਿਸ ਵਿਚ 2 ਮਿਲੀਅਨ ਵਿਅਕਤੀ ਅਸੀਂ ਆਪ ਹੀ ਬਿਨਾਂ ਫੌਜਾਂ ਤੋਂ ਧਰਮ ਜਾਂ ਦੇਸ਼ ਦੇ ਨਾਮ ਤੇ ਕਤਲ ਕਰ ਦਿੱਤਾ? ਇਸੇ ਤਰ੍ਹਾਂ 84 ਵਿਚ ਕਿਵੇਂ ਸਿੱਖਾਂ ਦਾ ਕਤਲੇਆਮ ਹੋਇਆ? 1978 ਤੋਂ 1995 ਤੱਕ ਕਿਵੇਂ ਪੰਜਾਬ ਵਿਚ ਕਤਲੇਆਮ ਹੋਇਆ? ਅੱਜ ਦੁਨੀਆਂ ਭਰ ਵਿਚ ਕਨੂੰਨੀ ਤੌਰ ਤੇ ਹਰ ਇੱਕ ਵਿਅਕਤੀ ਨੂੰ ਆਪਣਾ ਧਰਮ, ਭਾਸ਼ਾ, ਸਭਿਆਚਾਰ ਮੰਨਣ, ਉਸ ਦਾ ਪ੍ਰਚਾਰ ਕਰਨ ਦਾ ਹੱਕ ਹੈ, ਫਿਰ ਝਗੜਾ ਕਿਸ ਗੱਲ ਹੈ? ਫਿਰ ਅਸੀਂ ਕਿਉਂ ਦੂਜੇ ਦੀ ਆਜ਼ਾਦੀ ਵਿਚ ਦਖਲ ਦਿੰਦੇ ਹਾਂ? ਕਿਉਂ ਦੂਜੇ ਨੂੰ ਬੋਲਣ, ਲਿਖਣ, ਪੜ੍ਹਨ, ਮੰਨਣ, ਵਿਚਰਨ ਦੀ ਆਜ਼ਾਦੀ ਨਹੀਂ ਦੇਣਾ ਚਾਹੁੰਦੇ, ਜਦਕਿ ਆਪਣੇ ਲਈ ਉਹ ਸਭ ਕੁਝ ਚਾਹੁੰਦੇ ਹਾਂ?

ਸਾਨੂੰ ਇਹ ਕਦੇ ਵੀ ਨਹੀਂ ਭੁੱਲਣਾ ਚਾਹੀਦਾ ਹੈ ਕਿ ਕੋਈ ਵੀ ਵੱਡੇ ਤੋਂ ਵੱਡਾ ਮਸਲਾ ਜਾਂ ਘਟਨਾ ਸਦੀਵੀ ਨਾ ਕਦੇ ਹੋਈ ਹੈ ਤੇ ਨਾ ਹੋਵੇਗੀ, ਪਰ ਅਸੀਂ ਜਿਥੇ ਰਹਿੰਦੇ ਹਾਂ, ਉਸੇ ਭਾਈਚਾਰੇ ਵਿਚ, ਉਨ੍ਹਾਂ ਲੋਕਾਂ ਵਿਚ ਹੀ ਰਹਿਣਾ ਹੈ, ਉਨ੍ਹਾਂ ਨਾਲ ਹੀ ਮਿਲਣਾ ਵਰਤਣਾ ਹੈ, ਉਨ੍ਹਾਂ ਨਾਲ ਹੀ ਕਾਰ-ਵਿਹਾਰ ਕਰਨਾ ਹੈ, ਉਨ੍ਹਾਂ ਨਾਲ ਹੀ ਸਾਡੇ ਦੁੱਖ-ਸੁੱਖ ਰਹਿਣੇ ਹਨ, ਸਾਨੂੰ ਅਜਿਹਾ ਕੁਝ ਵੀ ਕਰਨ ਤੋਂ ਪਹਿਲਾਂ ਕਈ ਵਾਰ ਸੋਚਣਾ ਚਾਹੀਦਾ ਹੈ, ਜਿਸ ਨਾਲ ਸਾਨੂੰ ਬਾਅਦ ਵਿਚ ਆਪਣੇ ਕਹੇ ਜਾਂ ਕੁਝ ਕੀਤੇ ਤੇ ਨਾਮੋਸ਼ੀ ਨਾ ਸਹਿਣੀ ਪਵੇ। ਸਾਨੂੰ ਆਪਣੀ ਗੱਲ ਕਹਿਣ ਜਾਂ ਆਪਣੀ ਵਿਚਾਰਧਾਰਾ ਅਨੁਸਾਰ ਕੁਝ ਵੀ ਮੰਨਣ ਜਾਂ ਨਾ ਮੰਨਣ ਦਾ ਪੂਰਾ ਹੱਕ ਹੈ ਪਰ ਕਿਸੇ ਨੂੰ ਵਿਚਾਰਧਾਰਕ ਮੱਤਭੇਦ ਹੋਣ ਕਰ ਕੇ ਅਪਮਾਨਿਤ ਕਰਨ ਜਾਂ ਸਰੀਰਕ ਹਮਲਾ ਕਰਨ ਜਾਂ ਝੂਠੇ ਇਲਜ਼ਾਮ ਲਗਾ ਕੇ ਬਦਨਾਮ ਕਰਨ ਦਾ ਕੋਈ ਹੱਕ ਨਹੀਂ? ਸਾਨੂੰ ਇਨ੍ਹਾਂ ਮਸਲਿਆਂ, ਸਮੱਸਿਆਵਾਂ, ਮੋਰਚਿਆਂ, ਸੰਘਰਸ਼ਾਂ ਵਿਚ ਕਦੇ ਵੀ ਨਾ ਮਨੁੱਖਤਾ (ਹਿਊਮੈਨਿਟੀ) ਗੁਆਉਣੀ ਚਾਹੀਦੀ ਤੇ ਨਾ ਹੀ ਭਾਈਚਾਰਕ ਸਾਂਝ ਖਰਾਬ ਕਰਨੀ ਚਾਹੀਦੀ ਹੈ। ਕੋਈ ਵੀ ਮਸਲਾ ਜਾਂ ਵਿਚਾਰਧਾਰਾ ਮਨੁੱਖਤਾ ਤੋਂ ਉਪਰ ਨਹੀਂ ਹੈ। ਮੇਰੀ ਕਮਿਉਨਿਟੀ ਦੇ ਸੂਝਵਾਨ, ਲੋਕ ਪੱਖੀ ਵਿਅਕਤੀਆਂ, ਸੰਸਥਾਵਾਂ, ਮੀਡੀਆ ਨੂੰ ਅਪੀਲ ਹੈ ਕਿ ਉਹ ਲੋਕਾਂ ਨੂੰ ਅਜਿਹੇ ਮੌਕਿਆਂ ਤੇ ਸਹੀ ਸੇਧ ਦੇਣ ਲਈ ਆਪਣਾ ਬਣਦਾ ਰੋਲ ਅਦਾ ਕਰਨ, ਨਾ ਕਿ ਉਹ ਵੀ ਸਮੇਂ ਦੇ ਵਹਾਅ ਵਿਚ ਭੀੜ ਦੀ ਮਾਨਸਕਿਤਾ ਜਾਂ ਸਹਿਮ ਦਾ ਸ਼ਿਕਾਰ ਹੋ ਕੇ ਹਾਲਾਤ ਨੂੰ ਹੋਰ ਖਰਾਬ ਕਰਨ। ਲੋਕ ਵਿਰੋਧੀ ਹਾਕਮਾਂ, ਸਰਮਾਏਦਾਰਾਂ, ਘੜੰਮ ਚੌਧਰੀਆਂ ਦਾ ਹਰ ਜਗ੍ਹਾ ਇਹ ਕੰਮ ਹੁੰਦਾ ਹੈ ਕਿ ਉਹ ਲੋਕ ਲਹਿਰਾਂ ਨੂੰ ਜਾਂ ਲੋਕ ਮਸਲਿਆਂ ਲਈ ਲੜਦੇ ਲੋਕਾਂ ਨੂੰ ਧਰਮ, ਜਾਤ, ਕੌਮ, ਫਿਰਕੇ ਆਦਿ ਦੇ ਨਾਮ ਤੇ ਵੰਡ ਕੇ ਆਪਣੀ ਸੌੜੀ ਤੇ ਖੁਦਗਰਜ ਰਾਜਨੀਤੀ ਚਲਾਉਣ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਹੱਕਾਂ ਤੇ ਫਰਜ਼ਾਂ ਲਈ ਮਨੁੱਖਤਾ ਦੇ ਪੱਖ ਤੋਂ ਇਕੱਠੇ ਹੋ ਕੇ ਲੜੀਏ। ਇਸ ਵੇਲੇ ਕਿਸਾਨੀ ਸੰਘਰਸ਼ ਵਿਚ ਕਿਸਾਨ, ਮਜ਼ਦੂਰ, ਮੁਲਾਜ਼ਮ ਜਾਂ ਹਰ ਵਰਗ, ਹਰ ਧਰਮ, ਹਰ ਫਿਰਕੇ, ਹਰ ਇਲਾਕੇ ਦੇ ਵਿਅਕਤੀ, ਲੋਕ ਵਿਰੋਧੀ ਹਾਕਮਾਂ ਵਿਰੁੱਧ ਲੜ ਰਹੇ ਹਨ, ਸਾਨੂੰ ਲੋਕਾਂ ਦਾ ਏਕਾ ਇਸੇ ਤਰ੍ਹਾਂ ਕਾਇਮ ਰੱਖਣਾ ਚਾਹੀਦਾ ਹੈ। ਸਰਕਾਰਾਂ ਸੰਘਰਸ਼ਕਾਰੀਆਂ ਨੂੰ ਪਾੜਨ ਲਈ ਆਪਣੀਆਂ ਚਾਲਾਂ ਚੱਲ ਰਹੀਆਂ ਹਨ, ਆਪਣੀ ਘੁਸਪੈਠ ਵੀ ਕਰ ਰਹੀਆਂ ਹਨ, ਆਪਣੇ ਮੀਡੀਆ ਸਾਧਨਾਂ ਰਾਹੀਂ ਬਦਨਾਮ ਵੀ ਕਰ ਰਹੀਆਂ ਹਨ, ਉਹ ਇਸ ਵਿਚ ਹਿੰਸਕ ਤੇ ਸਮਾਜ ਵਿਰੋਧੀ ਤੱਤ ਵੀ ਵਾੜ ਸਕਦੀਆਂ ਹਨ, ਜੇ ਲੋਕ ਇਕੱਠੇ ਰਹਿਣਗੇ ਤਾਂ ਕੁਝ ਪ੍ਰਾਪਤੀ ਹੋ ਸਕਦੀ ਹੈ, ਪਰ ਜੇ ਪਹਿਲੇ ਸੰਘਰਸ਼ਾਂ ਵਾਂਗ ਸਰਕਾਰ ਲੋਕਾਂ ਨੂੰ ਪਾੜਨ ਵਿਚ ਸਫਲ ਹੋ ਗਈ ਤਾਂ ਨਾ ਸਿਰਫ ਮੋਰਚਾ ਫੇਲ੍ਹ ਹੋਵੇਗਾ, ਸਗੋਂ ਸਰਕਾਰਾਂ ਨੂੰ ਲੋਕਾਂ ਨੂੰ ਲੁੱਟਣ-ਕੁੱਟਣ ਜਾਂ ਝੂਠੇ ਕੇਸਾਂ ਵਿਚ ਫਸਾਉਣ ਦਾ ਮੌਕਾ ਮਿਲੇਗਾ। ਪਿਛਲੇ ਸੰਘਰਸ਼ਾਂ ਦੇ ਮੁਕਾਬਲੇ ਇਸ ਵਾਰ ਵੱਖਰੀ ਗੱਲ ਇਹ ਹੈ ਕਿ ਸੰਘਰਸ਼ ਚਲਾਉਣ ਵਾਲੀਆਂ ਜਥੇਬੰਦੀਆਂ ਉਹ ਹਨ, ਜੋ ਕਈ ਦਹਾਕਿਆਂ ਤੋਂ ਕਿਸਾਨ ਹੱਕਾਂ ਲਈ ਲੜਦੀਆਂ ਰਹੀਆਂ ਹਨ, ਉਨ੍ਹਾਂ ਕੋਲ ਸੰਘਰਸ਼ਾਂ ਦਾ ਲੰਮਾ ਤਜਰਬਾ ਹੈ। ਉਨ੍ਹਾਂ ਦੀ ਪਿਛਲੇ 3 ਮਹੀਨਿਆਂ ਤੋਂ ਸੰਘਰਸ਼ ਤੇ ਪੂਰੀ ਪਕੜ ਹੈ ਤੇ ਉਨ੍ਹਾਂ ਨੇ ਰਵਾਇਤੀ ਰਾਜ ਕਰਨ ਵਾਲੀਆਂ ਪਾਰਟੀਆਂ ਨੂੰ ਪੂਰੀ ਤਰ੍ਹਾਂ ਨਕਾਰ ਕੇ ਸੰਘਰਸ਼ ਵਿਚ ਘੁਸਪੈਠ ਨਹੀਂ ਕਰਨ ਦਿੱਤੀ, ਇਸੇ ਤਰ੍ਹਾਂ ਪੰਜਾਬ ਵਿਚਲੇ ਸੰਘਰਸ਼ਾਂ ਵਿਚ ਧਾਰਮਿਕ ਜਥੇਬੰਦੀਆਂ ਹਰ ਸੰਘਰਸ਼ ਵਿਚ ਘੁਸਪੈਠ ਕਰ ਕੇ ਇਸ ਨੂੰ ਧਾਰਮਿਕ ਮੁੱਦਾ ਬਣਾ ਦਿੰਦੀਆਂ ਰਹੀਆਂ ਹਨ ਜੋ ਇਸ ਵਾਰ ਕਿਸਾਨ ਜਥੇਬੰਦੀਆਂ ਨੇ ਬਣਨ ਨਹੀਂ ਦਿੱਤਾ, ਜਿਸ ਦਾ ਨਤੀਜਾ ਸਭ ਦੇ ਸਾਹਮਣੇ ਹੈ ਕਿ ਪੰਜਾਬ ਤੋਂ ਸ਼ੁਰੂ ਹੋਇਆ ਸੰਘਰਸ਼ ਹਰਿਆਣੇ ਤੋਂ ਬਾਅਦ ਹੁਣ ਪੂਰੇ ਭਾਰਤ ਦੇ ਕਿਸਾਨਾਂ ਦਾ ਹੀ ਨਹੀਂ ਸਗੋਂ ਸਾਰੇ ਵਰਗਾਂ ਦੇ ਲੋਕਾਂ ਦਾ ਸੰਘਰਸ਼ ਬਣਦਾ ਜਾ ਰਿਹਾ ਹੈ। ਇਸ ਸੰਘਰਸ਼ 'ਚ ਹੋਰ ਕੋਈ ਪ੍ਰਾਪਤੀ ਜੇ ਨਾ ਵੀ ਹੋਵੇ ਤਾਂ ਇਹ ਵੀ ਵੱਡੀ ਪ੍ਰਾਪਤੀ ਹੋਵੇਗੀ ਕਿ ਲੋਕ ਹੱਕਾਂ ਲਈ ਜਾਤ, ਧਰਮ, ਕੌਮ, ਇਲਾਕੇ ਤੋਂ ਉਪਰ ਉਠ ਇੱਕ ਪਲੈਟਫਾਰਮ ਤੋਂ ਲੜ ਰਹੇ ਹਨ। ਅਸੀਂ ਇੰਡੀਆ ਵਿਚ 'ਗੋਦੀ ਮੀਡੀਆ' ਦੀ ਗੱਲ ਕਰਦੇ ਹਾਂ, ਇਥੇ ਵੀ ਬਥੇਰਾ 'ਗੋਦੀ ਮੀਡੀਆ' ਜਾਂ 'ਘਨੇੜੀ ਚੜ੍ਹਿਆ ਮੀਡੀਆ' ਹੈ। ਸਾਨੂੰ ਸਭ ਜਗ੍ਹਾ ਸੁਚੇਤ ਹੋਣ ਦੀ ਲੋੜ ਹੈ। ਜੇ ਕੋਈ ਵੱਖਰੇ ਵਿਚਾਰ ਰੱਖਦਾ ਹੈ, ਉਸ ਨੂੰ ਵੀ ਆਪਣੇ ਵਿਚਾਰ ਰੱਖਣ ਦਾ ਹੱਕ ਦਿਉ? ਜੇ ਤੁਸੀਂ ਕਿਸੇ ਨੂੰ ਜਵਾਬ ਦੇਣਾ ਹੀ ਹੈ ਤਾਂ ਸਭਿਅਕ ਭਾਸ਼ਾ ਵਿਚ ਤੱਥਾਂ ਅਧਾਰਿਤ ਜਵਾਬ ਦਿਉ। ਮੇਰਾ ਮੰਨਣਾ ਹੈ ਕਿ ਕੋਈ ਕਿਸੇ ਦੇ ਸਮਝਾਏ ਕਦੇ ਨਹੀਂ ਸਮਝਦਾ, ਤੁਸੀਂ ਦੂਜੇ ਨੂੰ ਆਪਣਾ ਨਜ਼ਰੀਆ ਦੱਸ ਸਕਦੇ ਹੋ, ਜੇ ਅਗਲਾ ਸਮਝਣਾ ਚਾਹੁੰਦਾ ਹੋਵੇਗਾ ਜਾਂ ਤੁਹਾਡੀ ਗੱਲ ਉਸ ਨੂੰ ਤਰਕ, ਦਲੀਲ ਅਧਾਰਿਤ ਜਾਂ ਆਪਣੇ ਹਿੱਤਾਂ ਜਾਂ ਸਮਝ ਅਨੁਸਾਰ ਸਹੀ ਲੱਗੇਗੀ ਤਾਂ ਉਹ ਤੁਹਾਡੇ ਨਾਲ ਸਹਿਮਤ ਹੋ ਜਾਵੇਗਾ, ਜੇ ਨਹੀਂ ਹੁੰਦਾ ਤਾਂ ਉਸ ਨੂੰ ਉਸ ਦਾ ਕੰਮ ਕਰਨ ਦਿਉ, ਤੁਸੀਂ ਜੋ ਤੁਹਾਨੂੰ ਠੀਕ ਲਗਦਾ ਹੈ, ਕਰੋ?


> ***ਜਿਹੜੇ ਲੋਕ ਕੁਝ ਸਾਲ ਪਹਿਲਾਂ ਆਮ ਆਦਮੀ ਪਾਰਟੀ ਦੀ ਹਮਾਇਤ ਲਈ ਮਰਨ-ਮਾਰਨ ਨੂੰ ਤਿਆਰ ਸਨ, ਕਿਸੇ ਦੀ ਕੋਈ ਅਕਲ ਦੀ ਗੱਲ ਨਹੀਂ ਸੁਣਦੇ ਸਨ, ਜਹਾਜ਼ ਭਰ-ਭਰ ਕੇ ਇੰਡੀਆ ਜਾ ਰਹੇ ਸਨ, ਫੰਡ ਰੇਜ਼ ਕਰਦੇ ਸਨ, ਲੋਕ ਇਕੱਠ ਕਰਦੇ ਸਨ, ਅੱਜ ਉਹੀ ਕੇਜਰੀਵਾਲ, ਭਗਵੰਤ ਮਾਨ ਜਾਂ ਹੋਰ ਲੀਡਰਾਂ ਨੂੰ ਵੱਧ ਗਾਲਾਂ ਕੱਢਦੇ ਹਨ, ਕਿਉਂਕਿ ਅਸੀਂ ਕੁਝ ਵੀ ਕਰਨ ਤੋਂ ਪਹਿਲਾਂ ਸੋਚਣ ਵਾਲਾ ਪੁਰਜਾ ਆਫ ਕਰ ਲੈਂਦੇ ਹਾਂ। ਮੈਨੂੰ ਪਤਾ ਹੈ ਕਿ ਬਹੁਤ ਲੋਕ ਅਜਿਹੇ ਮੌਕਿਆਂ ਤੇ ਵਿਚਾਰਾਂ ਦੇ ਵਖਰੇਵੇਂ ਕਾਰਨ ਕਈ ਦੋਸਤ-ਮਿੱਤਰ ਜਾਂ ਰਿਸ਼ਤੇਦਾਰ ਗੁਆ ਲੈਂਦੇ ਹਨ ਜਾਂ ਰਿਸ਼ਤਿਆਂ ਵਿਚ ਕੁੜੱਤਣ ਭਰ ਲੈਂਦੇ ਹਨ।***

> ***ਪਿਛਲੇ ਸਮੇਂ ਵਿਚ ਅਸੀਂ ਦੇਖਦੇ ਰਹੇ ਹਾਂ ਜਾਂ ਪਿਛਲਾ ਇਤਿਹਾਸ ਗਵਾਹ ਹੈ ਕਿ ਕਿਸ ਤਰ੍ਹਾਂ ਮੌਕੇ ਦੀਆਂ ਹਕੂਮਤਾਂ ਲੋਕਾਂ ਨੂੰ ਧਰਮ, ਜਾਤ, ਕੌਮ, ਮਜ਼ਹਬ, ਇਲਾਕੇ ਆਦਿ ਦੇ ਨਾਮ ਤੇ ਲੜਾਉਂਦੀਆਂ ਰਹੀਆਂ ਹਨ। ਜਿਹੜੇ ਲੋਕ 100 ਸਾਲ ਅੰਗਰੇਜ਼ਾਂ ਖਿਲਾਫ ਧਰਮਾਂ, ਕੌਮਾਂ, ਜਾਤਾਂ ਤੋਂ ਉਪਰ ਉਠ ਕੇ ਦੇਸ਼ ਦੀ ਆਜ਼ਾਦੀ ਲਈ ਲੜਦੇ ਰਹੇ, ਕਿਵੇਂ ਅੰਗਰੇਜ਼ਾਂ ਜਾਂ ਦੇਸੀ ਲੀਡਰਾਂ ਦੀ ਚਾਲ ਵਿਚ ਫਸ ਕੇ 1947 ਵਿਚ ਕਤਲੇਆਮ ਲਈ ਉਤਾਰੂ ਹੋ ਗਏ, ਜਿਸ ਵਿਚ 2 ਮਿਲੀਅਨ ਵਿਅਕਤੀ ਅਸੀਂ ਆਪ ਹੀ ਬਿਨਾਂ ਫੌਜਾਂ ਤੋਂ ਧਰਮ ਜਾਂ ਦੇਸ਼ ਦੇ ਨਾਮ ਤੇ ਕਤਲ ਕਰ ਦਿੱਤਾ? ਇਸੇ ਤਰ੍ਹਾਂ 84 ਵਿਚ ਕਿਵੇਂ ਸਿੱਖਾਂ ਦਾ ਕਤਲੇਆਮ ਹੋਇਆ? 1978 ਤੋਂ 1995 ਤੱਕ ਕਿਵੇਂ ਪੰਜਾਬ ਵਿਚ ਕਤਲੇਆਮ ਹੋਇਆ? ਅੱਜ ਦੁਨੀਆਂ ਭਰ ਵਿਚ ਕਨੂੰਨੀ ਤੌਰ ਤੇ ਹਰ ਇੱਕ ਵਿਅਕਤੀ ਨੂੰ ਆਪਣਾ ਧਰਮ, ਭਾਸ਼ਾ, ਸਭਿਆਚਾਰ ਮੰਨਣ, ਉਸ ਦਾ ਪ੍ਰਚਾਰ ਕਰਨ ਦਾ ਹੱਕ ਹੈ, ਫਿਰ ਝਗੜਾ ਕਿਸ ਗੱਲ ਹੈ?***

# ਕਿਸਾਨਾਂ ਦੇ ਦਰਦ

***ਕਿਸਾਨਾਂ ਦੇ ਮੌਜੂਦਾ ਘੋਲ ਬਾਰੇ ਗੱਲਾਂ ਚੱਲ ਰਹੀਆਂ ਹਨ ਤਾਂ ਲੋਕਾਂ ਨੂੰ ਸਰ ਛੋਟੂ ਰਾਮ ਦਾ ਚੇਤਾ ਆ ਜਾਂਦਾ ਹੈ। ਉਹ ਭਾਵੇਂ ਕਦੇ ਘੋਲਾਂ ਵਾਲੇ ਰਾਹ ਨਹੀਂ ਪਿਆ ਅਤੇ ਚੋਣਾਂ ਵਿਚ ਹਿੱਸਾ ਲੈਂਦਾ ਰਿਹਾ ਪਰ ਪੰਜਾਬ ਅਸੈਂਬਲੀ ਦਾ ਮੈਂਬਰ ਅਤੇ ਵਜ਼ੀਰ ਹੁੰਦਿਆਂ ਉਹਨੇ 22 ਅਜਿਹੇ ਕਾਨੂੰਨ ਪਾਸ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ, ਜਿਹੜੇ ਪੇਂਡੂ ਗਰੀਬਾਂ ਅਤੇ ਕਿਸਾਨਾਂ ਦੇ ਹੱਕ ਵਿਚ ਸਨ। ਉਸ ਨੇ ਕਿਸਾਨਾਂ ਦੇ ਹਾਲਾਤ ਬਾਰੇ ਬਹੁਤ ਸਾਰੇ ਲੇਖ ਵੀ ਲਿਖੇ ਤਾਂ ਕਿ ਉਨ੍ਹਾਂ ਨੂੰ ਜਾਗਰੂਕ ਕੀਤਾ ਜਾ ਸਕੇ। ਇਕ ਅਜਿਹਾ ਹੀ ਲੇਖ ਅਸੀਂ ਆਪਣੇ ਪਾਠਕਾਂ ਲਈ ਛਾਪ ਰਹੇ ਹਾਂ, ਜਿਸ ਵਿਚ ਕਿਸਾਨਾਂ ਦੇ ਦਰਦ ਬਿਆਨ ਕੀਤੇ ਗਏ ਹਨ। -ਸੰਪਾਦਕ***

ਆਪਣੇ ਪੇਸ਼ੇ, ਸੋਚ, ਕੰਮ, ਵਿਹਾਰ ਅਤੇ ਸੁਭਾਅ ਕਰ ਕੇ ਕਿਸਾਨ ਅਗਿਆਨਤਾ ਦਾ ਪ੍ਰਤੱਖ ਰੂਪ ਹੁੰਦਾ ਹੈ। ਜ਼ਰਾ ਉਸ ਦੀਆਂ ਬਦਨਸੀਬੀਆਂ 'ਤੇ ਨਜ਼ਰ ਮਾਰੋ। ਉਸ ਦੇ ਸਾਦਾ ਜੀਵਨ ਦੇ ਬਾਵਜੂਦ ਸਭ ਤਰ੍ਹਾਂ ਦੇ ਅੱਤਿਆਚਾਰ ਅਤੇ ਸਮੱਸਿਆਵਾਂ ਉਸ ਨੂੰ ਤੰਗ ਕਰਦੀਆਂ ਹਨ। ਜ਼ਿੰਦਗੀ ਦੇ ਉਤਾਰ-ਚੜ੍ਹਾਵਾਂ, ਕਈ ਇਤਿਹਾਸਕ ਘਟਨਾਵਾਂ, ਵੱਖ-ਵੱਖ ਸਮੇਂ ਦੇ ਹੁਕਮਰਾਨਾਂ ਦੇ ਕਾਨੂੰਨਾਂ ਅਤੇ ਨੀਤੀਆਂ, ਸਮਾਜਕ ਪਾਬੰਦੀਆਂ ਅਤੇ ਆਰਥਕ ਕਾਰਜਕ੍ਰਮਾਂ ਨੇ ਉਸ ਨੂੰ ਤਰਸਯੋਗ ਹਾਲਤ ਵਿਚ ਲਿਆ ਸੁੱਟਿਆ ਹੈ। ਉਹ ਵਿਚਾਰਾ ਬਿਪਤਾ ਦੀ ਹਾਲਤ ਵਿਚ ਹੈ; ਇਕ ਚੰਦਰੇ-ਚੱਕਰ ਵਿਚ ਫਸਿਆ ਹੋਇਆ ਹੈ, ਜਿੱਥੇ ਉਸ ਨੂੰ ਆਪਣੇ ਕਸ਼ਟਾਂ ਦਾ ਨਾ ਆਰੰਭ ਪਤਾ ਚਲਦਾ ਹੈ ਨਾ ਅੰਤ, ਸਿਤਮ ਸਹੀ ਜਾਂਦਾ ਹੈ ਅਤੇ ਮੁਸੀਬਤਾਂ ਵਿਚ ਉਲਝਿਆ ਹੋਇਆ ਹੈ। ਸਮਾਜਕ ਵਿਗੋਚੇ ਉਸ ਨੂੰ ਸਤਾ ਰਹੇ ਹਨ। ਉਹ ਧਰਤੀ ਅਤੇ ਆਕਾਸ਼ ਦੀਆਂ ਤਬਾਹੀਆਂ ਦੇ ਹੱਥਾਂ ਵਿਚ ਖਿਡੌਣਾ ਹੈ। ਉਸ ਨਾਲ ਵਾਹ ਪੈਣ ਵਾਲਿਆਂ ਲਈ ਉਹ ਹਾਸੇ ਦਾ ਪਾਤਰ ਹੈ ਅਤੇ ਸਰਕਾਰ ਦੀਆਂ ਮਿਹਰਬਾਨੀਆਂ ਦੀ ਖੁਸ਼ੀ ਉਸ ਨੂੰ ਨਸੀਬ ਨਹੀਂ ਹੁੰਦੀ। ਉਸ ਦੀ ਦੋਸਤੀ ਸਿਰਫ ਦੁੱਖਾਂ ਅਤੇ ਤਕਲੀਫਾਂ ਨਾਲ ਹੈ।



**ਸਰ ਛੋਟੂ ਰਾਮ**

ਕਿਸਾਨ ਇਸ ਹੱਦ ਤੱਕ ਚੁੱਪ ਹੈ ਕਿ ਅਸਲ ਵਿਚ ਉਹ ਬੋਲਣਾ ਹੀ ਭੁੱਲ ਗਿਆ ਹੈ ਪਰ ਉਸ ਦੀ ਚੁੱਪ ਅਤੇ ਬੇਜ਼ੁਬਾਨੀ ਦੇ ਬਾਵਜੂਦ ਉਸ ਦੇ ਸਰੀਰ ਦਾ ਹਰ ਅੰਗ ਉਸ ਦੇ ਦੁੱਖਾਂ ਦੀ ਕਹਾਣੀ ਦੱਸਦਾ ਹੈ। ਭਾਰਤੀ ਸਮਾਜ ਦਾ ਉਹ ਸਭ ਤੋਂ ਵੱਡਾ ਕਮਾਊ ਪੁੱਤ ਹੈ ਪਰ ਰੋਟੀ ਦੇ ਟੁਕੜਿਆਂ ਲਈ ਵੀ ਦੂਜਿਆਂ ਦੇ ਹੱਥਾਂ ਵੱਲ ਝਾਕਦਾ ਹੈ। ਦੁੱਧ, ਦਹੀਂ, ਮੱਖਣ ਅਤੇ ਘਿਉ ਵਰਗੀਆਂ ਨਿੱਤ ਵਰਤੋਂ ਦੀਆਂ ਚੀਜ਼ਾਂ ਉਸ ਦੇ ਘਰ ਵਿਚ ਤਿਆਰ ਕੀਤੀਆਂ ਜਾਂਦੀਆਂ ਹਨ। ਉਹ ਖੰਡ, ਚੌਲ, ਕਣਕ ਆਦਿ ਪੈਦਾ ਕਰਦਾ ਹੈ ਜਿਨ੍ਹਾਂ ਸਦਕਾ ਮੰਡੀਆਂ ਵਿਚ ਚਹਿਲ-ਪਹਿਲ ਰਹਿੰਦੀ ਹੈ। ਉਹ ਢਾਕੇ ਦੀ ਮਲਮਲ ਅਤੇ ਬਨਾਰਸੀ ਸਾੜ੍ਹੀਆਂ ਲਈ ਕੱਚਾ ਮਾਲ ਪੈਦਾ ਕਰਦਾ ਸੀ ਅਤੇ ਹੁਣ ਵੀ ਕਰਦਾ ਹੈ। ਨਗੌਰੀ ਬਲਦ ਹੋਰ ਕੌਣ ਪਾਲਦਾ ਹੈ? ਤੇਜ਼ ਰਫਤਾਰ ਕਾਠੀਆਵਾੜੀ ਘੋੜੇ ਹੋਰ ਕਿਸ ਦੇ ਅਸਤਬਲਾਂ 'ਚ ਪੈਦਾ ਕੀਤੇ ਅਤੇ ਪਾਲੇ ਜਾਂਦੇ ਹਨ? ਪਰ ਸਾਰੀ ਦੁਨੀਆ ਵੇਖ ਰਹੀ ਹੈ ਕਿ ਉਹ ਦੁਖੀ ਅਤੇ ਉਚਾਟ ਹੈ। ਜ਼ਿੰਦਗੀ ਦੀਆਂ ਸਾਰੀਆਂ ਚੰਗੀਆਂ ਚੀਜ਼ਾਂ ਪੈਦਾ ਕਰਦਾ ਹੈ ਪਰ ਆਪ ਮੁਥਾਜ ਹੈ ਤੇ ਉਸ ਨੂੰ ਹੋਰਾਂ ਅੱਗੇ ਹੱਥ ਅੱਡਣੇ ਪੈਂਦੇ ਹਨ।

ਦੇਸ਼ ਦੇ ਸਾਰੇ ਗੁਦਾਮ ਕਿਸਾਨ ਦੁਆਰਾ ਪੈਦਾ ਕੀਤੇ ਹੋਏ ਅਨਾਜ ਦੇ ਭਰੇ ਪਏ ਹਨ। ਉਸ ਦੇ ਖੇਤਾਂ ਦੀ ਪੈਦਾਵਾਰ ਨਾਲ ਲੱਦੀਆਂ ਮਾਲ ਗੱਡੀਆਂ ਇਧਰ ਉਧਰ ਭੱਜੀਆਂ ਫਿਰਦੀਆਂ ਹਨ। ਵੱਡੇ-ਵੱਡੇ ਸਮੁੰਦਰੀ ਜਹਾਜ਼ ਉਸ ਦੇ ਮਾਲ-ਅਸਬਾਬ ਉਤੇ ਨਿਰਭਰ ਕਰਦੇ ਹਨ। ਫਿਰ ਵੀ ਉਸੇ ਕਿਸਾਨ ਨੂੰ ਮੋਟੇ ਅਨਾਜ ਨਾਲ ਪੇਟ ਭਰਨ ਦੀ ਉਮੀਦ ਵੀ ਨਹੀਂ ਹੁੰਦੀ। ਉਹ ਮੱਖਣ ਅਤੇ ਘਿਉ ਤਿਆਰ ਕਰਦਾ ਹੈ ਪਰ ਉਸ ਦੀ ਗ਼ਰੀਬੀ ਇਹ ਇਜਾਜ਼ਤ ਨਹੀਂ ਦਿੰਦੀ ਕਿ ਉਸ ਦੇ ਬੱਚੇ ਹਰ ਰੋਜ਼ ਮੱਖਣ ਘਿਉ ਖਾ ਸਕਣ। ਵਿਚਾਰਿਆਂ ਨੂੰ ਕਿਸੇ ਤਿਉਹਾਰ 'ਤੇ ਹੀ ਇਹ ਚੀਜ਼ਾਂ ਮਿਲਦੀਆਂ ਹਨ। ਆਪਣੇ ਟੱਬਰ ਦੀ ਲੋੜ ਲਈ ਉਹ ਮੋਟੇ ਖੱਦਰ ਨੂੰ ਹੀ ਮੁਸ਼ਕਿਲ ਨਾਲ ਪੂਰਾ ਆਉਂਦਾ ਹੈ। ਗਰਮੀ ਅਤੇ ਬਰਸਾਤ ਵਿਚ ਤਾਂ ਉਹ ਕੰਮ ਚਲਾਈ ਜਾਂਦਾ ਹੈ ਪਰ ਸਰਦੀ ਆਉਣ ਤੇ ਉਸ ਵਾਸਤੇ ਨਵੀਂ ਮੁਸੀਬਤ ਖੜ੍ਹੀ ਹੋ ਜਾਂਦੀ ਹੈ।

ਰਜਾਈਆਂ ਅਤੇ ਕੰਬਲਾਂ ਦਾ ਉਹ ਸੁਪਨਾ ਵੀ ਨਹੀਂ ਲੈ ਸਕਦਾ। ਜੇਕਰ ਉਸ ਨੂੰ ਚਿੱਟੇ ਮੋਟੇ ਖੱਦਰ ਦੀ ਤਲਾਈ, ਵਿਛਾਉਣ ਨੂੰ ਕੋਈ ਘਸੀ ਹੋਈ ਜੁੱਲੀ ਅਤੇ ਲਪੇਟਾਂ ਮਾਰ ਕੇ ਬਾਹਰ ਜਾਣ ਲਈ ਖੱਦਰ ਦੀ ਖੇਸੀ ਮਿਲ ਜਾਵੇ ਤਾਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹੈ ਪਰ ਸਾਰੇ ਟੱਬਰ ਨੂੰ ਇਹ ਸਭ ਕੁਝ ਕਿੱਥੋਂ ਮਿਲੇ? ਉਸ ਦੇ ਬੱਚੇ ਸੁਬ੍ਹਾ ਸ਼ਾਮ ਧੂਣੀ ਬਾਲ ਕੇ ਨਿੱਘੇ ਰਹਿੰਦੇ ਹਨ। ਦਿਨ ਨੂੰ ਉਹ ਸੂਰਜ ਦੇ ਨਿੱਘ 'ਤੇ ਨਿਰਭਰ ਹੁੰਦੇ ਹਨ। ਉਹ ਕੱਚੀ ਕੰਧ ਦੇ ਘੋਰਨੇ ਵਿਚ ਘੁਸ ਕੇ ਸੂਰਜ ਵੱਲ ਮੂੰਹ ਕਰ ਕੇ ਠੰਢ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ। ਰਾਤ ਨੂੰ ਪੈਣ ਦੀ ਮੁਸ਼ਕਿਲ ਖੜ੍ਹੀ ਹੋ ਜਾਂਦੀ ਹੈ। ਵਿਛਾਉਣੇ ਘੱਟ ਹੋਣ ਕਰ ਕੇ ਦੋ-ਤਿੰਨ ਬੱਚੇ ਇਕੱਠੇ ਹੀ ਪੈ ਜਾਂਦੇ ਹਨ। ਛੋਟੀਆਂ, ਬੰਦ, ਹਨੇਰੀਆਂ ਕੋਠੜੀਆਂ ਵਿਚ ਮੰਜੇ ਡਾਹੇ ਜਾਂਦੇ ਹਨ ਤਾਂ ਕਿ ਠੰਢ ਕਿਸੇ ਪਾਸਿਉਂ ਅੰਦਰ ਨਾ ਆ ਸਕੇ। ਵਿਛਾਉਣਿਆਂ ਦੀ ਕਮੀ ਪੂਰੀ ਕਰਨ ਵਾਸਤੇ ਹੇਠਾਂ ਘਾਹ ਦੀਆਂ ਤਹਿਆਂ ਵਿਛਾ ਲੈਂਦੇ ਹਨ। ਇਸ ਤਰ੍ਹਾਂ ਉਹ ਅਮੀਰ ਲੋਕਾਂ ਵਾਂਗ ਨਰਮ ਗੱਦਿਆਂ ਦੀ ਮੌਜ ਮਾਣਨ ਦੀ ਕਲਪਨਾ ਕਰ ਲੈਂਦੇ ਹਨ।

ਮਹਿਲਾਂ ਵਰਗੇ ਮਕਾਨਾਂ ਵਿਚ ਰਹਿਣ ਵਾਲੇ ਧਨਾਢ ਲੋਕ ਤਾਂ ਕਿਸਾਨਾਂ ਦੀਆਂ ਤਕਲੀਫਾਂ ਬਾਰੇ ਸੋਚ ਵੀ ਨਹੀਂ ਸਕਦੇ। ਜਿਨ੍ਹਾਂ ਲੋਕਾਂ ਨੂੰ ਕਦੇ ਭੁੱਖ ਦਾ ਸਾਹਮਣਾ ਨਹੀਂ ਹੋਇਆ, ਜਿਨ੍ਹਾਂ ਲਈ ਨੰਗਾ ਧੜ ਸਿਰਫ ਕਥਾ ਹੈ, ਜਿਨ੍ਹਾਂ ਨੇ ਨਿਰਧਨਤਾ ਕਦੇ ਵੇਖੀ ਹੀ ਨਹੀਂ, ਉਹ ਕਿਸਾਨ ਬਾਰੇ ਕੀ ਜਾਣ ਸਕਦੇ ਹਨ ਜੋ ਔਕੜਾਂ ਅਤੇ ਬਿਪਤਾਵਾਂ ਕਾਰਨ ਹਮੇਸ਼ਾ ਬੇਚੈਨ ਅਤੇ ਉਦਾਸ ਰਹਿੰਦਾ ਹੈ। ਐ ਚਾਂਦੀ ਦੇ ਪੰਘੂੜੇ ਵਿਚ ਪਲੇ ਅਮੀਰ ਲੋਕੋ, ਐ ਮੁਸ਼ਕਿਲਾਂ ਤੋਂ ਅਣਜਾਣ ਕਰੋੜਪਤੀਓ ਅਤੇ ਪਤਝੜਾਂ ਤੋਂ ਨਾਵਾਕਿਫ ਬੁਲਬੁਲੋ, ਗਰੀਬ ਹਲਵਾਹਕ ਕਿਸਾਨ ਗਰੀਬੀ ਦੇ ਸਰਾਪ ਤੋਂ ਬੁਰੀ ਤਰ੍ਹਾਂ ਦੁਖੀ ਹੈ। ਈਦ ਉਸ ਵਾਸਤੇ ਕੋਈ ਤਿਉਹਾਰ ਨਹੀਂ, ਉਸ ਦੀ ਸ਼ਬ-ਏ-ਬਾਰਾਤ ਉਸ ਵਾਸਤੇ ਸ਼ਬ-ਏ-ਬਾਰਾਤ ਨਹੀਂ ਹੁੰਦੀ, ਉਸ ਦਾ ਦਸਹਿਰਾ ਖੁਸ਼ੀਆਂ ਅਤੇ ਮੌਜਾਂ ਮਾਣਨ ਦਾ ਦਸਹਿਰਾ ਨਹੀ਼ ਹੁੰਦਾ, ਇਹ ਦੁੱਖਾਂ ਅਤੇ ਗਮਾਂ ਦਾ ਦਸਹਿਰਾ ਹੁੰਦਾ ਹੈ। ਉਸ ਦੀ ਹੋਲੀ ਰੰਗਾਂ ਦਾ ਤਿਉਹਾਰ ਨਹੀਂ, ਬਲਕਿ ਹੰਝੂਆਂ ਨਾਲ ਭਿੱਜੀ ਹੁੰਦੀ ਹੈ। ਤੁਸੀਂ ਵੱਖ-ਵੱਖ ਸਵਾਦਲੇ ਪਕਵਾਨਾਂ ਦਾ ਆਨੰਦ ਲੈਂਦੇ ਹੋ ਪਰ ਕਿਸਾਨ ਸਸਤੀ ਸ਼ੱਕਰ ਅਤੇ ਘਟੀਆ ਚੌਲਾਂ ਨੂੰ ਹੀ ਪੂਰਾ ਆਉਂਦਾ ਹੈ ਅਤੇ ਉਹ ਵੀ ਬਹੁਤ ਵਾਰ ਦੁਕਾਨਦਾਰ ਕੋਲ ਭਾਂਡੇ ਗਿਰਵੀ ਰੱਖ ਕੇ। ਤੁਸੀਂ ਸ਼ਾਨਦਾਰ ਲਿਸ਼ਕਦੇ ਕੱਪੜਿਆਂ ਵਿਚ ਆਕੜ ਨਾਲ ਤੁਰਦੇ ਹੋ ਪਰ ਕਿਸਾਨ ਲਈ ਆਪਣੇ ਮੋਟੇ ਚੁਭਵੇਂ ਕੱਪੜਿਆਂ ਨੂੰ ਧੁਆਉਣਾ ਅਤੇ ਰੰਗਵਾਉਣਾ ਵੀ ਔਖਾ ਹੈ। ਅਮੀਰ ਘਰਾਂ ਦੀਆਂ ਔਰਤਾਂ ਸੋਨੇ ਦੇ ਗਹਿਣਿਆਂ ਨਾਲ ਲੱਦੀਆਂ ਫਿਰਦੀਆਂ ਹਨ ਜਦਕਿ ਦੂਜੇ ਪਾਸੇ ਗਰੀਬ ਕਿਸਾਨ ਆਪਣੀ ਪਤਨੀ ਨੂੰ ਆਪਣੇ ਚਾਂਦੀ ਦੇ ਬੇਢਬੇ ਗਹਿਣੇ ਲਾਹ ਕੇ ਦੇਣ ਲਈ ਮਿੰਨਤਾਂ ਕੱਢਦਾ ਹੈ ਤਾਂ ਕਿ ਉਹ ਉਨ੍ਹਾਂ ਨੂੰ ਦੁਕਾਨਦਾਰ ਕੋਲ ਗਿਰਵੀ ਰੱਖ ਕੇ ਤਿਉਹਾਰ ਤੇ ਬੱਚਿਆਂ ਲਈ ਮਠਿਆਈ ਲਿਆ ਸਕੇ। ਮੇਲਿਆਂ ਵਿਚ ਅਮੀਰ ਲੋਕ ਠੰਢਾ ਸੋਡਾ-ਵਾਟਰ, ਚਾਹ, ਕਾਫੀ ਵਗੈਰਾ ਪੀਂਦੇ ਹਨ ਪਰ ਗਰੀਬ ਕਿਸਾਨ ਜੇ ਆਪਣੇ ਬੱਚੇ ਨੂੰ ਭੁੰਨੀ ਮੂੰਗਫਲੀ ਖਰੀਦਣ ਵਾਸਤੇ ਇਕ ਪੈਸਾ ਦੇ ਸਕੇ ਤਾਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹੈ। ਉਸ ਨੂੰ ਬੇਚੈਨੀ ਅਤੇ ਚਿੰਤਾ ਸਤਾਉਂਦੇ ਰਹਿੰਦੇ ਹਨ। ਕਦੇ ਦੁਕਾਨਦਾਰ ਦਾ ਬਕਾਇਆ ਅਤੇ ਕਦੇ ਨੰਬਰਦਾਰ ਵੱਲੋਂ ਮਾਮਲੇ ਦੀ ਉਗਰਾਹੀ ਦੀ ਚਿਤਾਵਨੀ। ਜਦੋਂ ਸਾਹੂਕਾਰ ਜਾਣ ਵਾਲਾ ਹੁੰਦਾ ਹੈ ਤਾਂ ਨੰਬਰਦਾਰ ਆ ਧਮਕਦਾ ਹੈ। ਕਦੇ ਉਸ ਨੂੰ ਅਦਾਲਤ ਵੱਲੋਂ ਆਈ ਡਿਗਰੀ ਤੰਗ ਕਰਦੀ ਹੈ ਅਤੇ ਕਦੇ ਮਾਲ ਮਹਿਕਮੇ ਵਾਲੇ ਆ ਬੂਹਾ ਖੜਕਾਉਂਦੇ ਹਨ; ਕਦੇ ਡਿਗਰੀ ਤੇ ਆਮਲ ਕਰਨ ਵੇਲੇ ਉਸ ਦੀਆਂ ਚੀਜ਼ਾਂ ਅਤੇ ਪਸ਼ੂ ਲਿਜਾਏ ਜਾ ਰਹੇ ਹੁੰਦੇ ਹਨ ਅਤੇ ਕਦੇ ਉਸ ਦਾ ਮਕਾਨ ਨਿਲਾਮ ਹੋ ਰਿਹਾ ਹੁੰਦਾ ਹੈ; ਕਦੇ ਖੜ੍ਹੀ ਫਸਲ ਨਿਲਾਮ ਕਰ ਦਿੱਤੀ ਜਾਂਦੀ ਹੈ ਅਤੇ ਕਦੇ ਉਸ ਦੀ ਖੇਤੀ ਬਰਬਾਦ ਕਰ ਦਿੱਤੀ ਜਾਂਦੀ ਹੈ।

***ਸਾਰੇ ਗੁਦਾਮ ਕਿਸਾਨ ਦੁਆਰਾ ਪੈਦਾ ਕੀਤੇ ਹੋਏ ਅਨਾਜ ਦੇ ਭਰੇ ਪਏ ਹਨ। ਉਸ ਦੇ ਖੇਤਾਂ ਦੀ ਪੈਦਾਵਾਰ ਨਾਲ ਲੱਦੀਆਂ ਮਾਲ ਗੱਡੀਆਂ ਇਧਰ ਉਧਰ ਭੱਜੀਆਂ ਫਿਰਦੀਆਂ ਹਨ। ਸਮੁੰਦਰੀ ਜਹਾਜ਼ ਉਸ ਦੇ ਮਾਲ-ਅਸਬਾਬ ਉਤੇ ਨਿਰਭਰ ਕਰਦੇ ਹਨ। ਫਿਰ ਵੀ ਕਿਸਾਨ ਨੂੰ ਮੋਟੇ ਅਨਾਜ ਨਾਲ ਪੇਟ ਭਰਨ ਦੀ ਉਮੀਦ ਵੀ ਨਹੀਂ ਹੁੰਦੀ। ਉਹ ਮੱਖਣ ਅਤੇ ਘਿਉ ਤਿਆਰ ਕਰਦਾ ਹੈ ਪਰ ਉਸ ਦੀ ਗਰੀਬੀ ਇਹ ਇਜਾਜ਼ਤ ਨਹੀਂ ਦਿੰਦੀ ਕਿ ਉਸ ਦੇ ਬੱਚੇ ਹਰ ਰੋਜ਼ ਮੱਖਣ ਘਿਉ ਖਾ ਸਕਣ। ਇਨ੍ਹਾਂ ਨੂੰ ਕਿਸੇ ਤਿਉਹਾਰ 'ਤੇ ਹੀ ਇਹ ਚੀਜ਼ਾਂ ਮਿਲਦੀਆਂ ਹਨ। ਟੱਬਰ ਦੀ ਲੋੜ ਲਈ ਉਹ ਮੋਟੇ ਖੱਦਰ ਨੂੰ ਹੀ ਮੁਸ਼ਕਿਲ ਨਾਲ ਪੂਰਾ ਆਉਂਦਾ ਹੈ।***



*ਮੁਲਤਾਨ ਨੇੜੇ ਗੰਨੇ ਦੇ ਖੇਤ ਵਿਚ ਕੰਮ ਕਰ ਰਹੀਆਂ ਤ੍ਰੀਮਤਾਂ। ਇਹ ਤਸਵੀਰ 1930ਵਿਆਂ ਦੀ ਹੈ।*

ਕਈ ਵਾਰ ਉਸ ਦੇ ਸਾਰੇ ਪਸ਼ੂ ਕਿਸੇ ਬਿਮਾਰੀ ਦੀ ਚਪੇਟ ਵਿਚ ਆ ਜਾਂਦੇ ਹਨ। ਕਈ ਵਾਰ ਬਾਰਿਸ਼ ਬਹੁਤ ਘੱਟ ਹੁੰਦੀ ਹੈ ਅਤੇ ਕਈ ਵਾਰ ਲੋੜ ਤੋਂ ਬਹੁਤ ਜ਼ਿਆਦਾ। ਫਸਲ ਕਈ ਵਾਰ ਪੱਕਣ ਤੋਂ ਪਹਿਲਾਂ ਸੁੱਕ ਜਾਂਦੀ ਹੈ ਅਤੇ ਕਈ ਵਾਰ ਪੱਕੀ ਫਸਲ ਨੂੰ ਗੜਿਆਂ ਜਾਂ ਟਿੱਡੀ ਦਲ ਦੀ ਮਾਰ ਪੈ ਜਾਂਦੀ ਹੈ। ਜਦੋਂ ਉਸ ਕੋਲ ਵੇਚਣ ਲਈ ਕੁਝ ਹੁੰਦਾ ਹੈ ਤਾਂ ਕੀਮਤਾਂ ਡਿੱਗ ਪੈਂਦੀਆਂ ਹਨ; ਜਦੋਂ ਉਸ ਨੂੰ ਉਧਾਰ ਲੈ ਕੇ ਅਨਾਜ ਖਰੀਦਣਾ ਪੈ ਜਾਂਦਾ ਹੈ ਤਾਂ ਕੀਮਤ ਵੱਧ ਦੇਣੀ ਪੈਂਦੀ ਹੈ। ਇਸ ਤਰ੍ਹਾਂ ਉਸ ਦੀ ਪੈਦਾਵਾਰ ਦਾ ਖਰੀਦ ਅਤੇ ਵੇਚ ਮੁੱਲ ਹੋਰ ਲੋਕ ਮੁਕੱਰਰ ਕਰਦੇ ਹਨ। ਨਤੀਜੇ ਵਜੋਂ, ਕਿਸਾਨ ਨੂੰ ਦੋਹਾਂ ਪਾਸਿਓਂ ਮਾਰ ਪੈਂਦੀ ਹੈ। ਭੇਡ ਨੂੰ ਘੁਰੜ ਕੇ ਮੁੰਨਣ ਨਾਲੋਂ ਵੀ ਵੱਧ ਤਸੀਹੇ ਦੇ ਕੇ ਉਸ ਦੀ ਇਸ ਤਰ੍ਹਾਂ ਉੱਨ ਲਾਹੀ ਜਾਂਦੀ ਹੈ ਕਿ ਚਮੜੀ ਮੱਲ੍ਹਮ ਲਾਇਆਂ ਵੀ ਦੁਖਦੀ ਹੈ।

ਕਿਸਾਨ ਦਾ ਆਲਾ-ਦੁਆਲਾ ਸਿਹਤ ਲਈ ਹਾਨੀਕਾਰਕ ਹੁੰਦਾ ਹੈ। ਉਸ ਦਾ ਘਰ ਗੰਦੀ ਹਵਾਲਾਤ ਵਰਗਾ ਹੁੰਦਾ ਹੈ ਜਿਸ ਵਿਚ ਹਵਾ ਅਤੇ ਚਾਨਣ ਆਉਣ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਉਸ ਦਾ ਪਰਿਵਾਰ ਉਸ ਵਿਚ ਰਹਿੰਦਾ ਹੈ ਅਤੇ ਅੰਦਰ ਹੀ ਚੁੱਲ੍ਹੇ 'ਚੋਂ ਧੂੰਆਂ ਨਿਕਲਦਾ ਰਹਿੰਦਾ ਹੈ। ਸਰਦੀਆਂ ਵਿਚ ਪਸ਼ੂ ਅੰਦਰ ਬੰਨ੍ਹ ਕੇ ਸਾਰੇ ਬੂਹੇ ਬੰਦ ਕਰ ਲਏ ਜਾਂਦੇ ਹਨ। ਗੋਹੇ ਅਤੇ ਪਿਸ਼ਾਬ ਦੀ ਬਦਬੂ ਅਤੇ ਮਨੁੱਖਾਂ ਅਤੇ ਪਸ਼ੂਆਂ ਦੀ ਹਵਾੜ੍ਹ ਸਾਰੇ ਵਾਤਾਵਰਨ ਨੂੰ ਗੰਦਾ ਕਰ ਦਿੰਦੀ ਹੈ। ਗਰਮੀਆਂ ਵਿਚ ਵੀ ਪਸ਼ੂ, ਖਾਸ ਤੌਰ 'ਤੇ ਦੁਧਾਰੂ ਪਸ਼ੂ, ਜ਼ਿਆਦਾ ਸਮਾਂ ਅੰਦਰ ਹੀ ਰੱਖੇ ਜਾਂਦੇ ਹਨ।

ਗਲੀਆਂ ਸਾਫ ਕਰਨ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਪਿੰਡ ਦੇ ਕਈ ਥਾਵਾਂ 'ਤੇ ਕੂੜੇ ਦੇ ਬਦਬੂ ਮਾਰਦੇ ਢੇਰ ਲੱਗੇ ਹੁੰਦੇ ਹਨ। ਆਮ ਤੌਰ 'ਤੇ ਬੱਚੇ ਇਨ੍ਹਾਂ ਗਲੀਆਂ ਨੂੰ ਸਰਵਜਨਕ ਸੌਚਾਲਿਆਂ ਦੇ ਤੌਰ 'ਤੇ ਵਰਤਦੇ ਹਨ। ਉਥੇ ਗੰਦਾ ਪਾਦੀ ਵੀ ਇਕੱਠਾ ਹੋ ਜਾਂਦਾ ਹੈ। ਬਰਸਾਤ ਦੇ ਦਿਨਾਂ ਵਿਚ ਇਨ੍ਹਾਂ ਗਲੀਆਂ ਦੀ ਹਾਲਤ ਹੋਰ ਵੀ ਖਰਾਬ ਹੋ ਜਾਂਦੀ ਹੈ। ਇਨ੍ਹਾਂ ਗਲੀਆਂ ਵਿਚੋਂ ਲੰਘਣ ਲੱਗਿਆਂ ਅੱਖਾਂ ਅਤੇ ਨੱਕ ਨੂੰ ਹੀ ਨਹੀਂ, ਪੈਰਾਂ ਨੂੰ ਵੀ ਕਚਿਆਣ ਆਉਣ ਲੱਗਦੀ ਹੈ।

ਵਸੋਂ ਦੇ ਬਿਲਕੁਲ ਨੇੜੇ ਟੋਏ ਹੁੰਦੇ ਹਨ ਜਿਨ੍ਹਾਂ ਵਿਚ ਇਕੱਠਾ ਹੋਇਆ ਪਾਣੀ ਬੇਹੱਦ ਬਦਬੂ ਮਾਰਦਾ ਹੈ। ਉਥੇ ਮੱਛਰ ਪੈਦਾ ਹੋ ਜਾਂਦੇ ਹਨ। ਨੇੜੇ ਹੀ ਗੰਧਲੇ ਪਾਣੀ ਦੇ ਛੱਪੜ ਹੁੰਦੇ ਹਨ। ਆਮ ਤੌਰ 'ਤੇ ਨਾਲੀਆਂ ਦਾ ਗੰਦਾ ਪਾਣੀ ਵੀ ਉਨ੍ਹਾਂ ਵਿਚ ਜਾ ਡਿਗਦਾ ਹੈ। ਪਿੰਡ ਵਾਲੇ ਅਕਸਾਰ ਇਨ੍ਹਾਂ ਵਿਚ ਨਹਾਉਂਦੇ ਹਨ, ਕੱਪੜੇ ਧੋਂਦੇ ਹਨ, ਮੱਝਾਂ ਅਤੇ ਘੋੜੇ ਨੁਹਾਉਂਦੇ ਹਨ। ਪੀਣ ਵਾਸਤੇ ਵਰਤਣ ਤੋਂ ਇਲਾਵਾ ਇਹੀਓ ਪਾਣੀ ਅਕਸਰ ਖਾਣਾ ਪਕਾਉਣ ਅਤੇ ਦਾਲਾਂ ਰਿੰਨ੍ਹਣ ਲਈ ਵੀ ਵਰਤਿਆ ਜਾਂਦਾ ਹੈ। ਪਾਣੀ ਨੂੰ ਗੰਦਾ ਹੋਣ ਤੋਂ ਬਚਾਉਣ ਦਾ ਕੋਈ ਹੀਲਾ ਨਹੀਂ ਕੀਤਾ ਜਾਂਦਾ। ਕੁਝ ਪਿੰਡਾਂ ਵਿਚ ਚਮੜਾ ਕਮਾਉਣ ਅਤੇ ਰੰਗਣ ਵਾਲੀਆਂ ਥਾਵਾਂ ਹੁੰਦੀਆਂ ਹਨ। ਕੁਝ ਟੋਇਆਂ ਵਿਚ ਸਣ ਦੀਆਂ ਭਰੀਆਂ ਪੋਲੀਆਂ ਕਰਨ ਵਾਸਤੇ ਡੁਬੋਈਆਂ ਹੁੰਦੀਆਂ ਹਨ। ਵਿਹੜਿਆਂ ਦੇ ਅੰਦਰ ਅਤੇ ਬਾਹਰ ਦੇ ਹਾਲਾਤ ਮਿਲ ਕੇ ਸਿਹਤ ਲਈ ਹਾਨੀਕਾਰਕ ਵਾਤਾਵਰਨ ਪੈਦਾ ਕਰ ਦਿੰਦੇ ਹਨ। ਜੇ ਕਿਸਾਨ ਬਿਮਾਰ ਘੱਟ ਹੁੰਦਾ ਹੈ ਤਾਂ ਇਸ ਦੇ ਦੋ ਕਾਰਨ ਹਨ: ਪਹਿਲਾ, ਖੇਤਾਂ ਵਿਚ ਵਾਤਾਵਰਨ ਸ਼ੁੱਧ ਹੁੰਦਾ ਹੈ ਅਤੇ ਕਿਸਾਨ ਦਾ ਤਿੰਨ-ਚੌਥਾਈ ਸਮਾਂ ਖੇਤਾਂ ਵਿਚ ਬੀਤਦਾ ਹੈ। ਦੂਜਾ, ਬਹੁਤੀਆਂ ਬਿਮਾਰੀਆਂ ਪੇਟ ਦੀ ਕਿਸੇ ਖਰਾਬੀ ਕਾਰਨ ਹੁੰਦੀਆਂ ਹਨ ਜੋ ਲੋੜ ਤੋਂ ਵੱਧ ਖਾਣ ਅਤੇ ਸਵਾਦ ਖਾਣਾ ਜ਼ਿਆਦਾ ਖਾ ਬੈਠਣ ਨਾਲ ਹੁੰਦੀਆਂ ਹਨ। ਕਿਸਾਨ ਨੂੰ ਅਜਿਹੀ ਖੁਰਾਕ ਨਹੀਂ ਮਿਲਦੀ; ਸਗੋਂ ਕਈ ਵਾਰ ਭੁੱਖਮਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਉਸ ਨੂੰ ਪੇਟ ਦੀ ਤਕਲੀਫ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਨਿਰਸੰਦੇਹ, ਮਹਾਂਮਾਰੀਆਂ ਤੋਂ ਇਲਾਵਾ ਕਿਸਾਨ 'ਤੇ ਹੋਰ ਬਿਮਾਰੀਆਂ ਦਾ ਅਸਰ ਘੱਟ ਵੱਧ ਹੀ ਹੁੰਦਾ ਹੈ।

ਕਿਸਾਨ ਦੀ ਬੇਵਸੀ ਤਦ ਸਾਹਮਣੇ ਆਉਂਦੀ ਹੈ ਜਦ ਬਾਰਿਸ਼ਾਂ ਦੌਰਾਨ ਜ਼ਿਆਦਾ ਮੱਛਰ ਪੈਦਾ ਹੋਣ ਕਰ ਕੇ ਮਲੇਰੀਆ ਫੈਲ ਜਾਂਦਾ ਹੈ ਜਾਂ ਸਰਦੀ ਵਿਚ ਘੱਟ ਕੱਪੜੇ ਪਹਿਨਣ ਕਰ ਕੇ ਕਿਸੇ ਨੂੰ ਨਮੂਨੀਆ ਹੋ ਜਾਂਦਾ ਹੈ ਜਾਂ ਕੋਈ ਮਹਾਂਮਾਰੀ ਫੈਲ ਜਾਂਦੀ ਹੈ। ਦੋ-ਤਿੰਨ ਦਿਨ ਰੋਗੀ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਪਰ ਜਦੋਂ ਉਸ ਦੀ ਹਾਲਤ ਇੰਨੀ ਖ਼ਰਾਬ ਹੋ ਜਾਂਦੀ ਹੈ ਕਿ ਉਹ ਤੁਰਨ ਫਿਰਨ ਅਤੇ ਰੋਟੀ ਖਾਣ ਜੋਗਾ ਨਹੀਂ ਰਹਿੰਦਾ ਤਾਂ ਫਿਰ ਉਸ ਨੂੰ ਬਿਮਾਰ ਗਿਣਿਆ ਜਾਂਦਾ ਹੈ, ਜਾਂ ਪਿੰਡ ਦੇ ਕਿਸੇ ਨੀਮ ਹਕਮੀ ਤੋਂ ਦਵਾਈ ਦਿਵਾ ਦਿੱਤੀ ਜਾਂਦੀ ਹੈ। ਪਿੰਡ ਵਿਚ ਜੇਕਰ ਕੋਈ 'ਸਿਆਣਾ' ਹੋਵੇ ਤਾਂ ਉਸ ਦੀ ਵੀ ਮਦਦ ਲਈ ਜਾਂਦੀ ਹੈ। ਤਵੀਤ ਦਾ ਸਹਾਰਾ ਵੀ ਕੋਈ ਘੱਟ ਨਹੀਂ ਹੁੰਦਾ। ਸਹੀ ਅਤੇ ਅਸਲ ਇਲਾਜ ਕਿਸਾਨ ਦੀ ਪਹੁੰਚ ਤੋਂ ਬਾਹਰ ਹੁੰਦਾ ਹੈ। ਆਸੇ-ਪਾਸੇ ਕਈ ਮੀਲ ਤੱਕ ਕੋਈ ਹਸਪਤਾਲ ਨਹੀਂ ਹੁੰਦਾ। ਨਵੀਂ ਸਭਿਅਤਾ, ਨਵਾਂ ਜ਼ਮਾਨਾ ਅਤੇ ਨਵੀਂ ਰੌਸ਼ਨੀ ਉਸ ਵਾਸਤੇ ਮੁਸ਼ਕਿਲਾਂ ਦੇ ਸੰਕੇਤ ਹਨ। ਕੋਈ ਡਾਕਟਰ ਫੀਸ ਲਏ ਬਿਨਾਂ ਮਰੀਜ਼ ਵੇਖਣ ਨਹੀਂ ਜਾਂਦਾ। ਸਰਕਾਰੀ ਖਜ਼ਾਨੇ 'ਚੋਂ ਤਨਖਾਹ ਲੈਣ ਵਾਲਾ ਅਤੇ ਕਿਸਾਨ ਦੀ ਔਖੀ ਕਮਾਈ ਤੇ ਫਲਣ-ਫੁੱਲਣ ਵਾਲਾ ਡਾਕਟਰ ਵੀ ਫੀਸ ਅਤੇ ਸਵਾਰੀ ਮੰਗਦਾ ਹੈ। ਵਿਚਾਰਾ ਕਿਸਾਨ ਫੀਸ ਦੇਣ ਜੋਗਾ ਨਹੀਂ ਹੁੰਦਾ ਅਤੇ ਸਵਾਰੀ ਲਈ ਉਸ ਕੋਲ ਗੱਡਾ ਜਾਂ ਲਿੱਸਾ ਜਿਹਾ ਘੋੜਾ ਹੀ ਹੁੰਦਾ ਹੈ। ਗੱਡੇ 'ਤੇ ਚੜ੍ਹਨਾ ਡਾਕਟਰ ਆਪਣੀ ਸ਼ਾਨ ਦੇ ਖ਼ਿਲਾਫ ਸਮਝਦਾ ਹੈ ਅਤੇ ਘੋੜੇ ਉਤੇ ਉਸ ਨੂੰ ਚੜ੍ਹਨਾ ਨਹੀਂ ਆਉਂਦਾ ਜਾਂ ਚੜ੍ਹਨ ਤੋਂ ਡਰਦਾ ਹੈ। ਘਰ ਪੈ ਕੇ ਰੋਣ ਤੋਂ ਸਿਵਾਏ ਮਰੀਜ਼ ਕੋਲ ਹੋਰ ਕੋਈ ਚਾਰਾ ਨਹੀਂ ਹੁੰਦਾ।

ਜੇ ਭਗਵਾਨ ਮੌਤ ਨੂੰ ਟਾਲਣ ਵਿਚ ਮਦਦ ਕਰੇ ਤਾਂ ਮਰੀਜ਼ ਠੀਕ ਹੋ ਜਾਂਦਾ ਹੈ; ਨਹੀਂ ਤਾਂ ਸਵਰਗ ਸਿਧਾਰ ਜਾਂਦਾ ਹੈ। ਕਈ ਵਾਰ ਕੋਈ ਕਿਸਾਨ ਮਰੀਜ਼ ਨੂੰ ਗੱਡੇ ਵਿਚ ਪਾ ਕੇ ਹਸਪਤਾਲ ਲੈ ਜਾਂਦਾ ਹੈ। ਉਥੇ ਉਹ ਕਈ ਘੰਟੇ ਉਡੀਕ ਕਰਦਾ ਹੈ। ਦਸ-ਬਾਰਾਂ ਵਾਰ ਡਾਕਟਰ ਨੂੰ ਨਮਸਤੇ ਕਰਦਾ ਹੈ ਪਰ ਡਾਕਟਰ ਉਸ ਵੱਲ ਕੋਈ ਧਿਆਨ ਨਹੀਂ ਦਿੰਦਾ। ਉਹ ਪੁਲਿਸ ਇੰਸਪੈਕਟਰ, ਤਹਿਸੀਲਦਾਰ, ਡੀ.ਐਸ.ਪੀ. ਜਾਂ ਕਾਰ ਭੇਜਣ ਵਾਲੇ ਆਦਮੀ ਵਿਚ ਖਾਸ ਦਿਲਚਸਪੀ ਲੈਂਦਾ ਹੈ। ਉਸ ਨੂੰ ਗਰੀਬ, ਗੰਵਾਰ ਕਿਸਾਨ ਵੱਲ ਵੇਖਣ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ। ਆਖਰ ਕੰਪਾਊਂਡਰ ਦੀ ਸਿਫਾਰਿਸ਼ 'ਤੇ ਡਾਕਟਰ ਲਾਪਰਵਾਹੀ ਜਿਹੀ ਨਾਲ ਮਰੀਜ਼ ਨੂੰ ਵੇਖਣ ਲਈ ਮੰਨ ਜਾਂਦਾ ਹੈ ਅਤੇ ਐਨੀ ਬੇਰੁਖੀ ਨਾਲ ਦਵਾਈ ਲਿਖਦਾ ਹੈ ਕਿ ਮਰੀਜ਼ ਦੀ ਦੁਬਾਰਾ ਹਸਪਤਾਲ ਜਾਣ ਦੀ ਹਿੰਮਤ ਨਹੀਂ ਪੈਂਦੀ ਹੈ। ਹਕੀਕਤ ਇਹ ਹੈ ਕਿ ਸਹੂਲਤਾਂ ਦੀ ਘਾਟ ਅਤੇ ਡਾਕਟਰਾਂ ਦੀ ਬੇਰੁਖੀ ਕਾਰਨ ਹਜ਼ਾਰਾਂ ਪੇਂਡੂ ਵੱਖ-ਵੱਖ ਬਿਮਾਰੀਆਂ ਨਾਲ ਮਰ ਜਾਂਦੇ ਹਨ।

ਕਿਸਾਨਾਂ ਦੀਆਂ ਸ਼ਿਕਾਇਤਾਂ ਦੀ ਸੂਚੀ ਬਹੁਤ ਲੰਮੀ ਹੈ। ਉਸ ਨੂੰ ਅਣਗਿਣਤ ਦੁੱਖ ਹਨ। ਭਗਵਾਨ ਦੀ ਕਰੋਪੀ, ਐਸ਼-ਪ੍ਰਸਤ ਸਰਕਾਰੀ ਅਫਸਰਾਂ ਦੀ ਅਣਗਹਿਲੀ, ਉਸ ਦੇ ਆਗੂਆਂ ਦੀ ਦਲਿੱਦਰਤਾ ਅਤੇ ਅੰਤ ਵਿਚ, ਉਸ ਦੀ ਆਪਣੀ ਅਗਿਆਨਤਾ ਅਤੇ ਬੇਸਮਝੀ- ਇਹ ਕੁਝ ਕੁ ਕਾਰਨ ਹਨ ਜਿਹੜੇ ਉਸ ਦੀਆਂ ਬਦਨਸੀਬੀਆਂ, ਬਰਬਾਦੀ ਅਤੇ ਪਰਿਵਾਰਕ ਬੇਪਤੀ ਦਾ ਅੰਤ ਨਹੀਂ ਹੋਣ ਦਿੰਦੇ। ਉਸ ਦਾ ਦੁੱਖਾਂ ਦਾ ਵਿੰਨ੍ਹਿਆ ਹੋਇਆ ਮਨ ਹਰ ਪਲ ਹੌਸਲਾ ਛੱਡ ਰਿਹਾ ਹੈ। ਉਸ ਦੇ ਦੁੱਖਾਂ ਦੀ ਕਹਾਣੀ ਤਕਲੀਫਦੇਹ ਅਤੇ ਲੰਮੀ ਹੈ। ਮੈਂ ਕੀ-ਕੀ ਦੱਸਾਂ, ਕਿਸ ਤਰ੍ਹਾਂ ਦੱਸਾਂ? ਕੋਈ ਸੁਣਨ ਵਾਲਾ ਨਹੀਂ, ਕੋਈ ਹਮਦਰਦ ਨਹੀਂ, ਕੋਈ ਉਸ ਦੀਆਂ ਮਿੰਨਤਾਂ ਅਤੇ ਸ਼ਿਕਵੇ ਸੁਣਨ ਨੂੰ ਤਿਆਰ ਨਹੀਂ। ਮੂੰਹ ਵਿਚੋਂ ਖੁਦ-ਬਖੁਦ ਇਹ ਹੀ ਆਵਾਜ਼ ਨਿਕਲਦੀ ਹੈ:

"ਇਸ ਕੌਮ ਕਾ ਦੁਖੜਾ,  
ਇਲਾਹੀ ਕਿਸੇ ਸੁਨਾਊਂ,  
ਡਰ ਹੈ ਕਿ ਇਸ ਕੇ ਗਮ ਮੇਂ,  
ਘੁਲ-ਘੁਲ ਕੇ ਮਰ ਨਾ ਜਾਊਂ।"



*ਲਾਹੌਰ ਨੇੜੇ ਖੇਤ ਵਿਚ ਭੱਤਾ ਲੈ ਕੇ ਜਾ ਰਹੀਆਂ ਔਰਤਾਂ। ਇਹ ਤਸਵੀਰ 1930ਵਿਆਂ ਦੀ ਹੈ।*

***ਕਿਸਾਨ ਦੀ ਬੇਵਸੀ ਤਦ ਸਾਹਮਣੇ ਆਉਂਦੀ ਹੈ ਜਦ ਬਾਰਿਸ਼ਾਂ ਦੌਰਾਨ ਜ਼ਿਆਦਾ ਮੱਛਰ ਪੈਦਾ ਹੋਣ ਕਰ ਕੇ ਮਲੇਰੀਆ ਫੈਲ ਜਾਂਦਾ ਹੈ ਜਾਂ ਸਰਦੀ ਵਿਚ ਘੱਟ ਕੱਪੜੇ ਪਹਿਨਣ ਕਰ ਕੇ ਕਿਸੇ ਨੂੰ ਨਮੂਨੀਆ ਹੋ ਜਾਂਦਾ ਹੈ। ਦੋ-ਤਿੰਨ ਦਿਨ ਰੋਗੀ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਪਰ ਜਦੋਂ ਉਸ ਦੀ ਹਾਲਤ ਇੰਨੀ ਖਰਾਬ ਹੋ ਜਾਂਦੀ ਹੈ ਕਿ ਉਹ ਤੁਰਨ ਫਿਰਨ ਅਤੇ ਰੋਟੀ ਖਾਣ ਜੋਗਾ ਨਹੀਂ ਰਹਿੰਦਾ ਤਾਂ ਫਿਰ ਉਸ ਨੂੰ ਬਿਮਾਰ ਗਿਣਿਆ ਜਾਂਦਾ ਹੈ। ਪਿੰਡ ਵਿਚ ਜੇਕਰ ਕੋਈ 'ਸਿਆਣਾ' ਹੋਵੇ ਤਾਂ ਉਸ ਦੀ ਵੀ ਮਦਦ ਲਈ ਜਾਂਦੀ ਹੈ। ਤਵੀਤ ਦਾ ਸਹਾਰਾ ਵੀ ਕੋਈ ਘੱਟ ਨਹੀਂ ਹੁੰਦਾ।***

# ਕੀ ਕਹਿ ਰਿਹਾ ਹੈ ਪੰਜਾਬ?

***ਸਮੁੱਚੇ ਪੰਜਾਬ ਅਤੇ ਦਿੱਲੀ ਦੀਆਂ ਹੱਦਾਂ ਉਤੇ ਚੱਲ ਰਹੇ ਕਿਸਾਨ ਮੋਰਚੇ ਨੇ ਪੂਰੇ ਹਿੰਦੋਸਤਾਨ ਦਾ ਹੀ ਨਹੀਂ, ਸਮੁੱਚੇ ਸੰਸਾਰ ਦਾ ਧਿਆਨ ਖਿੱਚਿਆ ਹੈ। ਇਸ ਨੂੰ ਸੰਸਾਰ ਦੇ ਵੱਡੇ ਰੋਸ ਵਿਖਾਵਿਆਂ ਵਿਚੋਂ ਇਕ ਤਸੱਵੁਰ ਕੀਤਾ ਜਾ ਰਿਹਾ ਹੈ। ਇਸ ਦੀ ਖਾਸੀਅਤ ਇਹ ਹੈ ਕਿ ਇਸ ਅੰਦਰ ਪੰਜਾਬ ਦਾ ਹਰ ਵਰਗ ਆਪੋ-ਆਪਣੇ ਢੰਗ-ਤਰੀਕੇ ਨਾਲ ਯੋਗਦਾਨ ਪਾ ਰਿਹਾ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਉਘੇ ਵਿਦਵਾਨ ਸੁਮੇਲ ਸਿੰਘ ਸਿੱਧੂ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ***

ਹਿੰਦੋਸਤਾਨ ਦੀ ਰਾਜਧਾਨੀ ਦਿੱਲੀ ਦੀ ਸਿੰਘੂ ਹੱਦ 'ਤੇ ਤਰਪਾਲ ਨਾਲ ਢਕੀਆਂ, ਤੰਬੂ ਵਾਂਗ ਤਾਣੀਆਂ ਟਰਾਲੀਆਂ ਨੂੰ ਚਮਕੌਰ ਦੀ ਕੱਚੀ ਗੜ੍ਹੀ ਮੰਨ ਕੇ, ਲਾਲ ਕਿਲ੍ਹੇ ਤੋਂ ਆਪਣਾ ਹੱਕ ਹਾਸਲ ਕਰਨ ਪੁੱਜੇ ਕਿਸਾਨਾਂ ਨੇ ਆਪਣੀ ਦਲੀਲ, ਜ਼ਾਬਤੇ ਅਤੇ ਸਭ ਤੋਂ ਵੱਧ ਆਪਣੀ ਚੜ੍ਹਦੀ ਕਲਾ ਦੇ ਵਖਾਲੇ ਨਾਲ ਪਹਿਲਾਂ ਹਰਿਆਣਾ, ਫਿਰ ਹਿੰਦੋਸਤਾਨ ਅਤੇ ਹੁਣ ਦੁਨੀਆ ਦਾ ਦਿਲ ਜਿੱਤਿਆ ਹੈ। ਇਨ੍ਹਾਂ ਕਿਸਾਨ-ਧਰਮੀ ਪੰਜਾਬੀਆਂ ਦੇ ਸਿਰੜੀ ਜੁੱਸੇ, ਸਿਦਕੀ ਲਿਸ਼ਕ ਅਤੇ ਸਹਿਜ-ਉਤਸਾਹੀ ਬੋਲਾਂ ਦਾ ਕੀਲਿਆ ਮੇਰਾ ਫੋਟੋਕਾਰ ਮਿੱਤਰ ਜਦੋਂ ਕਿਸਾਨਾਂ ਦੀਆਂ ਤਸਵੀਰਾਂ ਲੈ ਰਿਹਾ ਸੀ ਤਾਂ ਕਿਸੇ ਕਿਸਾਨ ਨੂੰ ਗੁਸੈਲਾ ਮੂੰਹ ਬਣਾਉਣ ਲਈ ਕਿਹਾ। ਉਲਟਾ ਉਹ ਖਿੜਖਿੜਾ ਕੇ ਹੱਸ ਪਿਆ ਤੇ ਕਿਹਾ, "ਬਾਈ ਜੀ! ਅਸੀਂ ਕਿਸਾਨ ਹੁੰਨੇ ਆਂ, ਅਸੀਂ ਗੁੱਸਾ ਨਹੀਂ ਕਰਦੇ।" ਇਸ ਰੌਂਅ ਨੂੰ



**ਸੁਮੇਲ ਸਿੰਘ ਸਿੱਧੂ**
**ਫੋਨ: +91-94649-84010**

ਮਾਣਦਿਆਂ ਖਿਆਲ ਆਇਆ ਪੰਜਾਬੀ ਲੋਕਾਈ ਦਾ ਮਰਮੱਗ ਸਾਹਿਤਕਾਰ ਬਾਈ ਜਸਵੰਤ ਸਿੰਘ ਕੰਵਲ 22 ਸਾਲ ਦੀ ਉਮਰ ਵਿਚ ਆਪਣੀ ਪਹਿਲੀ ਕਿਤਾਬ 'ਜੀਵਨ ਕਣੀਆਂ' ਵਿਚ ਗਿਆਨ ਪਰੰਪਰਾ ਨੂੰ ਆਪਣੇ ਕਿਸਾਨੀ ਅਨੁਭਵ ਨਾਲ ਸੀਖਦਾ ਹੈ ਤਾਂ ਕਮਾਲ ਦਾ ਸੰਵਾਦ ਆਉਂਦਾ ਹੈ, ਕਿਸਾਨ ਅਤੇ ਸ਼ੌਕੀ ਵਿਚ:

'ਆ ਮੇਲੇ ਚੱਲੀਏ।'
ਸ਼ੌਕੀ ਨੇ ਕਿਸਾਨ ਨੂੰ ਕਿਹਾ।
'ਉਹ ਕਿਹੋ ਜਿਹਾ ਹੁੰਦਾ ਹੈ?'

ਕੰਵਲ ਇਥੇ ਸ਼ੌਕੀ ਅਤੇ ਕਿਸਾਨ ਹੋਣ ਵਿਚ ਮੁਢਲਾ ਫਰਕ ਦੱਸਦਾ ਹੈ ਕਿ ਸ਼ੌਕੀ ਹੋਣਾ ਕਿਸਾਨ ਹੋਣਾ ਨਹੀਂ ਹੁੰਦਾ। ਕਿਸਾਨ ਵੀ ਭਾਵੇਂ ਮੇਲੇ ਜਾਂਦੇ ਹਨ ਅਤੇ ਸ਼ੌਕੀ ਵੀ ਖੇਤੀ ਕਰਦਾ ਹੋ ਸਕਦਾ ਹੈ; ਜਿਵੇਂ ਗੁੱਸਾ ਆਉਣਾ ਮਨੁੱਖੀ ਵਰਤਾਰਾ ਹੈ ਪਰ ਗੁੱਸਾ ਕਰਨਾ ਕਿਸਾਨ ਨੂੰ ਸੋਭਾ ਨਹੀਂ ਦਿੰਦਾ; ਇੱਥੇ ਜ਼ਿੰਦਗੀ ਦੀਆਂ ਬੁਨਿਆਦੀ ਕਦਰਾਂ ਬਾਰੇ ਦੋ ਵੱਖਰੇ ਸੰਕਲਪ ਖੜ੍ਹੇ ਹਨ।

ਸ਼ੌਕੀ ਦੀ ਮਾਵਾ ਲੱਗੀ ਪੱਗ ਦਾ ਟੌਰਾ, ਦਾਹੜੀ ਦੇ ਤਰਾਸ਼ੇ ਹੋਏ ਖਤ, ਅੱਖਾਂ 'ਚ ਸੁਰਮਾ, ਡਾਂਗ 'ਤੇ ਲਿਸ਼ਕਦੇ ਕੋਕੇ, ਮੁੱਛ 'ਤੇ ਸਹਿਜੇ ਫਿਰਦਾ ਹੱਥ, ਖੜ-ਖੜ ਕਰਦਾ ਧੂੰਹਵਾਂ ਚਾਦਰਾ, ਅੱਖਾਂ ਵਿਚ ਰੌਣਕ-ਮੇਲੇ ਦਾ ਉਤਸਾਹ ਤੇ ਮਸ਼ਕਰੀ - ਇਹ ਸਾਡੀ ਜਾਣੀ ਪਛਾਣੀ ਤਸਵੀਰ ਹੈ। 'ਆ ਮੇਲੇ ਚੱਲੀਏ' ਵਿਚਲੇ ਸੱਦੇ ਦੇ ਅੰਦਰਵਾਰ ਆਪਣੇ ਸ਼ੌਕੀ ਹੋਣ ਦਾ, ਬਾਹਰ-ਅੰਦਰ ਦਾ ਭੇਤੀ ਹੋਣ ਦਾ, ਨਵੇਂ ਅਨੁਭਵ ਦਾ ਹਾਣੀ ਹੋਣ ਦਾ ਅਤੇ ਇਸ ਲਿਹਾਜ਼ ਨਾਲ ਢੱਗੇ ਵਾਂਗ ਵਗਦੇ ਕਿਸਾਨ ਦੀ ਜੂਨ ਤੋਂ ਵੱਖਰੇ ਹੋਣ ਦਾ 'ਕੁਦਰਤੀ' ਅਹਿਸਾਸ ਵੀ ਸਾਡੇ ਤੱਕ ਪੁੱਜਦਾ ਹੁੰਦਾ ਹੈ; ਜਦੋਂਕਿ ਲਾਲਾ ਧਨੀ ਰਾਮ ਚਾਤ੍ਰਿਕ ਦਾ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਅਤੇ ਨੰਦ ਲਾਲ ਨੂਰਪੁਰੀ ਦਾ 'ਪੈਰ ਧੋ ਕੇ ਝਾਂਜਰਾਂ ਪਾਉਂਦੀ, ਮੇਲ੍ਹਦੀ ਆਉਂਦੀ, ਕਿ ਸ਼ੌਕਣ ਮੇਲੇ ਦੀ' ਵਿਚ ਸਾਦ-ਮੁਰਾਦਾ ਚਾਅ ਹੈ। ਇਸ ਦਾਇਰੇ ਵਿਚ 'ਮੇਲਾ' ਕਿਰਤ ਦੀ ਹੋਣੀ ਦਾ ਕੋਈ ਤੋੜ ਹੈ, ਉਲਟਾਅ ਹੈ। ਇਤਿਹਾਸਕ ਤੌਰ 'ਤੇ ਮੇਲਾ ਕਿਰਤ ਪ੍ਰਬੰਧ ਨਾਲ ਜੁੜਿਆ ਹੋਇਆ ਵੀ ਹੈ, ਉਸ ਦਾ ਜਸ਼ਨ ਵੀ ਹੈ ਅਤੇ ਸ਼ੌਕੀ ਹੋਣਾ ਇਸ ਦਾ ਇਕ ਆਪਣਾ ਮੌਕੇ ਦਾ ਲਿਬਾਸ ਹੈ, ਆਰਜ਼ੀ ਕਿਰਦਾਰ ਹੈ।

ਦੇਖਣ ਵਾਲੀ ਗੱਲ ਹੈ ਕਿ ਇਸ ਤੰਦ ਨੂੰ ਜਾਣਦਿਆਂ ਵੀ ਕੰਵਲ ਇਥੇ ਸਿਰਫ 'ਸ਼ੌਕੀ' ਕਹਿ ਰਿਹਾ ਹੈ। ਮੇਲੇ ਜਾਣ ਦੇ ਉਚੇਚ ਨੂੰ ਹੁਣ 'ਕਿਸਾਨ' ਨੇ ਪਲਟਾਅ ਦਿੱਤਾ ਹੈ। ਕਿਸਾਨ ਦਾ ਜਵਾਬ ਪੰਜਾਬੀ ਲੋਕਾਈ ਦੇ ਕਿਰਤੀ ਇਤਿਹਾਸ ਨੂੰ ਲਾਮਿਸਾਲ ਇਕਾਗਰਤਾ, ਅਕੀਦਤ ਅਤੇ ਖੁਮਾਰੀ ਨਾਲ ਬਿਆਨ ਕਰਦਾ ਹੈ। 'ਉਹ ਕਿਹੋ ਜਿਹਾ ਹੁੰਦਾ ਹੈ?' ਇਸ ਜਵਾਬ ਦੀ ਸੰਖੇਪਤਾ, ਸਾਦਗੀ ਅਤੇ ਸਹਿਜ-ਮੱਠਾ ਲਹਿਜਾ ਸਾਡੇ ਅੰਦਰ ਲਹਿ ਜਾਂਦਾ ਹੈ। ਕਿਸਾਨ, ਧਰਤੀ ਪੁੱਤਰ ਦਾ ਲਹਿਜਾ ਸ਼ਾਇਦ ਇਹੋ ਹੀ ਹੁੰਦਾ ਹੈ। ਪੰਜਾਬੀ ਚਿੰਤਨ ਵਿਚ ਕਿਸਾਨ ਹੋਣ ਦਾ ਗੌਰਵ, ਕਿਰਤ ਦੀ ਮਹਾਨਤਾ ਦਾ ਨਜ਼ਰੀਆ ਅਤੇ ਪੰਜਾਬੀ ਦਰਵੇਸ਼ਾਂ ਦਾ ਰਮਜ਼ੀਆ ਉਚਾਰ ਇਸ ਪੰਜ ਸ਼ਬਦਾਂ ਵਾਲੀ ਸਤਰ ਵਿਚ ਬਾਈ ਕੰਵਲ ਨੇ ਸਥਿਰ ਕਰ ਦਿੱਤੇ ਹਨ।

ਜੇ ਹੋਰ ਡੂੰਘੇਰੇ ਜਾਈਏ ਤਾਂ ਇਸ ਕਿਸਾਨ ਦੇ ਜਵਾਬ ਦਾ ਪਾਣੀ ਸਾਨੂੰ ਵੱਤਰ ਕਰਦਾ ਤੁਰਿਆ ਜਾਂਦਾ ਹੈ। ਨੀਲੇ ਅਸਮਾਨ 'ਤੇ ਕਦੇ ਕਾਲੇ, ਕਦੇ ਕਪਾਹ ਰੰਗੇ, ਕਦੇ ਭੂਸਲੇ ਬੱਦਲਾਂ ਦੇ ਸਦਾ ਬਦਲਦੇ ਰੰਗ; ਪੰਛੀਆਂ ਦੀਆਂ ਡਾਰਾਂ ਜਿਵੇਂ ਚੰਡੋਲ ਝੂਟਦੀਆਂ ਅੱਲ੍ਹੜਾਂ ਹੋਣ; ਤਿੱਲੇ ਦੀਆਂ ਜੁੱਤੀਆਂ ਦੀ ਲਿਸ਼ਕ ਨੂੰ ਮਾਤ ਪਾਉਂਦਾ ਆਡਾਂ ਕਿਆਰਿਆਂ ਵਿਚ ਵਿਛਿਆ ਸੋਨ-ਚਾਂਦੀਵੰਨਾ ਪਾਣੀ; ਨਾਚ ਦੇ ਖੁਮਾਰ ਤੋਂ ਵਧ ਕੇ ਝੂਮਦੀਆਂ ਹਰੀਆਂ ਕਚੂਚ ਕਣਕਾਂ; ਗਦਰਾਈਆਂ ਬੱਲੀਆਂ ਵਿਚ ਉਤਰਦੇ ਦੁੱਧ ਦੀ ਸੁਗੰਧ ਦਾ ਵਿਸਮਾਦੀ ਖੇੜਾ; ਵਗਦੇ ਖੂਹ ਦੇ ਬੰਨੇ ਜੁੜਦੀ ਦੁਨੀਆਂ ਦੇ ਰਾਗ-ਰੰਗ; ਧੁੰਦ ਦੀ ਬੁੱਕਲ ਮਾਰੀ ਬੈਠੀਆਂ ਕਣਕਾਂ; ਚੰਨ ਨਾਲ ਇਸ਼ਕ ਕਮਾਉਂਦੀਆਂ ਟਾਹਲੀਆਂ; ਸੂਰਜ ਦੇ ਤਾਪ ਨੂੰ ਆਪਣੇ ਰੰਗ ਵਿਚ ਵਟਾਉਂਦੀਆਂ ਮੱਕੀਆਂ; ਸੂਰਜ, ਚੰਨ, ਤਾਰਿਆਂ ਦਾ ਵਹੀਰ - ਕਿਸਾਨ ਨੇ ਤਾਂ ਸਾਰਾ ਮੇਲਾ ਆਪਣੇ ਖੇਤ ਵਿਚ ਲਾਇਆ ਹੋਇਆ ਹੈ! ਉਸ ਦੀ ਕਿਰਤ ਨੇ ਇਹ ਸਾਰਾ ਖੇੜਾ ਸਾਡੇ ਲਈ ਅਮਾਨਤ ਵਜੋਂ ਸਾਂਭ ਰੱਖਿਆ ਹੈ। ਕਿਸਾਨ 'ਮੇਲੇ' ਦੀ ਆਪਣੀ ਵਿਆਖਿਆ ਦੇ ਰਿਹਾ ਹੈ ਤੇ ਅਸੀਂ ਹਾਂ ਕਿ ਕੁਦਰਤੀ-ਸਹਿਜ ਖੇੜੇ ਨੂੰ ਅਣਡਿੱਠ ਕਰ ਕੇ, ਮੇਲੇ ਦੀ ਕਿਰਤੀ ਆਤਮਾ ਤੋਂ ਬੇਮੁਖ ਹੋ ਕੇ, ਉਸੇ ਕਿਸਾਨ ਨੂੰ ਕਿਸੇ ਬ੍ਰਾਂਡਡ/ਤਸਦੀਕਸ਼ੁਦਾ/ਫੇਟ ਜਾਣ ਦੀ 'ਸੁਹਿਰਦ' ਸਲਾਹ ਮਾਰਦੇ ਹਾਂ। ਪੰਜਾਬ ਦੇ ਆਰਥਿਕ ਮਾਹਰ, ਤਸਦੀਕਸ਼ੁਦਾ ਬੁੱਧੀਜੀਵੀ, ਫੇਸਬੁੱਕੀ ਪੋਸਤੀਏ, ਸੰਸਥਾਈ ਸੁਰੱਖਿਆ ਦੇ ਗਮਲਿਆਂ ਦੇ ਸੂਰਜਮੁਖੀਏ ਟਿੱਪਣੀਕਾਰ ਆਪੋ-ਆਪਣੇ 'ਮੇਲੇ' ਵਿਚੋਂ ਕਿਸਾਨ ਨੂੰ ਪਛੜਿਆ, ਹਿੰਸਕ, ਹਉਮੈ ਦਾ ਕੋਟ ਗਰਦਾਨਦੇ ਹਨ। ਇਹ ਟੋਲਾ ਇੰਵ ਪੰਜਾਬ ਦੀ ਹੋਣੀ ਦਾ ਅਸਲ ਜ਼ਿੰਮੇਵਾਰ ਲੱਭ ਕੇ ਫਿਰ ਆਪੋ ਆਪਣੀ ਚੰਡੋਲ ਝੂਟਣ ਜਾ ਲੱਗਦਾ ਹੈ, ਗੋਰੇ ਮੁਲਕਾਂ ਦੀ ਸੈਰ ਵਿਉਂਤਦਾ ਹੈ, ਫਰੰਗੀ ਲਾਣੇ ਤੋਂ ਸਨਦਾਂ ਲਈ ਤਾਂਘਦਾ ਹੈ। ਕਰਾਰੇ ਫਿਕਰੇ-ਮਰਿਆਦਾਹੀਣ ਮਸ਼ਕਰੀਆਂ-ਫੇਸਬੁਕੀ ਫਸਾਦਾਂ ਦੇ 'ਸ਼ੌਕੀ' ਹੁਣ ਨਵੀਂ ਟੌਹਰ ਨਾਲ ਪਛਾਣਾਂ ਦੀ ਸਿਆਸਤ ਦੇ ਬੰਦੀਖਾਨਿਆਂ 'ਚੋਂ ਸਾਡੇ ਖਿੱਤੇ ਦੀ ਪਾਪੂਲਰ ਵਿਆਖਿਆ ਦੇ ਰਹੇ ਹਨ!

ਅੱਡਰੀ/ਅਸਲ/ਖਾਲਸ ਪਛਾਣ ਦਾ ਤਰਕ ਆਪਣੇ ਤੇ ਬੇਗਾਨੇ ਦੀ, ਅਸੀਂ ਤੇ ਤੁਸੀਂ ਦੀ ਲਗਾਤਾਰ ਕੰਧ ਕੱਢਦਾ ਰਹਿੰਦਾ ਹੈ; ਜਦੋਂਕਿ ਕਿਸਾਨ-ਧਰਮੀ ਹੋਣਾ ਇਨ੍ਹਾਂ ਵਿਜੋਗੇ ਹੋਏ ਜੁੱਟਾਂ ਦੇ ਸੰਜੋਗੇ ਜਾਣ ਦੀ ਸਿਆਸਤ ਹੈ ਜਿਸ ਦੀ ਨੀਂਹ ਕਿਰਤੀ ਹੋਣ ਦੇ ਮਾਣ ਨਾਲ ਧਰੀ ਗਈ ਹੈ। ਇੰਵ ਦੇਖਿਆਂ ਸ਼ੌਕੀ ਅਤੇ ਕਿਸਾਨ ਦੋ ਕਿਰਦਾਰ ਨਹੀਂ, ਦੋ ਮਨੁੱਖ ਨਹੀਂ ਸਗੋਂ ਦੋ ਦ੍ਰਿਸ਼ਟੀਕੋਣ ਜਾਂ ਦੋ ਨਜ਼ਰੀਏ ਵੀ ਹਨ ਅਤੇ ਉਚੇਚ ਅਤੇ ਸਹਿਜ ਦੇ ਦੋ ਸੰਕਲਪਾਂ 'ਤੇ ਉਸਰੇ ਦੋ ਸਭਿਆਚਾਰ ਵੀ ਹਨ। ਕੰਵਲ ਇਸ ਤਰ੍ਹਾਂ ਕਿਰਸਾਣੀ ਨੂੰ ਨਿਰੋਲ ਆਰਥਿਕ ਅੰਕੜਾ ਨਹੀਂ ਰਹਿਣ ਦਿੰਦਾ, ਵਡੇਰੇ ਸਮਾਜਚਾਰੇ ਦਾ ਸਿਰਫ ਇਕ ਪੁਰਜ਼ਾ ਜਾਂ ਸੰਦ ਨਹੀਂ ਸਮਝਦਾ ਸਗੋਂ ਕਿਰਸਾਣ ਹੋਣ ਦਾ ਹੁਸਨ-ਇਖਲਾਕ ਸਾਡੇ ਸਾਹਮਣੇ ਲਿਆ ਧਰਦਾ ਹੈ। ਇਸ ਇਖਲਾਕੀ ਉਸਾਰ ਵਿਚ 'ਮਾਤਾ ਧਰਤਿ ਮਹਤੁ' ਹੈ, 'ਪਾਣੀ ਪਿਤਾ' ਹੈ, 'ਮਨੁ ਹਾਲੀ' ਹੈ, 'ਕਿਰਸਾਣੀ ਕਰਣੀ' ਹੈ, 'ਤਨੁ ਖੇਤੁ' ਹੈ, 'ਹਲੁ ਹਲੇਮੀ' ਹੈ। ਇਨ੍ਹਾਂ ਤੱਤਾਂ ਨਾਲ ਇਕਸੁਰ ਹੁੰਦਿਆਂ, 'ਸਤੁ ਸੰਤੋਖ' ਦੇ ਬਲਦਾਂ ਨਾਲ ਵਾਹੁੰਦਿਆਂ ਉਹ ਘੜੀ ਆਉਂਦੀ ਹੈ ਜਦੋਂ ਫਸਲ ਪੱਕਦੀ ਹੈ, 'ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ'। ਇਸ ਅਮਲ ਵਿਚੀਂ ਗੁਜ਼ਰਦਿਆਂ ਕਿਸਾਨ ਦੇ ਹੁਸਨ-ਇਖਲਾਕ ਦੀ ਮਹਿਮਾ ਕਰਦਿਆਂ ਕੰਵਲ ਕਿਸਾਨ ਹੋਣ-ਕਹਾਉਣ ਦੇ ਧਰਮ ਦਾ ਨਕਸ਼ਾ ਖਿੱਚ ਦਿੰਦਾ ਹੈ:

'ਇਹ ਕਣਕ, ਖੇੜਾ, ਮਹਿਕ ਤੇ ਸ਼ਹਿਦ
ਸਾਰੀ ਦੁਨੀਆ ਲਈ ਹੈ।
ਮੇਰਾ ਪਿਆਰ ਸਾਰੀ ਮਨੁੱਖਤਾ ਲਈ-
ਮੈਂ ਨਹੀਂ ਵੇਖ ਸਕਦਾ ਟੁੱਟਿਆ ਸਿੱਟਾ,
ਮੁਰਝਾਇਆ ਫੁੱਲ ਤੇ ਤਰਸਿਆ ਚਿਹਰਾ।
ਮਨੁੱਖਤਾ ਦੀ ਵਫਾਦਾਰੀ
ਤੇ ਪਿਆਰ ਦੀ ਸਰਦਾਰੀ
ਮੇਰਾ ਅਟੱਲ ਈਮਾਨ।
ਮੈਂ ਖੇੜੇ ਦਾ ਅਵਤਾਰ ਹਾਂ,
ਆਪਣੇ ਬੈਲਾਂ 'ਚ ਖਲੋਤਾ ਕਿਸਾਨ।'

ਗੌਰ ਕਰੀਏ ਕਿ ਆਰਥਕ-ਸਮਾਜਕ-ਸਭਿਆਚਾਰਕ ਕਾਰਜ ਵਜੋਂ ਪੰਜਾਬ ਵਿਚ ਖੇਤੀ ਦਾ ਅਨੁਭਵ 15-16ਵੀਂ ਸਦੀ ਤੋਂ ਲੈ ਕੇ 1960ਵਿਆਂ ਤੱਕ ਬੁਨਿਆਦੀ ਤੌਰ 'ਤੇ ਸਾਵੀਂ



ਤੋਰ ਤੁਰਦਾ ਆਇਆ ਸੀ। ਕੁਝ ਕੁ ਤਬਦੀਲੀਆਂ ਦੇ ਬਾਵਜੂਦ ਖੇਤੀਬਾੜੀ ਦੇ ਰਵਾਇਤੀ ਢੰਗ-ਤਰੀਕੇ ਜਾਰੀ ਰਹੇ; ਪੈਦਾਵਾਰ ਵਿਚ ਕੋਈ ਗੁਣਾਤਮਕ ਵਾਧਾ ਨਾ ਹੋਇਆ ਸਗੋਂ ਨਵੀਆਂ ਜ਼ਮੀਨਾਂ, ਮਾਰੂ ਬਾਰਾਂ ਨੂੰ ਵਾਹੀਯੋਗ ਬਣਾਉਣ ਸਦਕਾ ਮੁਗਲਾਂ ਅਤੇ ਫਿਰ ਅੰਗਰੇਜ਼ੀ ਰਾਜ ਵਿਚ ਖੇਤੀਬਾੜੀ ਦੀ ਪੈਦਾਵਾਰ ਵਧੀ। ਵਪਾਰਕ ਮੰਡੀਕਰਨ ਸਦਕਾ ਪੰਜਾਬ ਸੰਸਾਰ ਆਰਥਿਕਤਾ ਦੇ ਤਾਣੇ ਵਿਚ ਬੱਝਦਾ ਗਿਆ। ਪੇਂਡੂ ਰਹਿਤਲ ਦੀ ਲਗਾਤਾਰਤਾ ਬਣੀ ਰਹੀ। ਕਿਸਾਨ ਫੌਜਾਂ ਵਿਚ ਵੀ ਜਾਂਦੇ ਰਹੇ, ਨਵੀਆਂ ਧਰਤੀਆਂ ਦੇ ਅਨੁਭਵ ਵੀ ਹਾਸਲ ਕਰਦੇ ਰਹੇ, ਸਿੱਖਿਆ-ਰੁਜ਼ਗਾਰ-ਸ਼ਹਿਰ ਵਾਲੀ 'ਤਰੱਕੀ' ਦਾ ਪਾਠ ਵੀ ਚੱਲਦਾ ਰਿਹਾ, ਪਰ ਕਿਰਸਾਣੀ- ਲੋਕ ਬੋਧ- ਪਿੰਡ ਇਨ੍ਹਾਂ ਵਰਤਾਰਿਆਂ ਨੂੰ ਆਪਣੇ ਵਿਚ ਜਜ਼ਬ ਕਰਦਾ ਰਿਹਾ।

ਪ੍ਰੋ. ਪੂਰਨ ਸਿੰਘ ਇਸ ਹੁਸਨ-ਇਖਲਾਕ ਨੂੰ ਬਹੁਤ ਉੱਚਾ ਦਰਜਾ ਦਿੰਦੇ ਹਨ ਅਤੇ ਆਪਣੀ ਕਾਮਲ ਲਿਆਕਤ, ਮੁਹਾਰਤ ਅਤੇ ਗਿਆਨ ਨੂੰ ਇਨ੍ਹਾਂ 'ਹਲ ਵਾਹੁਣ ਵਾਲੇ' ਪੇਂਡੂਆਂ ਦੀ ਕਿਰਤੀ ਸਾਦਗੀ ਤੋਂ ਵਾਰ ਦਿੰਦੇ ਹਨ। ਖੁਦ ਨੂੰ 'ਜੱਟ ਬੂਟ' ਅਖਵਾਉਂਦੇ ਹਨ, ਜਿਵੇਂ ਬੁੱਲ੍ਹਾ ਖੁਦ ਨੂੰ 'ਅਰਾਈਂ' ਕਹਾਉਂਦਾ ਹੈ:

'ਓਏ! ਮੈਂ ਪੜ੍ਹਨ ਪੜ੍ਹਾਨ ਸਾਰਾ ਛੱਡਿਆ,
ਦਿਲ ਮੇਰਾ ਆਣ ਵਾਹੀਆਂ ਵਿਚ ਖੁੱਭਿਆ,
ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ,
ਜੱਟ ਬੂਟ ਮੇਰੇ ਯਾਰ ਵੋ!'

ਪ੍ਰੋ. ਪੂਰਨ ਸਿੰਘ ਇਨ੍ਹਾਂ ਹਲ ਵਾਹੁਣ ਵਾਲਿਆਂ ਨੂੰ ਪੰਜਾਬ ਦੇ ਦਰਿਆਵਾਂ ਦੀ ਪਿਆਰ-ਅੱਗ ਦੀ ਆਬ ਦਾ ਰਾਖਾ ਮੰਨਦੇ ਹਨ। 'ਰਾਂਝੇਟੜੇ ਦੇ ਨਿੱਕੇ-ਵੱਡੇ ਭਰਾ' ਹੋਣ ਦਾ ਮਾਣ ਜਜ਼ਬ ਹੈ ਇਨ੍ਹਾਂ 'ਜਵਾਨ ਪੰਜਾਬ ਦੇ' ਜੁੱਸਿਆਂ ਵਿਚ। 'ਓੜਕਾਂ ਦਾ ਰੂਹ-ਜ਼ੋਰ ਆਇਆ ਪੰਜਾਬ ਵਿਚ' ਦੇ ਪੁੰਜ ਇਹ ਕਿਸਾਨ ਜੁੱਸਿਆਂ ਦੇ ਹੁਸਨ-ਇਖਲਾਕ ਦਾ ਦੀਦਾਰ ਕਰੀਏ:

'ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ,
ਪਰ ਟੈਂ ਨਾ ਮੰਨਣ ਕਿਸੇ ਦੀ
ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਦੇ।'

ਕੰਵਲ ਦੇ ਸ਼ਬਦਾਂ ਦੀ ਲੋਅ ਵਿਚ ਆਖੀਏ ਤਾਂ ਇਹ ਜੁੱਸੇ ਆਪਣੇ-ਆਪ ਵਿਚ ਮੇਲਾ ਹਨ।

1960ਵਿਆਂ ਵਿਚ ਅੰਨ ਦੀ ਭਾਰੀ ਤੋਟ ਆਈ, ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਦਿਨ ਵਿਚ ਤਿੰਨ ਡੰਗ ਦੀ ਥਾਂ ਖੁਦ ਦੋ ਡੰਗ ਰੋਟੀ ਖਾਣ ਦੀ ਪਹਿਲ ਕੀਤੀ ਅਤੇ ਦੇਸਵਾਸੀਆਂ ਨੂੰ ਵੀ ਅਪੀਲ ਕੀਤੀ। ਪੰਜਾਬ ਹਰਿਆਣਾ ਇਕ ਤੋਂ ਦੋ ਹੋ ਰਹੇ ਸਨ; ਸੁਧਰੇ ਬੀਜ, ਕੀਟਮਾਰੂ, ਨਦੀਨਮਾਰੂ ਸਪਰੇਆਂ, ਕਿਸਾਨ ਮੇਲੇ, ਮੰਡੀਕਰਨ, ਵੱਧ ਤੋਂ ਵੱਧ ਝਾੜ ਲੈਣ ਲਈ ਮੁਕਾਬਲੇ, 'ਉਨਤ ਕਿਸਾਨ' ਸਨਮਾਨ ਸਦਕਾ ਭੋਜਨ ਸੁਰੱਖਿਆ ਲਈ ਸਰਕਾਰ ਨੇ ਕਿਸਾਨੀ ਨੂੰ ਵੰਗਾਰ ਲਿਆ। 'ਜੈ ਜਵਾਨ ਜੈ ਕਿਸਾਨ' ਦਾ ਨਾਅਰਾ ਲਾਇਆ ਤੇ ਫਸਲੀ ਝਾੜ ਰਾਹੀਂ ਜਨਤਕ ਵੰਡ ਢਾਂਚੇ ਰਾਹੀਂ ਰਿਆਇਤੀ ਮੁੱਲ 'ਤੇ ਅੰਨ ਭਾਰਤ ਦੇ ਆਮ ਲੋਕਾਂ ਤੱਕ ਪੁੱਜਦਾ ਕੀਤਾ। ਕਿਸਾਨ ਅਤੇ ਖਪਤਕਾਰਾਂ ਵਿਚ ਸਰਕਾਰ ਦੀ ਵਿਚੋਲਗੀ ਭਾਰਤੀ ਲੋਕਾਂ ਦੀ ਅੰਨ ਸੁਰੱਖਿਆ ਦੀ ਜ਼ਾਮਨ ਸੀ। ਇਸ ਸਾਂਝੇ ਜੁੱਟ ਨੇ ਤੰਗੀਆਂ ਦੇ ਬਾਵਜੂਦ ਹਿੰਦੋਸਤਾਨ ਨੂੰ ਆਤਮ ਨਿਰਭਰ ਬਣਾਈ ਰੱਖਣ ਵਿਚ ਹਿੱਸਾ ਪਾਇਆ।

ਇੰਦਰਜੀਤ ਹਸਨਪੁਰੀ ਦਾ ਲਿਖਿਆ ਤੇ ਸੁਰਿੰਦਰ ਕੌਰ-ਹਰਚਰਨ ਗਰੇਵਾਲ ਦਾ ਗਾਇਆ ਗੀਤ 'ਹੋਇਆ ਕੀ ਜੇ ਕੁੜੀ ਏਂ ਤੂੰ ਦਿੱਲੀ ਸ਼ਹਿਰ ਦੀ, ਮੈਂ ਵੀ ਜੱਟ ਲੁਧਿਆਣੇ ਦਾ' ਇਸ ਸਾਂਝੇ ਜੁੱਟ ਵਿਚ ਪੇਂਡੂ ਕਿਸਾਨੀ ਦੇ ਬਰਾਬਰ ਦਾ ਭਾਈਵਾਲ ਹੋਣ ਦੀ ਗਵਾਹੀ ਦਿੰਦਾ ਹੈ। ਕਿਸਾਨੀ ਕਿੱਤੇ ਦੀ ਕਦਰ ਬਣੀ ਹੋਈ ਸੀ; ਇਸ ਨਾਲ ਜੁੜਿਆ ਇਤਿਹਾਸਕ ਅਨੁਭਵ ਪੰਜਾਬ ਦੀ ਹੋਣੀ ਨੂੰ ਘੜਦਾ ਲਗਦਾ ਸੀ ਤੇ ਭਵਿੱਖ ਕੋਈ ਓਪਰੀ, ਡਰਾਉਣੀ ਚੀਜ਼ ਨਾ ਹੋ ਕੇ ਇਨ੍ਹਾਂ ਦੇ ਜੁੱਸਿਆਂ 'ਚੋਂ ਨਵੇਂ ਰੰਗ ਵਿਚ ਫੁੱਟਦਾ ਸੂਰਜ ਲਗਦਾ ਸੀ। 'ਪਗੜੀ ਸੰਭਾਲ ਜੱਟਾ' ਅੰਦੋਲਨ, ਗਦਰੀਆਂ, ਅਕਾਲੀਆਂ, ਕਿਰਤੀ-ਕਿਸਾਨ ਲਹਿਰਾਂ 'ਚੋਂ ਹੁੰਦਾ ਹੋਇਆ ਸੇਵਾ ਸਿੰਘ ਠੀਕਰੀਵਾਲਾ, ਤੇਜਾ ਸਿੰਘ ਸੁਤੰਤਰ, ਬਾਬਾ ਬੂਝਾ ਸਿੰਘ ਅਤੇ ਹੋਰਾਂ ਆਗੂਆਂ ਸੰਗ ਲੜਿਆ ਪੈਪਸੂ ਮੁਜ਼ਾਰਾ ਘੋਲ ਦੇ ਚਾਨਣੇ ਵਿਚ ਪੰਜਾਬੀ ਕਿਸਾਨ ਪੰਜਾਬ ਦੇ ਲੋਕਾਂ ਨੂੰ ਅਤੇ ਬਾਕੀ ਸੂਬਿਆਂ ਨੂੰ ਅਗਵਾਈ ਦੇ ਰਿਹਾ ਸੀ। ਸੰਘਰਸ਼ ਦੇ ਖੇਤ ਵਿਚ ਵੀ ਕਿਸਾਨ ਨਵੀਂ ਸੇਧ ਦੇ ਰਹੇ ਸਨ।

ਵੀਹਵੀਂ ਸਦੀ ਦੇ ਅੱਧ ਦਾ ਪੰਜਾਬ ਬਿਲਕੁਲ ਇੰਵ ਸੀ ਜਿਵੇਂ ਕਿਸਾਨ-ਕਲਾਕਾਰ ਬਾਬਾ ਨਾਨਕ 15-16ਵੀਂ ਸਦੀ ਦੇ ਆਪਣੇ ਦੌਰ ਵਿਚ ਹਿੰਦੋਸਤਾਨ ਦੀ ਸਿਖਰ ਬਣਿਆ; ਜਿਵੇਂ 17ਵੀਂ ਸਦੀ ਵਿਚ ਸਾਂਝੀਵਾਲਤਾ ਵਾਲੇ ਹਿੰਦੋਸਤਾਨ ਦਾ ਸੰਕਲਪ ਆਦਿ ਗ੍ਰੰਥ ਦੀ ਜਿਲਦ ਵਿਚ ਬੀੜਿਆ ਜਾਂਦਾ ਹੈ; ਜਿਵੇਂ ਗੁਰੂ ਗੋਬਿੰਦ ਸਿੰਘ 'ਸ਼ੁਭਚਿੰਤਨ-ਸਾਂਝੀਵਾਲਤਾ-ਸਰਬੱਤ ਦੀ ਆਜ਼ਾਦੀ' ਦੇ ਮੁਹਾਜ਼ ਲਈ ਕਮਰਕਸਾ ਕਸਦਿਆਂ ਵਿਚਾਰਕ ਤੌਰ 'ਤੇ ਨਵੇਂ ਹਿੰਦੋਸਤਾਨ ਦੀ ਸਿਰਜਣਾ ਲਈ ਧਰਮਯੁੱਧ ਦੇ ਨਗਾਰੇ 'ਤੇ ਚੋਟ ਕਰਦੇ ਹਨ! ਬਾਬਾ ਬੰਦਾ ਸਿੰਘ ਬਹਾਦਰ ਦੀ ਖਾਲਸਾ ਫੌਜ ਵਿਚ ਇਕ ਪਾਸੇ ਬੈਰਾਗੀ-ਸੰਨਿਆਸੀ ਹਨ, ਦੂਜੇ ਪਾਸੇ ਮੁਸਲਮਾਨ ਫਕੀਰ ਪੀਰ ਬੁੱਧੂ ਸ਼ਾਹ ਤੇ ਪੀਰ ਭੀਖਣ ਸ਼ਾਹ ਦੇ ਮੁਰੀਦ ਹਨ ਅਤੇ ਗੁਰੂ ਦਾ ਖਾਲਸਾ ਤੀਜੀ ਧਿਰ ਹੈ। ਦਿਸਦਾ ਹੈ ਕਿ ਸਾਰੇ ਹਿੰਦੋਸਤਾਨ ਦੀਆਂ ਬਲਵਾਨ ਇਖਲਾਕੀ ਧਿਰਾਂ ਦਾ ਸਾਂਝਾ ਮੋਰਚਾ ਪੰਜਾਬ ਵਿਚ ਧਰਮਯੁੱਧ ਲੜ ਰਿਹਾ ਹੈ। ਪੰਜਾਬ ਅਤੇ ਹਿੰਦੋਸਤਾਨ ਦੀ ਸਾਂਝ ਹੁਣ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ-ਸੁਰਤ-ਸ਼ਸਤਰ ਨਾਲ ਰਾਜਸੀ ਦਮਨ, ਸੰਪਰਦਾਈ ਵੰਡਵਾਦ ਅਤੇ ਜਾਤ ਪਾਤ ਵਿਰੁੱਧ ਲੜ ਰਹੀ ਸੀ।

ਆਪਸੀ ਪ੍ਰੇਮ-ਇਸ਼ਕ-ਪਿਰਹੜੀ ਹੁਣ ਸਾਂਝੀਵਾਲਤਾ ਦੇ ਸਚਿਆਰੇ ਪਾਣੀਆਂ ਨਾਲ ਪੰਜਾਬ ਦੇ ਹੁਸਨ-ਇਖਲਾਕ ਦੀ ਫਸਲ ਵਿਚ ਵਟ ਗਈ। ਪ੍ਰੋ. ਮੋਹਨ ਸਿੰਘ ਇਸ ਉਸਾਰ ਦੀ ਨੀਂਹ ਖੂਹ ਤੋਂ ਆਉਂਦੇ ਪਾਣੀ ਦੀ ਬਰਕਤ ਨੂੰ ਮੰਨਦੇ ਹਨ:

'ਏਥੇ ਘੰਮ ਘੰਮ ਵਗਣ ਹਵਾਵਾਂ
ਅਤੇ ਘੁੰਮੜੀਆਂ ਘੁੰਮੜੀਆਂ ਛਾਵਾਂ
ਨੀ ਮੈਂ ਅੱਗ ਸੁਰਗਾਂ ਨੂੰ ਲਾਵਾਂ
ਜਦ ਪਏ ਇਥਾਈਂ ਲੱਭ ਨੀ
ਸਾਡੇ ਖੂਹ ਤੇ ਵੱਸਦਾ ਰੱਬ ਨੀ...'

ਇਹ ਸਾਰਾ ਕਿਸਾਨ-ਧਰਮੀ ਉਸਾਰ ਪੰਜਾਬੀਆਂ ਦੇ ਅਨੁਭਵ ਵਿਚ ਜਜ਼ਬ ਹੈ, ਪਰ ਇਸ ਅਨੁਭਵ ਦੀ ਲਿਸ਼ਕ ਉਤੇ ਸਰਕਾਰਾਂ ਦੀ ਬਦਨੀਅਤੀ, ਸਰਕਾਰੀ ਨੀਤੀਆਂ ਦੀ ਕਾਲਖ ਅਤੇ ਇਸ ਖਾਮੋਸ਼ ਹਿੰਸਾ ਦੇ ਭਾਈਵਾਲ ਬੁੱਧੀਜੀਵੀਆਂ ਦੀ 'ਹੁਸਨ-ਚਤੁਰਾਈ' ਦੀ ਮੈਲ ਚੜ੍ਹਦੀ ਰਹੀ। ਕਿਸਾਨ-ਪਿੰਡ-ਲੋਕ ਬੋਧ ਦੀ ਦੋਖੀ ਸ਼ਹਿਰੀ-ਸਭਿਅਕ ਮਾਨਸਿਕਤਾ ਨੇ ਕਿਸਾਨੀ ਕਿੱਤੇ ਨੂੰ ਬੇਕਦਰਾ, ਕਿਸਾਨ ਨੂੰ ਸਮਾਜਿਕ ਪਛੜੇਵੇਂ ਦਾ ਸਿਰਨਾਵਾਂ ਅਤੇ ਪਿੰਡਾਂ ਨੂੰ ਸ਼ਹਿਰਾਂ ਦੀਆਂ ਬਸਤੀਆਂ ਬਣਾ ਦੇਣ ਦਾ 'ਧਰਮਯੁੱਧ' ਛੇੜਿਆ ਹੋਇਆ ਹੈ। ਇਤਿਹਾਸਕ ਤੌਰ 'ਤੇ 'ਅਟੱਲ' ਸਮਝੇ ਜਾ ਰਹੇ ਇਸ ਵਰਤਾਰੇ ਨੂੰ 'ਆਧੁਨਿਕ' ਹੋਣ, 'ਤਰੱਕੀ' ਕਰਨ ਅਤੇ 'ਸੰਸਾਰ ਨਾਲ ਜੁੜੇ' ਹੋਣ ਦੀ ਸ਼ਰਤ ਬਣਾ ਦਿੱਤਾ ਗਿਆ ਹੈ। ਇਕ ਪਾਸਿਓਂ ਸਰਕਾਰ ਖੇਤੀਬਾੜੀ ਨੂੰ ਮਿਥ ਕੇ ਘਾਟੇਵੰਦਾ ਕਿੱਤਾ ਬਣਾ ਕੇ ਕਿਸਾਨੀ ਅਤੇ ਪੰਜਾਬ ਨੂੰ ਰਗੜਾ ਲਾ ਰਹੀ ਹੈ ਤੇ ਦੂਜੇ ਪਾਸਿਓਂ ਸਾਡੇ ਯੂਨੀਵਰਸਿਟੀਆਂ, ਸੰਸਥਾਵਾਂ, ਸੈਮੀਨਾਰਾਂ, ਸਾਹਿਤਕ ਰਸਾਲਿਆਂ ਵਾਲਾ 'ਸ਼ੌਕੀ' ਲਾਣਾ 'ਕਿਸਾਨ' ਨੂੰ ਵਿਚਾਰਕ ਤੌਰ 'ਤੇ ਹੀਣਾ-ਬੌਣਾ ਸਾਬਿਤ ਕਰਨ ਦੀ ਮਸ਼ਕ ਕਰ ਰਿਹਾ ਹੈ।

ਲਗਭਗ ਉਵੇਂ ਹੀ ਜਿਵੇਂ ਜੱਟ ਮਾਰਕਾ ਗਾਇਕ ਸ਼ਰੀਕਾਂ ਨੂੰ ਹੀਣਾ-ਬੌਣਾ ਆਖ ਕੇ ਆਪਣੀ ਚੜ੍ਹਤ ਦੀ ਮੁਨਾਦੀ ਕਰਦੇ ਹਨ। ਪਰ ਸ਼ੌਕੀ ਲਾਣੇ ਦੀ ਸੰਸਥਾਈ ਚੜ੍ਹਤ ਤੇ ਜੱਟ ਮਾਰਕਾ ਗੀਤਾਂ ਦੇ ਉਲਟ ਕਿਸਾਨੀ ਕਿੱਤਾ ਆਰਥਿਕ ਤੌਰ 'ਤੇ ਨਿੱਘਰ ਰਿਹਾ ਸੀ, ਸੰਤ ਰਾਮ ਉਦਾਸੀ ਬੋਲਿਆ:

'ਜੀਹਦੇ ਸੋਹਣਿਆਂ ਸ਼ਹਿਰਾਂ ਦੀ ਸ਼ਾਨ ਮੂਹਰੇ
ਝੁਕੇ ਪਏ ਨੇ ਪਿੰਡ ਕਮਾਨ ਵਾਂਗੂੰ'

ਪੰਜਾਬੀ ਸ਼ਾਇਰ ਪਾਸ਼ ਆਪਣੀ ਕਵਿਤਾ 'ਯਾਰਾਂ ਨਾਲ ਸੰਵਾਦ' ਵਿਚ ਇਸ ਤੀਹਰੀ ਲੜਾਈ ਦਾ ਮੋਰਚਾ ਬੰਨ੍ਹਦਾ ਹੈ: ਪਹਿਲਾ ਸਰਕਾਰਾਂ ਦੇ ਖਿਲਾਫ, ਦੂਜਾ ਉਨ੍ਹਾਂ ਸ਼ੌਕੀ ਬੁੱਧੀਜੀਵੀਆਂ ਦੇ ਖਿਲਾਫ ਜੋ ਪੰਜਾਬ ਦੇ ਨਾਬਰੀ ਦੇ ਵਲਵਲੇ ਨੂੰ ਹੀ ਸਭ ਤੋਂ ਵੱਡਾ ਰੋਗ ਦੱਸਦੇ ਹਨ ਅਤੇ ਤੀਜਾ ਆਪਣੇ ਲੋਕਾਂ ਵਿਚ ਪਸਰ ਰਹੀ ਉਦਾਸੀਨਤਾ ਦੀ ਕੱਲਰ ਦੇ ਖਿਲਾਫ ਜਿਸ ਕਰਕੇ ਪ੍ਰੋ. ਪੂਰਨ ਸਿੰਘ ਦਾ ਕਿਸਾਨ-ਧਰਮੀ ਪੰਜਾਬ, ਹੁਣ ਪਿੰਡ-ਕਿਸਾਨ-ਲੋਕ ਬੋਧ ਤੋਂ ਬੇਗਾਨਾ ਹੁੰਦਾ ਜਾ ਰਿਹਾ ਹੈ:

'ਹੁਣ ਤਾਂ ਸ਼ਮਸ਼ੇਰ,
ਤੇਰਾ ਪੂਰਨ ਸਿੰਘੀ ਪੰਜਾਬ
ਇਸ ਪਰਦੇਸ ਅੰਦਰ
ਸਿਰਫ ਇਕ ਅਰਦਾਸ ਹੈ
ਲੰਮੀ ਝੜੀ 'ਚ ਰਿਸਦੀ ਕੱਚੀ ਕੰਧ ਦੇ
ਕੁਝ ਦਿਨ ਤਗੀ ਰਹਿ ਸਕਣ ਲਈ'

ਇਹ ਬੇਗਾਨਗੀ ਐਸੀ ਵਬਾਅ ਹੈ ਜੋ ਹੁਣ ਸਾਨੂੰ ਵੀ ਪੰਜਾਬ ਦੇ ਗੁਨਾਹਗਾਰਾਂ ਦੀ ਕਤਾਰ ਵਿਚ ਲਿਆ ਖਲ੍ਹਾਰਦੀ ਹੈ। ਨੌਜਵਾਨ ਖੇਤੀ ਤੋਂ ਬੇਗਾਨਾ ਹੈ, ਕਿਸਾਨ ਧਰਤੀ ਦੇ ਧਰਮ ਤੋਂ ਬੇਗਾਨਾ ਹੈ, ਪਿੰਡ ਆਪਣੇ ਕਿਰਤੀ ਹੋਣ ਦੇ ਮਾਣ ਤੋਂ ਬੇਗਾਨਾ ਹੈ ਤੇ ਅਸੀਂ ਪੰਜਾਬ ਵਿਚ ਰਹਿੰਦੇ ਹੋਏ, ਹੰਢਾਉਂਦੇ ਹੋਏ ਪੰਜਾਬ ਦੀ ਦਾਸਤਾਨ ਤੋਂ ਬੇਗਾਨੇ ਹਾਂ। ਜਿਵੇਂ ਪਹਿਲਾਂ ਆਪਾਂ ਕਿਸਾਨੀ ਦੇ ਹੁਸਨ-ਇਖਲਾਕ ਦੀ ਗੱਲ ਕੀਤੀ ਸੀ, ਉਵੇਂ ਹੀ ਇਸ ਬੇਗਾਨਗੀ ਦੇ ਸਫਰ ਦੀ ਦਾਸਤਾਨ ਵੀ ਕਹਿਣੀ ਬਣਦੀ ਹੈ।

ਹਿੰਦੀ, ਉਰਦੂ ਅਤੇ ਅੰਗਰੇਜ਼ੀ ਦੇ ਪੰਜਾਬੀ ਦਾਅਵੇਦਾਰ ਪੰਜਾਬੀ ਬੋਲੀ ਨੂੰ ਪਛੜੀ ਹੋਈ ਜਾਂ ਗਵਾਰਾਂ ਦੀ ਜ਼ਬਾਨ ਆਖ ਕੇ ਵੱਡੇ ਰੁਤਬੇ ਅਤੇ ਪਹੁੰਚ ਵਾਲੇ ਲੋਕਾਂ ਦੀ ਬੋਲੀ ਵਿਚ ਲਿਖਣ ਲੱਗੇ। ਸਾਂਝੀ ਪੰਜਾਬੀ ਨੁਹਾਰ ਨੂੰ ਹਿੰਦੂ, ਸਿੱਖ ਤੇ ਮੁਸਲਮਾਨ ਵਾੜਾਬੰਦੀ 'ਚ ਤਾੜ ਕੇ ਪੰਜਾਬ ਨੇ ਆਧੁਨਿਕ ਸੰਸਾਰ ਵਿਚ ਦਾਖਲੇ ਦਾ ਵੀਜ਼ਾ ਹਾਸਲ ਕੀਤਾ। ਹੁਣ ਵੀ ਹਿੰਦੀ ਤੇ ਅੰਗਰੇਜ਼ੀ ਦੀਆਂ ਲਿਖਤਾਂ ਦਾ ਚਰਬਾ ਪੰਜਾਬੀ ਵਿਚ ਧੱਕਣ ਵਾਲਾ ਲਾਣਾ

***(ਬਾਕੀ ਅਗਲੇ ਸਫੇ ਤੇ)***

# ਅਜੋਕੇ ਨਿਜ਼ਾਮ ਵਿਚ ਅਰਥ ਵਿਹੂਣੇ ਹੋ ਗਏ 'ਮਨੁੱਖੀ ਅਧਿਕਾਰ'

ਮਨੁੱਖੀ ਅਧਿਕਾਰਾਂ ਦੇ ਰਾਖੇ, ਹਿੰਦ ਦੀ ਪੱਤ ਰੱਖਣ ਵਾਲੇ ਨੌਵੇਂ ਪਾਤਿਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਿਤਾਂ ਦੇ ਉਸ ਮੌਲਿਕ ਅਧਿਕਾਰ 'ਜੰਞੂ' ਦੀ ਰਾਖੀ ਲਈ ਕੁਰਬਾਨੀ ਦਿੱਤੀ, ਜਿਸ ਨੂੰ ਪਾਉਣ ਤੋਂ ਸਾਡੇ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਨੇ ਇਨਕਾਰ ਕਰ ਦਿੱਤਾ ਸੀ। ਨੌਵੀਂ ਪਾਤਿਸ਼ਾਹੀ ਨੂੰ ਕੱਚੇ ਧਾਗੇ ਦੇ ਬਣੇ ਹਿੰਦੂ ਧਰਮ ਦੇ ਪ੍ਰਤੀਕ ਇਸ 'ਜੰਞੂ' ਦੀ ਹਿਫਾਜ਼ਤ ਲਈ ਆਪਣਾ ਬਲੀਦਾਨ ਦੇਣ ਦੀ ਕੀ ਲੋੜ ਸੀ? ਕਿਉਂਕਿ ਇਹ ਸਿਰਫ ਕੱਚਾ ਧਾਗਾ ਨਹੀਂ ਸੀ, ਇਹ ਕਸ਼ਮੀਰੀਆਂ ਦਾ ਧਾਰਮਿਕ ਚਿੰਨ ਸੀ ਤੇ ਮੌਲਿਕ ਅਕੀਦਾ ਵੀ। ਜੋ ਦਿੱਲੀ ਦੀ ਹਕੂਮਤ ਵਲੋਂ ਜਬਰੀ ਲੁਹਾਇਆ ਜਾ ਰਿਹਾ ਸੀ।



**ਸੁਕੰਨਿਆਂ ਭਾਰਦਵਾਜ ਨਾਭਾ**
ਫੋਨ: 815-307-3112

ਸਰਬੰਸਦਾਨੀ ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਜਾਲਮ ਹਕੂਮਤ ਦਾ ਟਾਕਰਾ ਕਰਦਿਆਂ ਕੁਰਬਾਨ ਕਰ ਦਿੱਤਾ, ਪਰ ਮਨੁੱਖੀ ਕਦਰਾਂ ਕੀਮਤਾਂ ਤੇ ਲੋਕਾਂ ਦੇ ਹਕੂਕਾਂ ਦੀ ਰਾਖੀ ਕੀਤੀ। ਜਾਲਮ ਹਕੂਮਤ ਦੇ ਜ਼ਬਰ ਦਾ ਮੁਕਾਬਲਾ ਸਬਰ ਨਾਲ ਕੀਤਾ।

ਹੁਣ ਫਿਰ ਦਿੱਲੀ ਦੀ ਹਕੂਮਤ ਵਲੋਂ ਉਹੋ ਆਪਣੇ ਆਕਾਵਾਂ ਵਾਲਾ ਰਸਤਾ ਅਖਤਿਆਰ ਕੀਤਾ ਹੋਇਆ ਹੈ। ਪੈਂਦੀਆਂ ਧੁੰਦਾਂ ਤੇ ਵਰ੍ਹਦੇ ਕੱਕਰ ਵਿਚ ਸਾਡੇ ਦੇਸ਼ ਦਾ ਅੰਨਦਾਤਾ ਆਪਣੇ ਹਕੂਕਾਂ ਦੀ ਲੜਾਈ ਲਈ ਦਿੱਲੀ ਦੀਆਂ ਬਰੂਹਾਂ ਮੱਲੀ ਬੈਠਾ ਹੈ। ਪਿਛਲੇ ਛੇ ਮਹੀਨਿਆਂ ਤੋਂ ਖੇਤਾਂ ਦਾ ਪੁੱਤਰ ਪੂਰੇ ਸਬਰ ਸੰਜਮ ਜ਼ਬਤ ਤੇ ਅਮਨ ਸ਼ਾਤੀ ਨਾਲ ਆਪਣੇ ਮੌਲਿਕ ਹੱਕਾਂ ਦੀ ਰਾਖੀ ਲਈ ਜਦੋ-ਜਹਿਦ ਕਰ ਰਿਹਾ ਹੈ। ਕਰੀਬ 40 ਕਿਸਾਨ ਇਸ ਇੱਕ ਮਹੀਨੇ ਦੇ ਦਿੱਲੀ ਘਿਰਾਓ ਵਿਚ ਆਪਣੀ ਜਾਨ ਗੁਆ ਚੁਕੇ ਹਨ। ਗੱਲਬਾਤ ਵਿਚ ਖੜੋਤ ਆ ਚੁਕੀ ਹੈ। ਉਲਟਾ ਕੇਂਦਰੀ ਹਕੂਮਤ ਵਲੋਂ ਹਰ ਤਰ੍ਹਾਂ ਦੇ ਪਰਪੰਚ ਰਚ ਕੇ ਕਿਸਾਨ ਸੰਘਰਸ਼ ਨੂੰ ਲੀਹ ਤੋਂ ਲਾਹੁਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਪ੍ਰਧਾਨ ਮੰਤਰੀ ਵਲੋਂ ਆਪਣੀ ਹੀ ਪਾਰਟੀ ਦੇ ਵਰਕਰਾਂ ਨੂੰ ਕਿਸਾਨ ਦਿਖਾ ਕੇ ਕਾਲੇ ਖੇਤੀ ਕਾਨੂੰਨਾਂ ਦਾ ਸਮਰਥਨ ਕਰਵਾਇਆ ਗਿਆ। ਮੱਧ ਪ੍ਰਦੇਸ਼ ਦੇ ਅਖੌਤੀ ਕਿਸਾਨਾਂ ਨਾਲ ਵਰਚੂਅਲ ਮੀਟਿੰਗ ਕੀਤੀ ਗਈ। ਦੂਜੇ ਪਾਸੇ ਹਰਿਆਣਾ ਵਿਚ ਭਾਜਪਾ ਸਮਰਥਕਾਂ ਰਾਹੀਂ ਸਤਲੁਜ-ਜਮੁਨਾ ਲਿੰਕ ਨਹਿਰ ਦਾ ਮੁੱਦਾ ਉਠਾਉਣ ਦੀ ਕੋਸ਼ਿਸ ਕੀਤੀ, ਪਰ ਕਿਸਾਨਾਂ ਦੇ ਪਹੁੰਚਣ 'ਤੇ ਭੱਜਦਿਆਂ ਨੂੰ ਥਾਂ ਨਹੀਂ ਲੱਭੀ। ਇਸੇ ਤਰ੍ਹਾਂ ਦੀਆਂ ਕੋਸ਼ਿਸ਼ਾਂ ਪੰਜਾਬ ਵਿਚ ਵੀ ਕੀਤੀਆਂ ਗਈਆਂ। ਆੜਤੀ ਸ਼ੈਲਰ ਮਾਲਕਾਂ ਤੇ ਇਨਕਮ ਟੈਕਸ ਵਿਭਾਗ ਵਲੋਂ ਛਾਪੇ ਮਾਰੇ ਗਏ। ਕਲਾਕਾਰਾਂ/ਅਦਾਕਾਰਾਂ ਨੂੰ ਵੀ ਈ. ਡੀ. ਦੇ ਡਰਾਵੇ ਦਿੱਤੇ ਜਾ ਰਹੇ ਹਨ। ਵਿਦੇਸ਼ੀ ਫੰਡ ਰੈਗੂਲੇਸ਼ਨ ਐਕਟ (ਐਫ. ਸੀ. ਆਰ. ਏ.) ਦੀ ਆੜ ਵਿਚ ਵਿਦੇਸ਼ੀ ਧਰਤੀ ਤੋਂ ਪੰਜਾਬੀਆਂ ਵਲੋਂ ਭੇਜੀ ਜਾ ਰਹੇ ਮਾਲੀ ਮਦਦ ਨੂੰ ਵੀ ਰੋਕੇ ਜਾਣ ਲਈ ਅੜਿੱਕੇ ਡਾਹੇ ਜਾ ਰਹੇ ਹਨ। ਹਰਿਆਣਾ ਸਰਕਾਰ ਵਲੋਂ ਕਿਸਾਨਾਂ ਦੇ ਜਥਿਆਂ ਨੂੰ ਦਿੱਲੀ ਆਉਣ ਤੋਂ ਰੋਕਣ ਲਈ ਹਰ ਹੀਲਾ ਵਸੀਲਾ ਵਰਤਿਆ ਜਾ ਰਿਹਾ ਹੈ। ਯੂ. ਪੀ. ਸਰਕਾਰ ਵਲੋਂ ਕਿਸਾਨ ਆਗੂਆਂ ਤੇ ਪੰਜਾਹ ਲੱਖ ਤਕ ਦੇ ਜੁਰਮਾਨੇ ਕੀਤੇ ਜਾ ਰਹੇ ਹਨ।

ਕੇਂਦਰ ਸਰਕਾਰ ਵਲੋਂ ਇਨ੍ਹਾਂ ਕਾਨੂੰਨਾਂ ਦੇ ਹੱਕ ਅਤੇ ਅੰਬਾਨੀ-ਅਡਾਨੀ ਦੇ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਬਜੇ ਨਾ ਕਰਨ ਦੀ ਸਫਾਈ ਵਜੋਂ ਅਖਬਾਰਾਂ ਵਿਚ ਪੂਰੇ ਪੂਰੇ ਸਫੇ ਦੇ ਇਸ਼ਤਿਹਾਰ ਦਿੱਤੇ ਜਾ ਰਹੇ ਹਨ। ਪਿਛਲੇ ਦਿਨੀਂ 'ਫਿੱਕੀ' (ਕਾਰਪੋਰੇਟ ਘਰਾਣਿਆਂ ਦੀ ਸੰਸਥਾ) ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ, "ਮੈਨੇ ਆਪ ਕੇ ਲਿਏ ਕ੍ਰਿਸ਼ੀ ਕਸ਼ੇਤਰ ਖੋਲ ਦੀਆ ਹੈ। ਜਾਓ ਜਾ ਕੇ ਨਿਵੇਸ਼ ਕਰੋ।" ਇਸ ਸੰਬੋਧਨ ਤੋਂ ਲਗਦਾ ਸੀ ਜਿਵੇਂ ਕੋਈ ਤਾਨਾਸ਼ਾਹ ਬੋਲ ਰਿਹਾ ਹੈ, ਲੋਕਤੰਤਰੀ ਨੇਤਾ ਨਹੀਂ। ਜਿਨ੍ਹਾਂ ਦੀਆਂ ਜ਼ਮੀਨਾਂ ਹਨ, ਉਨ੍ਹਾਂ ਨੂੰ ਅਣਸੁਣਿਆਂ ਕਰਕੇ ਕਾਰਪੋਰੇਟ ਜਗਤ ਨੂੰ ਬੁਲਾਵੇ ਦਿੱਤੇ ਜਾ ਰਹੇ ਹਨ। ਹਕੂਮਤੀ ਨਸ਼ੇ ਵਿਚ ਮਗਰੂਰ ਹਮੇਸ਼ਾ 'ਮਨ ਕੀ ਬਾਤ' ਕਰਨ ਵਾਲਾ ਪ੍ਰਧਾਨ ਮੰਤਰੀ 'ਜਨ ਕੀ ਬਾਤ' ਸੁਣਨ ਲਈ ਤਿਆਰ ਨਹੀਂ।

ਦੂਜੇ ਪਾਸੇ ਕਿਸਾਨਾਂ ਨੇ ਵੀ ਆਪਣਾ ਘੋਲ ਤੇਜ ਕਰ ਦਿੱਤਾ ਹੈ। ਉਨ੍ਹਾਂ 21 ਦਸੰਬਰ ਤੋਂ 24 ਘੰਟੇ ਦੀ ਲੜੀਵਾਰ ਭੁੱਖ ਹੜਤਾਲ 11 ਮੈਂਬਰਾਂ ਵਲੋਂ ਮੋਰਚੇ ਤੇ ਬਾਕੀ ਦੇਸ਼ ਦੇ ਧਰਨੇ ਪ੍ਰਦਰਸ਼ਨਾਂ ਵਿਚ ਕੀਤੀ ਜਾਵੇਗੀ। 23 ਦਸੰਬਰ ਨੂੰ ਕਿਸਾਨ ਨੇਤਾ ਸਵਰਗੀ ਚੌਧਰੀ ਚਰਨ ਸਿੰਘ ਦੇ ਜਨਮ ਦਿਨ ਉਤੇ ਇੱਕ ਸਮੇਂ ਦਾ ਖਾਣਾ ਛੱਡਣ, 25 ਤੋਂ 27 ਦਸੰਬਰ ਤਕ ਹਰਿਆਣਾ ਦੇ ਟੋਲ ਪਲਾਜ਼ੇ ਫਰੀ ਕੀਤੇ ਜਾਣ ਲਈ, ਪੂਰੇ ਦੇਸ਼ ਤੋਂ ਐਨ. ਡੀ. ਏ. ਵਿਚ ਸ਼ਾਮਲ ਪਾਰਟੀਆਂ ਨੂੰ ਪੱਤਰ ਸੌਂਪ ਕੇ ਕੇਂਦਰ ਸਰਕਾਰ 'ਤੇ ਕਿਸਾਨ ਮੰਗਾਂ ਮੰਨਾਉਣ ਲਈ ਦਬਾਅ ਬਣਾਉਣ ਦੀ ਮੰਗ ਕੀਤੀ ਜਾਵੇਗੀ। ਅੰਬਾਨੀ-ਅਡਾਨੀ ਦੇ ਕਾਰੋਬਾਰੀ ਅਦਾਰਿਆਂ ਦਾ ਵਿਰੋਧ ਜਾਰੀ ਰਹੇਗਾ। ਉਨ੍ਹਾਂ ਦਾ ਪ੍ਰੋਡਕਟ ਫਾਰਚੂਨਰ ਤੇਲ ਨੂੰ ਖਰੀਦਣਾ ਲੋਕ ਬੰਦ ਕਰਨ। ਆੜਤੀ ਆਮਦਨ ਅਧਿਕਾਰੀਆਂ ਦੇ ਦਫਤਰਾਂ ਦੇ ਘਿਰਾਓ ਕਰਨ। 27 ਦਸੰਬਰ ਦੀ ਪ੍ਰਧਾਨ ਮੰਤਰੀ ਦੇ 'ਮਨ ਕੀ ਬਾਤ' ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਵਿਦੇਸ਼ੀ ਧਰਤੀ 'ਤੇ ਬੈਠੇ ਸਮੂਹ ਪੰਜਾਬੀ/ਭਾਰਤੀਆਂ ਨੂੰ ਅਪੀਲ ਕੀਤੀ ਕਿ ਉਹ 26/27 ਦਸੰਬਰ ਨੂੰ ਆਪੋ ਆਪਣੇ ਦੇਸ਼ਾਂ ਦੇ ਸਫਾਰਤਖਾਨਿਆਂ ਨੂੰ ਮੰਗ ਪੱਤਰ ਦੇਣ ਤੇ ਰੋਸ ਪ੍ਰਦਰਸ਼ਨ ਤੇਜ ਕਰਨ। ਉਧਰ ਲੰਡਨ ਵਾਸੀ ਪੰਜਾਬੀਆਂ ਨੇ ਪ੍ਰਧਾਨ ਮੰਤਰੀ ਮੋਦੀ ਦੀ ਮਾਂ ਨੂੰ ਚਿੱਠੀ ਲਿਖ ਕੇ ਅਪੀਲ ਕੀਤੀ ਹੈ ਕਿ ਉਹ ਕਿਸਾਨਾਂ ਨੂੰ ਇਨਸਾਫ ਦਿਵਾਉਣ ਲਈ ਮਦਦ ਕਰਨ।

ਕਿਸਾਨਾਂ ਨੇ ਮੋਦੀ ਸਰਕਾਰ ਦੀ ਆਈ. ਟੀ. ਸੈਲ ਦਾ ਮੁਕਾਬਲਾ ਕਰਨ ਲਈ ਆਪਣਾ ਵੀ 'ਕਿਸਾਨ ਏਕਤਾ ਮੋਰਚਾ' ਆਈ. ਟੀ. ਸੈਲ ਸਥਾਪਤ ਕੀਤਾ ਹੈ। ਇੱਕ ਪੰਜਾਬੀ ਹਿੰਦੀ ਦਾ ਪਰਚਾ 'ਟਰਾਲੀ ਟਾਈਮਜ਼' ਵੀ ਸ਼ੁਰੂ ਕੀਤਾ ਹੈ, ਤਾਂ ਜੋ ਗੋਦੀ ਮੀਡੀਆ ਨੂੰ ਢੁਕਵਾਂ ਜੁਆਬ ਦਿੱਤਾ ਜਾ ਸਕੇ।



ਵਿਸ਼ਵ ਦਾ ਸਭ ਤੋਂ ਵੱਡਾ ਜਮਹੂਰੀ ਦੇਸ਼ ਕਿਸ ਤਰ੍ਹਾਂ ਖੇਤਾਂ ਦੇ ਪੁੱਤਰ ਦੇ ਮੁਢਲੇ ਅਧਿਕਾਰ ਵੀ ਦੇਣ ਨੂੰ ਤਿਆਰ ਨਹੀਂ। ਸੰਸਾਰ ਪੱਧਰ 'ਤੇ ਕਿੰਨੀ ਥੂ ਥੂ ਹੋ ਰਹੀ ਹੈ, ਪਰ ਭਾਰਤ ਦੇ ਹੁਕਮਰਾਨ, ਹੁਕਮਰਾਨ ਬਣਾਉਣ ਵਾਲਿਆਂ ਨੂੰ ਹੀ ਅੱਖਾਂ ਦਿਖਾ ਰਹੇ ਹਨ। ਭਾਰਤ ਵਾਸੀਆਂ ਨੂੰ ਧਰਮ, ਜਾਤ, ਵਰਗ ਦੇ ਨਾਂ 'ਤੇ ਲੜਾਇਆ ਜਾ ਰਿਹਾ ਹੈ। 70-70 ਸਾਲ ਦੇ ਸੈਂਕੜੇ ਸਮਾਜਕ ਕਾਰਜਕਰਤਾ ਨੂੰ ਦੇਸ਼ ਧ੍ਰੋਹੀ ਦਾ ਫਤਵਾ ਦੇ ਕੇ ਜੇਲ੍ਹੀਂ ਡੱਕਿਆ ਗਿਆ ਹੈ। ਘੱਟ ਗਿਣਤੀਆਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ।

ਦੂਜੇ ਪਾਸੇ ਯੂਰਪੀ/ਪੱਛਮੀ ਦੇਸ਼ਾਂ ਦੀਆਂ ਸੰਵਿਧਾਨਕ ਕਦਰਾਂ ਕੀਮਤਾਂ ਏਨੀਆਂ ਤਕੜੀਆਂ ਹਨ ਕਿ ਸਭ ਤੋਂ ਵੱਡੀ ਜਮਹੂਰੀਅਤ ਦੇ ਢੰਡੋਰਚੀ ਜੇ ਦੇਖ ਲੈਣ ਤਾਂ ਭੱਜਦਿਆਂ ਨੂੰ ਥਾਂ ਨਾ ਮਿਲੇ। ਯੂਰਪੀ ਮੁਲਕ ਨਾਰਵੇ ਦੇ ਨਾਰਵੇਜੀਅਨ ਐਂਡਰਯ ਬੈਰਿੰਗ ਬ੍ਰਿਵਿਕ ਨੇ ਮੁਲਕ ਦੀ ਇਮੀਗਰਾਂਟ ਨੀਤੀ ਦਾ ਵਿਰੋਧ ਕਰਦਿਆਂ 22 ਜੁਲਾਈ 2011 ਨੂੰ ਕਾਰ ਬੰਬ ਧਮਾਕਿਆਂ ਅਤੇ ਗੋਲੀ ਚਲਾ ਕੇ ਕਰੀਬ 77 ਵਿਅਕਤੀ ਸਮੂਹਕ ਕਤਲੇਆਮ ਵਿਚ ਮਾਰ ਮੁਕਾਏ ਸਨ। ਇਸ ਘਟਨਾ 'ਤੇ ਸਾਰਾ ਯੂਰਪ ਹੀ ਸੁੰਨ ਰਹਿ ਗਿਆ ਸੀ। ਉਸ ਨੂੰ ਨਾਰਵੇ ਦੀ ਸਰਬਉੱਚ ਨਿਆਂਪਾਲਕਾ ਨੇ ਦੇਸ਼ ਦੀ ਸਭ ਤੋਂ ਵੱਡੀ ਸਜ਼ਾ 21 ਸਾਲ ਦੀ ਉਮਰ ਕੈਦ ਸੁਣਾਈ ਸੀ। ਉਥੇ ਮੌਤ ਦੀ ਸਜ਼ਾ ਸੰਵਿਧਾਨਕ ਨਹੀਂ। ਜੇਲ੍ਹ ਵਿਚ ਸਜਾ ਭੁਗਤਦੇ ਸਮੇਂ ਉਸ ਨੇ ਅਦਾਲਤ ਵਿਚ ਆਪਣੇ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਦੀ ਸ਼ਿਕਾਇਤ ਦਰਜ ਕਰਾਉਂਦਿਆਂ ਦੋਸ਼ ਲਾਇਆ ਕਿ ਉਸ ਨੂੰ ਇਕੱਲਾ ਰੱਖਿਆ ਜਾ ਰਿਹਾ ਹੈ। ਹੱਥਕੜੀ ਵੱਧ ਦੇਰ ਲਾਈ ਜਾਂਦੀ ਹੈ। ਉਹਦੇ ਸੈਲ ਦੀਆਂ ਕੰਧਾਂ 'ਤੇ ਪਲਾਸਟਿਕ ਦੀ ਪਰਤ ਚਾੜ੍ਹੀ ਗਈ ਹੈ। ਰਾਤ ਨੂੰ ਸੌਣ ਘੱਟ ਦਿੱਤਾ ਜਾਂਦਾ ਹੈ। ਵਾਰ ਵਾਰ ਉਸ ਨੂੰ ਆਪਣੇ ਜਿਉਂਦੇ ਹੋਣ ਦਾ ਸਬੂਤ ਲੱਤ ਹਿਲਾ ਕੇ ਦੇਣਾ ਪੈਂਦਾ ਹੈ। ਸਭ ਤੋਂ ਵੱਡੀ ਗੱਲ ਉਸ ਨੂੰ ਕੌਫੀ ਠੰਢੀ ਦਿੱਤੀ ਜਾਂਦੀ ਹੈ, ਥਰਮਸ ਦੀ ਇਜਾਜ਼ਤ ਦਿੱਤੀ ਜਾਵੇ।

ਗੱਲ ਕੀ, ਅਜਿਹੇ ਘਿਨਾਉਣੇ ਜੁਰਮ ਵਿਚ ਕੈਦੀ ਹੁੰਦੇ ਹੋਏ ਵੀ ਉਸ ਨੇ ਆਪਣੀ ਸਜ਼ਾ ਦੇ ਹਿੱਸੇ ਵਜੋਂ ਸ਼ਾਮਲ ਸਜ਼ਾ ਦੀਆਂ ਇਨ੍ਹਾਂ ਧਾਰਾਵਾਂ ਨੂੰ ਆਪਣੇ ਮੁਢਲੇ ਮਨੁੱਖੀ ਅਧਿਕਾਰਾਂ ਦੀ ਸੰਗਿਆ ਦੇ ਕੇ ਬਹਾਲੀ ਦੀ ਮੰਗ ਕੀਤੀ। ਦੋਵੇਂ ਧਿਰਾਂ ਦੀਆਂ ਦਲੀਲਾਂ ਸੁਣਨ ਪਿਛੋਂ ਅਦਾਲਤ ਨੇ ਉਸ ਦੇ ਹੱਕ ਵਿਚ ਫੈਸਲਾ ਦਿੱਤਾ ਤੇ ਤੁਰਤ ਸਾਰੀਆਂ ਮੰਗਾਂ ਉਤੇ ਅਮਲ ਕਰਨ ਦੇ ਨਿਰਦੇਸ਼ ਦਿੱਤੇ। ਹੈਰਾਨੀ ਹੁੰਦੀ ਹੈ ਕਿ ਭਾਰਤ ਵਿਚ ਸੱਭਿਅਕ ਨਾਗਰਿਕ ਨੂੰ ਵੀ ਅਜਿਹੇ ਅਧਿਕਾਰ ਪ੍ਰਾਪਤ ਨਹੀਂ, ਸਜ਼ਾਯਾਫਤਾ ਤਾਂ ਕੀ ਬੋਲੂ!

ਕੋਈ 136 ਕਰੋੜ ਦੀ ਅਬਾਦੀ ਵਾਲੇ ਭਾਰਤ ਦੇ ਅੰਦਰੂਨੀ ਹਾਲਾਤ ਦੀ ਚੀਰ ਫਾੜ ਕੀਤੀ ਜਾਵੇ ਤਾਂ 14 ਕਰੋੜ ਆਬਾਦੀ ਪ੍ਰਤੀ ਸਾਲ 6 ਹਜ਼ਾਰ ਤੇ 80 ਕਰੋੜ ਆਟਾ ਦਾਲ ਵੈਲਫੇਅਰ ਸਕੀਮ ਹੇਠ ਗੁਜਰ ਬਸਰ ਕਰ ਰਹੀ ਹੈ। ਬਾਕੀ 42 ਕਰੋੜ ਦੀ ਅਬਾਦੀ ਕਿੰਨੇ ਹੀ ਧਰਮਾਂ, ਵਰਗਾਂ ਜਾਤਾਂ-ਪਾਤਾਂ ਵਿਚ ਵੰਡੀ ਹੋਈ ਹੈ। ਕੀ ਅਜਿਹੀ ਹਾਲਤ ਵਿਚ ਭਾਰਤ ਵਿਸ਼ਵ ਗੁਰੂ ਬਣ ਸਕਦਾ ਹੈ? ਇਹ ਦੇਸ਼ ਦੀ ਜਨਤਾ ਨੂੰ ਬੁੱਧੂ ਬਣਾਉਣ ਲਈ ਕੀਤੀ ਜੁਮਲੇਬਾਜੀ ਤੋਂ ਵੱਧ ਕੁਝ ਸਾਬਤ ਨਹੀਂ ਹੁੰਦਾ। ਰੇਲਵੇ, ਏਅਰਪੋਰਟ, ਕੋਲੇ ਦੀਆਂ ਖਾਣਾਂ ਸਮੇਤ ਏਅਰਲਾਈਨ, ਬੀ. ਐਸ. ਐਨ. ਐਲ., ਜੀਵਨ ਬੀਮਾ ਸਮੇਤ 70 ਸੰਪਤੀਆਂ ਸੇਲ 'ਤੇ ਲਾ ਰੱਖੀਆਂ ਹਨ। ਇੱਕ ਪਾਸੇ ਕਿਸਾਨ ਆਪਣੇ ਥੋੜ੍ਹੇ ਜਿਹੇ ਲਾਭ ਲਈ ਸੜਕਾਂ 'ਤੇ ਰੁਲਣ ਲਈ ਤਿਆਰ ਹੈ। ਕਿਸਾਨ ਕਰਜ਼ੇ ਦੀ ਮਾਰ ਹੇਠ ਹੈ। ਉਦਯੋਗਪਤੀਆਂ ਦਾ ਤਾਂ ਲੱਖਾਂ-ਕਰੋੜਾਂ ਦਾ ਕਰਜ਼ਾ ਬਿਨਾ ਮੰਗੇ ਹੀ ਮੁਆਫ ਕਰ ਦਿੱਤਾ ਜਾਂਦਾ ਹੈ, ਜਦੋਂ ਕਿ ਕਿਸਾਨਾਂ ਦੇ ਕਰਜ਼ੇ ਦੀ ਥੋੜ੍ਹੀ ਜਿਹੀ ਰਕਮ ਵੀ ਮੁਆਫ ਨਹੀਂ ਕੀਤੀ ਜਾਂਦੀ। ਉਤੋਂ ਉਸ ਦੇ ਇੱਕੋ ਇੱਕ ਕਮਾਈ ਦੇ ਸਾਧਨ ਜ਼ਮੀਨ ਵੀ ਉਦਯੋਗਪਤੀਆਂ ਨੂੰ ਦੇਣ ਦੇ ਮਨਸੂਬੇ ਘੜੇ ਗਏ ਹਨ।

ਸਾਡੇ ਦੇਸ਼ ਦੇ ਹੁਕਮਰਾਨਾਂ ਨੇ ਤਾਂ ਅੰਨਦਾਤੇ ਨੂੰ ਆਪਣੇ ਮੁਫਾਦ ਲਈ ਹੀ ਵਰਤਿਆ ਹੈ। ਬਸ ਵਿਦੇਸ਼ੀ ਧਰਤੀ 'ਤੇ ਵਸੇ ਕਿਸਾਨ ਦੇ ਜਾਇਆਂ ਵਲੋਂ ਹੀ ਆਪੋ ਆਪਣੇ ਢੰਗ ਨਾਲ ਪੰਜਾਬ/ਭਾਰਤ ਦੇ ਕਿਸਾਨ ਸੰਘਰਸ਼ ਦੀ ਮਦਦ ਕੀਤੀ ਹੈ। ਪੰਜਾਬੀਆਂ ਨੇ ਅਮਰੀਕਾ ਦੀ ਸਿਲੀਕਾਨ ਵੈਲੀ (ਬੇਅ ਏਰੀਏ) ਵਿਚ ਫੇਸਬੁੱਕ ਦੇ ਦਫਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ। ਨੌਜਵਾਨ ਵਰਗ ਵਲੋਂ ਦੋਸ਼ ਲਾਇਆ ਗਿਆ ਸੀ ਕਿ ਜਿਉਂ ਹੀ ਅਸੀਂ ਕਿਸਾਨ ਸੰਘਰਸ਼ ਦੀ ਸਪੋਟ ਵਿਚ ਹੈਸ਼ ਟੈਗ ਪਾ ਕੇ ਸਟੇਟਸ ਅੱਪਲੋਡ ਕਰਦੇ ਹਾਂ, ਜਿਵੇਂ ਹੀ ਦਿਖਾਈ ਦੇਣਾ ਸ਼ੁਰੂ ਹੁੰਦਾ ਹੈ ਤਾਂ ਫੇਸਬੁੱਕ ਉਸ ਨੂੰ ਬੰਦ ਕਰ ਦਿੰਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਫੇਸਬੁੱਕ ਨੇ ਰਿਲਾਇੰਸ ਇੰਡਸਟਰੀ ਵਿਚ 5.7 ਬਿਲੀਅਨ ਦੀ ਹਿੱਸੇਦਾਰੀ ਪਾਈ ਹੋਈ ਹੈ। ਆਪਣੀ ਇਸੇ ਹਿੱਸੇਦਾਰੀ ਨੂੰ ਬਚਾਉਣ ਲਈ ਮੋਰਚੇ ਦੀ ਅਵਾਜ਼ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇਸੇ ਤਰ੍ਹਾਂ ਹੀ ਵੱਟਸਐਪ, ਇੰਸਟਾਗ੍ਰਾਮ ਤੇ ਹੋਰ ਸੋਸ਼ਲ ਸਾਈਟਾਂ ਵਲੋਂ ਵੀ ਕਿਸਾਨ ਮੋਰਚੇ ਦੀ ਮਦਦ ਨਹੀਂ ਕੀਤੀ ਜਾ ਰਹੀ। ਫਰੀਮਾਂਟ ਦੀ ਸਿੱਖ ਪੰਚਾਇਤ ਨੇ ਸਿੰਘੂ ਬਾਰਡਰ ਲਈ 2 ਸੌ ਟੁਆਇਲਟ, 40 ਦੇ ਕਰੀਬ ਬੰਦ ਬਾਥਰੂਮ, ਪੈਂਤੀ ਪੈਂਤੀ ਲਿਟਰ ਦੇ ਕਰੀਬ 400 ਗੀਜਰ, ਸ਼ਹੀਦਾਂ ਦੇ ਪਰਿਵਾਰਾਂ ਨੂੰ ਮਾਇਕ ਮਦਦ, ਵਕੀਲਾਂ ਦੀ ਫੀਸ ਦੇਣ ਦਾ ਐਲਾਨ ਕੀਤਾ ਹੈ। ਹੋਰ ਪੰਜਾਬੀਆਂ ਵਲੋਂ ਵੀ ਆਪੋ ਆਪਣੇ ਪਿੰਡਾਂ ਨੂੰ ਤੇਲ ਰਾਸ਼ਨ ਤੇ ਹਰ ਕਿਸਮ ਦੀ ਮਦਦ ਜਾਰੀ ਹੈ।

ਕੇਂਦਰ ਸਰਕਾਰ ਦੇ ਚਾਲੇ ਕੋਈ ਬਹੁਤੇ ਵਧੀਆ ਵਿਖਾਈ ਨਹੀਂ ਦੇ ਰਹੇ। ਫਿਰ ਵੀ ਕਿਰਤੀਆਂ ਕਿਸਾਨਾਂ ਨੇ ਏਕੇ, ਜ਼ਾਬਤੇ, ਸੰਜਮ ਤੇ ਸ਼ਾਂਤੀ ਰਾਹੀਂ ਜਿਸ ਤਰ੍ਹਾਂ ਦਾ ਸਤਿਆਗ੍ਰਹਿ ਸ਼ੁਰੂ ਕੀਤਾ ਹੋਇਆ ਹੈ, ਉਹ ਹੋਰ ਵੀ ਢੇਰ ਸਾਰੇ ਹੌਂਸਲੇ, ਹਿੰਮਤ ਤੇ ਸਹਿਨਸ਼ੀਲਤਾ ਦੀ ਮੰਗ ਕਰਦਾ ਹੈ।

# ਕੀ ਕਹਿ ਰਿਹਾ ਹੈ ਪੰਜਾਬ?

***(ਪਿਛਲੇ ਸਫੇ ਦੀ ਬਾਕੀ)***

ਏਸੇ ਸਾਹਿਤਕ-ਵਿਚਾਰਕ ਮੁਹਾਜ਼ ਦਾ ਸੇਵਾਦਾਰ ਬਣਿਆ ਹੋਇਆ ਹੈ।

ਗੌਰ ਕਰੀਏ ਕਿ ਅੱਜ ਤੋਂ ਸਵਾ ਸਦੀ ਪਹਿਲਾਂ ਪੰਜਾਬੀ ਬੋਲੀ ਨਾਲ ਜੋ ਸਲੂਕ ਕੀਤਾ ਜਾ ਰਿਹਾ ਸੀ, ਉਸ ਨੂੰ ਪਹਿਲਾਂ 1947, ਫਿਰ 1966 ਵਿਚ ਸਫਲਤਾ ਸਹਿਤ ਨੇਪਰੇ ਚਾੜ੍ਹ ਕੇ, ਹੁਣ ਉਹੀ ਸਲੂਕ ਪਿਛਲੀ ਅੱਧੀ ਸਦੀ ਤੋਂ ਖੇਤੀ-ਕਿਸਾਨੀ ਦੇ ਕਿੱਤੇ ਨਾਲ ਹੋ ਰਿਹਾ ਹੈ। ਇਸ ਤੋਂ ਵੀ ਅਗਾਂਹ ਆਉਂਦਿਆਂ ਇਨ੍ਹਾਂ ਰੁਤਬੇਦਾਰਾਂ ਦਾ ਮੋਰਚਾ ਹੁਣ ਪਿੰਡ ਨੂੰ ਹੀ ਕੋਈ ਅੰਨ੍ਹਾ ਖੂਹ ਸਿੱਧ ਕਰ ਰਿਹਾ ਹੈ ਜਿੱਥੇ ਜੱਟ/ਕਿਸਾਨ/ਪੰਜਾਬੀ ਹੁਣ ਜਾਤੀਵਾਦ ਦੇ ਡੇਰੇਦਾਰ ਹਨ, ਸ਼ੋਸ਼ਣ ਦਾ ਸਿਰਨਾਵਾਂ ਹਨ ਅਤੇ ਔਰਤ-ਵਿਰੋਧੀ ਕਿਸਮ ਦੇ ਅਤਿਵਾਦੀ ਹਨ।

ਹੁਸਨ-ਚਤੁਰਾਈ ਦੇ ਇਸ ਕੋਟ ਦੀ ਉਸਾਰੀ ਵਿਚ ਕੁਝ ਮੁੱਢਲੇ ਫਰੇਬ ਦੇਖਣ ਵਾਲੇ ਹਨ ਜਿਵੇਂ ਕਿ 'ਕਿਸਾਨੀ ਕਿੱਤੇ' ਨੂੰ ਪਹਿਲੋਂ ਸਿਰਫ 'ਜੱਟ' ਨਾਲ ਨੱਥੀ ਕਰ ਦੇਣਾ। ਬੜੀ ਸੂਖਮਤਾ ਨਾਲ ਇਕ ਪੂਰੇ ਸੂਰੇ ਕਿੱਤੇ ਨੂੰ ਜਾਤੀ ਪਛਾਣ ਦਾ ਪਰਛਾਵਾਂ ਬਣਾ ਧਰਨਾ। ਫਿਰ ਕਿਸਾਨੀ ਜਾਂ ਜੱਟ ਦੇ ਜ਼ਿਕਰ ਨੂੰ ਸਿਰਫ 'ਜੱਟਵਾਦ' ਕਹਿੰਦੇ ਤੁਰੇ ਜਾਣਾ। ਸੋ ਕਿਸਾਨੀ ਨੂੰ ਜੱਟਵਾਦ ਦਾ 'ਸ਼ੁਗਲ' ਬਣਾ ਦੇਣਾ, ਜੱਟਾਂ/ਕਿਸਾਨਾਂ ਨੂੰ 'ਸ਼ੌਕੀ' ਗਰਦਾਨ ਦੇਣਾ - ਇਨ੍ਹਾਂ ਰੁਤਬੇਧਾਰੀ ਚਤੁਰਾਂ ਦੇ ਸਭਿਆਚਾਰਕ ਮੁਹਾਜ਼ ਦੀ ਸਾਂਝੀ ਚੂਲ ਹੈ। ਇਸ ਦਾ ਮਤਲਬ ਹਰਗਿਜ਼ ਨਹੀਂ ਕਿ ਇਹ ਸਮੱਸਿਆਵਾਂ, ਮਸਲੇ ਤੇ ਸਵਾਲ ਗੈਰਜ਼ਰੂਰੀ ਹਨ ਜਾਂ ਗਾਇਬ ਹਨ। ਸਵਾਲਾਂ ਦਾ ਸਵਾਲ ਇਹ ਹੈ ਕਿ ਇਨ੍ਹਾਂ ਮੁੱਦਿਆਂ ਨਾਲ ਨਜਿੱਠਣ ਲਈ ਕੀ ਪਛਾਣ ਦੀ ਸਿਆਸਤ ਕਾਰਗਰ ਹੈ ਜਾਂ ਫਿਰ ਇਸ ਲਈ ਸਾਂਝੇ ਸੰਘਰਸ਼ ਵਿੱਢਣ ਦੀ ਅਣਸਰਦੀ ਲੋੜ ਹੈ? ਕੀ 'ਕਿਸਾਨੀ=ਜੱਟਵਾਦ' ਅਤੇ 'ਹਿੰਦੋਸਤਾਨ=ਹਿੰਦੂ ਰਾਸ਼ਟਰਵਾਦ' ਇੱਕੋ ਹੀ ਸਿੱਕੇ ਦੇ ਦੋ ਪਾਸੇ ਨਹੀਂ ਹਨ? ਕੱਟੜਪੰਥੀਆਂ ਦੀਆਂ ਘੜੀਆਂ ਪਛਾਣਾਂ 'ਜੱਟਵਾਦ' ਅਤੇ 'ਹਿੰਦੂ ਰਾਸ਼ਟਰਵਾਦ' ਪਛਾਣਾਂ ਦੀ ਸਿਆਸਤ ਦਾ ਸਾਂਝਾ ਅਖਾੜਾ ਹਨ। ਦੇਖਣ ਨੂੰ ਵਿਰੋਧੀ ਪਰ ਢਿੱਡੋਂ ਖੰਡ ਖੀਰ ਇਨ੍ਹਾਂ ਧੁਰਿਆਂ ਦੇ ਲੋਕ-ਘਾਤੀ ਪੈਂਤੜੇ ਦੀ ਆਪਸੀ ਯਾਰੀ ਨੇ ਇਕ ਦੂਜੇ ਨੂੰ ਉਗਾਸ ਕੇ ਰੱਖਿਆ ਹੈ। ਇਸ ਵਿਚਾਰਧਾਰਕ ਮੋਰਚੇ ਤੋਂ ਪੰਜਾਬ ਦੀ ਸਾਂਝੀ ਦਾਸਤਾਨ, ਪੰਜਾਬ-ਹਰਿਆਣਾ ਸਾਂਝੀਵਾਲਤਾ ਅਤੇ ਸਾਰੇ ਹਿੰਦੋਸਤਾਨ ਨਾਲ ਸਾਰਥਕ ਸੰਵਾਦ ਦੀ ਸੰਭਾਵਨਾ ਖਿਲਾਫ ਲਗਾਤਾਰ ਪਾਣੀ ਦੀ ਤੋਪ ਚਲਾਈ ਜਾਂਦੀ ਰਹੀ ਹੈ, ਬੈਰੀਕੇਡ ਲਾਏ ਜਾਂਦੇ ਰਹੇ ਹਨ। ਇਹ ਕਿਰਤ ਖਿਲਾਫ ਸੰਪਰਦਾਈ ਪਛਾਣਾਂ ਦਾ ਸਾਂਝਾ ਮੋਰਚਾ ਹੈ ਜੋ ਸਿੰਘੂ-ਟਿਕਰੀ ਹੱਦਾਂ 'ਤੇ ਸਰਗਰਮ ਹੋਣ ਦੀ ਵਾਹ ਲਾ ਰਿਹਾ ਹੈ। ਇਸ ਵਿਚਾਰਕ ਪੈਂਤੜੇ ਦਾ ਧਾਰਨੀ ਹੋਣ ਲਈ ਹਿੰਦੂ ਹੋਣਾ ਲਾਜ਼ਮੀ ਨਹੀਂ ਸਗੋਂ ਪੰਜਾਬ ਦੇ ਲੋਕਾਂ ਦੀ ਚੇਤਨਾ ਦੇ ਸੋਮਿਆਂ ਨੂੰ ਹੀਣਾ-ਬੌਣਾ ਦਰਸਾਉਣਾ, ਲੋਕਾਂ ਦੀ ਕਰਨੀ ਤੋਂ ਭਿੱਟ ਮੰਨਣੀ ਅਤੇ ਕਿਰਤੀਆਂ ਦੀ ਸਾਂਝ ਖਿਲਾਫ ਪਤਵੰਤਿਆਂ ਦੀ ਪਛਾਣ ਨੂੰ ਸਿਆਸੀ ਧੁਰਾ ਬਣਾਉਣ ਵਾਲੇ ਸਿੱਖ, ਹਿੰਦੂ ਜਾਂ ਮੁਸਲਮਾਨ ਇਸ ਅਖਾੜੇ ਦੇ ਮਾਸ਼ਕੀ ਹਨ।

ਸੋ ਇਹ ਕਿਸਾਨ ਮੋਰਚਾ ਇਸ ਬੱਝਵੇਂ, ਸੰਗਠਿਤ ਅਤੇ ਇਕ-ਦੂਜੇ ਨੂੰ ਚਰਚਾ ਵਿਚ ਬਣਾਈ ਰੱਖ ਕੇ ਸਾਂਝੀ ਬਾਤ ਨੂੰ ਦੁਰਕਾਰਨ ਵਾਲੀ ਸਿਆਸਤ ਦੇ ਜੜ੍ਹੀਂ ਬੈਠਦਾ ਦਿਸਦਾ ਹੈ। ਇਹ ਦੋਵੇਂ ਧਿਰਾਂ ਹਜੇ ਬਦਹਵਾਸ ਹਨ, ਚੁੱਪ ਹੋ ਗਈਆਂ ਹਨ, ਸੋਸ਼ਲ ਮੀਡੀਆ 'ਤੇ ਮੱਠੀ-ਮੱਠੀ ਧੂਣੀ ਪਾਈ ਬੈਠੀਆਂ ਹਨ ਪਰ ਸਾਵਧਾਨ ਰਹੋ ਕਿ ਆਪਣੀ ਜ਼ਮੀਨ ਖਿਸਕਦੀ ਵੇਖ ਕੇ ਮੌਕਾ ਆਉਣ 'ਤੇ ਵਧੇਰੇ ਹਮਲਾਵਰ ਰੁਖ ਅਖਤਿਆਰ ਕਰਨਗੀਆਂ। ਕਾਰਪੋਰੇਟੀ-ਸਰਕਾਰੀ-ਪੁਲਸੀ ਚਕਰਵਿਊਹ ਖਿਲਾਫ ਬੜੇ ਲੰਮੇ ਸਮੇਂ ਤੋਂ ਕਾਰਵਾਈ ਜਾਰੀ ਸੀ ਤੇ ਹੁਣ ਇਹ ਸਿੱਧੀ ਟੱਕਰ ਦਾ ਮੋਰਚਾ ਬਣ ਗਿਆ ਹੈ। ਇਹ ਬਹੁਤ ਵੱਡੀ ਸਫਲਤਾ ਹੈ, ਬਹੁਤ ਕੁਰਬਾਨੀ ਅਤੇ ਸੰਘਰਸ਼ ਤੋਂ ਬਾਅਦ ਇਹ ਪੜਾਅ ਆਇਆ ਹੈ। ਪੰਜਾਬੀਆਂ ਦਾ ਏਕਾ, ਸਾਂਝੀਵਾਲਤਾ ਦੀ ਰਵਾਇਤ ਅਤੇ ਸਰਬੱਤ ਦੀ ਆਜ਼ਾਦੀ ਦਾ ਨਾਦ ਸਾਰੇ ਦੇਸ ਵਿਚੋਂ ਹੁੰਗਾਰਾ ਲੈ ਰਿਹਾ ਹੈ। ਇਸ ਮੋਰਚੇ ਸਦਕਾ ਪੰਜਾਬੀਆਂ ਦਾ ਮਨੋਬਲ ਉੱਚਾ ਹੋਇਆ ਹੈ, ਸਿਦਕ ਧਾਰਿਆ ਗਿਆ ਹੈ ਅਤੇ 'ਸੂਰਾ ਸੋ ਪਹਿਚਾਨੀਐ' ਦੀ ਮਜੀਠੀ ਲੀਹ ਕੱਢੀ ਗਈ ਹੈ।

ਸਾਂਝੀਵਾਲ ਖਾਲਸਾ ਰਵਾਇਤ ਤੋਂ ਬੇਗਾਨਗੀ, ਪੰਜਾਬ ਦੇ ਸੰਕਲਪ ਤੋਂ ਭੈਅ, ਮਨਮੁਖਾਂ ਵਾਲਾ ਕਿਰਦਾਰ ਅਤੇ ਸੂਝ-ਗਿਆਨ ਦੀ ਤਰਾਸ਼ ਤੋਂ ਵਿਰਵੇ ਹੋਣ ਸਦਕਾ ਰੁਤਬੇਦਾਰਾਂ ਵੱਲੋਂ ਪੰਜਾਬ ਦੇ ਵੇਗ-ਵਿਵੇਕ ਨੂੰ ਜ਼ਲੀਲ ਕਰਨ ਦੇ ਅਗਲੇਰੇ ਖਤਰੇ ਤਿਆਰ ਬਰ ਤਿਆਰ ਖੜ੍ਹੇ ਹਨ। ਇਸ ਖਿਲਾਫ ਸਭਿਆਚਾਰਕ-ਵਿਚਾਰਧਾਰਕ ਮੋਰਚੇ 'ਤੇ ਲਮਕਵੀਂ ਜੰਗ ਛੇੜਨ ਦੀ ਲੋੜ ਹੈ। ਬਾਈ ਕੰਵਲ ਆਗਾਹ ਕਰਦਾ ਹੈ: 'ਜਿੰਨਾ ਚਿਰ ਪੰਜਾਬ ਇੱਕ ਥਾਂ ਹੋ ਕੇ ਲੋਹੇ ਦੀ ਲੱਠ ਨਹੀਂ ਬਣਦਾ; ਰਾਜਕੀ ਠੱਗੀਆਂ ਵਿਚ ਧੱਕੇ ਖਾਂਦਾ ਆਪਣੇ ਖਾਤਮੇ ਨੂੰ ਪਹੁੰਚ ਜਾਵੇਗਾ'।

ਆਰਥਿਕ ਮੰਗਾਂ ਤੋਂ ਤੁਰਿਆ ਇਹ ਅੰਦੋਲਨ ਹੁਣ ਲੋਕਤੰਤਰ ਦੇ ਨਵੇਂ ਅਰਥ ਘੜਨ ਅਤੇ ਸਾਂਝੀਵਾਲਤਾ ਵਾਲੇ ਹਿੰਦੋਸਤਾਨ ਦਾ ਸੁਪਨਾ ਸੱਚ ਕਰਨ ਦਾ ਬਣਦਾ ਜਾ ਰਿਹਾ ਹੈ। ਸਭਿਆਚਾਰਕ-ਵਿਚਾਰਧਾਰਕ ਅੰਦੋਲਨ ਜ਼ਰੀਏ ਪੰਜਾਬ ਦੇ ਨਵੇਂ ਅਰਥ ਘੜਨ ਲਈ ਇਸੇ ਚੜ੍ਹਦੀ ਕਲਾ ਦੇ ਖੇਤ ਨੂੰ ਸਵਾਰਨ ਦੀ ਲੋੜ ਹੈ ਜਿੱਥੇ ਸਾਂਝੀਵਾਲਤਾ ਦੀ ਸਿਆਸਤ ਦਾ ਹਲ ਵਾਹਿਆ ਜਾ ਸਕੇ। ਇਸ ਲੰਮੀ ਜਦੋਜਹਿਦ ਦੀ ਤਿਆਰੀ ਹਿਤ ਅੰਦੋਲਨਕਾਰੀ ਨੌਜਵਾਨਾਂ ਦੀ ਊਰਜਾ, ਲਿਆਕਤ ਤੇ ਸੰਜਮ ਦੀ ਪੱਕ ਰਹੀ ਫਸਲ ਨੂੰ ਬੇਮੌਸਮੀ ਮੂਲਵਾਦੀ ਬਾਰਿਸ਼ ਜਾਂ ਹੋਛੀ ਜਥੇਬੰਦਕ ਸੰਕੀਰਨਤਾ ਦੀ ਗੜੇਮਾਰ ਤੋਂ ਬਚਾਅ ਕੇ ਰੱਖਣ ਦੀ ਨਵੀਂ ਵੰਗਾਰ ਸਾਨੂੰ ਉਡੀਕ ਰਹੀ ਹੈ।

ਅਖੀਰ ਤੇ ਕਿਸਾਨਾਂ ਲਈ ਸਵਾਲ: ਕੀ ਹੁਣ ਕਿਸਾਨ ਧਰਤੀ ਦਾ ਧਰਮ ਨਿਭਾਉਣਗੇ ਤੇ ਕੁਦਰਤੀ ਖੇਤੀ, ਸਹਿਕਾਰੀ-ਸਾਂਝੀ ਖੇਤੀ ਅਤੇ ਬਰਾਬਰੀ ਦਾ ਸਭਿਆਚਾਰ ਸਿਰਜਣਗੇ? ਇਸ ਅਮਲ 'ਚੋਂ ਗੁਜ਼ਰਦਿਆਂ ਮੰਡੀਚਾਰੇ ਦੀ ਗੁਲਾਮੀ ਕਰਨਗੇ ਜਾਂ ਇਸ ਦਾ ਤੋੜ ਬਣਨਗੇ? ਸਰਕਾਰਾਂ ਅਤੇ ਕਾਰਪੋਰੇਟੀ ਬੁੱਚੜਾਂ ਤੋਂ ਬਚਾਅ ਕੇ ਤੇ ਨਿਰੀ ਆਪਣੀ ਲੱਤ ਹੇਠ ਰੱਖਣ ਲਈ ਧਰਤੀ ਨਾਲ ਅਸੀਂ ਉਹੋ ਸਲੂਕ ਤਾਂ ਨਹੀਂ ਕਰਾਂਗੇ ਜੋ ਆਰਕੈਸਟਰਾ ਦੀਆਂ ਔਰਤਾਂ ਨਾਲ ਕਰਨ ਦੇ ਆਦੀ ਹੋ ਚੁੱਕੇ ਹਾਂ?

ਸਾਨੂੰ ਆਪਣੀ ਧਰਤੀ ਦੇ ਸੱਚ ਦੇ ਦੀਦਾਰ ਹੋਣ, ਖੇੜਾ ਸਾਡੇ ਸਮਾਜਚਾਰੇ ਦੇ ਅੰਦਰਵਾਰ ਵਾਸਾ ਕਰੇ ਤੇ 'ਮੇਲਾ' ਸਾਡੇ ਕਿਰਤੀਆਂ-ਕਿਸਾਨਾਂ ਦੇ ਕਮਾਏ ਹੋਏ ਧਰਮ ਦੀ ਲਿਸ਼ਕ ਵਿਚ ਦਿਸੇ। ਭਾਈ ਗੁਰਦਾਸ ਦੇ ਕਥਨ 'ਗੁਰਮੁਖਿ ਮੇਲਾ ਸਚ ਦਾ' ਦੀ ਸੇਧ ਵਿਚ ਤੁਰਦਿਆਂ ਕੰਵਲ ਆਖਦਾ ਹੈ:

'ਮੈਂ ਜੀਵਨ ਦਾ ਰਾਹੀ।
ਪ੍ਰੀਤ ਖੇਤ ਦਾ ਕਾਮਾ ਹਾਂ ਮੈਂ,
ਸਾਂਝੀ ਮੇਰੀ ਵਾਹੀ।'

ਚੇਤੇ ਰਹੇ, ਮਾਂ ਧਰਤੀ ਦਾ ਅਦਬ ਹੀ ਕਿਸਾਨ ਹੋਣ ਦੇ ਗੌਰਵ ਦੀ ਨੀਂਹ ਹੈ, ਕਿਰਤ ਦਾ ਈਮਾਨ ਹੈ, ਇਹੀ ਪੰਜਾਬ ਦੀ ਰਹਿਤ ਮਰਿਆਦਾ ਹੈ।

# ਕਿਸਾਨੀ ਧਰਨਾ: ਮਸਲੇ ਤੇ ਹੱਲ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਭਾਰਤ ਵਿਚ ਪਿਛਲੇ ਕੁਝ ਮਹੀਨਿਆਂ ਤੋਂ ਕਿਸਾਨਾਂ ਦਾ ਸੰਘਰਸ਼ ਚਲ ਰਿਹਾ ਹੈ। ਇਸ ਦਾ ਮੁੱਢ ਕੇਂਦਰ ਸਰਕਾਰ ਵਲੋਂ ਅਚਨਚੇਤ ਤਿੰਨ ਖੇਤੀਬਾੜੀ ਬਿਲ ਜਾਰੀ ਕਰਨ ਅਤੇ ਫਿਰ ਇਨ੍ਹਾਂ ਨੂੰ ਕਾਨੂੰਨੀ ਸ਼ਕਲ ਦੇਣ ਨਾਲ ਬੱਝਿਆ। ਇਨ੍ਹਾਂ ਕਾਨੂੰਨਾਂ ਵਿਰੁਧ ਰੋਸ ਪ੍ਰਗਟ ਕਰਨ ਲਈ ਕਿਸਾਨਾਂ ਨੇ ਪਹਿਲਾਂ ਪੰਜਾਬ ਵਿਚ ਰੇਲ ਗੱਡੀਆਂ ਰੋਕੀਆਂ ਤੇ ਫਿਰ ਦਿੱਲੀ ਬਾਰਡਰਾਂ 'ਤੇ ਅਣਮਿੱਥੇ ਸਮੇਂ ਲਈ ਧਰਨਾ ਲਾਇਆ। ਹੁਣ ਲੱਖਾਂ ਦੀ ਗਿਣਤੀ ਵਿਚ ਕਿਸਾਨ ਟਰੈਕਟਰ-ਟਰਾਲੀਆਂ ਵਿਚ ਮਹੀਨਿਆਂ ਦਾ ਰਾਸ਼ਨ-ਪਾਣੀ ਭਰੀ ਦਿੱਲੀ ਦੁਆਲੇ ਬੈਠੇ ਹਨ। ਪੜਾਅ ਦਰ ਪੜਾਅ ਚਲਦਾ ਇਹ ਰੋਸ ਪ੍ਰਦਰਸ਼ਨ ਭਾਰਤ ਦਾ ਹੀ ਨਹੀਂ, ਸਗੋਂ ਦੁਨੀਆਂ ਦਾ ਹੁਣ ਤੀਕ ਦਾ ਸਭ ਤੋਂ ਵੱਡਾ ਅੰਦੋਲਨ ਬਣ ਗਿਆ ਹੈ।

ਕਿਸਾਨਾਂ ਦਾ ਇਹ ਮਹਾਂਧਰਨਾ ਅਣਗੌਲੇ ਖੇਤੀ ਵਿਕਾਸ (Mismanaged Green Revolution) ਦਾ ਸਿੱਟਾ ਹੈ। ਇਸ ਧਰਨੇ ਦਾ ਮੁੱਖ ਤੇ ਫੌਰੀ ਉਦੇਸ਼ ਤਿੰਨੇ ਖੇਤੀਬਾੜੀ ਕਾਨੂੰਨਾਂ ਨੂੰ ਰੱਦ (Repeal) ਕਰਵਾਉਣਾ ਹੈ। ਇਹ ਕਾਨੂੰਨ ਦਹਾਕਿਆਂ ਤੋਂ ਚਲੀ ਆ ਰਹੀ ਅਨਾਜ ਦੀ ਘੱਟੋ ਘੱਟ ਸਮਰਥਨ ਮੁੱਲ ਅਨੁਸਾਰ ਸਰਕਾਰੀ ਖਰੀਦ ਦੀ ਵਿਵਸਥਾ ਨੂੰ ਖਤਮ ਕਰਕੇ ਖੁੱਲ੍ਹੀ ਮੰਡੀ ਤੇ ਜਖੀਰੇਬਾਜ਼ੀ ਦੀ ਸਥਾਪਨਾ ਕਰਦੇ ਹਨ। ਇਹ ਤਿੰਨੇ ਕਾਨੂੰਨ ਕਿਸਾਨਾਂ ਦੇ ਲਾਭ ਤੇ ਸੁਤੰਤਰਤਾ ਦੇ ਨਾਂ ਹੇਠ ਖੇਤੀਬਾੜੀ ਨੂੰ ਧਨਾਢ ਵਪਾਰੀਆਂ ਹੱਥ ਸੌਂਪਣ ਦੀ ਵਿਵਸਥਾ ਕਰਦੇ ਹਨ। ਇਨ੍ਹਾਂ ਦੇ ਲਾਗੂ ਹੋਣ ਨਾਲ ਕਰੋੜਾਂ ਕਿਸਾਨ ਰਾਤੋਰਾਤ ਆਪਣੇ ਖੇਤੀ ਦੇ ਰਵਾਇਤੀ ਕਿੱਤੇ ਨਾਲੋਂ ਟੁੱਟ ਕੇ ਬੇਰੁਜ਼ਗਾਰ ਮਜ਼ਦੂਰਾਂ ਦੀ ਕਤਾਰ ਵਿਚ ਲੱਗ ਜਾਣਗੇ। ਇਹ ਨਵੀਂ ਵਿਵਸਥਾ ਦੇਸ਼ ਦੀ ਆਰਥਿਕਤਾ ਲਈ ਇਕ ਘਾਤਕ ਸੱਟ ਹੀ ਨਹੀਂ, ਸਗੋਂ ਇਕ ਪੁਰਾਤਨ ਪਰੰਪਰਾ ਤੇ ਇਕ ਸਜੀਵ ਸਭਿਆਚਾਰ ਦਾ ਖਾਤਮਾ ਕਰਨ ਵਾਲੀ ਹੋਵੇਗੀ। ਕੋਵਿਡ ਕਾਲ ਦੇ ਲੌਕ-ਡਾਊਨ ਦੌਰਾਨ ਕਾਹਲੀ ਨਾਲ ਪਾਸ ਕੀਤੇ ਇਨ੍ਹਾਂ ਕਾਨੂੰਨਾਂ ਨੂੰ ਦੇਸ਼ ਦੇ ਕਿਸਾਨ ਆਪਣੇ ਖਿਲਾਫ ਛੜਯੰਤਰ ਸਮਝਦੇ ਹਨ। ਇਸ ਲਈ ਉਹ ਪੂਜੀਪਤੀ ਘਰਾਣਿਆਂ ਨੂੰ ਖੇਤੀ ਖੇਤਰ ਤੋਂ ਬਾਹਰ ਰੱਖ ਕੇ ਘੱਟੋ ਘੱਟ ਮੁੱਲ ਤੇ ਸਰਕਾਰੀ ਖਰੀਦ ਦੀ ਪਹਿਲਾਂ ਵਾਲੀ ਵਿਵਸਥਾ ਨੂੰ ਬਹਾਲ ਰੱਖਣ ਲਈ ਆਰ ਜਾਂ ਪਾਰ ਵਾਲੀ ਲੜਾਈ ਲੜਨ ਲਈ ਸਰਕਾਰ ਦੇ ਬੂਹੇ 'ਤੇ ਬੈਠੇ ਹਨ, ਪਰ ਸਰਕਾਰ ਮਸਲੇ ਦਾ ਹੱਲ ਢੂੰਡਣ ਦੀ ਥਾਂ ਆਪਣੇ ਪ੍ਰਚਾਰਤੰਤਰ ਰਾਹੀਂ ਘੱਟੋ ਘੱਟ ਮੁੱਲ ਬਾਰੇ ਭੁਲੇਖੇ ਖੜ੍ਹੇ ਕਰ ਰਹੀ ਹੈ।

ਖੇਤੀ ਪੈਦਾਵਾਰਾਂ ਦੇ ਘੱਟੋ ਘੱਟ ਖਰੀਦ ਮੁੱਲ (MSP) ਪਿੱਛੇ ਇਕ ਵੱਡਾ ਅਰਥ-ਸਾਸ਼ਤਰੀ ਨਿਯਮ ਕੰਮ ਕਰਦਾ ਹੈ। ਉਹ ਇਹ ਹੈ ਕਿ ਹਰ ਉਤਪਾਦਿਤ ਵਸਤੂ ਦਾ ਮੁੱਲ ਉਸ ਦੇ ਉਤਪਾਦਨ 'ਤੇ ਆਏ ਖਰਚੇ ਅਨੁਸਾਰ ਮਿੱਥਿਆ ਜਾਵੇ ਤਾਂ ਜੋ ਇਸ ਦੇ ਉਤਪਾਦਨ ਨਾਲ ਉਤਪਾਦਕ ਨੂੰ ਘਾਟਾ ਨਾ ਪਵੇ। ਜੇ ਲਾਇਆ ਮੁੱਲ ਨਹੀਂ ਮੁੜਦਾ ਤਾਂ ਕੋਈ ਵੀ ਉਦਯੋਗਪਤੀ ਜਾਂ ਕਿਸਾਨ ਪੱਲਿਓਂ ਖਰਚ ਕਰ ਕੇ ਉਤਪਾਦਨ ਨਹੀਂ ਕਰ ਸਕਦਾ। ਜੇ ਕਿਸਾਨ ਆਪਣੀਆਂ ਫਸਲਾਂ ਦਾ ਮੁੱਲ ਆਪ ਤੈਅ ਕਰਦੇ ਹੁੰਦੇ, ਫਿਰ ਕੋਈ ਸੱਮਸਿਆ ਨਹੀਂ ਸੀ। ਫਿਰ ਤਾਂ ਉਨ੍ਹਾਂ ਨੇ ਸਭ ਖਰਚਿਆਂ ਨਾਲ ਆਪਣਾ ਮੁਨਾਫਾ ਜੋੜ ਕੇ ਮੁੱਲ ਲਾਉਣਾ ਹੀ ਸੀ; ਪਰ ਉਨ੍ਹਾਂ ਨੇ ਖੇਤੀ ਨੂੰ ਆਧੁਨਿਕ ਢੰਗਾਂ ਨਾਲ ਕਰਨ ਦਾ ਕੰਮ ਉਸ ਵੇਲੇ ਦੀਆਂ ਸਰਕਾਰਾਂ ਦੇ ਉਤਸ਼ਾਹ ਦੇਣ ਕਾਰਨ ਕੀਤਾ ਸੀ, ਜਿਨ੍ਹਾਂ ਦਾ ਮਨੋਰਥ ਉਸ ਵੇਲੇ ਦੀ 70 ਕਰੋੜ ਜਨਸੰਖਿਆ ਦਾ ਢਿੱਡ ਭਰਨ ਲਈ ਦੇਸ਼ ਨੂੰ ਅਨਾਜ ਉਤਪਾਦਨ ਵਿਚ ਆਤਮ-ਨਿਰਭਰ ਬਣਾਉਣਾ ਸੀ। ਇਸ ਲਈ ਕਿਸਾਨਾਂ ਦੀਆਂ ਫਸਲਾਂ ਦੇ ਘੱਟੋ ਘੱਟ ਖਰੀਦ ਮੁੱਲ ਨਿਸ਼ਚਿਤ ਕਰਨ ਤੇ ਖਰੀਦਣ ਦਾ ਜਿੰਮਾ ਸਰਕਾਰ ਨੇ ਆਪਣੇ ਸਿਰ ਲਿਆ ਸੀ।

ਘੱਟੋ ਘੱਟ ਵੇਚ ਮੁੱਲ ਦਾ ਅਸੂਲ ਉਦਯੋਗਿਕ ਖੇਤਰ ਵਿਚ ਵੀ ਚਲਦਾ ਹੈ, ਪਰ ਉੱਥੇ ਇਹ ਮੰਗ ਤੇ ਵਿਵਸਥਾ (Demand and Supply) ਦੀਆਂ ਸ਼ਕਤੀਆਂ ਰਾਹੀਂ ਕਾਇਮ ਹੁੰਦਾ ਹੈ। ਜਦੋਂ ਕਿਸੇ ਚੀਜ਼ ਦਾ ਉਤਪਾਦਨ ਉਸ ਦੀ ਮੰਗ ਨਾਲੋਂ ਘੱਟ ਹੋਵੇ ਤਾਂ ਉਸ ਦੀ ਕੀਮਤ ਵਧ ਜਾਂਦੀ ਹੈ। ਵਧੀ ਕੀਮਤ ਕਾਰਨ ਮੰਗ ਦੀ ਪੂਰਤੀ ਕਰਨ ਲਈ ਨਵੀਆਂ ਉਤਪਾਦਨ ਇਕਾਈਆਂ ਹੋਂਦ ਵਿਚ ਆ ਜਾਂਦੀਆਂ ਹਨ ਤੇ ਕੀਮਤ ਹੇਠ ਆ ਜਾਂਦੀ ਹੈ। ਜੇ ਉਤਪਾਦਨ ਵਧਣ ਕਾਰਨ ਕੀਮਤ ਹੇਠ ਚਲੀ ਜਾਵੇ ਤਾਂ ਉਤਪਾਦਕ ਦਾ ਮੁਨਾਫਾ ਘਟ ਜਾਵੇਗਾ ਤੇ ਕਮਜ਼ੋਰ ਇਕਾਈਆਂ ਬੰਦ ਹੋ ਜਾਣਗੀਆਂ। ਗੱਲ ਕੀ, ਲਾਗਤ ਤੇ ਮੁਨਾਫੇ ਉਤੇ ਆਧਾਰਤ ਹੋਣ ਕਰਕੇ ਉਤਪਾਦਕ ਲਈ ਕੀਮਤਾਂ ਆਪਣੇ ਆਪ ਹੀ ਲਾਭਕਾਰੀ ਬਣੀਆਂ ਰਹਿੰਦੀਆਂ ਹਨ। ਇਨ੍ਹਾਂ ਨੂੰ ਸਥਿਰ ਕਰਵਾਉਣ ਲਈ ਸਰਕਾਰ ਦੇ ਦਖਲ ਦੀ ਲੋੜ ਨਹੀਂ। ਉਚਿਤ ਦਰਾਂ ਦਾ ਇਹ ਨਿਯਮ ਕਿਸੇ ਨਾ ਕਿਸੇ ਰੂਪ ਵਿਚ ਦੂਜੇ ਖੇਤਰਾਂ ਵਿਚ ਵੀ ਲਾਗੂ ਰੱਖਿਆ ਜਾਂਦਾ ਹੈ। ਮਜ਼ਦੂਰਾਂ ਲਈ ਘੱਟੋ ਘੱਟ ਮਜ਼ਦੂਰੀ ਦਾ ਨਿਯਮ ਹੈ, ਕਰਮਚਾਰੀਆਂ ਲਈ ਵੇਤਨ ਕਮੀਸ਼ਨ ਹਨ, ਵਕੀਲ ਤੇ ਡਾਕਟਰ ਆਪਣੀ ਫੀਸ ਆਪ ਨਿਰਧਾਰਤ ਕਰਦੇ ਹਨ, ਵਿਧਾਇਕ ਆਪਣੇ ਤਨਖਾਹ ਭੱਤਿਆਂ ਲਈ ਆਪ ਕਾਨੂੰਨ ਬਣਾਉਂਦੇ ਹਨ ਅਤੇ ਦੁਕਾਨਦਾਰ ਤੇ ਠੇਕੇਦਾਰ ਆਪਣਾ ਮੁਨਾਫਾ ਆਪ ਤੈਅ ਕਰਦੇ ਹਨ। ਸਪਸ਼ਟ ਹੈ ਕਿ ਫਸਲਾਂ ਦੀ ਐਮ. ਐਸ. ਪੀ. ਕਿਸਾਨਾਂ ਲਈ ਕੋਈ ਖੈਰਾਤ ਨਹੀਂ ਤੇ ਨਾ ਹੀ ਇਸ ਉੱਤੇ ਰਾਜਨੀਤੀ ਕਰਨੀ ਬਣਦੀ ਹੈ। ਜੋ ਲੋਕ ਇਸ ਨੂੰ ਵਾਧੂ, ਗੈਰ ਵਾਜਬ, ਵਿਸ਼ੇਸ਼ ਛੂਟ ਜਾਂ ਸਮਾਜ 'ਤੇ ਵਾਧੂ ਭਾਰ ਮੰਨਦੇ ਹਨ, ਉਹ ਆਪਣੇ ਅਗਿਆਨ ਦਾ ਪ੍ਰਗਟਾਵਾ ਕਰਦੇ ਹਨ।

ਖੇਤੀਬਾੜੀ ਦੀ ਉਪਜ 'ਤੇ ਜੋ ਖਰਚਾ ਆਉਂਦਾ ਹੈ, ਉਸ ਵਿਚ ਸਭ ਤੋਂ ਵੱਡੀ ਲਾਗਤ ਕਿਸਾਨ ਦੀ ਆਪਣੀ ਮਿਹਨਤ ਦੀ ਹੈ। ਖੇਤੀ ਦਾ ਕੰਮ ਕਿਸਾਨ ਆਪ ਕਰਦਾ ਹੈ। ਆਪਣੀ ਮਿਹਨਤ ਦੇ ਨਾਲ ਨਾਲ ਉਹ ਆਪਣੇ ਪਰਿਵਾਰਕ ਜੀਵਾਂ ਤੇ ਦਿਹਾੜੀਦਾਰ ਮਜ਼ਦੂਰਾਂ ਤੋਂ ਵੀ ਕੰਮ ਲੈਂਦਾ ਹੈ। ਇਸ ਤੋਂ ਇਲਾਵਾ ਉਹ ਕਈ ਹੋਰ ਖਰਚੇ ਕਰਦਾ ਹੈ ਜਿਵੇਂ ਜਮੀਨ ਦਾ ਮਾਲੀਆ, ਠੇਕਾ, ਨੌਕਰਾਂ ਦੀ ਤਨਖਾਹ, ਮਸ਼ੀਨਰੀ, ਡੀਜ਼ਲ, ਬਿਆਜ, ਖਾਦ, ਬੀਜ, ਕੀੜੇਮਾਰ, ਕਬਾੜਮਾਰ, ਵਹਾਈ, ਬਿਜਾਈ, ਲਵਾਈ, ਸਿੰਜਾਈ, ਕਟਾਈ, ਢੋਆ-ਢੁਆਈ ਤੇ ਸਾਂਭ ਸੰਭਾਲ। ਉਸ ਦੀ ਫਸਲ ਦਾ ਖਰੀਦ ਮੁੱਲ ਇਨ੍ਹਾਂ ਸਭ ਖਰਚਿਆਂ ਨੂੰ ਪੂਰਾ ਕਰਦਾ ਹੋਣਾ ਚਾਹੀਦਾ ਹੈ, ਪਰ ਕਿਸਾਨ ਤੇ ਉਸ ਦੇ ਪਰਿਵਾਰਕ-ਜਨਾਂ ਦੀ ਮਿਹਨਤ ਤਾਂ ਕਈਆਂ ਨੂੰ ਨਜ਼ਰ ਹੀ ਨਹੀਂ ਆਉਂਦੀ, ਕਿਉਂਕਿ ਉਹ ਖੇਤੀ ਨੂੰ ਕਿਸਾਨ ਦਾ ਪੈਦਾਇਸ਼ੀ ਧੰਦਾ ਸਮਝਦੇ ਹਨ, ਜੋ ਉਸ ਨੇ ਕਰਨਾ ਹੀ ਹੈ। ਧੰਦਾ ਤਾਂ ਇਹ ਹੈ, ਪਰ ਉਸ ਦਾ ਨਿਜੀ ਧੰਦਾ ਨਹੀਂ, ਕਿਉਂਕਿ ਉਹ ਫਸਲ ਨੂੰ ਸਿਰਫ ਆਪਣੇ ਲਈ ਪੈਦਾ ਨਹੀਂ ਕਰਦਾ। ਉਹ ਇਸ ਨੂੰ ਮੰਡੀ 'ਚ ਵੇਚਦਾ ਹੈ, ਜਿੱਥੋਂ ਉਸ ਦੇ ਉਗਾਏ ਅਨਾਜ ਨੂੰ ਖਰੀਦ ਕੇ ਪੂਰਾ ਸਮਾਜ ਖਾਂਦਾ ਹੈ। ਇਸ ਲਈ ਉਸ ਦਾ ਖੇਤੀ ਉਤਪਾਦਨ ਉਸ ਦਾ ਸਮਾਜਕ ਕਾਰਜ ਹੈ ਤੇ ਇਸ ਨੂੰ ਸਮਾਜ 'ਚ ਬਾਕੀ ਦੇ ਉਤਪਾਦਨਾਂ, ਖਾਸ ਕਰ ਸਨਅਤੀ ਉਤਪਾਦਨ ਤੋਂ ਵੱਖ ਕਰ ਕੇ ਨਹੀਂ ਆਂਕਿਆ ਜਾ ਸਕਦਾ।

ਜੇ ਕਿਸਾਨ ਨੂੰ ਮੰਡੀ ਵਿਚ ਉਸ ਦੀ ਉਗਾਈ ਫਸਲ ਦੀ ਲਾਗਤ ਵੀ ਨਹੀਂ ਮੁੜੇਗੀ ਤਾਂ ਦੂਜੇ ਉਦਯੋਗੀਆਂ ਵਾਂਗ ਹੀ ਉਹ ਉਸ ਦਾ ਉਤਪਾਦਨ ਨਹੀਂ ਕਰੇਗਾ। ਉਹ ਅਜਿਹਾ ਕਿਸੇ ਦੁਰ-ਭਾਵਨਾ ਕਾਰਨ ਨਹੀਂ ਕਰੇਗਾ, ਸਗੋਂ ਯੋਗ ਮੁੱਲ ਦੇ ਅਭਾਵ ਕਾਰਨ ਮਜਬੂਰੀ ਵਸ ਕਰੇਗਾ। ਇਸ ਨਾਲ ਦੇਸ਼ ਅੰਦਰ ਅਨਾਜ, ਦਾਲਾਂ, ਗੰਨੇ ਤੇ ਕਪਾਹ ਆਦਿਕ ਫਸਲਾਂ ਦੀ ਥੁੜ੍ਹ ਪੈਦਾ ਹੋ ਜਾਵੇਗੀ। ਦੇਸ਼ ਦੀ ਅਜੋਕੀ 135 ਕਰੋੜ ਦੀ ਜਨਸੰਖਿਆ ਨੂੰ ਦੋ ਵਕਤ ਦੀ ਦਾਲ, ਰੋਟੀ ਤੇ ਕੱਪੜੇ ਸਮੇਤ ਰਹਿਣ ਸਹਿਣ ਦੇ ਹੋਰ ਸਾਮਾਨ ਮਿਲਣੇ ਔਖੇ ਹੋ ਜਾਣਗੇ। ਅਨਾਜ ਮਹਿੰਗਾ ਹੋਣ ਨਾਲ ਭੁਖ-ਮਰੀ ਤੇ ਬੇਰੁਜ਼ਗਾਰੀ ਵਿਚ ਵਾਧਾ ਹੋਵੇਗਾ। ਮੁਲਕ ਦੇ ਜੀ. ਡੀ. ਪੀ. ਸਮੇਤ ਸਾਰੇ ਚੰਗੇ ਇੰਡੈਕਸ ਘਟਣਗੇ ਅਤੇ ਮੰਦੇ ਇੰਡੈਕਸ ਵਧਣਗੇ। ਭਾਰਤ ਦਾ ਆਲਮੀ ਖੁਸ਼ਹਾਲੀ ਦਰਜਾ, ਜੋ ਪਹਿਲਾਂ ਹੀ 94 'ਤੇ ਪਹੁੰਚਿਆ ਹੋਇਆ ਹੈ, ਹੋਰ ਹੇਠ ਡਿਗੇਗਾ। ਵਿਸ਼ਵ-ਗੁਰੂ ਬਣਦਾ ਬਣਦਾ ਇਹ ਦੇਸ਼ ਫਿਰ ਅੰਨ-ਪਾਣੀ ਲਈ ਤਰਸਣ ਲਗੇਗਾ ਤੇ ਵਿਦੇਸ਼ੀ ਆਯਾਤ 'ਤੇ ਨਿਰਭਰ ਹੋ ਜਾਵੇਗਾ। ਪ੍ਰਗਤੀ ਦੀ ਥਾਂ ਅਧੋਗਤੀ ਦਾ ਬੋਲਬਾਲਾ ਹੋਵੇਗਾ।

ਇਹ ਕੋਈ ਮਨਘੜਤ ਦ੍ਰਿਸ਼ਟਾਂਤ (Scenario) ਨਹੀਂ ਹੈ। ਪਿਛਲੀ ਸਦੀ ਦੇ ਸੱਠਵਿਆਂ ਤੀਕ ਭਾਰਤ ਵਿਚ ਇਹੀ ਹਾਲਤ ਪਸਰੀ ਹੋਈ ਸੀ। ਉਸ ਵੇਲੇ ਲੱਕੜ ਦੇ ਹਲਾਂ ਤੇ ਪਸ਼ੂਆਂ ਦੀ ਮਦਦ ਨਾਲ ਨਿਰਵਾਹਯੋਗ ਖੇਤੀ ਕੀਤੀ ਜਾਂਦੀ ਸੀ। ਸਿੰਚਾਈ ਦੇ ਸਾਧਨ ਨਾਂਹ ਦੇ ਬਰਾਬਰ ਸਨ। ਫਸਲਾਂ ਬਾਰਸ਼ 'ਤੇ ਨਿਰਭਰ ਸਨ। ਰਸਾਇਣਕ ਖਾਦਾਂ ਦੀ ਥਾਂ ਪਸ਼ੂਆਂ ਦੇ ਮਲ-ਮੂਤਰ ਨੂੰ ਖਾਦ ਵਜੋਂ ਵਰਤਿਆ ਜਾਂਦਾ ਸੀ। ਅੱਧੀ ਜਮੀਨ ਨੂੰ ਸਾਲ ਭਰ ਧੁਪ ਤੇ ਹਵਾ ਨਾਲ ਚਾਰਜ ਕਰਨ ਲਈ ਖਾਲੀ ਛੱਡਿਆ ਜਾਂਦਾ ਸੀ ਤੇ ਬਾਕੀ ਅੱਧੀ 'ਤੇ ਫਸਲ ਬੀਜੀ ਜਾਂਦੀ ਸੀ। ਅਗਲੇ ਸਾਲ ਇਸ ਨੂੰ ਖਾਲੀ ਛੱਡਿਆ ਜਾਂਦਾ ਸੀ। ਘੱਟ ਝਾੜ ਵਾਲੇ ਮਾਰੂ ਬੀਜ ਬੀਜੇ ਜਾਂਦੇ ਸਨ। ਪੰਜਾਬ ਤੇ ਹਰਿਆਣੇ ਸਮੇਤ ਪੂਰੇ ਪੂਰਬੀ ਪੰਜਾਬ ਵਿਚ ਚੌਲ ਨਾ ਖਾਏ ਜਾਂਦੇ ਸਨ ਤੇ ਨਾ ਝੋਨਾ ਲਾਇਆ ਜਾਂਦਾ ਸੀ। ਕਣਕ ਤੋਂ ਇਲਾਵਾ ਕਪਾਹ, ਤਿਲ, ਸਣੀ, ਸੂੰਹ, ਗੁਆਰਾ, ਚਰ੍ਹੀ, ਦਾਲਾਂ, ਮੂੰਗਫਲੀ ਤੇ ਗੰਨੇ ਦੀ ਖੇਤੀ ਹੁੰਦੀ ਸੀ। ਕਾਫੀ ਵੱਡੇ ਰਕਬੇ ਤੇ ਪਸ਼ੂਆਂ ਲਈ ਚਾਰਾ ਬੀਜਿਆ ਜਾਂਦਾ ਸੀ। ਕਿਸਾਨ ਆਪ ਤੇ ਉਸ ਨਾਲ ਸਾਰਾ ਪਿੰਡ ਆਤਮ-ਨਿਰਭਰ ਹੁੰਦਾ ਸੀ। ਉਹ ਆਪਣੇ ਅਤੇ ਆਪਣੇ ਪਸ਼ੂਆਂ ਲਈ ਸਭ ਕੁਝ ਆਪਣੇ ਖੇਤਾਂ ਵਿਚੋਂ ਹੀ ਪੈਦਾ ਕਰ ਲੈਂਦਾ ਸੀ; ਸਿਰਫ ਚਾਹ, ਲੂਣ, ਮਸਾਲਾ, ਹਲਦੀ ਤੇ ਕਪੜਾ ਆਦਿ ਹੀ ਸ਼ਹਿਰੀ ਮੰਡੀ ਵਿਚੋਂ ਲੈਂਦਾ ਸੀ। ਇਸ ਨੂੰ ਗੁਜ਼ਾਰੇ ਵਾਲੀ ਖੇਤੀ (Subsistence Agriculture) ਵਿਚ ਉਪਜ ਘੱਟ ਸੀ, ਪਰ ਕਿਸਾਨ ਖੁਸ਼ ਸੀ।

**ਖੇਤੀ ਢਾਂਚੇ ਵਿਚ ਕਿਸੇ ਕਿਸਮ ਦੀ ਤਬਦੀਲੀ ਕਰਨ ਤੋਂ ਪਹਿਲਾਂ ਸਰਕਾਰ ਲਈ ਘੱਟੋ ਘੱਟ ਚਾਰ ਕਦਮ ਚੁੱਕਣੇ ਜਰੂਰੀ ਹਨ; ਕਿਸਾਨਾਂ ਨੂੰ ਫਸਲਾਂ ਦੇ ਬਦਲ-ਫੇਰ ਲਈ ਤਿਆਰ ਕਰਨਾ, ਲੋੜੀਂਦੀ ਗਿਣਤੀ ਵਿਚ ਕੋਲਡ ਸਟੋਰੇਜ਼ ਉਸਾਰਨਾ, ਸਾਰਾ ਪਿਛਲਾ ਕਰਜ਼ਾ ਮੁਆਫ ਕਰਨਾ ਅਤੇ ਉਨ੍ਹਾਂ ਦੇ ਭਾਵੀ ਗੁਜ਼ਾਰੇ ਲਈ ਘੱਟੋ ਘੱਟ ਦੋ ਫਸਲਾਂ ਦੇ ਮੁੱਲ ਬਰਾਬਰ ਬਫਰ (ਭੁਾਇਰ) ਨਿਧੀ ਦਾ ਪ੍ਰਬੰਧ ਕਰਨਾ। ਇਨ੍ਹਾਂ ਪ੍ਰਬੰਧਾਂ ਤੋਂ ਬਿਨਾ ਖੇਤੀ ਖੇਤਰ ਵਿਚ ਸਰਕਾਰ ਦਾ ਦਖਲ ਗੈਰ-ਸਿਆਸਤਦਾਨੀ ਹੀ ਨਹੀਂ, ਗੈਰ-ਇਖਲਾਕੀ ਵੀ ਹੈ; ਪਰ ਮੌਜੂਦਾ ਭਾਰਤ ਸਰਕਾਰ ਸੁਧਾਰ ਤੇ ਜ਼ਿੰਮੇਵਾਰੀ ਦੇ ਇਸ ਰਾਹ ਪੈਣਾ ਹੀ ਨਹੀਂ ਚਾਹੁੰਦੀ। ਉਸ ਦੀ ਨੀਤੀ ਹਰ ਖੇਤਰ ਵਿਚ ਨਿਜੀਕਰਣ ਦੀ ਹੈ। ਇਸ ਦਾ ਨਿਜੀਕਰਣ ਕਿਸੇ ਸਿਧਾਂਤ ਤੋਂ ਪ੍ਰੇਰਤ ਨਹੀਂ ਹੈ, ਸਗੋਂ ਸਭ ਕੁਝ ਚੋਣਵੇਂ ਕਾਰੋਬਾਰੀਆਂ ਦੇ ਹਵਾਲੇ ਕਰਨ ਦਾ ਹੈ।**

ਸੱਠਵਿਆਂ ਵਿਚ ਜਦੋਂ ਭਾਰਤ-ਚੀਨ ਜੰਗ ਤੇ ਦੋ ਭਾਰਤ-ਪਾਕਿ ਜੰਗਾਂ ਨੇ ਦੇਸ਼ ਦੀ ਆਰਥਕਤਾ ਹਿਲਾ ਦਿੱਤੀ ਤਾਂ ਉਸ ਵੇਲੇ ਦੀ ਸੱਠ ਕਰੋੜ ਜਨ-ਸੰਖਿਆ ਨੂੰ ਰੋਟੀ ਜੁਟਾਉਣ ਦੇ ਲਾਲੇ ਪੈ ਗਏ। ਆਟੇ ਦਾ ਭਾਅ 40 ਪੈਸੇ ਕਿਲੋ ਤੋਂ ਡੇਢ ਰੁਪਏ ਕਿਲੋ ਅਤੇ ਚੀਨੀ ਦਾ 75 ਪੈਸੇ ਪ੍ਰਤੀ ਕਿਲੋ ਤੋਂ ਵਧ ਕੇ 30 ਰੁਪਏ ਕਿਲੋ ਤੀਕ ਚਲਾ ਗਿਆ ਸੀ। ਪ੍ਰਧਾਨ ਮੰਤਰੀ ਨੇ 'ਜੈ ਜਵਾਨ ਜੈ ਕਿਸਾਨ' ਦਾ ਨਾਅਰਾ ਦਿੱਤਾ ਤੇ ਦੇਸ਼ ਵਾਸੀਆਂ ਨੂੰ ਇਕ ਡੰਗ ਰੋਟੀ ਛੱਡਣ ਦਾ ਸੁਝਾਅ ਦਿੱਤਾ। ਦਾਅਵਤਾਂ ਸੀਮਤ ਕਰ ਦਿੱਤੀਆਂ ਗਈਆਂ ਤੇ 'ਖੁਰਾਕ ਬਚਾਓ' ਅਭਿਆਨ ਚਲਾਇਆ ਗਿਆ। ਫਿਰ ਵੀ ਮਜਬੂਰ ਹੋ ਕੇ ਦੇਸ਼ ਨੂੰ ਅਨਾਜ ਲਈ ਵਿਦੇਸ਼ਾਂ ਅੱਗੇ ਹੱਥ ਅੱਡਣੇ ਪਏ। ਕਈ ਸਾਲ ਅਮਰੀਕਾ ਤੋਂ 1954 ਦੀ ਸੰਧੀ ਪੀ. ਐਲ. 480 ਅਧੀਨ ਅਨਾਜ ਖਰੀਦਿਆ ਗਿਆ, ਜੋ ਉਸ ਨੇ ਮਹਿੰਗੇ ਭਾਅ ਤੇ ਕਠੋਰ ਸਰਤਾਂ ਨਾਲ ਦਿੱਤਾ। ਕੌਮੀ ਪ੍ਰੈਸ ਨੇ ਇਸ ਨੂੰ ਸ਼ਰਮਨਾਕ ਹਾਲਤ ਦੱਸਿਆ, ਪਰ ਇਸ ਤੋਂ ਬਿਨਾ ਕੋਈ ਚਾਰਾ ਨਹੀਂ ਸੀ।

ਇਨ੍ਹਾਂ ਪ੍ਰਸਥਿਤੀਆਂ ਵਿਚੋਂ ਹੀ ਹਰਾ ਇਨਕਲਾਬ ਨਿਕਲ ਕੇ ਸਾਹਮਣੇ ਆਇਆ। ਭਾਖੜਾ ਨਹਿਰ ਦਾ ਆਗਮਨ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ, ਜਮੀਨ ਦੀ ਮੁਰੱਬਾਬੰਦੀ, ਖੇਤੀ ਦੇ ਮਸ਼ੀਨੀਕਰਣ, ਵੱਧ ਝਾੜ ਵਾਲੇ ਬੀਜਾਂ, ਰਸਾਇਣਕ ਖਾਦਾਂ, ਦਵਾਈਆਂ, ਸਸਤੀ ਮਜ਼ਦੂਰੀ ਤੇ ਖੁੱਲ੍ਹੇ ਪਾਣੀ ਕਾਰਨ ਖੇਤੀ ਪੈਦਾਵਾਰ ਨੇ ਪੁਲਾਂਘ ਭਰੀ। ਖੇਤੀ ਦਾ ਇਹ ਇਨਕਲਾਬੀ ਢੰਗ ਮਹਿੰਗਾ ਹੋਣ ਕਰਕੇ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਸੀ, ਇਸ ਲਈ ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਉਤਸ਼ਾਹਿਤ ਕੀਤਾ। ਕਿਸਾਨਾਂ ਨੂੰ ਕਈ ਪ੍ਰਕਾਰ ਦੀਆਂ ਸਬ-ਸਿਡੀਆਂ ਦਿੱਤੀਆਂ ਗਈਆਂ ਤੇ ਬੈਂਕਾਂ ਰਾਹੀਂ ਘਟ ਵਿਆਜ ਦੇ ਕਰਜੇ ਮੁਹੱਈਆ ਕਰਵਾਏ ਗਏ। ਬੰਪਰ ਝਾੜ ਨੂੰ ਸੰਭਾਲਣ ਲਈ ਸ਼ਹਿਰਾਂ ਤੋਂ ਬਾਹਰ ਨਵੀਆਂ ਮੰਡੀਆਂ ਬਣਾਈਆਂ ਗਈਆਂ, ਜੋ ਲਿੰਕ ਸੜਕਾਂ ਰਾਹੀਂ ਪਿੰਡਾਂ ਨਾਲ ਜੋੜੀਆਂ ਗਈਆਂ। ਵੱਡਾ ਖਦਸ਼ਾ ਇਹ ਸੀ ਕਿ ਕਿਤੇ ਨਗਦੀ ਖਰਚੇ ਕਰ ਕੇ ਮਹਿੰਗੇ ਭਾਅ ਪੈਦਾ ਕੀਤੀ ਉਪਜ ਐਵੇਂ ਹੀ ਨਾ ਰੁਲੀ ਰਹੇ ਭਾਵ ਕੋਈ ਇਸ ਨੂੰ ਕੌਡੀਆਂ ਦੇ ਭਾਅ ਹੀ ਨਾ ਖਰੀਦੇ ਤੇ ਕਿਸਾਨ ਮਾਯੂਸ ਹੋ ਕੇ ਸਿਸਟਮ ਛੱਡ ਜਾਣ। ਇਸ ਡਰ ਨੂੰ ਦੂਰ ਕਰਨ ਲਈ ਫਸਲਾਂ ਦੇ ਮੁੱਲਾਂ ਨੂੰ ਉਤਪਾਦਨ ਦੀ ਲਾਗਤ ਨਾਲ ਜੋੜਿਆ ਗਿਆ ਅਤੇ ਸਰਕਾਰੀ ਖਰੀਦ ਦਾ ਪ੍ਰਬੰਦ ਕੀਤਾ ਗਿਆ। ਇਸ ਨਾਲ ਹਰ ਸਾਲ ਫਸਲਾਂ ਦੀਆਂ ਘੱਟੋ ਘੱਟ ਕੀਮਤਾਂ ਨਿਰਧਾਰਤ ਕਰਨ ਦਾ ਨਿਯਮ ਹੋਂਦ ਵਿਚ ਆਇਆ ਤੇ ਐਫ. ਸੀ. ਆਈ. ਅਤੇ ਏ. ਪੀ. ਸੀ. ਜਿਹੇ ਕੇਂਦਰੀ ਅਦਾਰੇ ਬਣਾਏ ਗਏ। ਕੁਝ ਸਾਲਾਂ ਵਿਚ ਹੀ ਨਾ ਸਿਰਫ ਅਨਾਜ ਦਾ ਆਯਾਤ ਬੰਦ ਹੋਇਆ, ਸਗੋਂ ਕਣਕ ਅਤੇ ਚੌਲ ਨਾਲ ਦੇਸ਼ ਦੇ ਗੋਦਾਮ ਭਰ ਗਏ। ਸੁਘੜ ਸਿਆਣੇ ਸਿਆਸਤਦਾਨਾਂ ਤੇ ਕਿਸਾਨਾਂ ਦੇ ਉੱਦਮ ਨਾਲ ਮੁਲਕ ਖਾਧ ਖੁਰਾਕ ਦੇ ਮਸਲੇ ਵਿਚ ਆਤਮ-ਨਿਰਭਰ ਹੋ ਗਿਆ। ਲੋਕਾਂ ਨੇ ਸਾਬਾਸ਼ ਵਜੋਂ ਕਿਸਾਨ ਨੂੰ ਅੰਨਦਾਤਾ ਕਹਿਣਾ ਸ਼ੁਰੂ ਕਰ ਦਿੱਤਾ।

ਫਿਰ ਅਜੋਕਾ ਨਿਘਾਰ ਆਇਆ। ਕੁਝ ਦਹਾਕੇ ਠੀਕ ਚੱਲਣ ਪਿਛੋਂ ਰਾਜਸੀ ਆਗੂਆਂ ਵਿਚ ਦੂਰ-ਅੰਦੇਸ਼ੀ ਦੀ ਘਾਟ ਕਾਰਨ ਇਹ ਪ੍ਰਬੰਧ ਚਲੰਤ ਰਾਜਨੀਤੀ ਦਾ ਸ਼ਿਕਾਰ ਹੋ ਗਿਆ। ਅਨਾਜ ਦੇ ਭੰਡਾਰਾਂ ਨੂੰ ਭਰਨ ਪਿਛੋਂ ਰਾਜਸੀ ਨੇਤਾਵਾਂ ਨੇ ਖੇਤੀ ਨੂੰ ਕੋਈ ਐਸੀ ਨਵੀਂ ਨੀਤੀ ਨਹੀਂ ਦਿੱਤੀ, ਜਿਸ ਨਾਲ ਖੇਤੀ ਦਾ ਮਹਿੰਗਾ ਇਨਫਰਾ-ਸਟ੍ਰਕਚਰ ਕਣਕ-ਝੋਨੇ ਦੀ ਥਾਂ ਖਾਧ-ਖੁਰਾਕ ਦੀਆਂ ਬਦਲਵੀਆਂ ਤੇ ਬਿਹਤਰ ਫਸਲਾਂ ਪੈਦਾ ਕਰਨ ਲਈ ਵਰਤਿਆ ਜਾਂਦਾ। ਇਸ ਨਾਲ ਜ਼ਮੀਨ ਦੀ ਪੈਦਾਇਸ਼ੀ ਤਾਕਤ ਬਚੀ ਰਹਿੰਦੀ ਤੇ ਪਾਣੀ ਦੇ ਸੋਮਿਆਂ 'ਤੇ ਦਬਾਅ ਘਟਿਆ ਰਹਿੰਦਾ। ਵਾਤਾਵਰਣ ਦੀ ਗੁਣਵੱਤਾ ਸੁਧਰਦੀ ਜਾਂਦੀ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੁੰਦੇ ਰਹਿੰਦੇ। ਇਹ ਕੰਮ ਪਿਛਲੀ ਸਦੀ ਦੇ ਆਖਰੀ ਦਹਾਕੇ ਵਿਚ ਹੀ ਸ਼ੁਰੂ ਹੋ ਜਾਣਾ ਚਾਹੀਦਾ ਸੀ, ਪਰ ਉਦੋਂ ਤੀਕ ਮੁਲਕ ਵਿਚ ਸਿਆਸਤ ਦਾ ਰੰਗ ਬਦਲ ਚੁਕਾ ਸੀ। ਸਰਕਾਰਾਂ ਨੇ ਵੋਟਾਂ ਖਾਤਰ ਅਨਾਜ ਦੇ ਭੰਡਾਰਾਂ ਨੂੰ ਗਰੀਬ ਤਬਕਿਆਂ ਵਿਚ ਸਬਸਿਡੀਆਂ ਦੇ ਤੌਰ 'ਤੇ ਵਿਤਰਣ ਕਰਨ ਦੀ ਨੀਤੀ ਅਪਨਾ ਲਈ। ਇਸ ਨਾਲ ਗੋਦਾਮਾਂ ਵਿਚ ਸੜਦੇ ਅਨਾਜ ਨੂੰ ਨਿਕਾਸੀ ਤੇ ਦੂਜੇ ਪਾਸੇ ਗਰੀਬਾਂ ਨੂੰ ਸਸਤੀ ਦਾਲ-ਰੋਟੀ ਤਾਂ ਮਿਲੀ, ਪਰ ਸੱਤਾਧਾਰੀ ਦਲਾਂ ਨੂੰ ਆਪਣਾ ਕਲਿਆਣਕਾਰੀ ਚਿਹਰਾ ਪੇਸ਼ ਕਰਕੇ ਭੁੱਖਮਰੀ ਦੀ ਕਗਾਰ 'ਤੇ ਖੜ੍ਹੀ ਜਨਤਾ ਦੇ ਵੋਟ-ਬੈਂਕ ਬਣਾਉਣ ਦਾ ਝੱਸ ਪੈ ਗਿਆ।

ਪ੍ਰਗਤੀਸ਼ੀਲ ਨੀਤੀਆਂ ਤੇ ਵਿਕਾਸ ਕਾਰਜਾਂ ਰਾਹੀਂ ਲੋਕਪ੍ਰਿਅਤਾ ਬਣਾਉਣ ਦੀ ਥਾਂ ਧਰਮ, ਜਾਤੀ ਤੇ ਸਰਕਾਰੀ ਸਬਸਿਡੀਆਂ ਦੇ ਮੁੱਦਿਆਂ 'ਤੇ ਸੱਤਾ ਪ੍ਰਾਪਤੀ ਦਾ ਰੁਝਾਨ ਵਧ ਗਿਆ। ਉਦਯੋਗਿਕ ਵਿਕਾਸ, ਖੇਤੀਬਾੜੀ, ਲੋਕ ਭਲਾਈ, ਰੁਜ਼ਗਾਰ, ਸਿੱਖਿਆ ਤੇ ਸਿਹਤ ਦੇ ਕੰਮ ਪੱਛੜ ਗਏ ਤੇ ਰਾਜਸੀ ਗੱਦੀਆਂ ਨੂੰ ਪਹਿਲ ਦਿੱਤੀ ਜਾਣ ਲੱਗੀ। ਦਲ-ਬਦਲੀਆਂ ਦਾ ਤਾਂਡਵ ਚੱਲਣ ਲੱਗਾ ਤੇ ਰਾਜਸੀ ਨੇਤਾਵਾਂ ਵਿਚ ਇੰਨੀ ਬੇ-ਸਬਰੀ ਪਸਰ ਗਈ ਕਿ ਉਨ੍ਹਾਂ ਨੇ ਆਪਣੇ ਅਹੁਦਿਆਂ ਨੂੰ ਧਨ ਇੱਕਠਾ ਕਰਨ ਦੇ ਸਾਧਨ ਵਜੋਂ ਵਰਤਣਾ ਸ਼ੁਰੂ ਕਰ ਲਿਆ। ਸ਼ਾਇਦ ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦੀ ਕਾਠ ਦੀ ਹਾਂਡੀ ਬਹੁਤੀ ਦੇਰ ਨਹੀਂ ਚੜ੍ਹਨੀ, ਇਕੋ ਵਾਰ ਜੋ ਪਕਾਇਆ ਜਾਂਦਾ ਹੈ, ਪਕਾ ਲਵੋ।

ਇੱਕੀਵੀਂ ਸਦੀ ਵਿਚ ਪਹੁੰਚ ਕੇ ਤਾਂ ਉਤਲੀਆਂ ਰਾਜਨੀਤਕ ਸਫਾਂ ਪੂਰੀ ਤਰ੍ਹਾਂ ਭ੍ਰਿਸ਼ਟਾਚਾਰ, ਘੁਟਾਲੇ, ਸਿਆਸੀ ਸੌਦੇਬਾਜੀਆਂ, ਖੋਖਲੇ ਵਾਅਦਿਆਂ ਤੇ ਪ੍ਰਸ਼ਾਸਨੀ ਧੱਕੇਸ਼ਾਹੀ ਦੇ ਰਸਤੇ ਪੈ ਗਈਆਂ। ਸੁਧਾਰਾਂ ਦੇ ਨਾਂ 'ਤੇ ਪੈਸਾ ਬਟੋਰਿਆ ਜਾਣ ਲੱਗਾ, ਨਿਜੀ ਖਾਤਿਆਂ ਨੂੰ ਭਰਿਆ ਜਾਣ ਲੱਗਾ ਤੇ ਰਾਜਸੀ ਲਾਭਾਂ ਲਈ ਸਸਤੇ ਭਾਅ ਜ਼ਮੀਨਾਂ ਅਲਾਟ ਕੀਤੀਆਂ ਜਾਣ ਲੱਗੀਆਂ। ਸਰਕਾਰੀ ਕੰਮਾਂ ਲਈ ਘੂਸ ਲਈ ਜਾਣ ਲਗੀ ਤੇ ਰਾਜਨੀਤਕ ਮਨੋਰਥਾਂ ਲਈ ਸਰਬਜਨਕ ਅਦਾਰੇ, ਬਿਲਡਿੰਗਾਂ ਤੇ ਕਾਰੋਬਾਰ ਵੇਚੇ ਜਾਣ ਲੱਗੇ। ਲੋਕ ਪ੍ਰਾਜੈਕਟਾਂ ਲਈ ਸਰਕਾਰੀ ਸੰਸਥਾਨ ਗਿਰਵੀ ਰੱਖ ਕੇ ਬੈਂਕਾਂ ਤੋਂ ਕਰਜੇ ਲਏ ਜਾਣ ਲੱਗੇ ਤੇ ਵਾਪਸ ਨਾ ਮੋੜੇ ਜਾਣ ਦੀ ਸੂਰਤ ਵਿਚ ਇਹ ਕੌਡੀਆਂ ਦੇ ਭਾਅ ਚਹੇਤੇ ਪੂੰਜੀਪਤੀਆਂ ਕੋਲ ਵੇਚੇ ਜਾਣ ਲੱਗੇ। ਹੋਰ ਤਾਂ ਹੋਰ ਰਿਜ਼ਰਵ ਬੈਂਕ ਦੀ ਸੰਚਿਤ ਨਿਧੀ (Contingency Fund) ਨੂੰ ਵੀ ਹੱਥ ਪਾਇਆ ਗਿਆ।

ਕਾਰੋਬਾਰੀ ਠੱਗ ਚਾਰੇ ਪਾਸੇ ਵਹਿੰਦੀ ਗੰਗਾ ਵਿਚ ਹੱਥ ਧੋਣ ਲੱਗੇ ਤੇ 'ਵਿਕਾਸ ਪ੍ਰੋਗਰਾਮਾਂ' ਦੇ ਨਾਂ 'ਤੇ ਕਰਜ਼ੇ ਲੈ ਲੈ ਦੇਸ਼ 'ਚੋਂ ਭੱਜਣ ਲੱਗੇ। ਘੁਟਾਲਿਆਂ ਕਾਰਨ ਬੈਂਕਾਂ ਬੰਦ ਹੋਣ ਲੱਗੀਆਂ। ਸਰਕਾਰ ਆਪਣੀ ਹੋਂਦ ਦਾ ਪ੍ਰਗਟਾਵਾ ਸ਼ਹਿਰਾਂ, ਨਗਰਾਂ, ਗਲੀਆਂ, ਸੜਕਾਂ, ਮਹਿਕਮਿਆਂ, ਆਯੋਗਾਂ, ਹਵਾਈ ਅੱਡਿਆਂ ਤੇ ਹੋਰ ਸਰਬਜਨਕ ਥਾਂਵਾਂ ਦੇ ਨਾਮ ਬਦਲਣ ਜਿਹੇ ਨਿਗੁਣੇ ਕੰਮ ਕਰਕੇ ਕਰਨ ਲੱਗੀ। ਢਹਿੰਦੀ ਆਰਥਕ ਅਵਸਥਾ ਵਲੋਂ ਲੋਕਾਂ ਦਾ ਧਿਆਨ ਹਟਾਉਣ ਲਈ ਸਰਕਾਰ ਹਜ਼ਾਰਾਂ ਕਰੋੜਾਂ ਦੀ ਲਾਗਤ ਨਾਲ ਉੱਚ-ਕੱਦੀ ਬੁੱਤ, ਮਹਿੰਗੇ ਭਵਨ ਨਿਰਮਾਣ, ਬੇਲੋੜੀਆਂ ਬੁਲਟ-ਟ੍ਰੇਨਾਂ ਤੇ ਕਈ ਪ੍ਰਕਾਰ ਦੀਆਂ ਕਾਗਜ਼ੀ ਯੋਜਨਾਵਾਂ ਦਾ ਸਹਾਰਾ ਲੈਣ ਲੱਗੀ। ਅੰਧ-ਵਿਸ਼ਵਾਸੀ ਜਨਤਾ ਨੂੰ ਸਾਲਾਂਬੱਧੀ ਜੁਮਲਿਆਂ ਦੇ ਪੱਠਿਆਂ 'ਤੇ ਚਾਰਿਆ ਗਿਆ, ਜਿਸ ਨਾਲ ਹੇਠਲੇ ਵਰਗ ਬੇਰੁਜ਼ਗਾਰੀ ਤੇ ਮਹਿੰਗਾਈ ਨਾਲ ਨਪੀੜੇ ਗਏ। ਲਾਚਾਰੀ ਕਾਰਨ ਲੋਕਾਂ ਦਾ ਵੱਡਾ ਹਿੱਸਾ ਉਤਪਾਦਨ ਖੇਤਰ 'ਚੋਂ ਬਾਹਰ ਨਿਕਲ ਗਿਆ।

ਵਿਹਲੀ ਜਨਤਾ ਆਪਣੇ ਵੋਟ ਵੇਚ ਕੇ, ਮੁਜਾਹਰਿਆਂ ਦੀਆਂ ਦਿਹਾੜੀਦਾਰ ਭੀੜਾਂ ਬਣ ਕੇ, ਆਈ. ਟੀ. ਸੈਲਾਂ ਵਿਚ ਭਾੜੇ ਦੇ ਟ੍ਰੌਲੀ ਬਣ ਕੇ, ਡਰਗ ਧੰਦੇ ਨੂੰ ਅਪਨਾ ਕੇ ਤੇ ਹੋਰ ਜਰਾਇਮ ਕੰਮਾਂ ਵਿਚ ਪੈ ਕੇ ਗੁਜ਼ਾਰਾ ਕਰਨ ਲੱਗੀ। ਜਿਨ੍ਹਾਂ ਨੌਜਵਾਨਾਂ ਨੇ ਆਰਥਕ ਤਰੱਕੀ ਵਿਚ ਹਿੱਸਾ ਪਾ ਕੇ ਦੇਸ਼ ਨੂੰ ਆਤਮ-ਨਿਰਭਰ ਬਣਾਉਣਾ ਸੀ, ਉਹ ਜੁਰਮਾਂ ਦੇ ਰਾਹ ਪੈ ਕੇ ਕੋਰਟ-ਕਚਹਿਰੀਆਂ ਦੇ ਚੱਕਰਾਂ ਵਿਚ ਫਸ ਗਏ ਤੇ ਅੰਤ ਨੂੰ ਜੇਲ੍ਹਾਂ ਵਿਚ ਜਾ ਬੈਠੇ। ਦੇਖਦੇ ਦੇਖਦੇ ਮੁਲਕ ਪ੍ਰਤੀਕ੍ਰਿਆਵਾਦੀ ਵਿਚਾਰਧਾਰਾ ਦੀ ਗ੍ਰਿਫਤ ਵਿਚ ਆ ਗਿਆ। ਰਾਜਨੀਤਕ ਤੇ ਆਰਥਕ ਕੇਂਦਰੀਕਰਣ ਦਾ ਰੁਝਾਨ ਵਧ ਗਿਆ, ਜਿਸ ਨਾਲ ਸਭ ਸ਼ਕਤੀਆਂ ਇਕ ਦੋ ਹੱਥਾਂ ਵਿਚ ਆ ਗਈਆਂ। ਵਿਕਾਸ ਉਲਟੀ ਚਾਲੇ ਚਲ ਪਿਆ, ਜੀ. ਡੀ. ਪੀ. ਡਿਗ ਗਿਆ, ਜਨਤਕ ਵਿਰੋਧ ਦੀਆਂ ਅਵਾਜ਼ਾਂ ਉੱਠਣ ਲੱਗੀਆਂ, ਜੁਮਲੇ ਤਾਰ-ਤਾਰ ਹੋਣ ਲੱਗੇ ਤੇ ਅਧੋਗਤੀ ਆਪੇ ਤੋਂ ਬਾਹਰ ਹੋ ਗਈ।

ਅਜਿਹੀ ਹਾਲਤ ਵਿਚ ਨਵ-ਸੱਤਾਧਾਰੀਆਂ ਨੂੰ ਖੇਤੀ, ਅਨਾਜ ਤੇ ਫਸਲਾਂ ਦੇ ਘੱਟੋ ਘੱਟ ਖਰੀਦ ਮੁੱਲ ਬਿਲਕੁਲ ਹੀ ਫਾਲਤੂ ਗੱਲਾਂ ਲੱਗਣ ਲੱਗੀਆਂ ਹਨ। ਉਹ ਕਿਸਾਨਾਂ ਨੂੰ ਟਿੱਚ ਸਮਝਣ ਲੱਗੇ ਹਨ ਤੇ ਉਨ੍ਹਾਂ ਨੂੰ ਅੰਨ-ਦਾਤਾ ਸਵੀਕਾਰਨ ਤੋਂ ਵੀ ਹਟ ਗਏ। ਉਨ੍ਹਾਂ ਨੂੰ ਗਲੋਂ ਲਾਹੁਣ ਲਈ ਸਰਕਾਰ ਦੇ ਮੰਤਰੀ ਤੀਕ ਕਹਿਣ ਲੱਗੇ ਹਨ ਕਿ ਮੁਲਕ ਵਿਚ ਅੰਨ ਦੀ ਕੋਈ ਕਮੀ ਨਹੀਂ, ਇਸ ਲਈ ਕਿਸਾਨ ਅਨਾਜ ਪੈਦਾ ਕਰਦਾ ਹੈ ਕਰੇ, ਨਹੀਂ ਕਰਦਾ ਨਾ ਕਰੇ। ਸਰਕਾਰ ਘੱਟੋ ਘੱਟ ਸਮਰਥਨ ਮੁਲ 'ਤੇ ਫਸਲਾਂ ਦੀ ਸਰਕਾਰੀ ਖਰੀਦ ਤੋਂ ਭੱਜ ਰਹੀ ਹੈ। ਸਰਕਾਰ ਚਾਹੁੰਦੀ ਹੈ ਕਿ ਕਿਸਾਨ ਖੇਤੀ ਕਰਨ, ਪਰ ਉਹ ਲਾਗਤ ਮੁੱਲ ਦੀ ਥਾਂ ਬਾਜ਼ਾਰੀ ਭਾਅ 'ਤੇ ਵੇਚਣ। ਇਹ ਉਸ ਦੀ ਨਾ-ਮੁਮਕਿਨ ਤੇ ਅਨੈਤਿਕ ਆਸ ਹੈ। ਸਰਕਾਰ ਖਚਰੀ ਹੈ। ਉਸ ਨੂੰ ਪਤਾ ਹੈ ਕਿ ਖੇਤੀ ਖੇਤਰ ਵਿਚ ਮੰਗ ਤੇ ਵਿਵਸਥਾ (Demand and Supply) ਦੀਆਂ ਸ਼ਕਤੀਆਂ ਰਾਹੀਂ ਕਿਸਾਨ ਨੂੰ ਸਹੀ ਮੁੱਲ ਨਹੀਂ ਦਿੱਤਾ ਜਾ ਸਕਦਾ।

ਕਿਸਾਨ ਨੂੰ ਇਕ ਫਸਲ ਵੇਚ ਕੇ ਦੂਜੀ 'ਤੇ ਖਰਚਾ ਕਰਨਾ ਪੈਂਦਾ ਹੈ। ਫਸਲ ਸਮੇਂ 'ਤੇ ਸਪਲਾਈ ਜ਼ਿਆਦਾ ਹੋਣ ਕਾਰਨ ਉਸ ਦੀ ਪੈਦਾਵਾਰ ਦਾ ਰੇਟ ਬਹੁਤ ਹੀ ਘਟ ਜਾਂਦਾ ਹੈ। ਵਾਜਬ ਭਾਅ ਉਡੀਕਣ ਲਈ ਉਸ ਕੋਲ ਜਖੀਰ ਕਰਨ ਤੇ ਸ਼ਰਮਾਇਆ ਜੁਟਾਉਣ ਦੇ ਸਾਧਨ ਨਹੀਂ ਹਨ। ਇਸ ਲਈ ਸਮਰਥਨ ਮੁੱਲ ਖਤਮ ਤੇ ਖੁੱਲ੍ਹੀ ਮੰਡੀ ਦੀ ਵਿਵਸਥਾ ਕਰਨ ਨਾਲ ਕਿਸਾਨ ਖੇਤੀ ਨਹੀਂ ਕਰ ਸਕਦਾ। ਇਧਰ ਸੌ ਕਰੋੜ ਕਾਸ਼ਤਕਾਰ ਜਮੀਨਾਂ ਵੇਚ ਕੇ ਸੜਕਾਂ 'ਤੇ ਆ ਜਾਣਗੇ ਤੇ ਉੱਧਰ ਸਰਮਾਏਦਾਰਾਂ ਨੂੰ ਖੇਤ ਅਤੇ ਖੇਤ ਮਜ਼ਦੂਰ-ਦੋਵੇਂ ਸਸਤੀਆਂ ਦਰਾਂ 'ਤੇ ਮਿਲ ਜਾਣਗੇ। ਮੁਲਕ ਦਾ ਇਕ ਇਕ ਅਰਥ-ਸ਼ਾਸ਼ਤਰੀ ਤੇ ਇਕ ਇਕ ਰਾਜਨੀਤਕ ਨੇਤਾ ਇਸ ਸਾਧਾਰਨ ਗੱਲ ਨੂੰ ਅੱਛੀ ਤਰ੍ਹਾਂ ਸਮਝਦਾ ਹੈ, ਪਰ ਸਾਰੇ ਇਸ ਤੱਥ ਤੋਂ ਅੱਖਾਂ ਮੀਟ ਕੇ ਕਿਸਾਨ ਵਿਰੁਧ ਇਕ ਜੁੰਡਲੀ ਦੀ ਤਰ੍ਹਾਂ ਕੰਮ ਕਰ ਰਹੇ ਹਨ।

ਸਪਸ਼ਟ ਹੈ ਕਿ ਸਰਕਾਰ ਕੋਲ ਜਨਤਾ ਦਾ ਪੇਟ ਭਰਨ ਲਈ ਸਮਰਥਨ ਮੁੱਲ 'ਤੇ ਸਰਕਾਰੀ ਖਰੀਦ ਦੀ ਵਿਵਸਥਾ ਨੂੰ ਜਾਰੀ ਰੱਖਣ ਤੋਂ ਬਿਨਾ ਕੋਈ ਚਾਰਾ ਨਹੀਂ। ਖੇਤੀ ਢਾਂਚੇ ਵਿਚ ਕਿਸੇ ਕਿਸਮ ਦੀ ਤਬਦੀਲੀ ਕਰਨ ਤੋਂ ਪਹਿਲਾਂ ਸਰਕਾਰ ਲਈ ਘੱਟੋ ਘੱਟ ਚਾਰ ਕਦਮ ਚੁੱਕਣੇ ਜਰੂਰੀ ਹਨ; ਕਿਸਾਨਾਂ ਨੂੰ ਫਸਲਾਂ ਦੇ ਬਦਲ-ਫੇਰ ਲਈ ਤਿਆਰ ਕਰਨਾ, ਲੋੜੀਂਦੀ ਗਿਣਤੀ ਵਿਚ ਕੋਲਡ ਸਟੋਰੇਜ਼

*(ਬਾਕੀ ਅਗਲੇ ਸਫੇ 'ਤੇ)*

# ਸਾਧ ਲਾਣਾ ਕਿਹੜੇ ਭੋਰੇ 'ਚ ਜਾ ਲੁਕਿਆ?

**ਖਰੀਆਂ ਖਰੀਆਂ**

ਪੰਜਾਬ ਵਿਚ ਜਿੰਨੇ ਪਿੰਡ ਹਨ, ਉਸ ਨਾਲੋਂ ਜ਼ਿਆਦਾ ਬਾਬਿਆਂ, ਸਾਧਾਂ, ਸੰਤਾਂ, ਮਹੰਤਾਂ ਦੇ ਡੇਰੇ ਹਨ। ਕਈ ਪਿੰਡਾਂ 'ਤੇ ਤਾਂ ਇਕ ਤੋਂ ਵਧੇਰੇ ਮਹਾਂਪੁਰਸ਼ਾਂ ਦੀ ਕ੍ਰਿਪਾ ਦ੍ਰਿਸ਼ਟੀ ਬਣੀ ਹੋਈ ਹੈ। ਸ਼ਹਿਰਾਂ ਵਿਚਲੇ ਡੇਰੇ ਇਨ੍ਹਾਂ ਤੋਂ ਵੱਖਰੇ ਹਨ। ਕਈ ਬਾਬਿਆਂ ਨੇ ਆਪਣੀ ਮਾਨਤਾ ਨੂੰ ਦੇਖਦਿਆਂ ਆਪਣੇ ਡੇਰਿਆਂ ਨੂੰ ਮਲਟੀ ਨੈਸ਼ਨਲ ਕੰਪਨੀਆਂ ਦੀਆਂ ਲੀਹਾਂ 'ਤੇ ਚਲਾਉਂਦੇ ਹੋਏ ਇਕ ਤੋਂ ਵੱਧ ਸ਼ਹਿਰਾਂ/ਪਿੰਡਾਂ ਵਿਚ ਡੇਰੇ ਬਣਾਏ ਹੋਏ ਹਨ। ਇਨ੍ਹਾਂ ਡੇਰਿਆਂ ਦੀ ਮਾਨਤਾ ਅਨੁਸਾਰ ਅਮੀਰ, ਵਜੀਰ, ਵੱਡੇ ਵੱਡੇ ਅਫਸਰ, ਡਾਕਟਰ, ਇੰਜੀਨੀਅਰ, ਪ੍ਰੋਫੈਸਰ, ਖਿਡਾਰੀ ਤੱਕ ਇਨ੍ਹਾਂ ਦੇ ਚੇਲੇ-ਚਪਟੇ ਹਨ। ਇਹੋ ਨਹੀਂ, ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਵੀ ਇਨ੍ਹਾਂ ਦੀ ਮਾਰ ਤੋਂ ਨਹੀਂ ਬਚੇ ਹੋਏ। ਪਿੰਡਾਂ ਵਿਚ ਤਾਂ ਬਾਬਿਆਂ ਨੂੰ ਅੱਵਲ ਤਾਂ ਜੁਆਕ ਵੰਡਣ, ਆਦਮੀ ਨੂੰ ਵੱਸ ਵਿਚ ਕਰਨ ਦੇ ਉਪਾਅ, ਦਰਾਣੀ-ਜੇਠਾਣੀ ਤੋਂ ਬਚਣ ਲਈ, ਮੁੰਡੇ-ਕੁੜੀ ਦੇ



**ਰਵਿੰਦਰ ਸਿੰਘ ਸੋਢੀ**
ਫੋਨ: 604-369-2371

ਰਿਸ਼ਤੇ ਨਾ ਹੋਣ ਕਰਕੇ ਧਾਗੇ-ਤਬੀਤ ਦੇਣ, ਓਪਰੀ ਕਸਰ ਲਈ ਹਥੌਲਾ ਕਰਨ ਤੋਂ ਹੀ ਵਿਹਲ ਨਹੀਂ ਮਿਲਦਾ। ਜੇ ਕੁਝ ਵਿਹਲੇ ਹੋਣ ਤਾਂ ਜਵਾਕ ਨੂੰ ਭੁੱਖ ਨਾ ਲੱਗਣੀ, ਨਜ਼ਰ ਲੱਗੀ ਹੋਣੀ ਦੀ ਪੁੜੀ ਵੀ ਦੇਣੀ ਪੈਂਦੀ ਹੈ। ਕੰਮ ਇਥੇ ਹੀ ਖਤਮ ਨਹੀਂ ਹੁੰਦਾ! ਅੰਤਰਜਾਮੀ ਬਾਬਿਆਂ ਨੂੰ ਤਾਂ ਗਊ-ਮੱਝ ਦੇ ਦੁੱਧ ਨਾ ਦੇਣ ਤੋਂ ਲੈ ਕੇ ਨਵੇਂ ਦੁੱਧ ਨਾ ਹੋਣ ਦੇ ਟੋਟਕੇ ਵੀ ਦੱਸਣੇ ਪੈਂਦੇ ਹਨ।

ਸਾਡੀ ਆਸਥਾ ਇਨ੍ਹਾਂ ਬਾਬਿਆਂ ਪ੍ਰਤੀ ਕਿੰਨੀ ਪੱਕੀ ਹੋ ਚੁੱਕੀ ਹੈ, ਉਸ ਸਬੰਧੀ ਕਿਸੇ ਵਿਸ਼ਵਾਸੀ ਮਿੱਤਰ ਦੀ ਸੁਣਾਈ ਸੱਚੀ ਘਟਨਾ ਯਾਦ ਆ ਰਹੀ ਹੈ। ਗੱਲ ਕਾਫੀ ਪੁਰਾਣੀ ਹੈ। ਮਾਰੂਤੀ ਕਾਰਾਂ ਨਵੀਆਂ ਨਵੀਆਂ ਹੀ ਆਈਆਂ ਸਨ। ਲੋਕਾਂ ਵਿਚ ਇਨ੍ਹਾਂ ਜਪਾਨੀ ਕਾਰਾਂ ਦੀ ਕਾਫੀ ਚਰਚਾ ਸੀ। ਕਾਰਾਂ ਦੀ ਬਲੈਕ ਵੀ ਸੀ ਅਤੇ ਕਈ ਕਈ ਮਹੀਨੇ ਉਡੀਕ ਵੀ ਕਰਨੀ ਪੈਂਦੀ ਸੀ। ਇਕ ਵਾਰ ਸਾਧੇ ਰੰਗਾ ਕੁੜਤਾ ਪਾਈ ਅਤੇ ਉਸੇ ਰੰਗ ਦੀ ਧੋਤੀ ਲਾਈ ਤੇ ਸਿਰ 'ਤੇ ਫਿਡੀ ਜਿਹੀ ਪੱਗ ਬੰਨੀ ਇਕ ਸਾਧ ਨੁਮਾ ਬਾਬਾ, ਲੁਧਿਆਣ ਸ਼ਹਿਰ ਦੇ ਬਾਹਰ ਬਣੇ ਮਾਰੂਤੀ ਕਾਰ ਦੇ ਸ਼ੋਅ ਰੂਮ ਵਿਚ ਜਾ ਵੜਿਆ। ਉਹ ਮੈਨੇਜਰ ਤੋਂ ਕਾਰ ਸਬੰਧੀ ਪੁਛ ਪੜਤਾਲ ਕਰਨ ਲੱਗਾ। ਮੈਨੇਜਰ ਨੇ ਉਸ ਦਾ ਹੁਲੀਆ ਦੇਖ ਕੇ ਅੰਦਾਜ਼ਾ ਲਾਇਆ ਕਿ ਇਸ ਨੇ ਕਾਰ ਕਿਥੋਂ ਲੈਣੀ ਹੈ, ਸਮਾਂ ਹੀ ਬਰਬਾਦ ਕਰ ਰਿਹਾ ਹੈ। ਮੈਨੇਜਰ ਰੁੱਖਾ ਜਿਹਾ ਬੋਲਿਆ। ਬਾਬੇ ਨੂੰ ਗੁੱਸਾ ਆ ਗਿਆ। ਉਹ ਮੈਨੇਜਰ ਨੂੰ ਕਹਿਣ ਲੱਗਾ ਕਿ ਇਹ ਦੱਸ ਤੇਰੇ ਸ਼ੋਅ ਰੂਮ ਵਿਚ ਇਸ ਸਮੇਂ ਕਿੰਨੀਆਂ ਕਾਰਾਂ ਖੜ੍ਹੀਆਂ ਹਨ? ਦੋ ਘੰਟੇ ਵਿਚ ਤੇਰਾ ਸ਼ੋਅ ਰੂਮ ਖਾਲੀ ਕਰਵਾ ਸਕਦਾ ਹਾਂ। ਇਸ ਤੋਂ ਪਹਿਲਾਂ ਕਿ ਮੈਨੇਜਰ ਕੁਝ ਬੋਲਦਾ, ਬਾਬਾ ਕਹਿਣ ਲੱਗਾ, "ਤੇਰਾ ਟੈਲੀਫੋਨ ਵਰਤ ਲਵਾਂ?" ਬਾਬੇ ਨੇ ਛੇ-ਸੱਤ ਬੰਦਿਆਂ ਨੂੰ ਫੋਨ 'ਤੇ ਇਕੋ ਗੱਲ ਕਹੀ, "ਤੁਸੀਂ ਕਦੋਂ ਦੇ ਪੁੱਛਦੇ ਸੀ ਕਿ ਕਾਰ ਕਦੋਂ ਲਈਏ। ਅੱਜ ਕਾਰ ਖਰੀਦਣ ਲਈ ਦਿਨ ਬਹੁਤ ਸ਼ੁਭ ਹੈ। ਜਲਦੀ ਤੋਂ ਜਲਦੀ ਲੁਧਿਆਣੇ ਪਹੁੰਚ ਜਾਓ, ਪਰ ਤਿੰਨ ਵਜੇ ਤੋਂ ਪਹਿਲਾਂ।" ਫੋਨ ਕਰਕੇ ਬਾਬਾ ਬੈਠ ਗਿਆ। ਮੈਨੇਜਰ ਨੂੰ ਕਹਿਣ ਲੱਗਾ ਕਿ ਹੁਣ ਉਸ ਨੂੰ ਕੁਝ ਸਮਾਂ ਸ਼ੋਅ ਰੂਮ ਵਿਚ ਹੀ ਬੈਠਣਾ ਪਵੇਗਾ। ਮੈਨੇਜਰ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਦੋ ਕੁ ਘੰਟਿਆਂ ਵਿਚ ਹੀ ਪੰਜ ਬੰਦੇ ਪਹੁੰਚ ਗਏ। ਆਉਂਦਿਆਂ ਹੀ ਉਨ੍ਹਾਂ ਨੇ ਬਾਬਾ ਜੀ ਦੇ ਪੈਰੀ ਹੱਥ ਲਾਏ। ਬਾਬਾ ਜੀ ਗਰਦਨ ਅਕੜਾ ਕੇ ਮੈਨੇਜਰ ਨੂੰ ਕਹਿਣ ਲੱਗੇ ਕਿ ਸਾਰਿਆਂ ਨੂੰ ਕਾਰਾਂ ਦੇ ਦੇ। ਸਾਰੇ ਹੀ ਬਾਬਾ ਜੀ ਨੂੰ ਬੇਨਤੀ ਕਰ ਰਹੇ ਸਨ ਕਿ ਉਹ ਆਪ ਜਾ ਕੇ ਕਾਰ 'ਤੇ ਹੱਥ ਰੱਖਣ ਕਿ ਕਿਹੜੀ ਕਾਰ ਲੈਣ ਅਤੇ ਕਾਰ ਵਿਚ ਚਰਨ ਪਾਉਣ। ਉਨ੍ਹਾਂ ਦੇ ਗੱਲਾਂ ਕਰਦੇ ਹੀ ਦੋ ਚੇਲੇ ਹੋਰ ਆ ਗਏ। ਕਾਰਾਂ ਦੇ ਕਾਗਜ਼ ਤਿਆਰ ਕਰਦੇ ਸਮਾਂ ਲੱਗਣਾ ਸੀ, ਇਸ ਲਈ ਬਾਬਾ ਜੀ ਸਾਰੀਆਂ ਕਾਰਾਂ ਵਿਚ ਇਕ ਇਕ ਵਾਰ ਬੈਠ ਕੇ ਆਪਣੀ ਅੰਬੈਸਡਰ ਕਾਰ ਵਿਚ ਜਾ ਬਿਰਾਜੇ ਅਤੇ ਤੁਰਦੇ ਹੋਏ ਮੈਨੇਜਰ ਨੂੰ ਚੇਲਿਆਂ ਤੋਂ ਪਤਾ ਲੱਗਾ ਕਿ ਬਾਬਾ ਜੀ ਤਾਂ ਕਿਸੇ ਡੇਰੇ ਦੇ ਮੁਖੀ ਹਨ। ਦੋ ਦਿਨਾਂ ਬਾਅਦ ਹੀ ਸ਼ੋਅ ਰੂਮ ਦਾ ਮੈਨੇਜਰ ਬਾਬਾ ਜੀ ਦੇ ਡੇਰੇ ਪਹੁੰਚ ਕੇ ਉਨ੍ਹਾਂ ਦਾ ਚੇਲਾ ਬਣ ਗਿਆ। ਇਸ ਸੱਚੀ ਘਟਨਾ ਤੋਂ ਪਤਾ ਲਗਦਾ ਹੈ ਕਿ ਬਾਬਿਆਂ ਪ੍ਰਤੀ ਸਾਡੀ ਸ਼ਰਧਾ ਅੰਨ੍ਹੀ ਹੈ।

ਪਿੰਡਾਂ ਵਿਚ ਜਿੰਨੇ ਵੀ ਡੇਰੇ ਹਨ ਬਿਨਾ ਸ਼ਕ ਕਿਸਾਨਾਂ ਦੇ ਸਿਰ 'ਤੇ ਹੀ ਚੱਲਦੇ ਹਨ। ਹਾੜੀ-ਸੌਣੀ ਬਾਬਿਆਂ ਦੇ ਚੇਲੇ ਖੇਤਾਂ ਵਿਚੋਂ ਹੀ ਟਰਾਲੀਆਂ ਭਰ ਲਿਆਉਂਦੇ ਹਨ। ਸਾਲਾਨਾ ਭੰਡਾਰਿਆਂ, ਗੁਰਪੁਰਬ, ਡੇਰੇ ਦੇ ਪਹਿਲੇ ਹੋ ਚੁਕੇ ਬਾਬਿਆਂ ਦੇ ਅਵਤਾਰ ਧਾਰਨ, ਸਮਾਧੀ ਲੈਣ ਦਿਹਾੜੇ, ਗਰੀਬ ਕੁੜੀਆਂ ਦੇ ਵਿਆਹ ਆਦਿ ਦੇ ਮੌਕਿਆਂ 'ਤੇ ਫਿਰ ਕਿਸਾਨਾਂ ਨੂੰ ਤਿਲ-ਫੁਲ ਭੇਟ ਕਰਨ ਲਈ ਹੋਕਾ ਲਗਦਾ ਹੈ। ਬਾਕੀ ਸਾਰਾ ਸਾਲ ਵੀ ਜਨਮ, ਮਰਨ, ਵਿਆਹ ਸ਼ਾਦੀਆਂ ਦੇ ਕੰਮ ਤਾਂ ਚਲਦੇ ਹੀ ਰਹਿੰਦੇ ਹਨ। ਸੋ ਬਾਬਿਆਂ ਦੇ ਖਜਾਨੇ ਤੇਲੀ ਦੇ ਕੁੱਪੇ ਦੀ ਤਰ੍ਹਾਂ ਭਰਪੂਰ ਹੀ ਰਹਿੰਦੇ ਹਨ। ਇਸ ਤੋਂ ਇਲਾਵਾ ਸੰਗਰਾਂਦ, ਮੱਸਿਆ ਦੇ ਦੀਵਾਨਾਂ ਦਾ ਚੜ੍ਹਾਵਾ ਅਲੱਗ। ਹਾਂ ਸੱਚ, ਜੇ ਪਿੰਡ ਦਾ ਕੋਈ ਮੁੰਡਾ, ਕੁੜੀ ਵਿਦੇਸ਼ ਤੋਂ ਘਰ ਦਿਆਂ ਨੂੰ ਮਿਲਣ ਆਵੇ ਤਾਂ ਬਾਬਿਆਂ ਦੀ ਹਾਜਰੀ ਤਾਂ ਲਵਾਉਣੀ ਹੀ ਪੈਂਦੀ ਹੈ ਅਤੇ ਡੇਰੇ ਦੀ ਹਮੇਸ਼ਾ ਚਲਦੀ ਕਾਰ ਸੇਵਾ ਲਈ ਮੋਟਾ ਚੜ੍ਹਾਵਾ ਵੀ ਚੜ੍ਹਾਉਣਾ ਪੈਂਦਾ ਹੈ। ਜੇ ਕਿਸੇ ਭਗਤ ਨੇ ਬਾਬਾ ਜੀ ਦੇ ਚਰਨ ਆਪਣੇ ਗਰੀਬਖਾਨੇ ਪੁਆਉਣੇ ਹੋਣ, ਤਾਂ ਮਹਾਰਾਜ ਨੂੰ ਮੋਟਾ ਮੱਥਾ ਟੇਕਣਾ ਉਨ੍ਹਾਂ ਦੇ ਆਦਰ ਸਤਿਕਾਰ ਲਈ ਜਰੂਰੀ ਹੀ ਹੁੰਦਾ ਹੈ। ਮੁੱਕਦੀ ਗੱਲ ਇਹ ਕਿ ਬਾਬਿਆਂ ਦੇ ਡੇਰੇ ਕਮਾਊ ਪੁੱਤਰ ਦੀ ਤਰ੍ਹਾਂ ਖੱਟੀ ਕਰਦੇ ਹੀ ਰਹਿੰਦੇ ਹਨ। ਕਈ ਵੱਡੇ ਭਗਤ ਬਾਬਾ ਜੀ ਦੀ ਕ੍ਰਿਪਾ ਨਾਲ ਕੀਤੀ ਮੋਟੀ ਕਮਾਈ 'ਚੋਂ ਏ. ਸੀ. ਕਾਰ ਵੀ ਭੇਟ ਕਰ ਜਾਂਦੇ ਹਨ। ਰਹਿੰਦੀ ਖੂਹੰਦੀ ਕਸਰ ਕਿਸੇ ਐਮ. ਐਲ. ਏ. ਜਾਂ ਮੰਤਰੀ ਵੱਲੋਂ ਚੋਣਾਂ ਵੇਲੇ ਕੀਤੀ ਸੇਵਾ ਦੇ ਨਜ਼ਰਾਨੇ ਦੇ ਤੌਰ 'ਤੇ ਪੁਲਿਸ ਸਿਕਿਉਰਿਟੀ ਮਿਲਣ ਨਾਲ ਪੂਰੀ ਹੋ ਜਾਂਦੀ ਹੈ। ਸੋ ਬਾਬਿਆਂ ਦੇ ਇਕਬਾਲ ਬੁਲੰਦ ਹੀ ਰਹਿੰਦੇ ਹਨ।

ਸੰਗਤਾਂ ਦੇ ਚੜ੍ਹਾਵੇ ਕਰਕੇ ਡੇਰਾ ਆਲੀਸ਼ਾਨ ਇਮਾਰਤ ਵਿਚ ਬਦਲ ਜਾਂਦਾ ਹੈ। ਡੇਰੇ ਦੇ ਨਾਲ ਲਗਦੀ ਜ਼ਮੀਨ 'ਤੇ ਹੀ ਬਾਬਾ ਜੀ ਦੀ ਕੁਟੀਆ ਦਾ ਨਿਰਮਾਣ ਹੋ ਜਾਂਦਾ ਹੈ। ਕੋਈ ਭਗਤ ਮਕਰਾਨੇ ਦੇ ਵਧੀਆ ਮਾਰਬਲ ਦਾ ਟੱਰਕ ਭੇਜ ਦਿੰਦਾ ਹੈ, ਕੋਈ ਵਧੀਆ ਲੱਕੜ ਪਹੁੰਚਾ ਦਿੰਦਾ ਹੈ, ਕੋਈ ਕੁਝ। ਕੁਟੀਆ ਤਿਆਰ ਹੋਣ ਤੋਂ ਬਾਅਦ ਮਹਿੰਗੇ ਤੋਂ ਮਹਿੰਗੇ ਫਰਨੀਚਰ ਨਾਲ ਸਜਾਵਟ ਵੀ ਹੋ ਜਾਂਦੀ ਹੈ, ਪਰ ਮਜਾਲ ਹੈ ਆਮ ਸੇਵਕ ਅੰਦਰ ਝਾਤ ਵੀ ਪਾ ਸਕਣ। ਕੁਝ ਖਾਸ ਚੇਲੇ ਜਾਂ ਬਾਬਾ ਜੀ ਦੇ ਨਜ਼ਦੀਕੀਆਂ ਦੀ ਹੀ ਅੰਦਰ ਤੱਕ ਰਸਾਈ ਹੁੰਦੀ ਹੈ, ਬਾਕੀ ਤਾਂ ਗੇਟ ਨੂੰ ਹੀ ਮੱਥਾ ਟੇਕ ਕੇ ਵਾਪਸ ਪਰਤ ਆਉਂਦੇ ਹਨ। ਕੀ ਕੋਈ ਬਾਬਾ ਜਾਂ ਸੰਤ-ਮਹੰਤ ਹਿੱਕ ਥਾਪੜ ਕੇ ਇਹ ਕਹਿ ਸਕਦਾ ਹੈ ਕਿ ਡੇਰੇ ਦੀ ਜਾਂ ਉਸ ਦੀ ਰਿਹਾਇਸ਼ ਵਾਲੀ ਜ਼ਮੀਨ ਉਨ੍ਹਾਂ ਦੇ ਖਾਨਦਾਨ ਦੀ ਜੱਦੀ ਜ਼ਮੀਨ ਹੈ? ਇਹ ਸਾਰੀਆਂ ਜਾਇਦਾਦਾਂ ਸ਼ਰਧਾਲੂਆਂ ਦੀ ਸੇਵਾ



ਭਾਵਨਾ ਨਾਲ ਹੀ ਬਣਦੀਆਂ ਹਨ।

ਦੇਖਣ ਵਾਲੀ ਗੱਲ ਹੈ ਕਿ ਇਸ ਦੇ ਬਦਲੇ ਗਰੀਬ ਜਿਮੀਂਦਾਰਾਂ, ਕਿਸਾਨਾਂ, ਪਿੰਡ ਵਾਲਿਆਂ ਨੂੰ ਮਿਲਦਾ ਕੀ ਹੈ? ਬਾਬਿਆਂ ਦਾ ਫੋਕਾ ਆਸ਼ੀਰਵਾਦ ਜਾਂ ਆਪਣੇ ਮਨ ਨੂੰ ਕੁਝ ਧਰਵਾਸ ਕਿ ਅਸੀਂ ਧਰਮ-ਕਰਮ ਕਰ ਰਹੇ ਹਾਂ, ਮਹਾਂਪੁਰਸ਼ਾਂ ਦੀ ਸੇਵਾ ਕਰ ਰਹੇ ਹਾਂ। ਜੇ ਅਸੀਂ ਆਪਣੀ ਅਕਲ ਨੂੰ ਕੁਝ ਹੱਥ ਮਾਰੀਏ ਤਾਂ ਪਤਾ ਲੱਗੇਗਾ ਕਿ ਜੇ ਕਿਸੇ ਗਰੀਬ ਨੂੰ ਕੁਝ ਪੈਸੇ ਦੇ ਕੇ ਕੋਈ ਛੋਟਾ ਜਿਹਾ ਕੰਮ ਕਰਵਾ ਦਿਓ ਤਾਂ ਸਾਰੀ ਉਮਰ ਲਈ ਉਸ ਦੀ ਦੋ ਵਕਤ ਦੀ ਰੋਟੀ ਦਾ ਇੰਤਜ਼ਾਮ ਹੋ ਜਾਵੇਗਾ। ਕਿਸੇ ਗਰੀਬ ਬੱਚੇ ਦੀ ਪੜ੍ਹਾਈ ਦਾ ਖਰਚਾ ਓਟ ਲਓ, ਉਸ ਦੀ ਜ਼ਿੰਦਗੀ ਸੰਵਰ ਜਾਵੇਗੀ। ਕਿਸੇ ਗਰੀਬ ਦੀ ਕੁੜੀ ਦੇ ਵਿਆਹ ਲਈ ਉਸ ਦੇ ਮਾਂ ਪਿਉ ਦੀ ਮਦਦ ਕਰ ਦਿਉ, ਉਹ ਸਾਰੀ ਉਮਰ ਤੁਹਾਡੇ ਗੁਣ ਗਾਉਣਗੇ। ਲੋੜ ਪੈਣ 'ਤੇ ਤੁਹਾਡੀ ਮਦਦ ਲਈ ਤੁਹਾਡੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਣਗੇ।

ਹੁਣ ਇਹ ਸੋਚੋ ਕੇ ਇਸ ਸਾਧ ਲਾਣੇ, ਬਾਬਿਆਂ ਦੀ ਮੰਡਲੀ, ਮਹਾਂਪੁਰਸ਼ਾਂ ਦੇ ਇੱਜੜ ਨੇ ਤੁਹਾਡੇ ਲਈ ਕੀ ਕੀਤਾ? ਸ਼ਾਇਦ ਜ਼ਿੰਦਗੀ ਵਿਚ ਤੁਹਾਨੂੰ ਪਹਿਲੀ ਵਾਰ ਲੋੜ ਪਈ ਕਿ ਦੂਜੇ ਵੀ ਤੁਹਾਡੀ ਹਾਂ ਦੇ ਵਿਚ ਹਾਂ ਮਿਲਾਉਣ, ਤੁਹਾਡੇ ਨਾਲ ਖੜ੍ਹਨ, ਤੁਹਾਨੂੰ ਹੌਸਲਾ ਦੇਣ ਕਿ ਘਬਰਾਉਣ ਦੀ ਲੋੜ ਨਹੀਂ, ਸਾਡੇ ਹੁੰਦੇ ਕੋਈ ਤੁਹਾਡੇ ਵੱਲ ਕੈਰੀ ਅੱਖ ਨਾਲ ਝਾਕ ਵੀ ਨਹੀਂ ਸਕਦਾ। ਕਿਸਾਨ ਤਾਂ ਆਪਣੇ ਬੁਲੰਦ ਹੌਸਲੇ ਕਰਕੇ ਹੀ ਹਰ ਮੁਸੀਬਤ ਦਾ ਟਾਕਰਾ ਕਰਨ ਦੇ ਯੋਗ ਹਨ, ਪਰ ਜਦੋਂ ਕੋਈ ਮੁਸੀਬਤ ਪੈਂਦੀ ਹੈ ਤਾਂ ਇਹ ਇਕ ਮਨੋਵਿਗਿਆਨਕ ਵਰਤਾਰਾ ਹੈ ਕਿ ਹੌਸਲਾ ਮਿਲਣ ਨਾਲ ਇਨਸਾਨ ਦੀ ਜੁਝਾਰੂ ਬਿਰਤੀ ਹੋਰ ਤੇਜ ਹੁੰਦੀ ਹੈ।

ਕਿਸਾਨਾਂ ਦੇ ਮੌਜੂਦਾ ਸੰਘਰਸ਼ ਸਮੇਂ ਸਿਰਫ ਭਾਜਪਾ ਦੇ ਕੱਟੜ ਹਮਾਇਤੀਆਂ ਨੂੰ ਛੱਡ ਕੇ ਹਰ ਫਿਰਕੇ ਨੇ ਹੀ ਕਿਸਾਨਾਂ ਦੀਆਂ ਜਾਇਜ਼ ਮੰਗਾਂ ਦਾ ਸਮਰਥਨ ਕੀਤਾ ਹੈ। ਜੇ ਕਿਸਾਨ ਅਜਿਹੀ ਬਹਾਦਰੀ ਨਾਲ ਹੈਂਕੜਬਾਜ ਸਰਕਾਰ ਨਾਲ ਮੱਥਾ ਲਾ ਰਹੇ ਹਨ ਤਾਂ ਇਸ ਦਾ ਇਕ ਕਾਰਨ ਇਹ ਵੀ ਹੈ ਕਿ ਆਮ ਜਨਤਾ ਉਨ੍ਹਾਂ ਦੇ ਨਾਲ ਖੜ੍ਹੀ ਹੈ। ਆਮ ਲੋਕਾਂ ਨੂੰ ਪ੍ਰੇਸ਼ਾਨੀ ਤਾਂ ਜਰੂਰ ਝੱਲਣੀ ਪੈ ਰਹੀ ਹੈ, ਪਰ ਕਿਉਂ ਜੋ ਆਮ ਲੋਕ ਸਚਾਈ ਤੋਂ ਭਲੀਭਾਂਤ ਜਾਣੂ ਹਨ ਕਿ ਕਿਸਾਨ ਆਪਣੀ ਹੋਂਦ ਬਣਾਈ ਰੱਖਣ ਲਈ ਸੰਘਰਸ਼ ਦੇ ਰਾਹ ਪਏ ਹਨ, ਇਸ ਲਈ ਉਹ ਆਪਣੀਆਂ ਮੁਸੀਬਤਾਂ ਭੁਲਾ ਕੇ ਕਿਸਾਨਾਂ ਦੇ ਹੱਕ ਵਿਚ ਖੜ੍ਹੇ ਹਨ। ਦੂਜੇ ਪਾਸੇ ਇਹ ਸਾਧ ਲਾਣੇ ਨੂੰ ਦੇਖ ਲਓ, ਅਜੇ ਤੱਕ ਕਿਸੇ ਬਾਬੇ ਸਾਧ ਨੇ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਨਹੀਂ ਮਾਰਿਆ। ਇਹ ਮਰੀ ਜ਼ਮੀਰ ਵਾਲਿਆਂ ਨੇ ਇਹ ਨਹੀਂ ਕਿਹਾ ਕਿ ਅਸੀਂ ਇਨ੍ਹਾਂ ਦੇ ਲੰਗਰ ਦੇ ਇੰਤਜਾਮ ਲਈ ਆਪਣੇ ਡੇਰਿਆਂ ਵਿਚ ਇਕੱਠੀ ਕੀਤੀ ਰਸਦ ਭੇਜਦੇ ਹਾਂ, ਜੋ ਇਨ੍ਹਾਂ ਨੇ ਕਿਸਾਨਾਂ ਤੋਂ ਹੀ ਲਈ ਹੋਈ ਹੈ। ਆਪਣੇ ਡੇਰਿਆਂ ਵਿਚ ਬੈਠੀ ਵਿਹਲੜਾਂ ਦੀ ਫੌਜ ਨੂੰ ਭੇਜ ਦਿੰਦੇ ਹਾਂ, ਕਿਸਾਨਾਂ ਤੋਂ ਇਕੱਠੀ ਕੀਤੀ ਬੇਸ਼ੁਮਾਰ ਦੌਲਤ ਨਾਲ ਸਰਦੀ ਵਿਚ ਠਿਠਰ ਰਿਹਾਂ ਲਈ ਕੰਬਲ, ਗਰਮ ਕੱਪੜੇ ਭੇਜ ਦਿੰਦੇ ਹਾਂ। ਇਨ੍ਹਾਂ ਨਕਲੀ ਬਾਬਿਆਂ ਨਾਲੋਂ ਤਾਂ ਦਿੱਲੀ ਦੇ ਲੋਕ ਹੀ ਚੰਗੇ ਹਨ, ਜਿਨ੍ਹਾਂ ਨੇ ਕੰਬਲ ਵੰਡ ਦਿੱਤੇ। ਕਿਸਾਨਾਂ ਨੇ ਅਜੇ ਤੱਕ ਖਾਲਸਾ ਏਡ ਵਾਲਿਆਂ ਜਾਂ ਐਸ. ਪੀ. ਓਬਰਾਏ ਦੀ ਸਰਬੱਤ ਦਾ ਭਲਾ ਚੈਰੀਟੇਬਲ ਸੰਸਥਾ ਨੂੰ ਤਾਂ ਕੁਝ ਨਹੀਂ ਦਿੱਤਾ, ਪਰ ਉਹ ਤਾਂ ਕਰੋੜਾਂ ਰੁਪਏ ਦੀ ਸਹਾਇਤਾ ਕਰ ਰਹੇ ਹਨ। ਹਰਿਆਣਾ ਦੇ ਲੋਕਾਂ ਜਾਂ ਕਿਸਾਨਾਂ ਦੀ ਤਾਂ ਪੰਜਾਬ ਦੇ ਕਿਸਾਨਾਂ ਨੇ ਕੋਈ ਮਦਦ ਨਹੀਂ ਕੀਤੀ, ਪਰ ਉਹ ਤਾਂ ਖੁੱਲ੍ਹੇ ਦਿਲ ਨਾਲ ਪੰਜਾਬ ਦੇ ਕਿਸਾਨਾਂ ਦੀ ਹਰ ਸੰਭਵ ਮਦਦ ਕਰ ਰਹੇ ਹਨ। ਹਰਿਆਣਾ, ਦਿੱਲੀ ਦੇ ਨੇੜੇ-ਤੇੜੇ ਦੀਆਂ ਮੁਟਿਆਰਾਂ, ਬਜੁਰਗ ਔਰਤਾਂ ਲੰਗਰ ਤਿਆਰ ਕਰਨ ਦੀ ਸੇਵਾ ਕਰ ਰਹੀਆਂ ਹਨ। ਲੋਕਾਂ ਨੇ ਧਰਨੇ 'ਤੇ ਬੈਠੇ ਲੋਕਾਂ ਨੂੰ ਇਸ਼ਨਾਨ ਕਰਨ, ਜੰਗਲ ਪਾਣੀ ਦੀ ਸਹੂਲਤ ਲਈ ਆਪਣੇ ਘਰਾਂ ਦੇ ਦਰਵਾਜੇ ਖੋਲ੍ਹ ਰੱਖੇ ਹਨ, ਲੱਕੜਾਂ ਦੀਆਂ ਟਰਾਲੀਆਂ ਆ ਰਹੀਆਂ ਹਨ। ਕਿਸ ਲਈ? ਇਨਸਾਨੀਅਤ ਦੇ ਨਾਤੇ; ਪਰ ਲੋਕਾਂ ਨੂੰ ਇਨਸਾਨੀਅਤ ਦਾ ਪਾਠ ਪੜ੍ਹਾਉਣ ਵਾਲੇ ਆਪ ਇਸ ਤੋਂ ਕੋਰੇ ਹੀ ਹਨ।

ਸਾਧ ਲਾਣਾ ਤਾਂ ਆਪਣੀ ਵਖਰੀ ਹੀ ਡਫਲੀ ਵਜਾ ਰਿਹਾ ਹੈ। ਇਕ ਬਾਬਾ ਜਾਂ ਭਾਈ ਜਿਸ ਨੂੰ ਸਿਰ ਤੋਂ ਪੈਰਾਂ ਤੱਕ ਇਕੋ ਰੰਗ ਦੇ ਚੋਲੇ ਪਾਉਣ ਦਾ ਝੱਲ ਚੜ੍ਹਿਆ ਹੋਇਆ ਹੈ, ਜੋ ਬਾਬਾ ਘੱਟ, ਮਾਡਲ ਜ਼ਿਆਦਾ ਲੱਗਦਾ ਹੈ, ਇਕ ਦਿਨ ਵੀ ਕਿਸਾਨਾਂ ਦੇ ਕਿਸੇ ਮੋਰਚੇ ਦਾ ਚੱਕਰ ਲਾ ਕੇ ਨਹੀਂ ਆਇਆ। ਸ਼ਰਤ ਇਹ ਰੱਖਦਾ ਹੈ ਕਿ ਪਹਿਲਾਂ ਇਸ ਚੀਜ਼ ਦਾ ਲੰਗਰ ਬੰਦ ਕਰੋ, ਉਸ ਚੀਜ਼ ਜਾ ਬੰਦ ਕਰੋ। ਓ ਭਲੇ ਮਾਣਸਾ! ਧਰਨੇ 'ਤੇ ਬੈਠੇ ਕਿਸਾਨ ਤਾਂ ਇਨ੍ਹਾਂ ਚੀਜ਼ਾਂ ਦੀ ਮੰਗ ਨਹੀਂ ਕਰ ਰਹੇ। ਹੁਣ ਜੇ ਹਰਿਆਣਾ, ਪੰਜਾਬ ਦੇ ਪਿੰਡਾਂ ਵਿਚ ਦੁੱਧ ਘਿਓ ਦੀ ਬਹੁਤਾਤ ਹੈ ਤਾਂ ਜੇ ਪਿੰਨੀਆਂ ਬਣ ਕੇ ਆ ਗਈਆਂ ਤਾਂ ਕੀ ਹਰਜ ਹੈ? ਇਹ ਪਿੰਨੀਆਂ ਦਾ ਲੰਗਰ ਤਾਂ ਉਥੇ ਆਉਣ ਜਾਣ ਵਾਲਿਆਂ ਨੂੰ ਵੀ ਵਰਤਾਇਆ ਜਾਂਦਾ ਹੈ। ਜੇ ਕਿਸਾਨਾਂ ਵਰਗੀ ਹਿੰਮਤ ਹੈ ਤਾਂ ਮੋਰਚੇ ਵਿਚ ਜਾ ਕੇ ਉਨ੍ਹਾਂ ਨੂੰ ਦੇ ਹੱਕ ਦੀ ਗੱਲ ਕਰੋ ਅਤੇ ਜੇ ਤੁਹਾਨੂੰ ਲੱਗਦਾ ਹੈ ਕਿ ਕੁਝ ਗਲਤ ਹੋ ਰਿਹਾ ਹੈ, ਉਸ ਸਬੰਧੀ ਦੱਸ ਵੀ ਆਉ। ਪਰ ਲੱਗਦਾ ਹੈ ਕਿ ਕੇਂਦਰੀ ਸਰਕਾਰ ਦਾ ਪ੍ਰਭਾਵ ਹੈ। ਇਨ੍ਹਾਂ ਦਾ ਤਾਂ ਗੋਦੀ ਮੀਡੀਆ ਵਾਲਾ ਹਾਲ ਹੈ, ਜੋ ਇਕ ਦਿਨ ਪੀਜ਼ੇ ਵਰਤਾਉਣ ਦੀ ਘਟਨਾ ਨੂੰ ਹੀ ਵਾਰ ਵਾਰ ਦੁਹਰਾਈ ਜਾਂਦੇ ਹਨ।

ਇਸੇ ਤਰ੍ਹਾਂ ਹੀ ਇਕ ਅਖੌਤੀ ਪ੍ਰਚਾਰਕ, ਜੋ ਵਿਦੇਸ਼ੀ ਧਰਤੀ 'ਤੇ ਬੈਠਾ ਹੈ, ਨੇ ਸਿੱਖ ਧਰਮ ਦੇ ਹਰ ਸਿਧਾਂਤ ਦੀ ਹੀ ਵਿਰੋਧਤਾ ਕਰਨਾ ਆਪਣਾ ਮਕਸਦ ਬਣਾਇਆ ਹੋਇਆ ਹੈ। ਉਹ ਹੁਣ ਕਿਸਾਨੀ ਅੰਦੋਲਨ ਦੇ ਵਿਰੁੱਧ ਵੀ ਕੂੜ ਪ੍ਰਚਾਰ ਕਰ ਰਿਹਾ ਹੈ। ਉਸ ਅਨੁਸਾਰ, ਭੀੜ ਦਿਮਾਗ ਨਾਲ ਨਹੀਂ ਸੋਚਦੀ, ਸਗੋਂ ਸਰੀਰ ਦੇ ਗਰਦਨ ਦੇ ਹੇਠਲੇ ਹਿੱਸੇ ਦੀ ਵਰਤੋਂ ਜਿਆਦਾ ਕਰਦੀ ਹੈ। ਉਸ ਦੇ ਕਹਿਣ ਦਾ ਭਾਵ ਹੈ ਕਿ ਭੀੜ ਹਿੰਸਕ ਹੋ ਜਾਂਦੀ ਹੈ। ਉਸ ਆਪੇ ਥਾਪੇ ਪ੍ਰਚਾਰਕ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਜਦੋਂ ਦਾ ਇਹ ਸੰਘਰਸ਼ ਵਿਢਿਆ ਗਿਆ ਹੈ, ਪੂਰਾ ਸ਼ਾਂਤਮਈ ਚੱਲ ਰਿਹਾ ਹੈ। ਤੋੜ ਫੋੜ ਦੀ ਇਕ ਵੀ ਘਟਨਾ ਨਹੀਂ ਵਾਪਰੀ। ਇਹ ਵਰਤਾਰਾ ਆਪਣੇ ਆਪ ਵਿਚ ਮਿਸਾਲ ਹੈ। ਇਸ ਪ੍ਰਚਾਰਕ ਨਾਲ ਟੈਲੀਫੋਨ 'ਤੇ ਵਾਰਤਾ ਕਰ ਰਿਹਾ ਇਕ ਸੱਜਣ 1984 ਦੇ ਦੁਖਾਂਤ ਦਾ ਹਵਾਲਾ ਦੇ ਕੇ ਕਿਸਾਨਾਂ ਨੂੰ ਖਬਰਦਾਰ ਕਰ ਰਿਹਾ ਸੀ ਕਿ ਉਨ੍ਹਾਂ ਨਾਲ ਵੀ ਉਹੋ ਕੁਝ ਵਾਪਰ ਸਕਦਾ ਹੈ। ਹੁਣ ਇਨ੍ਹਾਂ ਆਪ ਬਣੇ ਵਿਦਵਾਨਾਂ ਨੂੰ ਕੌਣ ਸਮਝਾਏ ਕਿ ਦੋਹਾਂ ਹਾਲਾਤ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਇਹੋ ਨਹੀਂ, ਇਹ ਬੰਦਾ ਕਿਸਾਨਾਂ ਪ੍ਰਤੀ ਅਜਿਹਾ ਕੁਫਰ ਤੋਲ ਰਿਹਾ ਹੈ, ਜੋ ਅਜੇ ਤੱਕ ਗੋਦੀ ਮੀਡੀਆ ਨੇ ਵੀ ਨਹੀਂ ਤੋਲਿਆ।

ਇਹੋ ਹਾਲ ਬਾਕੀ ਡੇਰੇ ਵਾਲਿਆਂ ਦਾ ਹੈ, ਜੋ ਮੂੰਹ ਵਿਚ ਘੁੰਗਣੀਆਂ ਪਾਈ ਬੈਠੇ ਹਨ। ਅਜੇ ਤੱਕ ਜੋ ਕਿਸਾਨਾਂ ਦੇ ਸਿਰ 'ਤੇ ਐਸ਼ ਕਰਿੰਦੇ ਰਹੇ ਹਨ, ਉਹ ਕਿਸਾਨਾਂ ਲਈ ਮੂੰਹ ਖੋਲ੍ਹਣ ਤੋਂ ਵੀ ਆਕੀ ਹਨ। ਕਿਸਾਨਾਂ ਨੂੰ ਭਵਿੱਖ ਵਿਚ ਅਜਿਹੇ ਅਕ੍ਰਿਤਘਣਾ ਤੋਂ ਬਚ ਕੇ ਰਹਿਣ ਚਾਹੀਦਾ ਹੈ। ਇਹ ਅਖੌਤੀ ਸਾਧ ਲਾਣਾ ਬੜਾ ਸ਼ਾਤਰ ਹੈ, ਜਿਸ ਥਾਲੀ ਖਾਂਦਾ ਹੈ, ਉਸੇ ਵਿਚ ਛੇਕ ਕਰਦਾ ਹੈ। ਕਿਸਾਨ ਨੂੰ ਇਨ੍ਹਾਂ ਦੀ ਪੁਸ਼ਤ ਪਨਾਹੀ ਬੰਦ ਕਰਨੀ ਚਾਹੀਦੀ ਹੈ। ਜਿਹੜੇ ਦਾਣੇ ਇਨ੍ਹਾਂ ਵਿਹਲੜਾਂ ਦੀਆਂ ਟਰਾਲੀਆਂ ਵਿਚ ਲੱਦ ਦਿੰਦੇ ਸੀ, ਉਹ ਗਰੀਬਾਂ, ਝੁੱਗੀ-ਝੋਂਪੜੀ ਵਾਲਿਆਂ ਨੂੰ ਦਿਓ। ਜਦੋਂ ਮੁੜ ਕੇ ਤੁਹਾਡੇ ਖੇਤਾਂ ਵੱਲ ਮੂੰਹ ਕਰਨ ਤਾਂ ਇਨ੍ਹਾਂ ਨੂੰ ਮੂੰਹ ਨਾ ਲਾਈਓ। ਇਹ ਨਾ ਤੁਹਾਡਾ ਕੁਝ ਸਵਾਰ ਸਕਦੇ ਹਨ, ਨਾ ਵਿਗਾੜ ਸਕਦੇ ਹਨ। ਇਨ੍ਹਾਂ ਦੇ ਮੱਕੜ ਜਾਲ 'ਚੋਂ ਨਿਕਲਣਾ ਸਮੇਂ ਦੀ ਮੰਗ ਵੀ ਹੈ ਅਤੇ ਲੋੜ ਵੀ। ਇਹ ਤਾਂ ਕੋਈ ਨਾ ਕੋਈ ਬਹਾਨਾ ਲਾ ਰਹੇ ਹਨ, ਪਰ ਕਿਸਾਨਾਂ ਨੂੰ ਇਹ ਪੱਕਾ ਦਾਈਆ ਕਰ ਲੈਣਾ ਚਾਹੀਦਾ ਹੈ ਕਿ ਇਨ੍ਹਾਂ ਨੂੰ ਹਰ ਚੀਜ਼ ਲਈ ਦੋ ਟੁੱਕ ਜਵਾਬ ਦਿਉ ਅਤੇ ਇਹ ਪੁੱਛੋ ਕੇ ਤੁਹਾਨੂੰ ਕਿਸ ਨੇ ਆਮ ਲੋਕਾਂ 'ਤੇ ਰੱਬ ਦੀ ਕ੍ਰਿਪਾ ਦ੍ਰਿਸ਼ਟੀ ਕਰਵਾਉਣ ਲਈ ਵਿਚੋਲਾ ਬਣਾਇਆ ਹੈ?

# ਕਿਸਾਨੀ ਧਰਨਾ: ਮਸਲੇ ਤੇ ਹੱਲ

***(ਪਿਛਲੇ ਸਫੇ ਦੀ ਬਾਕੀ)***

ਉਸਾਰਨਾ, ਸਾਰਾ ਪਿਛਲਾ ਕਰਜ਼ਾ ਮੁਆਫ ਕਰਨਾ ਅਤੇ ਉਨ੍ਹਾਂ ਦੇ ਭਾਵੀ ਗੁਜ਼ਾਰੇ ਲਈ ਘੱਟੋ ਘੱਟ ਦੋ ਫਸਲਾਂ ਦੇ ਮੁੱਲ ਬਰਾਬਰ ਬਫਰ (Buffer) ਨਿਧੀ ਦਾ ਪ੍ਰਬੰਧ ਕਰਨਾ। ਇਨ੍ਹਾਂ ਪ੍ਰਬੰਧਾਂ ਤੋਂ ਬਿਨਾ ਖੇਤੀ ਖੇਤਰ 'ਚ ਸਰਕਾਰ ਦਾ ਦਖਲ ਗੈਰ-ਸਿਆਸਤੀ ਹੀ ਨਹੀਂ, ਗੈਰ-ਇਖਲਾਕੀ ਵੀ ਹੈ।

ਪਰ ਮੌਜੂਦਾ ਭਾਰਤ ਸਰਕਾਰ ਸੁਧਾਰ ਤੇ ਜ਼ਿੰਮੇਵਾਰੀ ਦੇ ਇਸ ਰਾਹ ਪੈਣਾ ਹੀ ਨਹੀਂ ਚਾਹੁੰਦੀ। ਉਸ ਦੀ ਨੀਤੀ ਹਰ ਖੇਤਰ ਵਿਚ ਨਿਜੀਕਰਣ ਦੀ ਹੈ। ਇਸ ਦਾ ਨਿਜੀਕਰਣ ਕਿਸੇ ਸਿਧਾਂਤ ਤੋਂ ਪ੍ਰੇਰਤ ਨਹੀਂ ਹੈ, ਸਗੋਂ ਸਭ ਕੁਝ ਚੋਣਵੇਂ ਕਾਰੋਬਾਰੀਆਂ ਦੇ ਹਵਾਲੇ ਕਰਨ ਦਾ ਹੈ। ਇਸ ਲਈ ਇਸ ਨੇ ਖੇਤੀ ਦੇ ਖੇਤਰ ਵਿਚ ਕੋਈ ਸਾਰਥਕ ਨੀਤੀ ਅਪਨਾ ਕੇ ਭਵਿੱਖਮੁਖੀ ਸੁਧਾਰ ਕਰਨ ਦੀ ਥਾਂ ਇਸ ਨੂੰ ਵੀ ਉਸੇ ਰਸਤੇ ਤੋਰਨ ਦੀ ਠਾਣ ਰੱਖੀ ਹੈ। ਆਪਣੇ ਮਨਸੂਬਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਹੀ ਇਸ ਨੇ ਓਹਲੇ ਤੇ ਕਾਹਲੀ ਨਾਲ ਤਿੰਨੇ ਵਿਵਾਦਿਤ ਖੇਤੀ ਕਾਨੂੰਨ ਪਾਸ ਕਰਵਾਏ ਹਨ।

ਜੇ ਸਰਕਾਰ ਖੇਤੀ ਦੇ ਇਨ੍ਹਾਂ ਤਿੰਨਾਂ ਕਾਨੂੰਨਾਂ ਨੂੰ ਤਾਕਤ ਤੇ ਤਿਗੜਮ ਦੀ ਵਰਤੋਂ ਨਾਲ ਅਮਲ ਵਿਚ ਲਿਆਉਂਦੀ ਹੈ ਤਾਂ ਕਿਆਮਤ ਆਉਣ ਦੀ ਸੰਭਾਵਨਾ ਹੈ। ਇਸ ਨਾਲ ਖੇਤੀ ਨਾਲ ਜੁੜੀ ਦੇਸ਼ ਦੀ ਕਰੀਬ ਇਕ ਅਰਬ ਜਨਸੰਖਿਆ ਬੇਰੁਜ਼ਗਾਰ ਹੋ ਜਾਵੇਗੀ। ਇੰਨੀ ਵੱਡੀ ਗਿਣਤੀ ਵਿਚ ਅਸਿੱਖਿਅਤ ਤੇ ਵਿਹਲੀ ਜਨਸੰਖਿਆ ਆਪਣਾ ਪੇਟ ਕਿਵੇਂ ਭਰੇਗੀ? ਜੋ ਮਾੜਾ ਮੋਟਾ ਰੁਜ਼ਗਾਰ ਬਚੇਗਾ, ਉਹ ਖੇਤ ਮਜ਼ਦੂਰੀ ਵਾਲਾ ਹੋਵੇਗਾ, ਜਿਸ ਵਿਚ ਅਜੋਕੇ ਭੂਮੀ ਮਾਲਕ ਮਜ਼ਦੂਰ ਬਣ ਜਾਣਗੇ। ਉਨ੍ਹਾਂ ਨੂੰ ਘੱਟੋ ਘੱਟ ਮਜ਼ਦੂਰੀ ਮਿਲੇਗੀ ਤੇ ਭੱਠਾ-ਮਜ਼ਦੂਰਾਂ ਵਾਂਗ ਠੇਕੇ 'ਤੇ ਰੱਖੇ ਜਾਇਆ ਕਰਨਗੇ। ਅੱਜ ਦਾ ਕਿਸਾਨ ਆਪਣੇ ਹੀ ਖੇਤਾਂ ਵਿਚ ਬੇਗਾਨਾ ਹੋ ਜਾਵੇਗਾ। ਸਰਮਾਏਦਾਰੀ ਖੇਤੀ ਦੇ ਨਿਜ਼ਾਮ ਵਿਚ ਤਾਂ ਉਹ ਕਿਸੇ ਖੇਤ 'ਚੋਂ ਛੱਲੀ, ਗੰਨਾ, ਸਾਗ, ਦਾਤਣ ਆਦਿ ਵੀ ਨਹੀਂ ਤੋੜ ਸਕੇਗਾ ਤੇ ਨਾ ਹੀ ਦੁੱਧ ਵਾਲੇ ਪਸੂਆਂ ਲਈ ਵੱਟਾਂ ਤੋਂ ਘਾਹ ਖੁਰਚ ਸਕੇਗਾ। ਉਹ ਮਾਲਕ ਤੋਂ ਦਿਹਾੜੀਦਾਰ ਬਣਨ ਦੀ ਅਸਹਿ ਸੱਟ ਖਾਣ ਦੀ ਥਾਂ ਇਨ੍ਹਾਂ ਕਾਨੂੰਨਾਂ ਨੂੰ ਹੁਣੇ ਹੀ ਰੋਕਣ ਲਈ ਆਰ-ਪਾਰ ਦਾ ਸੰਘਰਸ਼ ਕਰਨ ਲਈ ਮਜ਼ਬੂਰ ਹੋਇਆ ਹੈ।

ਜੇ ਭਾਰਤ ਸਰਕਾਰ ਰਾਜਨੀਤੀ ਵਸ ਘੱਟੋ ਘੱਟ ਮੁੱਲ ਬੰਦ ਕਰ ਕੇ ਧੱਕੇ ਨਾਲ ਖੁੱਲ੍ਹੀ ਮੰਡੀ ਦਾ ਕੋਈ ਹੋਰ ਸਿਸਟਮ ਲਿਆਉਂਦੀ ਹੈ ਤਾਂ ਇਕ ਤੀਜੀ ਕਿਸਮ ਦੀ ਕਿਆਮਤ ਨੂੰ ਸੱਦਾ ਦੇਣ ਵਾਲੀ ਗੱਲ ਹੋਵੇਗੀ। ਇਸ ਦਾ ਕਿਸਾਨ ਜਥੇਬੰਦੀਆਂ ਤਾਂ ਵਿਰੋਧ ਕਰਨਗੀਆਂ ਹੀ, ਖੁਰਾਕ ਮੁਹਾਦ 'ਤੇ ਵੀ 1965 ਵਾਲੀ ਹਾਲਤ ਤੋਂ ਭੈੜੀ ਹਾਲਤ ਆ ਜਾਵੇਗੀ। ਆਧੁਨਿਕ ਖੇਤੀ ਆਪਣੇ ਹੀ ਭਾਰ ਹੇਠ ਦਬ ਕੇ ਠੱਪ ਹੋਵੇਗੀ ਤੇ 1950ਵਿਆਂ ਵਾਲੀ ਰਵਾਇਤੀ ਖੇਤੀ ਵਲ ਪਰਤਣਾ ਅਸੰਭਵ ਹੋਵੇਗਾ। ਕਿਸਾਨਾਂ ਕੋਲ ਨਾ ਹੁਣ ਬੈਲ ਹਨ, ਨਾ ਊਠ ਅਤੇ ਨਾ ਹੀ ਹਲ ਤੇ ਖੂਹ ਹਨ। ਕਰਜਿਆਂ ਦੇ ਝੰਬੇ ਕਿਸਾਨ ਬੰਜਰ ਹੋਈ ਧਰਤੀ 'ਤੇ ਮਾਰੂ ਖੇਤੀ ਨਹੀਂ ਕਰ ਸਕਣਗੇ। ਵੱਧ ਤੋਂ ਵੱਧ ਉਹ ਆਪਣੇ ਗੁਜ਼ਾਰੇ ਮੁਤਾਬਿਕ ਹੀ ਪੈਦਾ ਕਰ ਸਕਣਗੇ। ਜਿੰਨਾ ਅਨਾਜ ਪਿਛਲੀ ਸਦੀ ਵਿਚ 60 ਕਰੋੜਾਂ ਲਈ ਵੀ ਥੁੜ੍ਹਦਾ ਸੀ, ਉਨੇ 'ਤੇ ਹੁਣ 1.35 ਅਰਬ ਦੀ ਜਨਸੰਖਿਆ ਨੂੰ ਗੁਜ਼ਾਰਾ ਕਰਨਾ ਪਵੇਗਾ। ਕੰਗਾਲ ਜਨਤਾ ਦੇ ਮੂੰਹ ਰੋਟੀ ਪਾਉਣ ਲਈ ਫਿਰ ਵਿਦੇਸ਼ਾਂ ਤੋਂ ਮਹਿੰਗੇ ਅਨਾਜ ਦਾ ਆਯਾਤ ਕਰਨਾ ਪਵੇਗਾ। ਅਜਿਹੇ ਵਿਚ ਜੇ ਕੋਈ ਸਹੀ ਰਾਜਨੀਤੀਵੇਤਾ (Statesman) ਆਇਆ ਤਾਂ ਉਹ ਕਿਸਾਨਾਂ ਨੂੰ ਸਮਰਥਨ-ਮੁੱਲ ਤੇ ਸਰਕਾਰੀ ਖਰੀਦ ਵਿਵਸਥਾ ਦੇ ਕੇ ਫਿਰ ਹਰੇ ਇਨਕਲਾਬ ਲਈ ਪ੍ਰੇਰੇਗਾ, ਪਰ ਇਹ ਅਜਿਹਾ ਆਖਰੀ ਇਨਕਲਾਬ ਹੋਵੇਗਾ, ਕਿਉਂਕਿ ਜੇ ਇਤਿਹਾਸ ਦੁਹਰਾਉਂਦਾ ਹੈ, ਉਹ ਆਪਣੇ ਤਜ਼ਰਬੇ ਤੋਂ ਸਿੱਖਦਾ ਵੀ ਹੈ।

ਇਸ ਲਈ ਰਾਜਨੀਤੀ ਤੇ ਅਦਾਲਤਾਂ ਦੇ ਗਲਿਆਰਿਆਂ ਵਿਚ ਘੁਮਾਉਣ ਦੀ ਥਾਂ ਕਿਸਾਨੀ ਮੰਗਾਂ ਫੌਰੀ ਤੌਰ 'ਤੇ ਮੰਨ ਲੈਣੀਆਂ ਚਾਹੀਦੀਆਂ ਹਨ; ਪਰ ਯਾਦ ਰਹੇ, ਕਾਨੂੰਨਾਂ ਨੂੰ ਰੱਦ ਕਰਨਾ ਵੀ ਕਿਸਾਨੀ ਮਸਲੇ ਦਾ ਪੱਕਾ ਹੱਲ ਨਹੀਂ ਹੈ। ਅਸਲ ਹੱਲ ਤਾਂ ਉਦੋਂ ਹੀ ਨਿਕਲੇਗਾ, ਜਦੋਂ ਕਿਸਾਨਾਂ ਨੂੰ ਲਾਗਤੀ ਸਮਰਥਨ ਮੁੱਲ ਤੇ ਸਰਕਾਰੀ ਖਰੀਦ ਮਿਲਣ ਦੇ ਨਾਲ ਨਾਲ ਸਮੁੱਚੇ ਆਰਥਕ ਵਿਕਾਸ 'ਚੋਂ ਵੀ ਹਿੱਸਾ ਮਿਲੇਗਾ। ਕਿਸਾਨੀ ਸੰਘਰਸ਼ ਦੀਆਂ ਸੰਭਾਵਨਾਵਾਂ ਉਦੋਂ ਤੀਕ ਤਣੀਆਂ ਰਹਿਣਗੀਆਂ, ਜਦੋਂ ਤੀਕ ਉਹ ਦੂਜੇ ਖੇਤਰਾਂ ਦੇ ਉਤਪਾਦਕਾਂ ਨਾਲ ਬਰਾਬਰ ਦੀ ਸਮਾਜਕ ਧਿਰ ਬਣ ਕੇ ਨਹੀਂ ਖੜ੍ਹਦਾ। ਸਵਾਮੀਨਾਥਨ ਰਿਪੋਰਟ ਇਸੇ ਤਰ੍ਹਾਂ ਦੀ ਵਿਵਸਥਾ ਵਲ ਸੰਕੇਤ ਕਰਦੀ ਹੈ। ਅਰਥ-ਸ਼ਾਸ਼ਤਰ ਦਾ ਅਜਿਹਾ ਕੋਈ ਨਿਯਮ ਨਹੀਂ, ਜੋ ਕਿਸਾਨੀ ਨੂੰ ਇਸ ਟੀਚੇ 'ਤੇ ਪਹੁੰਚਣ ਤੋਂ ਰੋਕ ਸਕੇ!

###

# ਵਲਾਇਤ ਦਾ ਬਾਗੀ

ਕਲਾ ਪਰਿਕਰਮਾ

ਹਰ ਦੇਸ਼ ਦੇ ਇਤਿਹਾਸ ਵਿਚ ਆਮ ਤੌਰ ਤੇ ਰਾਜੇ ਮਹਾਰਾਜਿਆਂ ਦੀਆਂ ਜਿੱਤਾਂ-ਹਾਰਾਂ ਅਤੇ ਸ਼ਾਨੋ-ਸ਼ੌਕਤ ਦੀ ਕਹਾਣੀ ਹੀ ਸੁਣਾਈ ਜਾਂਦੀ ਹੈ" ਦੁੱਖ-ਤਕਲੀਫਾਂ, ਗਰੀਬੀ, ਭੁੱਖਮਰੀ, ਲੁੱਟ-ਖਸੁੱਟ, ਅਨਿਆਂ ਅਤੇ ਘੋਰ ਅੱਤਿਆਚਾਰਾਂ ਵਿਰੁੱਧ ਜੋ ਸੰਘਰਸ਼ ਸਾਧਾਰਨ ਲੋਕ ਕਰਦੇ ਹਨ, ਉਹ ਗਾਥਾ ਅਣਕਹੀ ਅਤੇ ਅਣਸੁਣੀ ਰਹਿ ਜਾਂਦੀ ਹੈ" ਇਨ੍ਹਾਂ ਦੱਬੇ-ਕੁਚਲੇ ਲੋਕਾਂ ਵਿਚਕਾਰ ਹਰ ਦੇਸ਼ ਵਿਚ ਸਮੇਂ ਸਮੇਂ ਤੇ ਕੋਈ ਨਾ ਕੋਈ ਸਿਰਲੱਥ ਯੋਧਾ ਸਾਹਮਣੇ ਆਉਂਦਾ ਹੈ ਜੋ ਜ਼ੁਲਮੋ-ਸਿਤਮ ਅਤੇ ਲੁੱਟ-ਖਸੁੱਟ ਵਿਰੁੱਧ ਤੂਫਾਨ ਪੈਦਾ ਕਰ ਦਿੰਦਾ ਹੈ, ਲੁਟੇਰਿਆਂ ਦੀਆਂ ਤਿਜੌਰੀਆਂ ਤੋੜ ਕੇ ਗ਼ਰੀਬਾਂ ਵਿਚ ਵੰਡ ਦਿੰਦਾ ਹੈ ਅਤੇ ਹਰ ਤਰ੍ਹਾਂ ਇਨਸਾਫ ਦਿਵਾਉਂਦਾ ਹੈ" ਅਜਿਹੇ ਲੋਕ ਨਾਇਕਾਂ ਵਿਚ ਦੁੱਲਾ ਭੱਟੀ,



ਪ੍ਰੋ. ਬਸੰਤ ਸਿੰਘ ਬਰਾੜ
ਫੋਨ: +91-98149-41214


ਜੱਗਾ ਡਾਕੂ, ਜਿਊਣਾ ਮੌੜ, ਸੁੱਚਾ ਸੂਰਮਾ, ਮਾਹਣਾ, ਰੌਬਿਨ ਹੁੱਡ, ਬੈੱਨ ਹਰ, ਸਪਾਰਟਾਕਸ ਅਤੇ ਮੂਸਾ ਵਰਗੇ ਅਨੇਕ ਜਿਊੜੇ ਹੋਏ ਹਨ" ਇਨ੍ਹਾਂ ਬਾਰੇ ਬਹੁਤ ਸਾਰੇ ਕਿੱਸਿਆਂ/ਚਿੱਠਿਆਂ, ਕਿਤਾਬਾਂ, ਗੀਤਾਂ, ਫਿਲਮਾਂ ਅਤੇ ਦੰਤ ਕਥਾਵਾਂ ਰਾਹੀਂ ਜਾਣਕਾਰੀ ਮਿਲ ਜਾਂਦੀ ਹੈ" ਕਿਸਾਨਾਂ ਅਤੇ ਮਜ਼ਦੂਰਾਂ ਦਾ ਭਲਾ ਕਰਨ ਵਾਲੇ ਇੰਗਲੈਂਡ ਦੇ ਅਣਖੀ, ਸਿਰਲੱਥ, ਅਣਗੌਲੇ ਯੋਧੇ ਬਾਰੇ ਜਾਣਕਾਰੀ ਦੇਣ ਦੀ ਲੋੜ ਹੈ"

ਸਾਰੀ ਦੁਨੀਆ ਵਿਚ ਫੈਲ ਕੇ ਨਿਯਮਬੱਧ ਲੁੱਟ-ਖਸੁੱਟ ਰਾਹੀਂ ਆਪਣੇ ਖਜ਼ਾਨੇ ਭਰਨ ਵਾਲੇ ਇੰਗਲੈਂਡ ਦੇ ਸ਼ਾਸਕ ਵਰਗ ਨੇ ਪੁਰਾਣੇ ਸਮਿਆਂ ਵਿਚ ਆਪਣੇ ਦੇਸ਼ ਦੇ ਗਰੀਬ ਲੋਕਾਂ ਨਾਲ ਵੀ ਘੱਟ ਨਹੀਂ ਗੁਜ਼ਾਰੀ ਸੀ" ਦੁਨੀਆ ਦੇ ਹਰ ਦੇਸ਼ ਵਾਂਗ ਯੂਰਪ ਦੇ ਜ਼ਿਆਦਾਤਰ ਦੇਸ਼ਾਂ ਵਿਚ ਜਾਗੀਰਦਾਰੀ ਪ੍ਰਣਾਲੀ ਹੇਠ ਕਿਸਾਨ-ਮਜ਼ਦੂਰਾਂ ਦੀ ਦਾਸਤਾ ਦੀ ਪ੍ਰਥਾ ਸਦੀਆਂ ਤੱਕ ਚਲਦੀ ਰਹੀ ਹੈ" ਇੰਗਲੈਂਡ ਦੇ ਗਰੀਬ ਲੋਕਾਂ ਦੀ ਹਾਲਤ ਵੀ ਅਮਰੀਕਾ ਦੇ ਸਿਆਹਫਾਮ ਗੁਲਾਮਾਂ ਨਾਲੋਂ ਬਹੁਤੀ ਅਲੱਗ ਨਹੀਂ ਹੁੰਦੀ ਸੀ" ਉਨ੍ਹਾਂ ਨੂੰ ਗੁਜ਼ਾਰੇ ਜੋਗੀ ਜ਼ਮੀਨ ਅਤੇ ਕੁਝ ਕਰਜ਼ਾ ਦੇ ਕੇ ਸਦਾ ਲਈ ਬੰਧੂਆ ਮਜ਼ਦੂਰ ਬਣਾ ਲਿਆ ਜਾਂਦਾ ਸੀ" ਉਨ੍ਹਾਂ ਦੇ ਮਾਲਕ ਬੇਰਹਿਮੀ ਨਾਲ ਉਨ੍ਹਾਂ ਤੋਂ ਆਪਣੇ ਫਾਰਮਾਂ, ਖਾਣਾਂ, ਬਾਗਾਂ ਆਦਿ ਵਿਚ ਵਗਾਰ ਕਰਵਾਉਂਦੇ ਸਨ" ਉਨ੍ਹਾਂ ਦੇ ਕੋਈ ਅਧਿਕਾਰ ਨਹੀਂ ਸਨ" ਮਾਲਕ ਉਨ੍ਹਾਂ ਨੂੰ ਵੇਚ ਅਤੇ ਖਰੀਦ ਸਕਦੇ ਸਨ" ਉਹ ਆਪਣੀ ਮਰਜ਼ੀ ਨਾਲ ਨਾ ਤਾਂ ਮਾਲਕ ਬਦਲ ਸਕਦੇ ਸਨ ਅਤੇ ਨਾ ਵਿਆਹ ਕਰਵਾ ਸਕਦੇ ਸਨ"

ਇਸ ਬੰਧੂਆ ਗੁਲਾਮੀ ਵਿਰੁਧ 14ਵੀਂ ਸਦੀ ਵਿਚ ਸਿਰਲੱਥ ਯੋਧੇ ਵੈਟ ਟਾਈਲਰ (4 ਜਨਵਰੀ 1341-15 ਜੂਨ 1381) ਨੇ ਬਗਾਵਤ ਕਰਵਾ ਕੇ ਸ਼ਾਹੀ ਮਹਿਲਾਂ ਦੀਆਂ ਨੀਹਾਂ ਹਿਲਾ ਦਿੱਤੀਆਂ ਸਨ" ਇਹ ਬਗਾਵਤ ਜੌਹਨ ਵਾਲ ਨਾਂ ਦੇ ਅਗਾਂਹਵਧੂ ਸੋਚ ਵਾਲੇ ਪਾਦਰੀ ਦੀਆਂ ਸਿੱਖਿਆਵਾਂ ਅਤੇ ਇਸ ਨਾਅਰੇ ਤੋਂ ਪ੍ਰੇਰਿਤ ਸੀ: ਜਦੋਂ ਬਾਬਾ ਆਦਮ ਵਾਹੀ ਕਰਦਾ ਸੀ ਅਤੇ ਮਾਈ ਹੱਵਾ ਚਰਖਾ ਕਤਦੀ ਸੀ, ਉਦੋਂ ਇਹ ਭੱਦਰਪੁਰਸ਼ ਕਿੱਥੇ ਸਨ?" ਉਸ ਸਮੇਂ ਇੰਗਲੈਂਡ ਨੇ ਫਰਾਂਸ ਉਤੇ ਹਮਲਾ ਕੀਤਾ ਹੋਇਆ ਸੀ ਜਿਸ ਨਾਲ ਕਿਸਾਨ-ਮਜ਼ਦੂਰਾਂ ਨੂੰ ਕੋਈ ਲਾਭ ਨਹੀਂ ਹੋਣਾ ਸੀ" ਬਾਦਸ਼ਾਹ ਰਿਚਰਡ ਦੂਜੇ ਨੇ ਹਰ ਗਰੀਬ ਬਾਲਗ ਕਿਸਾਨ ਅਤੇ ਮਜ਼ਦੂਰ ਨਰ ਨਾਰੀ ਤੋਂ ਵੀ ਸਖਤੀ ਨਾਲ ਪ੍ਰਤੀ ਦਿਨ ਚਾਰ ਪੈਂਸ ਪੋਲ ਟੈਕਸ ਉਗਰਾਹੁਣਾ ਸ਼ੁਰੂ ਕਰ ਦਿੱਤਾ ਸੀ" ਉਸ ਸਮੇਂ ਕੈਂਟ ਦੇ ਇਲਾਕੇ ਵਿਚ ਪੈਦਾ ਹੋਇਆ ਇਕ ਕਿਸਾਨ, ਗਰੀਬਾਂ ਦਾ ਮਸੀਹਾ ਬਣ ਕੇ ਉਭਰਿਆ" ਉਸ ਨੇ ਕੁਝ ਸਾਲ ਫੌਜ ਵਿਚ ਨੌਕਰੀ ਕੀਤੀ ਸੀ ਅਤੇ ਫਿਰ ਲੁਹਾਰ ਦਾ ਕੰਮ ਕਰਨ ਲੱਗ ਪਿਆ ਸੀ" ਉਸ



ਗੁਲਾਮੀ ਖਿਲਾਫ ਜੂਝਣ ਵਾਲੇ ਵੈਟ ਟਾਈਲਰ ਦਾ ਚਿੱਤਰ।





ਵੈਟ ਟਾਈਲਰ ਬਾਰੇ ਲਿਖੇ ਨਾਵਲ ਦਾ ਮੁਖੜਾ।



ਨਾਵਲ 'ਨਾਓ ਇਜ਼ ਦਿ ਟਾਈਮ ਦਾ ਲਿਖਾਰੀ ਮੈਲਵਿਨ ਬਰੈਗ।

ਨੇ ਕਿਸਾਨ-ਮਜ਼ਦੂਰਾਂ ਦੀ ਲੁੱਟ ਅਤੇ ਅਧਿਕਾਰਾਂ ਬਾਰੇ ਗੁਪਤ ਤਰੀਕੇ ਨਾਲ ਇੰਗਲੈਂਡ ਦੇ ਕੋਨੇ ਕੋਨੇ ਵਿਚ ਜਾਣਕਾਰੀ ਫੈਲਾ ਦਿੱਤੀ" ਗਿਆਨ, ਪ੍ਰਚਾਰ ਅਤੇ ਮਜ਼ਬੂਤ ਸੰਗਠਨ ਹਰ ਅੰਦੋਲਨ ਦਾ ਆਧਾਰ ਹੁੰਦੇ ਹਨ" ਕਮਰਤੋੜ ਟੈਕਸਾਂ ਅਤੇ ਗੁਲਾਮੀ ਵਿਰੁੱਧ ਬਗਾਵਤ ਕਰਨ ਦਾ ਕਾਰਜ ਉਲੀਕ ਲਿਆ ਗਿਆ ਪਰ ਸ਼ਾਸਕ ਵਰਗ ਨੂੰ ਇਸ ਬਾਰੇ ਕੋਈ ਭਿਣਕ ਨਾ ਪੈਣ ਦਿੱਤੀ"

ਫਿਰ ਅਜਿਹਾ ਏਕਾ ਅਤੇ ਜੋਸ਼ ਪੈਦਾ ਹੋਇਆ ਕਿ ਸਾਰੇ ਦੇਸ਼ ਦੇ ਕਿਸਾਨ-ਮਜ਼ਦੂਰਾਂ ਨੇ 13 ਜੂਨ 1381 ਨੂੰ ਇਕੋ ਸਮੇਂ ਰਾਤ ਦੇ ਹਨੇਰੇ ਵਿਚ ਲੰਡਨ ਸ਼ਹਿਰ ਨੂੰ ਟਿੱਡੀ ਦਲ ਵਾਂਗ ਘੇਰ ਲਿਆ" ਨਾਅਰੇ ਲਾਉਂਦੇ ਹੋਏ ਹਥਿਆਰਬੰਦ ਯੋਧਿਆਂ ਨੇ ਕਿਲਾਬੰਦੀ ਤੋੜ ਕੇ ਸ਼ਹਿਰ ਵਿਚ ਊਧਮ ਮਚਾ ਦਿੱਤਾ" ਜੇਲ੍ਹਾਂ ਤੋੜ ਕੇ ਕੈਦੀ ਆਜ਼ਾਦ ਕਰਵਾ ਲਏ, ਸ਼ਾਹੀ ਘਰਾਣਿਆਂ ਨੂੰ ਲੁੱਟ ਲਿਆ ਅਤੇ ਵਿਰੋਧ ਕਰਨ ਵਾਲੇ ਮੌਤ ਦੇ ਘਾਟ ਉਤਾਰ ਦਿੱਤੇ" ਕਿਸਾਨ-ਮਜ਼ਦੂਰਾਂ ਵਿਰੁੱਧ ਕਰਜ਼ੇ ਅਤੇ ਹੋਰ ਮੁਕੱਦਮਿਆਂ ਦੇ ਸਾਰੇ ਰਿਕਾਰਡ ਅਗਨੀ ਭੇਟ ਕਰ ਦਿੱਤੇ"

14 ਜੂਨ ਨੂੰ ਬਾਦਸ਼ਾਹ ਮਹਿਲ ਤੋਂ ਬਾਹਰ ਆ ਕੇ ਬਾਗੀਆਂ ਸਾਹਮਣੇ ਪੇਸ਼ ਹੋਇਆ" ਉਨ੍ਹਾਂ ਦੀਆਂ ਮੰਗਾਂ ਬਾਰੇ 'ਹਮਦਰਦੀ ਨਾਲ ਗ਼ੌਰ ਕਰਨ' ਅਤੇ ਸਾਰੇ ਬਾਗੀਆਂ ਨੂੰ ਮੁਆਫੀ ਦੇਣ ਦੀ ਅਣਲਿਖਿਆ ਐਲਾਨ ਕਰ ਦਿੱਤਾ" ਬਹੁਤ ਸਾਰੇ ਭੋਲੇ ਲੋਕ ਇਸ ਚਾਲ ਵਿਚ ਆ ਗਏ ਅਤੇ ਆਪਣੇ ਘਰਾਂ ਨੂੰ ਪਰਤ ਗਏ" ਵੈਟ ਟਾਈਲਰ ਇਸ ਚਲਾਕੀ ਵਿਚ ਨਹੀਂ ਆਇਆ ਅਤੇ ਉਸ ਦੇ ਅਣਗਿਣਤ ਸਾਥੀ ਲਿਖਤੀ ਰੂਪ ਵਿਚ ਸਾਰੀਆਂ ਮੰਗਾਂ ਮੰਨਣ 'ਤੇ ਅੜੇ ਰਹੇ" ਐਲਾਨ ਕਰ ਦਿੱਤੀ ਗਿਆ ਕਿ ਬਾਦਸ਼ਾਹ ਅਤੇ ਹੋਰ ਉਚ ਅਧਿਕਾਰੀ ਬਾਗੀਆਂ ਨੂੰ ਅਗਲੇ ਦਿਨ ਸਮਿਥਫੀਲਡ ਦੇ ਮੈਦਾਨ ਵਿਚ ਮਿਲਣਗੇ"

15 ਜੂਨ 1381 ਦੀ ਉਹ ਮੀਟਿੰਗ ਕਿਸਾਨ-ਮਜ਼ਦੂਰ ਸੰਘਰਸ਼ ਦਾ ਸੁਨਹਿਰਾ ਬਾਬ ਬਣ ਗਈ" ਇਸ ਬਾਰੇ ਉਸੇ ਸਮੇਂ ਦੀ ਲਿਖਤ ਮੌਜੂਦ ਹੈ" ਬਾਗੀ ਆਰ-ਪਾਰ ਦੀ ਲੜਾਈ ਲਈ ਤਿਆਰ ਸਨ" ਵੈਟ ਟਾਈਲਰ ਨੇ ਬਾਗੀਆਂ ਦੀਆਂ ਮੰਗਾਂ ਦੱਸੀਆਂ" ਇਨ੍ਹਾਂ ਆਰਥਿਕ ਅਤੇ ਸਮਾਜਿਕ ਮੰਗਾਂ ਵਿਚ ਪੋਲ ਟੈਕਸ ਖਤਮ ਕਰਨਾ, ਬੰਧੂਆ ਮਜ਼ਦੂਰਾਂ ਵਾਲੀ ਦਾਸਤਾ ਅਤੇ ਵਗਾਰ ਖਤਮ ਕਰ ਕੇ ਹਰ ਕਿਸਾਨ-ਮਜ਼ਦੂਰ ਨੂੰ ਕਿਸੇ ਵੀ ਜਾਗੀਰਦਾਰ ਕੋਲ ਕੰਮ ਕਰਨ ਦੀ ਖੁੱਲ੍ਹ ਦੇਣਾ ਅਤੇ ਕਠੋਰ ਸਮਾਜਕ ਹੱਦਬੰਦੀ ਖਤਮ ਕਰਨਾ ਮੁੱਖ ਸਨ" ਸ਼ਾਹੀ ਘਰਾਣਿਆਂ, ਜਾਗੀਰਦਾਰਾਂ ਅਤੇ ਧਾਰਮਿਕ ਸੰਸਥਾਵਾਂ ਨੇ ਇਨ੍ਹਾਂ ਮੰਗਾਂ ਦਾ ਵਿਰੋਧ ਕੀਤਾ" 14 ਸਾਲ ਦਾ ਬਾਦਸ਼ਾਹ ਇਨ੍ਹਾਂ ਲੋਕਾਂ ਦੇ ਇਸ਼ਾਰਿਆਂ 'ਤੇ ਚਲਦਾ ਸੀ" ਉਸ ਨੇ ਫਿਰ ਉਹੀ ਟਾਲਮਟੋਲ ਵਾਲੀ ਨੀਤੀ ਰਾਹੀਂ ਸਿਰਫ ਜ਼ੁਬਾਨੀ ਕਿਹਾ ਕਿ ਹਾਲਾਤ ਅਨੁਸਾਰ ਉਹ ਜੋ ਵੀ ਕਰ ਸਕਦਾ ਹੈ, ਜ਼ਰੂਰ ਕਰੇਗਾ" ਵੈਟ ਟਾਈਲਰ ਨੇ ਸਾਰੀਆਂ ਮੰਗਾਂ ਮੰਨਣ ਅਤੇ ਬਾਗੀਆਂ ਨੂੰ ਆਮ ਮੁਆਫੀ ਦੇਣ ਬਾਰੇ ਲਿਖਤੀ ਐਲਾਨ ਮੰਗਿਆ ਜੋ ਠੁਕਰਾ ਦਿੱਤੀ ਗਿਆ" ਵੈਟ ਟਾਈਲਰ ਨੇ ਪਾਣੀ ਪੀ ਕੇ ਕੁਰਲੀ ਦੀ ਪਿਚਕਾਰੀ ਮਾਰੀ ਜਿਸ ਦੇ ਕੁਝ ਛਿੱਟੇ ਬਾਦਸ਼ਾਹ ਤੇ ਵੀ ਪੈ ਗਏ" ਗਰਮਾ-ਗਰਮੀ ਹੋ ਗਈ" ਨਿਊਟਨ ਨਾਂ ਦੇ ਇਕ ਮੁਲਾਜ਼ਮ ਨੇ ਟਾਈਲਰ ਨੂੰ 'ਕੈਂਟ ਦਾ ਸਭ ਤੋਂ ਵੱਡਾ ਚੋਰ ਅਤੇ ਲੁਟੇਰਾ' ਕਹਿ ਦਿੱਤਾ" ਟਾਈਲਰ ਨੇ ਉਸ ਤੇ ਵਾਰ ਕੀਤਾ ਜੋ ਲੰਡਨ ਦੇ ਮੇਅਰ ਵਿਲੀਅਮ ਵਾਲਵਰਥ ਨੇ ਰੋਕ ਕੇ ਉਸ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ" ਟਾਈਲਰ ਨੇ ਮੇਅਰ 'ਤੇ ਛੁਰਾ ਚਲਾਇਆ ਪਰ ਉਹ ਕਵਚ ਕਾਰਨ ਬਚ ਗਿਆ" ਮੇਅਰ ਦੇ ਮੋੜਵੇਂ ਹਮਲੇ ਨਾਲ ਟਾਈਲਰ ਦੀ ਧੌਣ ਤੇ ਗੰਭੀਰ ਜ਼ਖਮ ਹੋ ਗਿਆ" ਉਸ ਦੇ ਸਾਥੀ ਉਸ ਨੂੰ ਇਕ ਪੇਂਡੂ ਹਸਪਤਾਲ ਲੈ ਗਏ ਪਰ ਮੇਅਰ ਨੇ ਪਿੱਛਾ ਕਰ ਕੇ ਉਸ ਨੂੰ ਵਾਪਸ ਸਮਿਥਫੀਲਡ ਲੈ ਆਂਦਾ ਅਤੇ ਉਸ ਦਾ ਸਿਰ ਕਲਮ ਕਰ ਦਿੱਤਾ" ਸ਼ਾਹੀ ਫੌਜ ਅਤੇ ਬਾਗੀਆਂ ਵਿਚਕਾਰ ਲੜਾਈ ਸ਼ੁਰੂ ਹੋ ਗਈ" ਅੰਤ ਵਿਚ ਸ਼ਾਹੀ ਫੌਜ ਹਾਵੀ ਹੋ ਗਈ, ਬਾਗੀਆਂ ਦਾ ਕਤਲੇਆਮ ਹੋ ਗਿਆ ਅਤੇ ਬਗਾਵਤ ਦਬ ਗਈ" ਟਾਈਲਰ ਦਾ ਸਿਰ ਨੇਜ਼ੇ ਤੇ ਟੰਗ ਕੇ ਸਾਰੇ ਸ਼ਹਿਰ ਵਿਚ ਘੁਮਾਇਆ ਗਿਆ ਅਤੇ ਫਿਰ ਲੰਡਨ ਬਰਿੱਜ ਤੇ ਲਟਕਾ ਦਿੱਤਾ ਗਿਆ" ਪਹਿਲਾਂ ਮੰਨੀਆਂ ਹੋਈਆਂ ਮੰਗਾਂ ਲਾਗੂ ਨਾ ਕੀਤੀਆਂ ਗਈਆਂ"

ਦਲੇਰੀ, ਅਣਖ ਅਤੇ ਹੱਕ ਇਨਸਾਫ ਦਾ ਕੋਈ ਸੰਘਰਸ਼ ਕਦੇ ਵਿਅਰਥ ਨਹੀਂ ਜਾਂਦਾ" ਵੈਟ ਟਾਈਲਰ ਦਾ ਨਾਂ ਅਤੇ ਸੰਘਰਸ਼ ਇੰਗਲੈਂਡ ਦੇ ਲੋਕਾਂ ਨੂੰ ਹੁਣ ਵੀ ਯਾਦ ਹੈ" ਅਨੇਕ ਲੋਕ ਗੀਤਾਂ, ਕਵਿਤਾਵਾਂ, ਨਾਵਲਾਂ, ਨਾਟਕਾਂ, ਤਸਵੀਰਾਂ ਅਤੇ ਫਿਲਮਾਂ ਵਿਚ ਉਸ ਦੀ ਸੋਚ ਜ਼ਿੰਦਾ ਹੈ" ਕਈ ਸੜਕਾਂ ਅਤੇ ਪਾਰਕ ਉਸ ਦੇ ਨਾਂ 'ਤੇ ਹਨ" ਡਿਕਨਜ਼ ਅਤੇ ਅਮਰੀਕੀ ਨਾਵਲਿਸਟ ਮਾਰਕ ਟਵੇਨ ਦੇ ਨਾਵਲਾਂ ਵਿਚ ਉਸ ਦਾ ਜ਼ਿਕਰ ਮਿਲਦਾ ਹੈ" ਮਸ਼ਹੂਰ ਕਵੀ ਰੌਬਰਟ ਸਾਊਦੀ ਨੇ ਉਸ ਬਾਰੇ ਕਵਿਤਾ ਲਿਖੀ ਹੈ" 2015 ਵਿਚ ਛਪੇ ਮੈਲਵਿਨ ਬਰੈਗ ਦੇ ਨਾਵਲ 'ਨਾਓ ਇਜ਼ ਦਿ ਟਾਈਮ' ਵਿਚ ਵੈਟ ਟਾਈਲਰ ਮੁੱਖ ਪਾਤਰ ਹੈ"

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਜਨਵਰੀ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-462



**ਸ਼ੁਕਰ ਗੁਜ਼ਾਰੀਏ ਓਹਦਾ ਜੀ, ਦਿੱਤਾ ਰਿਜ਼ਕ ਜਿਨ੍ਹੇ ਸਭ ਜੀਆਂ ਨੂੰ।**
**ਕਿਉਂ ਰੁਲੇ ਸੜਕਾਂ 'ਤੇ ਜੋ ਪਾਲੇ ਫਸਲਾਂ ਵੀ, ਜਿਉਂ ਪੁੱਤਾਂ-ਧੀਆਂ ਨੂੰ।**

### ਕੈਪਸ਼ਨ ਮੁਕਾਬਲਾ-460



ਕਿਰਤੀ ਸੰਘਰਸ਼ ਜਦੋਂ ਛੇੜਦੇ
ਰਹੇ ਧਰਮ ਦਾ ਨਾ ਕੋਈ ਸਥਾਨ।
ਨ ਕੋਈ ਹਿੰਦੂ ਨ ਮੁਸਲਮਾਨ
ਸਿਰਫ ਲੜਦਾ ਹੈ ਇਨਸਾਨ।
ਭਾਵੇਂ ਅੰਨਦਾਤਾ ਅੱਜ ਦੇਸ਼ ਦਾ
ਤੱਕਿਆ ਸੜਕਾਂ 'ਤੇ ਪ੍ਰੇਸ਼ਾਨ।
ਪਰ ਤਸਵੀਰ ਹੈ ਮੂੰਹੋਂ ਬੋਲਦੀ
ਇੱਥੇ ਵਸਦਾ ਖੁਦ ਭਗਵਾਨ ।
*-ਸੇਵਾ ਸਿੰਘ ਨੂਰਪੁਰੀ*

---

ਧਰਮ, ਜਾਤ, ਤੇਰ, ਮੇਰ ਭੁੱਲੇ,
ਲੋਹ, ਲੰਗਰ ਇੱਕ ਥਾਂ ਚਲਾਉਣ ਲੱਗੇ।
ਸਬੱਬੀਂ ਦਿਲ ਫਰੋਲਣ ਦਾ ਢੋਅ ਬਣਿਆ,
ਲੁੱਟ, ਕੁੱਟ ਦੇ ਕਿੱਸੇ ਸੁਣਾਉਣ ਲੱਗੇ।
ਕਿਰਤੀ ਅਤੇ ਕਿਸਾਨ ਦਾ
ਭਵਿੱਖ ਬਚਾਉਣ ਖਾਤਰ,
ਤਜਵੀਜ਼ਾਂ ਰਲ-ਮਿਲ ਸਭ ਬਣਾਉਣ ਲੱਗੇ।
*-ਦਵਿੰਦਰ ਕੌਰ*

---

ਮਸੀਬਤਾਂ ਜੇ ਆਉਂਦੀਆਂ ਨੇ
ਸਾਂਝੀਵਾਲਤਾ ਦਾ ਇਤਿਹਾਸ
ਵੀ ਇਹ ਰਚਾਉਂਦੀਆਂ ਨੇ।
ਕੁਝ ਤਾਕਤਾਂ ਲੱਗੀਆਂ ਦੇਸ਼ ਨੂੰ ਵੰਡਣ,
ਸੰਘਰਸ਼ੀ ਤਾਕਤਾਂ ਫਿਰ
ਏਕਾ ਵਿਖਾਉਂਦੀਆਂ ਨੇ।
ਹੱਕ, ਸੱਚ ਦੀ ਸੋਚ ਨੇ
ਕਿਸਾਨ ਲਾਮਬੰਦ ਕੀਤੇ,
ਸਿਆਸਤਦਾਨ ਕੁਫਰ ਤੋਲਣ ਲੱਗੇ।

ਜਿੰਨੀ ਸੰਘਰਸ਼ ਦੀ ਧਾਰ ਪ੍ਰਚੰਡ ਹੋਣ ਲੱਗੀ,
ਉਨੇ ਹੀ ਹਾਕਮਾਂ ਦੇ ਦਿਲ ਡੋਲਣ ਲੱਗੇ।
*-ਅਮਰਜੀਤ ਸਿੰਘ ਤੂਰ*
*ਫੋਨ: 91-98784-69639*

---

ਹੋਵਣ ਜੇਕਰ ਸਰਕਾਰਾਂ ਚੰਗੀਆਂ
ਕਦੇ ਨਹੀਂ ਹੁੰਦੀ ਨਾਅਰੇਬਾਜ਼ੀ।
ਕਿਸਾਨ ਏਕਤਾ ਨੇ ਇਕੱਠੇ ਕਰ'ਤੇ
ਸਿੱਖ, ਹਿੰਦੂ ਅਤੇ ਕਾਜ਼ੀ।
ਨਾ ਜਾਤ-ਪਾਤ ਦੀ ਕੋਈ ਗੱਲ,
ਜਿੱਥੇ ਹੋਵੇ ਆਪਣਾ ਏਕਾ
ਫਿਰ ਮਿਲ ਜਾਂਦਾ ਹਰ ਮਸਲੇ ਦਾ ਹੱਲ।
ਜਾਤ-ਪਾਤ ਦੀਆਂ ਪਾਈਆਂ ਵੰਡੀਆਂ
ਲੈਣ ਖਾਤਰ ਵੋਟਾਂ।
ਹੁਣ ਹਾਰ ਜਾਣਗੇ ਬਾਜ਼ੀ
ਨੀਅਤਾਂ ਵਿਚ ਜਿਨ੍ਹਾਂ ਦੇ ਖੋਟਾਂ।
ਕਿਸਾਨ ਏਕਤਾ ਨੇ ਲਾਹ ਦਿੱਤਾ
ਜਾਤ-ਪਾਤ ਦਾ ਬਾਣਾ,
ਹਿੰਦੂ, ਸਿੱਖ ਤੇ ਮੁਸਲਮਾਨ
ਬਣਾਉਂਦੇ ਇਕੱਠੇ ਹੋ ਕੇ ਖਾਣਾ।
ਭਾਰਤ ਮੇਰਾ ਫਿਰ ਕਰੇਗਾ ਤਰੱਕੀ
ਜੇ ਹਰ ਕੋਈ ਮੰਨੇ ਰੱਬ ਦਾ ਭਾਣਾ।
ਫਿਰ ਤੋਂ ਸਾਰੇ ਬਣ ਜਾਈਏ ਚੰਗੇ ਇਨਸਾਨ
ਰਲ-ਮਿਲ ਲਾਈਏ ਆਪਾਂ
ਨਾਅਰਾ 'ਜੈ ਜਵਾਨ, ਜੈ ਕਿਸਾਨ।'
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-640-6660*

---

ਸਾਂਝਾ ਮੁੱਦਾ, ਸਾਂਝਾ ਸੰਘਰਸ਼
ਇਕੋ ਮੰਚ 'ਤੇ ਇਕੱਠੇ ਹੋਏ ਸਾਰੇ ਕਿਸਾਨ
ਜਾਤ ਨਹੀਂ ਜਮਾਤ ਹੈ ਇਕੱਠਤਾ ਦਾ ਮਾਰਗ
ਸਾਂਝੀਆਂ ਤੌਣਾਂ ਇਕੋ ਚੁੱਲ੍ਹਾ ਰੜ੍ਹਦੀਆਂ ਰੋਟੀਆਂ
ਬੈਠ ਭੁੰਜੇ ਰਲ-ਮਿਲ ਸਭ ਖਾਂਦੇ
ਕੋਈ ਜਾਤ ਨਹੀਂ, ਕੋਈ ਧਰਮ ਨਹੀਂ
ਭੁਲਾ ਦਿੱਤੇ ਸਭ ਕਾਣੀਆਂ ਵੰਡਾਂ ਦੇ ਕਜੀਏ
ਸਰਕਾਰ ਨੂੰ ਵਕਤ ਪਿਆ ਹੋਇਆ
ਦੇਖ ਲੋਕਾਂ ਨੂੰ ਗਹਿਗੱਚ ਹੋਇਆ।
*-ਦਰਸ਼ਨਪਾਲ ਦੋਸਾਂਝ*

# ਮੌਜੂਦਾ ਕਿਸਾਨ ਲਹਿਰ ਨੂੰ ਸਮਰਪਿਤ




## ਟੱਕਰ: ਦਿੱਲੀ ਦੀਏ ਸਰਕਾਰੇ

ਸੁਣ ਦਿੱਲੀ ਦੀਏ ਸਰਕਾਰੇ
ਤੇਰੇ ਸਾਡੇ ਵੈਰ ਕਰਾਰੇ
ਯੁਗੋਂ ਲੰਬੇ ਪਹਾੜੋਂ ਭਾਰੇ
ਕਚੀਆਂ ਗੜ੍ਹੀਆਂ ਮਹਿਲ ਮੁਨਾਰੇ
ਹਰ ਦਮ ਭਿੜਦੇ ਰਹਿਣੇ ਨੀ,
ਸੀਸ ਅਸਾਡੇ ਦਿੱਲੀ ਦੇ ਸੰਗ
ਮੁੜ ਮੁੜ ਖਹਿਣੇ ਨੀ।
ਵੈਰਨੇ! ਸੀਸ ਅਸਾਂ ਦੇ ਜ਼ੁਲਮਾਂ ਦੇ ਸੰਗ
ਮੁੜ ਮੁੜ ਖਹਿਣੇ ਨੀ।

ਸਾਡਾ ਤੇਗ ਬਹਾਦਰ ਸੂਰਾ
ਕਹਿਣੀ ਕਰਨੀ ਦਾ ਉਹ ਪੂਰਾ
ਹੂੰਝਣ ਲਈ ਦਹਿਸ਼ਤ ਦਾ ਕੂੜ੍ਹਾ
ਤੋੜਨ ਲਈ ਗੁਲਾਮੀ ਜੂਲਾ
ਦਿੱਲੀ ਸੀਸ ਕਟਾਇਆ ਸੀ,
ਹਿਕ ਤੇਰੀ 'ਤੇ ਆਣ ਸ਼ਹੀਦੀ
ਬੂਟਾ ਲਾਇਆ ਸੀ।
ਵੈਰਨੇ! ਹਿਕ ਤੇਰੀ 'ਤੇ ਆਣ ਸ਼ਹੀਦੀ
ਬੂਟਾ ਲਾਇਆ ਸੀ।

ਸਾਡਾ ਗੋਬਿੰਦ ਰਣ ਵਿਚ ਗੜਕੇ
ਆਇਆਂ ਸੀਸ ਤਲੀ 'ਤੇ ਧਰਕੇ
ਮਿਟੀ ਜਾਤ ਸਭ ਮਾਨਸ ਕਰ'ਤੇ
ਸਾਰੀ ਮਿਹਨਤ 'ਕੱਠੀ ਕਰਕੇ
ਮੁਕਤੀ ਘੋਲ ਰਚਾਇਆ ਸੀ,
ਕਚੀ ਗੜ੍ਹੀ ਨੇ ਲਾਲ ਕਿਲੇ ਨੂੰ
ਕਾਂਬਾ ਲਾਇਆ ਸੀ।
ਵੈਰਨੇ! ਤੇਗਾਂ ਵਿਚੋਂ ਜੰਮਿਆ
ਘੋਲਾਂ ਵਿਚ ਸਮਾਇਆ ਸੀ।

ਸਾਡਾ ਸੰਤ ਬਹਾਦਰ ਬੰਦਾ
ਸੁਟੀ ਮਾਲਾ ਫੜ੍ਹਿਆ ਖੰਡਾ
ਚੁਕਿਆ ਲੋਕ-ਯੁਧ ਦਾ ਝੰਡਾ
ਕਰਨਾ ਜ਼ਬਰ ਦਾ ਖੰਡਨ-ਮੰਡਾ
ਇੱਟ ਨਾਲ ਇੱਟ ਖੜ੍ਹਕਾਈ ਸੀ,
ਹਲ-ਵਾਹਕਾਂ ਦੀ ਜਮੀਂ ਉਨ੍ਹਾਂ ਦੇ
ਨਾਮ ਲੁਆਈ ਸੀ।
ਵੈਰਨੇ! ਹੱਕਾਂ ਦੇ ਲਈ ਜੂਝ ਮਰਨ ਦੀ
ਜਾਚ ਸਿਖਾਈ ਸੀ।

ਭਗਤ ਸਿੰਘ ਨੇ ਭੜਥੂ ਪਾ'ਤੇ
ਸੁਟਿਆਂ ਬੰਬ ਅਸੈਂਬਲੀ ਜਾ ਕੇ
ਸਾਰੀ ਸੁਤੀ ਕੌਮ ਜਗਾ ਕੇ
ਰੱਸਾ ਫਾਂਸੀ ਦਾ ਗਲ ਪਾ ਕੇ
ਮੌਤ ਨੂੰ ਗਲੇ ਲਗਾਇਆ ਸੀ,
ਇਨਕਲਾਬ ਦੇ ਨਾਹਰੇ
ਹਿੰਦੋਸਤਾਨ ਗੂੰਜਾਇਆ ਸੀ।
ਵੈਰਨੇ! ਰਾਜਗੁਰੂ ਸੁਖਦੇਵ ਨੇ ਪੂਰਾ
ਸਾਥ ਨਿਭਾਇਆ ਸੀ।

ਜਿੱਥੇ ਲਹੂ ਲੋਕਾਂ ਦਾ ਡੁੱਲ੍ਹਦਾ
ਉਥੇ ਹੱਕ ਦਾ ਝੱਖੜ ਝੁੱਲਦਾ
ਬੇਗਮ ਤੋਂ ਬਦਲਾ ਲੈਣ ਦਾ ਭੁੱਲਦਾ
ਰੰਗ ਦਾ ਗੋਲਾ ਸਿੰਘਾਂ ਦਾ,
ਔਰੰਗੇ ਦੀ ਹੋਲੀ
ਮਗਰੇ ਹੋਲਾ ਸਿੰਘਾਂ ਦਾ,
ਸਾਥੀਓ! ਔਰੰਗੇ ਦੀ ਹੋਲੀ
ਮਗਰੇ ਹੋਲਾ ਲੋਕਾਂ ਦਾ।

ਅੱਜ ਫਿਰ ਬੱਬਰ ਗਦਰੀ ਬਾਬੇ
ਉਠੇ ਊਧਮ ਭਗਤ ਸਰਾਭੇ
ਪਿਆਲੇ ਸਬਰਾਂ ਦੇ ਉਲਟਾ ਕੇ
ਹੁਣ ਕਿਰਸਾਨ ਤੇ ਕਿਰਤੀ ਜਾਗੇ
ਭੰਨ ਕੇ ਦੰਦਲ ਵਰ੍ਹਿਆਂ ਦੀ,
ਸਾਡੀ ਸਟ ਝੱਲੀਂ ਜਾਣੀ ਹੋਣੀ
ਬਣ ਬਣ ਵਰ੍ਹਿਆਂ ਦੀ।
ਨੀ ਤੈਥੋਂ! ਸਟ ਝਲੀਂ ਹੀਂ ਜਾਣੀ ਹੋਣੀ
ਬਣ ਬਣ ਵਰ੍ਹਿਆਂ ਦੀ।

ਖੇਤੀ ਫਸਲਾਂ ਜਿਨਸਾਂ ਜਿਥੇ
ਮੰਡੀ-ਜਾਲ ਵਿਛਾਏ ਉਥੇ
ਜਿਨਸਾਂ ਜਮਾਂ ਬਲੈਕੀਂ ਸੁਟੇ
ਥਲੇ ਡੇਗੇ ਭਾਅ ਫਿਰ ਚੁਕੇ
ਉਹ ਮਸ਼ੀਨ ਬਣਾਈ ਹੈ,
ਕਿਸਾਨੀ ਹੱਕਾਂ ਦੀ ਜਿਹੜੀ
ਕਰਦੀ ਕੁਤਰਾਈ ਹੈ,
ਵੈਰਨੇ! ਉਸ ਉਪਰ ਕਾਨੂੰਨ ਵਾਲੀ ਤੂੰ
ਮੋਹਰ ਲਗਾਈ ਹੈ।

ਪੂੰਜੀਪਤੀ ਵਪਾਰੀ ਧਾਏ
ਤੇਰੇ ਸੰਗ ਗਠਜੋੜ ਬਣਾਏ,
ਖੇਤੀ ਬੰਨ ਮੰਡੀ ਦੇ ਕੀਲੇ
ਇਹ ਸਭ ਹੁੰਦੇ ਪਏ ਨੇ ਹੀਲੇ
ਸਾਡੇ ਖੇਤ ਚੁਰਾਵਣ ਦੇ,
ਦਿਨ-ਦੀਵੀਂ ਕਿਰਸਾਨ ਘਰਾਂ ਵਿਚ
ਸੰਨ੍ਹਾਂ ਲਾਵਣ ਦੇ,
ਵੈਰਨੇ! ਭੱਠੀ ਪੈਣ ਕਾਨੂੰਨ ਇਹ
ਅੰਨ੍ਹੀ ਲੁਟ ਮਚਾਵਣ ਦੇ।

ਚਰਸੋਂ ਹਲ਼ਟਾਂ ਤਕ ਲੰਮੇਰੇ
ਹਲ਼ਟੋਂ ਮੋਟਰ ਪੰਧ ਨਿਬੇੜੇ
ਅਸਾਂ ਨੇ ਯੁਗ ਬਥੇਰੇ ਗੇੜੇ
ਸੋ ਇਸ ਮਸਲੇ ਲੁਟ ਨੇ ਛੇੜੇ
ਨਾ ਕਿ ਯੁਗ ਬਦਲਾਈ ਨੇ,
ਤੂੰ ਕੀ ਯੁਗ ਬਦਲਣੇ ਪੱਥਰ
ਸੋਚ ਦੀ ਜਾਈ ਨੇ,
ਤੂੰ, ਅੱਜ ਦੇ ਉਪਰ ਪੈਂਦੀ ਮੁਗਲਾਂ
ਦੀ ਪਰਛਾਈ ਨੇ।

ਨਿਰੇ ਨਾ ਉਜੜ ਜਾਣ ਦੇ ਖਤਰੇ
ਇਹ ਨਹੀਂ ਬੇਕਦਰੀ ਦੇ ਮਸਲੇ
ਨਾ ਪੈਗੰਬਰ ਪੀਰ ਦੇ ਰਫੜੇ
ਏਦਾਂ ਕਰ ਨਾ ਕਵੀਆ ਹੋਊ-ਪਰ੍ਹੇ
ਇਹ ਤਾਂ ਅੱਜ ਦਾ ਸੱਚ ਜੋ ਪਕੜੇ
ਸਿੱਧਾ ਮਸਲਾ ਹੱਕਾਂ ਦਾ,
ਕਿਰਤ ਦੀ ਲੁਟ ਵਿਰੁਧ ਮਨੁੱਖ ਦੇ
ਖਾਧੇ ਫੱਟਾਂ ਦਾ।
ਵੈਰਨੇ! ਇਸ ਸੰਘਰਸ਼ ਹੈ ਸਾਂਝਾ,
ਨਿਰਾ ਨਹੀਂ ਜਾਟ ਤੇ ਜੱਟਾਂ ਦਾ।

ਅਸੀਂ ਹਉਕਿਆਂ ਵਿਚੋਂ ਜੰਮੇ
ਕਿਹੜਾ ਸਾਡਾ ਝੱਖੜ ਥੰਮੇ
ਅਸੀਂ ਰੰਘੜ ਖਾਂ ਕਈ ਭੰਨੇ
ਛਿੜਿਆ ਕਾਰਜ ਲਾਈਏ ਬੰਨੇ
ਹਾਂ ਸੰਤਾਨ ਸ਼ਹੀਦਾਂ ਦੀ।
ਹੱਕ-ਸੱਚ ਵਾਲਾ ਝੰਡਾ ਹੀ
ਜਿੰਦ ਜਾਨ ਸ਼ਹੀਦਾਂ ਦੀ,
ਲੋਕੋ! ਭਲਕ ਦਾ ਸੂਰਜ ਹੁੰਦਾ
ਸੱਚੀ ਆਨ ਸ਼ਹੀਦਾਂ ਦੀ।

ਅੰਧ-ਵਿਸ਼ਵਾਸ ਡੂੰਘਾ ਦਫਨਾ ਕੇ
ਵਿਗਿਆਨ ਤਰਕ ਦੀ ਜੋਤ ਜਗਾ ਕੇ
ਅੱਜ ਨੂੰ ਭਲਕ ਨਾਲ ਪਰਨਾ ਕੇ
ਮੋਰੀ ਦਿਸਹੱਦਿਆਂ ਵਿਚ ਪਾ ਕੇ
ਅੱਗੇ ਨੂੰ ਕਦਮ ਵਧਾਉਣੇ ਨੇ,
ਅੱਜ ਦੇ ਮਸਲੇ, ਅੱਜ ਦੀ ਲੋਏ
ਹੀ ਸੁਲਝਾਉਣੇ ਨੇ।
'ਪਾਲ' ਹੁਣ,
ਇੰਜ ਹੀ ਚਲਦਿਆਂ, ਆਪਾਂ ਲੋਟੂ
ਯੁਗ ਪਲਟਾਉਣੇ ਨੇ।

***-ਡਾ. ਸੁਖਪਾਲ ਸੰਘੇੜਾ***
*dr.sukhpal.sangher@gmail.com*

***(ਨੋਟ: ਇਸ ਗੀਤ ਵਿਚ 'ਸਿੰਘ' ਤੋਂ ਭਾਵ ਹੈ ਕੋਈ ਬੰਦਾ, ਜੋ ਹੱਕਾਂ ਲਈ ਤੇ ਜ਼ੁਲਮ ਵਿਰੁੱਧ ਲੜੇ।)***

----

## ਸੰਘਰਸ਼

ਜਿਹੜੀ ਹੰਝੂਆਂ ਵਾਲੀ ਨੇ,
ਕਦੇ ਰੋਂਦਿਆਂ ਫੜੀ ਸੀ ਵਾਗ।
ਮੋਢਾ ਜੋੜ ਦਿੱਲੀ ਵਲ ਤੁਰ ਪਈ,
ਜਦੋਂ ਪਈ ਹੁਣ ਜਾਗ।
ਲੋਕ ਲਹਿਰਾਂ ਵਿਚ ਰੜ੍ਹਨ ਨਾਲ
ਹੋ ਗਈ ਏਨੀ ਮਜ਼ਬੂਤ,
ਆਵੇ ਨਾ ਭੁਚਲਾਵੇ ਵਿਚ
ਭਾਵੇਂ ਹਾਕਮ ਡਾਢਾ ਘਾਗ।
ਕਾਰਪੋਰੇਟਾਂ ਸੰਗ ਪਾਲੀ ਯਾਰੀ
ਘੜ ਲਏ ਨਵੇਂ ਕਾਨੂੰਨ,
ਕਿਰਸਾਣੀ ਦੇ ਭਲੇ ਦਾ ਹਾਕਮ
ਗਾਵੇ ਝੂਠਾ ਰਾਗ।

ਮੌਤ ਦਾ ਭੈਅ ਵਿਸਾਰ ਕੇ ਪੈ ਗਏ,
ਜੋ ਮੰਜ਼ਲ ਦੇ ਰਾਹ।
ਕਿਵੇਂ ਡਰਾਵੇ ਉਨ੍ਹਾਂ ਨੂੰ ਹੁਣ,
ਕਰੋਨਾ ਦੀ ਲਾਗ।
ਟੱਬਰਾਂ ਦੇ ਟੱਬਰ ਜਦ ਤੁਰ ਪਏ
ਆਖ ਕੇ ਆਖਰੀ ਜੰਗ,
ਜਿੱਤ ਕੇ ਹੀ ਘਰ ਮੁੜਨਗੇ ਹੁਣ ਤਾਂ
ਰਾਤਾਂ ਰਹੇ ਜੋ ਝਾਗ।
ਇਕ ਨਿਸ਼ਾਨੇ ਉੱਪਰ ਹੀ ਹੁਣ
ਰਲ ਕੇ ਮਾਰੀਏ ਸੱਟ,
'ਬੀਸਲਿਆ' ਆਪਣੀ ਤੂਤੀ 'ਚੋਂ
ਨਾ ਵੱਖਰਾ ਕੱਢੀਏ ਰਾਗ।

***-ਹਰਿੰਦਰ ਸਿੰਘ ਬੀਸਲਾ***
***ਫੋਨ: 562-726-7674***

## ਦਿੱਲੀ ਤੇ ਪੰਜਾਬ

ਦਿੱਲੀ ਫਿਰ ਪੰਜਾਬ ਉਤੇ ਚੜ੍ਹਨ ਲੱਗੀ
ਮੂਹਰੇ ਖੜ੍ਹ ਜਾਉ ਬੰਨ ਕਤਾਰ ਸਿੰਘੋ।
ਅਤਿਵਾਦੀ ਤੇ ਕਦੇ ਵੱਖਵਾਦੀ ਕਹਿ ਕੇ
ਦਿੱਲੀ ਪੰਜਾਬ ਨੂੰ ਰਹੀ ਵੰਗਾਰ ਸਿੰਘੋ।
ਜਿਸ ਜੰਞੂ ਲਈ ਤੇਗ ਨੇ ਤੇਗ ਝੱਲੀ
ਜੰਞੂ ਤੇਗ ਨੂੰ ਰਿਹਾ ਲਲਕਾਰ ਸਿੰਘੋ।
ਇਸ ਲਲਕਾਰ ਨੂੰ ਲੇਲੜੀ ਵਿਚ ਬਦਲੋ
ਬਣ ਕੇ ਸੋਚਾਂ ਦੀ ਤਿੱਖੜੀ ਧਾਰ ਸਿੰਘੋ।
ਆਪਣੇ ਹੱਕਾਂ ਲਈ ਲੜਨਾ ਹੱਕ ਸਾਡਾ
ਹੱਕ ਨਾਂ ਲੈਣਾ ਹੁੰਦਾ ਧਿਰਕਾਰ ਸਿੰਘੋ।
ਫਤਵੇ ਦਿੱਲੀ ਤੋਂ ਪੰਜਾਬ ਲਈ ਨਵੇਂ ਨਈਂ ਨੇ
ਫਤਵੇ ਦੇ ਚੁੱਕੀ ਪਹਿਲਾਂ ਕਈ ਵਾਰ ਸਿੰਘੋ।
ਫਤਵੇ ਸਾਡੇ ਲਈ ਵਿਆਹ ਦੇ ਕਾਰਡ ਵਾਂਗੂ
ਜਾਂਞੀ ਬਣਨ ਲਈ ਹੋ ਜਾਉ ਤਿਆਰ ਸਿੰਘੋ।
ਸਾਰਾ ਗੜ੍ਹੀ ਤੇ ਚਮਕੌਰ ਘਰ ਬਾਰ ਸਾਡੇ
ਗੋਬਿੰਦ ਸਿੰਘ ਜੀ ਦਾ ਪੰਜਾਬ ਪਰਿਵਾਰ ਸਿੰਘੋ।
ਦਿੱਲੀ ਪਾਣੀ ਦਾ ਘੁੱਟ ਨਾ ਦੇਣ ਜੋਗੀ
ਸਭ ਲਈ ਖੁੱਲ੍ਹੇ ਨੇ ਸਾਡੇ ਭੰਡਾਰ ਸਿੰਘੋ।
ਹੋਵੇ ਭਲਾ ਸਭਨਾਂ ਦਾ ਹਨ ਬੋਲ ਸਾਡੇ
ਜਿੱਤ ਪਾਉਣੀ ਕਹਿ ਸਤਿ ਕਰਤਾਰ ਸਿੰਘੋ।
ਜ਼ਾਬਤੇ ਵਿਚ ਰਹਿ ਸਘਰਸ਼ ਸਿਰੇ ਲਾਵੋ
ਮੌਕੇ ਖੁੰਝੇ ਨਈਂ ਮਿਲਦੇ ਵਾਰ ਵਾਰ ਸਿੰਘੋ।
ਚਰਖੇ ਵਾਲੇ ਨਈਂ ਚਰਖੜੀ ਵਾਲੜੇ ਹਾਂ
ਕਰ ਦਿਉ ਦਿੱਲੀ ਨੂੰ ਖਬਰਦਾਰ ਸਿੰਘੋ।

***-ਬਲਵੀਰ ਸਿੰਘ ਝੁਮੇਲੀ***
***ਇਕਬਾਲ ਸਿੰਘ ਰੋਜ਼ੀ***

----

## ਮੋਰਚਾ ਸੰਭਾਲ ਜੱਟਾ

***('ਪਗੜੀ ਸੰਭਾਲ ਜੱਟਾ' ਦੀ ਤਰਜ 'ਤੇ)***

ਮੋਰਚਾ ਸੰਭਾਲ ਜੱਟਾ, ਮੋਰਚਾ ਸੰਭਾਲ ਓਏ!
ਏਕਤੇ 'ਚ ਚੱਲੀਂ ਜੱਟਾ, ਏਕਤੇ ਦੇ ਨਾਲ ਓਏ!

ਸਾਥ ਰਾਜਸਥਾਨ ਲੈ, ਯੂ. ਪੀ., ਹਰਿਆਣੇ ਨੂੰ
ਆਂਧਰਾ ਪ੍ਰਦੇਸ਼ ਮੱਧ, ਬਿਹਾਰ ਨਿਤਾਣੇ ਨੂੰ
ਮਹਾਰਾਸ਼ਟਰ ਰਲਾ, ਸਾਂਝੇ ਦੱਖਣ ਠਿਕਾਣੇ ਨੂੰ
ਜਾਤ ਧਰਮ ਇਲਾਕੇ, ਬੋਲੀਆਂ ਸਾਂਝੀਵਾਲ ਓਏ
ਏਕਤੇ 'ਚ ਚੱਲੀਂ ਜੱਟਾ, ਏਕਤੇ ਦੇ ਨਾਲ ਓਏ!

ਖੇਤਾਂ ਤੇਰਿਆਂ ਦੇ ਉੱਤੇ, ਅੱਖ ਅਡਾਨੀਆਂ ਦੀ
ਹਾੜ੍ਹੀ ਸੌਣੀ ਉੱਤੇ, ਜ਼ਖੀਰੇਬਾਜ਼ ਅੰਬਾਨੀਆਂ ਦੀ
ਸਿਆਸਤਾਂ 'ਚ ਹੱਥ, ਖੇਡ ਸ਼ੈਤਾਨੀਆਂ ਦੀ
ਵੇਖੀਂ ਫਸ ਜਾਈਂ ਨਾ, ਵਿਛਾਂਦੇ ਨੇ ਜਾਲ ਓਏ
ਏਕਤੇ 'ਚ ਚੱਲੀਂ ਜੱਟਾ, ਏਕਤੇ ਦੇ ਨਾਲ ਓਏ!

ਬਣ ਬੈਠੇ ਲੀਡਰ, ਕਹਾਉਂਦੇ ਅਹਿਲਕਾਰ ਨੇ
ਸਿਆਸਤਾਂ ਦੇ ਸੌਦੇ ਕਰਨ, ਪੂੰਜੀਵਾਦ ਯਾਰ ਨੇ
ਵੇਚ ਦਿੱਤੇ ਗਰੀਬ ਲੋਕੀਂ, ਝੂਠੀ ਸਰਕਾਰ ਨੇ
ਜਾਣੀ ਟੇਢੀਆਂ ਸਿਆਸਤਾਂ, ਟੇਢੀਆਂ ਚਾਲ ਓਏ
ਏਕਤੇ 'ਚ ਚੱਲੀਂ ਜੱਟਾ, ਏਕਤੇ ਦੇ ਨਾਲ ਓਏ!

ਮੰਨਦੀ ਨਾ ਮੰਗ ਤੇਰੀ, ਜੇ ਭੈੜੀ ਸਰਕਾਰ ਇਹ
ਫਿਰ ਕਿਉਂ ਨਾ ਢਾਹ ਦੇਵੇਂ, ਇਹਦਾ ਹੰਕਾਰ ਇਹ
ਹੋਇ ਕੇ ਇਕੱਠੇ ਸਾਰੇ, ਮਾਰੋ ਲਲਕਾਰ ਇਹ
ਤਾੜੀ ਵੱਜੇ ਦੋਵੇਂ ਹੱਥੀਂ, ਇੱਕ ਦੇ ਨਾ ਨਾਲ ਓਏ
ਏਕਤੇ 'ਚ ਚੱਲੀਂ ਜੱਟਾ, ਏਕਤੇ ਦੇ ਨਾਲ ਓਏ!

ਧਨ ਧਰਨੀ ਹੈ ਮਾਂ ਤੇਰੀ, ਤਨ ਤੇਰਾ ਖੇਤ ਹੈ
ਕਿਰਤ ਹੈ ਮਾਣ ਤੇਰਾ, ਗਰੀਬੀ ਭਾਵੇਂ ਵੇਸ ਹੈ,
ਅੰਨਦਾਤਾ ਦੇਸ਼ ਦਿਆ, ਪਾਲਿਆ ਤੂੰ ਦੇਸ਼ ਹੈ
ਪਾਣੀ ਸਾਫ ਸ਼ਰਮ ਤੇਰੀ, ਧਰਤੀ ਨੂੰ ਸੰਭਾਲ ਓਏ
ਏਕਤੇ 'ਚ ਚੱਲੀਂ ਜੱਟਾ, ਏਕਤੇ ਦੇ ਨਾਲ ਓਏ!

***-ਕਰਮ ਲੁਧਿਆਣਵੀ (ਹਿਊਸਟਨ)***
***ਫੋਨ: 832-766-8742***

----

## ਭੁੱਖ

ਭੁੱਖ ਹਾਲੇ ਸੁੱਤੀ ਹੋਈ ਹੈ
ਜਦੋਂ ਜਾਗੇਗੀ ਤਾਂ ਲੱਗੇਗੀ।

ਭੁੱਖ ਜਦੋਂ ਲੱਗੇਗੀ ਤਾਂ ਰੋਟੀ ਮੰਗੇਗੀ
ਰੋਟੀ ਤਾਂ ਕਮਾਣੀ ਹੈ ਪੇਟ ਵਿਚ ਪਾਣੀ ਹੈ

ਪੇਟ ਵਿਚ ਚੂਹੇ ਨੇ ਹਰ ਪੇਟ ਦੇ ਬੂਹੇ ਨੇ
ਰੋਟੀ ਮਿਲੇਗੀ, ਭੁੱਖ ਹੱਸੇਂਗੀ
ਨਹੀਂ ਮਿਲੇਗੀ ਤੇ ਭੁੱਖ ਰੋਵੇਂਗੀ।

ਭੁੱਖ ਦੀ ਥਾਲੀ ਸਾਰੀ ਖਾਲੀ
ਸੁੱਕੀ ਰੋਟੀ ਕੌਲੀ ਖਾਲੀ
ਅੱਜ ਫੇਰ ਪਾਣੀ ਨਾਲ ਪਈ ਹੈ ਖਾਣੀ
ਭੁੱਖ ਤਾਂ ਫੇਰ ਵੀ
ਸੱਦੇਗੀ ਇਹ ਕਦੇ ਰੁਕੇਗੀ।

***-ਰਾਜੇਸ਼ ਲਲਿਤ***
***ਫੋਨ:91-95606-04484***

----

## ਦਿੱਲੀਏ ਨੀ ਹਿੰਡ ਤੇਰੀ

ਦਿੱਲੀਏ ਨੀ ਹਿੰਡ ਤੇਰੀ
ਬੜਾ ਹੀ ਸਤਾ ਲਿਆ,
ਹੱਕਾਂ ਦੀ ਲੜਾਈ ਨੂੰ
ਤੂੰ ਮਸਲਾ ਬਣਾ ਲਿਆ।

ਮੰਗਦਾ ਸੀ ਅੰਨ-ਦਾਤਾ
ਤੈਥੋਂ ਇਸ ਦੇਸ਼ ਦਾ,
ਠੱਗੀ ਨਾਲ ਖੋਹਿਆ ਜੋ ਤੂੰ
ਹੱਕ ਦਰਵੇਸ਼ ਦਾ,
ਅੱਜ ਉਹਦੇ ਸਬਰਾਂ ਨੂੰ
ਤੂੰ ਅਜ਼ਮਾ ਲਿਆ।
ਦਿੱਲੀਏ ਨੀ ਹਿੰਡ ਤੇਰੀ...

ਹਰ ਜੰਗ ਤੇਰੇ ਲਈ
ਅਸਾਂ ਮਾਣ ਨਾਲ ਜਿੱਤੀ ਸੀ,
ਕੁਰਬਾਨੀਆਂ ਸ਼ਹਾਦਤਾਂ ਦੀ
ਝੜੀ ਲਾ ਦਿੱਤੀ ਸੀ,
ਮੁੱਲ ਨਹੀਂਉਂ ਪਾਇਆ
ਤਾਜ ਲੁੱਟ ਦਾ ਸਜਾ ਲਿਆ।
ਦਿੱਲੀਏ ਨੀ ਹਿੰਡ ਤੇਰੀ...

ਵੇਲਾ ਕਰ ਯਾਦ ਜਦੋਂ
ਭੁੱਖ ਨਾਲ ਹੰਢਦੀ ਸੈਂ,
ਰੂਸ, ਅਮਰੀਕਾ ਕੋਲ
ਜਾ ਕੇ ਅੰਨ ਮੰਗਦੀ ਸੈਂ,
ਭਰ ਕੇ ਭੰਡਾਰੇ ਅਸੀਂ
ਰੁੱਖਾ ਮਿੱਸਾ ਖਾ ਲਿਆ।
ਦਿੱਲੀਏ ਨੀ ਹਿੰਡ ਤੇਰੀ...

ਤੇਰੇ ਯਾਰ ਸਭ ਵੱਡੇ
ਉਸਤਾਦ ਤੇ ਧਨਾਢ ਨੇ,
ਉਨ੍ਹਾਂ ਦੀਆਂ ਸਾਜ਼ਿਸ਼ਾਂ ਨੇ
ਤੇਰੇ ਜੋ ਜਵਾਬ ਨੇ,
ਤੇਰੀਆਂ ਚਲਾਕੀਆਂ ਦਾ
ਭੇਤ ਅਸਾਂ ਲਾ ਲਿਆ।
ਦਿੱਲੀਏ ਨੀ ਹਿੰਡ ਤੇਰੀ...

ਆ ਬੈਠਾ ਦਿੱਲੀ ਬਾਪੂ
ਪੁੱਤ ਲੜੇ ਸਰਹੱਦ 'ਤੇ,
ਦੇਸ਼ ਨੂੰ ਹੈ ਮਾਣ ਸਾਡੀ
ਅਣਖ ਦੇ ਕੱਦ 'ਤੇ,
ਝੱਖੜਾਂ ਤੂਫਾਨਾਂ ਅੱਗੇ
ਸੀਨਾ ਅਸਾਂ ਡਾਹ ਲਿਆ।
ਦਿੱਲੀਏ ਨੀ ਹਿੰਡ ਤੇਰੀ...

ਘਰ ਬਾਹਰ ਛੱਡੇ ਅਸੀਂ
ਮੰਗਾਂ ਮਨਵਾਉਣ ਲਈ,
ਜਾਨ ਦੇ ਦਿਆਂਗੇ ਤੇਰੀ
ਹਉਂ ਨੂੰ ਝੁਕਾਉਣ ਲਈ,
ਤੂੰ ਭਗਤ, ਸਰਾਭਿਆਂ ਨੂੰ
ਦਰ 'ਤੇ ਬੁਲਾ ਲਿਆ।
ਦਿੱਲੀਏ ਨੀ ਹਿੰਡ ਤੇਰੀ...

ਤੈਨੂੰ ਫਤਹਿ ਕਰਕੇ
ਹੀ ਪਿਛਾਂਹ ਮੁੜਾਂਗੇ,
ਜਦੋਂ ਅੱਤ ਕਰੇਂਗੀ
ਅਸੀਂ ਫੇਰ ਜੁੜਾਂਗੇ,
ਤੇਰੀ ਧੌਂਸ ਤੋੜਨੇ ਦਾ
ਸ਼ੁਗਲ ਬਣਾ ਲਿਆ।
ਦਿੱਲੀਏ ਨੀ ਹਿੰਡ ਤੇਰੀ...


ਸਾਡੇ ਦੁੱਖੜੇ ਨੂੰ ਸੁਣ
ਅਸੀਂ ਦੁੱਖ ਗਾਹੀਦੇ,
ਸਾਡੀ ਹੋਂਦ ਦਾ ਸਵਾਲ
ਸਾਨੂੰ ਹੱਕ ਚਾਹੀਦੇ,
ਸਾਡੇ ਹੌਂਸਲੇ ਨੇ ਸਾਰਾ
ਜਗ ਨਾਲ ਲਾ ਲਿਆ।
ਦਿੱਲੀਏ ਨੀ ਹਿੰਡ ਤੇਰੀ...।

***-ਸਰਬਜੀਤ ਸਿੰਘ ਵਿਰਕ***
***ਅਰਬਨ ਅਸਟੇਟ, ਪਟਿਆਲਾ***
***ਫੋਨ: 91-94170-72314***

# ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ

***ਇਸ ਵੇਲੇ ਹਾਲਤ ਇਹ ਹੈ ਕਿ ਹੁਣ ਲੱਖਾਂ ਦੀ ਗਿਣਤੀ ਵਿਚ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਉਤਰਾਖੰਡ, ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼ ਆਦਿ ਸੂਬਿਆਂ ਵਿਚੋਂ ਕਿਸਾਨਾਂ ਨੇ ਦਿੱਲੀ ਦੁਆਲੇ ਘੇਰਾ ਪਾ ਲਿਆ ਹੈ ਅਤੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਇਸ ਇਕੱਠ ਵਿਚ ਇਜ਼ਾਫਾ ਹੋ ਰਿਹਾ ਹੈ। ਭਾਰਤ ਦੇ ਦੂਰ ਦੁਰਾਡੇ ਖੇਤਰਾਂ ਤੋਂ, ਜਿਨ੍ਹਾਂ ਲਈ ਦਿੱਲੀ ਤੱਕ ਪਹੁੰਚਣਾ ਮੁਸ਼ਕਿਲ ਹੈ, ਕਿਸਾਨ ਆਪਣੇ ਆਪਣੇ ਸੂਬਿਆਂ ਵਿਚ ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਹੜਤਾਲਾਂ, ਬੰਦ ਅਤੇ ਰੋਸ ਦਿਖਾਵੇ ਕਰ ਰਹੇ ਹਨ। ਇਸ ਵੇਲੇ ਭਾਰਤ ਦੇ ਕਰੀਬ 350 ਜਿਲ੍ਹਿਆਂ ਵਿਚ ਇਹ ਅੰਦੋਲਨ ਚੱਲ ਰਹੇ ਹਨ। ਇਹ ਪਹਿਲੀ ਵਾਰ ਹੈ ਕਿ ਸਾਰੇ ਭਾਰਤ ਦੇ ਕਿਸਾਨ ਇਸ ਅੰਦੋਲਨ ਵਿਚ ਇਸ ਤਰ੍ਹਾਂ ਇੱਕਜੁੱਟ ਹੋਏ ਹਨ।***

ਰਾਗੁ ਸੋਰਠਿ ਵਿਚ ਗੁਰੂ ਨਾਨਕ ਪਾਤਿਸ਼ਾਹ ਮਨੁੱਖ ਵੱਲੋਂ ਦੁਨਿਆਵੀ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਮਾਈ ਕਰਨ ਦੇ ਅਪਨਾਏ ਚਾਰ ਪ੍ਰਚੱਲਤ ਕਿੱਤਿਆਂ-ਖੇਤੀ, ਦੁਕਾਨਦਾਰੀ, ਵਾਪਾਰ ਅਤੇ ਨੌਕਰੀ ਦੀਆਂ ਮਿਸਾਲਾਂ ਰਾਹੀਂ ਸਮਝਾਉਂਦੇ ਹਨ ਕਿ ਅਧਿਆਤਮਕ ਜੀਵਨ ਨੂੰ ਸੁਆਰਨ ਲਈ, ਨਾਮ-ਧਨ ਕਮਾਉਣ ਲਈ ਕਿਵੇਂ ਕਮਾਈ ਕਰਨੀ ਹੈ। ਗੁਰੂ ਨਾਨਕ ਸਭ ਤੋਂ ਪਹਿਲਾਂ ਖੇਤੀ ਦੇ ਦ੍ਰਿਸ਼ਟਾਂਤ ਰਾਹੀਂ ਦੱਸਦੇ ਹਨ ਕਿ ਮਨ ਨੂੰ ਹਾਲੀ ਬਣਾਉਣਾ ਪੈਣਾ ਹੈ, ਭਾਵ ਕਿਸਾਨ ਦੀ ਤਰ੍ਹਾਂ ਉੱਦਮੀ ਬਣ ਅਤੇ ਕਿਰਦਾਰ ਦੀ ਉਸਾਰੀ ਨੂੰ ਵਾਹੀ ਦੇ ਕੰਮ ਵਰਗਾ ਹੀ ਸਮਝ। ਵਾਹੀ ਦਾ ਕੰਮ ਕਰਨ ਲਈ ਬਹੁਤ ਮਿਹਨਤ ਅਤੇ ਉੱਦਮ ਦੀ ਲੋੜ ਪੈਂਦੀ ਹੈ। ਮਨੁੱਖ ਦਾ ਸਰੀਰ ਖੇਤ ਹੈ, ਜਿਸ ਵਿਚ ਨਾਮ ਦੀ ਫਸਲ ਬੀਜੀ ਜਾਣੀ ਹੈ ਅਤੇ ਮਿਹਨਤ ਇਸ ਫਸਲ ਨੂੰ ਲਾਉਣ ਵਾਲਾ ਪਾਣੀ ਹੈ। ਪਹਿਲਾਂ ਸਰੀਰ ਰੂਪੀ ਖੇਤ ਵਿਚ ਨਾਮ ਦਾ ਬੀਜ ਪਾ ਅਤੇ ਜਿਵੇਂ ਫਸਲ ਉਗਾਉਣ ਲਈ ਪਾਣੀ ਦੀ ਲੋੜ ਪੈਂਦੀ ਹੈ, ਇਸੇ ਤਰ੍ਹਾਂ ਨਾਮ ਦੀ ਫਸਲ ਉਗਾਉਣ ਲਈ ਮਿਹਨਤ ਦਾ ਪਾਣੀ ਲਾਉਣਾ ਪੈਂਦਾ ਹੈ। ਕਿਸਾਨ ਖੇਤ ਵਿਚ ਬੀਜ ਪਾ ਕੇ ਉਸ ਨੂੰ ਢਕਣ ਲਈ, ਤਾਂ ਕਿ ਪੰਛੀ ਬੀਜ ਨਾ ਚੁੱਗ ਲੈਣ, ਸੁਹਾਗਾ ਫੇਰਦਾ ਹੈ; ਇਸ ਤਰ੍ਹਾਂ ਇਸ ਨਾਮ ਦੀ ਫਸਲ ਨੂੰ ਮਾਇਆਵੀ ਤ੍ਰਿਸ਼ਨਾਵਾਂ ਦੇ ਚੱਕਰ ਤੋਂ ਬਚਾਉਣ ਲਈ ਸੰਤੋਖ ਦਾ ਸੁਹਾਗਾ ਫੇਰਨ ਲਈ ਕਿਹਾ ਹੈ, ਸੰਤੋਖ ਦਾ ਗੁਣ ਜ਼ਿੰਦਗੀ ਨੂੰ ਸੰਤੁਲਿਤ ਰੱਖਦਾ ਹੈ, ਉਲਾਰ ਨਹੀਂ ਹੋਣ ਦਿੰਦਾ। ਗੁਰਬਾਣੀ ਵਿਚ ਸਤਿ, ਸੰਤੋਖ, ਦਇਆ, ਹਲੀਮੀ ਅਤੇ ਗਿਆਨ ਆਦਿ ਗੁਣਾਂ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਅਗਲਾ ਕਦਮ ਜੀਵਨ ਨੂੰ ਸਾਦਾ ਰੱਖਣਾ ਅਤੇ ਹਲੀਮ ਹੋਣਾ ਹੈ, ਜੋ ਇਸ ਫਸਲ ਦੀ ਰਾਖੀ ਕਰਨ ਵਾਂਗ ਹੈ। ਅਜਿਹੇ ਸਰੀਰ ਰੂਪੀ ਖੇਤ ਵਿਚ ਪਰਮਾਤਮਾ ਦੀ ਮਿਹਰ ਸਦਕਾ ਪ੍ਰੇਮ ਪੈਦਾ ਹੋਵੇਗਾ। ਪ੍ਰੇਮ ਉਸ ਰੱਬ ਨੂੰ ਪਾਉਣ ਦਾ ਰਸਤਾ ਹੈ। ਅਜਿਹੇ ਜੀਵਨ ਵਿਚ ਨਾਮ ਦੀ ਭਰਪੂਰ ਫਸਲ ਨਾਲ ਮਨੁੱਖ ਧਨਾਢ ਬਣਦਾ ਹੈ।



ਡਾ. ਗੁਰਨਾਮ ਕੌਰ, ਕੈਨੇਡਾ

ਇਸੇ ਤਰ੍ਹਾਂ ਦੁਕਾਨਦਾਰੀ ਦੇ ਦ੍ਰਿਸ਼ਟਾਂਤ ਰਾਹੀਂ ਦੱਸਿਆ ਹੈ ਕਿ ਉਮਰ ਦੇ ਹਰ ਸਾਹ ਨੂੰ ਦੁਕਾਨ ਬਣਾ ਅਤੇ ਇਸ ਦੁਕਾਨ ਵਿਚ ਸੌਦਾ ਪਰਮਾਤਮਾ ਦੇ ਨਾਮ ਦਾ ਪਾ। ਆਪਣੀ ਸੁਰਤਿ ਅਤੇ ਵੀਚਾਰ ਨੂੰ ਭਾਂਡਸਾਲ ਬਣਾ, ਇਨ੍ਹਾਂ ਭਾਂਡਿਆਂ ਵਿਚ ਪਰਮਾਤਮ-ਨਾਮ ਦੇ ਸੌਦੇ ਨੂੰ ਸੰਭਾਲ। ਸਤਿਸੰਗੀਆਂ ਨਾਲ ਮਿਲ ਕੇ ਇਸ ਨਾਮ ਦਾ ਵਣਜ ਕਰ ਅਤੇ ਇਸ ਕਮਾਈ ਦਾ ਨਤੀਜਾ ਮਨ ਦੇ ਖੇੜੇ ਦੇ ਰੂਪ ਵਿਚ ਪ੍ਰਾਪਤ ਹੋਵੇਗਾ। ਅੱਗੇ ਸੌਦਾਗਰੀ ਦੀ ਮਿਸਾਲ ਲਈ ਹੈ। ਅਧਿਆਤਮਕ ਜੀਵਨ ਨੂੰ ਸੇਧ ਦੇਣ ਲਈ ਸੌਦਾਗਰੀ ਇਹ ਹੈ ਕਿ ਧਰਮ-ਪੁਸਤਕਾਂ ਵਿਚ ਦਿੱਤੇ ਗਿਆਨ ਨੂੰ ਸੁਣਨਾ ਅਤੇ ਗ੍ਰਹਿਣ ਕਰਨਾ। ਪਿਛਲੇ ਸਮਿਆਂ ਵਿਚ ਸੌਦਾਗਰੀ ਕਰਨ ਲਈ ਘੋੜਿਆਂ 'ਤੇ ਸਫਰ ਕਰਦੇ ਸੀ ਅਤੇ ਇੱਥੇ ਪਰਮਾਤਮ-ਨਾਮ ਦੀ ਸੌਦਾਗਰੀ ਕਰਨ ਲਈ ਆਪਣੇ ਉੱਚੇ ਕਿਰਦਾਰ ਨੂੰ ਘੋੜੇ ਬਣਾਉਣ ਲਈ ਕਿਹਾ ਹੈ, ਜਿਨ੍ਹਾਂ 'ਤੇ ਸਫਰ ਕਰਨਾ ਹੈ। ਜੀਵਨ-ਸਫਰ 'ਤੇ ਤੁਰਨ ਲਈ ਆਪਣੇ ਕੋਲ ਖਰਚ ਚੰਗੇ ਗੁਣਾਂ ਦਾ ਲੈ ਕੇ ਜਾਣ ਲਈ ਕਿਹਾ ਹੈ।

ਮਨ ਨੂੰ ਇਹ ਵੀ ਸਮਝਾਇਆ ਹੈ ਕਿ ਇਸ ਵਪਾਰ ਨੂੰ ਹੁਣੇ ਸ਼ੁਰੂ ਕਰ ਲੈਣਾ ਚਾਹੀਦਾ ਹੈ, ਕੱਲ੍ਹ 'ਤੇ ਨਹੀਂ ਛੱਡਣਾ। ਇਸ ਤਰ੍ਹਾਂ ਜੇ ਮਨ ਪਰਮਾਤਮਾ ਦੇ ਦੇਸ਼ ਵਿਚ ਟਿਕ ਜਾਵੇ ਭਾਵ ਉਸ ਦੇ ਚਰਨਾਂ ਦੀ ਪ੍ਰੀਤ ਵਿਚ ਟਿਕ ਜਾਵੇ ਤਾਂ ਆਤਮਕ ਸੁਖ ਦੀ ਪ੍ਰਾਪਤੀ ਹੁੰਦੀ ਹੈ। ਇਸੇ ਤਰ੍ਹਾਂ ਨੌਕਰੀ ਦੀ ਮਿਸਾਲ ਦਿੱਤੀ ਹੈ ਅਤੇ ਆਪਣੇ ਪੂਰੇ ਧਿਆਨ ਅਤੇ ਮਨ ਨਾਲ ਉਸ ਪਰਵਦਗਾਰ ਦੀ ਸੇਵਾ ਕਰਨ ਲਈ ਕਿਹਾ ਹੈ। ਉਸ ਦੀ ਸੇਵਾ ਕੀ ਹੈ? ਉਸ ਦੇ ਨਾਮ ਨੂੰ ਆਪਣੇ ਮਨ ਵਿਚ ਵਸਾਉਣਾ ਅਤੇ ਵਿਕਾਰਾਂ ਤੋਂ ਆਪਣੇ ਆਪ ਨੂੰ ਦੂਰ ਰੱਖਣਾ ਤੇ ਇਸ ਪਾਸੇ ਯਤਨ ਕਰਦੇ ਰਹਿਣਾ। ਇਸ ਪਾਸੇ ਲੱਗਿਆਂ ਦੁਨੀਆਂ ਵਿਚ ਸ਼ੋਭਾ ਮਿਲਦੀ ਹੈ ਅਤੇ ਨਾਲ ਹੀ ਆਤਮਕ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਉਪਰ ਦਿੱਤੇ ਇਸ ਸੰਖੇਪ ਵਰਣਨ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਅਧਿਆਤਮਕ ਪ੍ਰਾਪਤੀਆਂ ਲਈ ਉੱਦਮ, ਸਬਰ-ਸੰਤੋਖ, ਸੰਜਮ, ਹਲੀਮੀ ਆਦਿ ਨੈਤਿਕ ਗੁਣ ਅਤੇ ਉੱਚੀ ਸੁਰਤਿ, ਨਾਮ ਸਿਮਰਨ, ਧਾਰਮਿਕ ਪੁਸਤਕਾਂ ਦਾ ਸਹੀ ਗਿਆਨ ਆਦਿ ਬਹੁਤ ਜ਼ਰੂਰੀ ਹਨ। ਇਹ ਗੁਣ ਜ਼ਿੰਦਗੀ ਦੇ ਰਸਤੇ 'ਤੇ ਚਲਦਿਆਂ ਸਾਡੀ ਜੀਵਨ-ਤੋਰ ਨੂੰ ਸਹੀ, ਸੰਤੁਲਿਤ ਅਤੇ ਸਚਾਰੂ ਰੱਖਦੇ ਹਨ। ਅਜਿਹੇ ਰਸਤੇ 'ਤੇ ਚੱਲਦਿਆਂ ਹੀ ਉਸ ਦੀ ਸਰਵਵਿਆਪਕਤਾ ਨੂੰ ਅਨੁਭਵ ਕਰਦਿਆਂ ਸਰਵਸਾਂਝੀਵਾਲਤਾ ਦਾ ਅਨੁਭਵ ਕਰ ਸਕੀਦਾ ਹੈ; ਇਸੇ ਦੀ ਪ੍ਰੋੜਤਾ ਕਰਦਿਆਂ ਪੰਚਮ ਪਾਤਿਸ਼ਾਹ ਗੁਰੂ ਅਰਜਨ ਦੇਵ ਨੇ ਉਸ ਅਕਾਲ ਪੁਰਖ ਨੂੰ "ਤੂੰ ਸਾਝਾ ਸਾਹਿਬੁ ਬਾਪੁ ਹਮਾਰਾ" ਕਹਿ ਕੇ ਕੀਤੀ ਹੈ ਅਤੇ ਜਦੋਂ ਉਸ ਦੇ "ਸਾਝਾ ਸਾਹਿਬੁ ਬਾਪੁ ਹਮਾਰਾ" ਹੋਣ ਦਾ ਅਨੁਭਵ ਹੋ ਜਾਵੇ, ਤਦ ਹੀ ਫਿਰ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" ਦੇ ਮਹਾਂ ਵਾਕ ਅਨੁਸਾਰ ਸਾਰੀ ਮਨੁੱਖਤਾ ਨਾਲ ਸਾਂਝ ਪੈਂਦੀ ਅਤੇ ਅਨੁਭਵ ਹੁੰਦੀ ਹੈ।

ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਵੱਲੋਂ ਕਿਸ ਤਰ੍ਹਾਂ ਕੋਵਿਡ-19 ਦੌਰਾਨ ਲੌਕ-ਡਾਊਨ ਦਾ ਆਸਰਾ ਲੈਂਦਿਆਂ ਕਾਰਪੋਰੇਟਾਂ ਦੇ ਹਿਤ ਪੂਰੇ ਕਰਨ ਲਈ ਖੇਤੀ ਵਿਰੋਧੀ ਤਿੰਨ ਕਾਲੇ ਕਾਨੂੰਨ ਲਿਆਂਦੇ ਗਏ, ਇਹ ਸ਼ਾਇਦ ਹੁਣ ਬੱਚੇ ਬੱਚੇ ਨੂੰ ਪਤਾ ਹੈ। ਜਦੋਂ ਇਹ ਮਹਿਜ ਆਰਡੀਨੈਂਸਾਂ ਦੇ ਰੂਪ ਵਿਚ ਲਿਆਂਦੇ ਗਏ ਸਨ, ਉਦੋਂ ਹੀ ਪੰਜਾਬ ਦੀਆਂ ਅਲੱਗ ਅਲੱਗ ਕਿਸਾਨ ਜਥੇਬੰਦੀਆਂ ਵੱਲੋਂ ਪਟਿਆਲਾ ਅਤੇ ਪਿੰਡ ਬਾਦਲ ਵਿਚ ਧਰਨੇ ਲਾ ਕੇ ਅੰਦੋਲਨ ਸ਼ੁਰੂ ਕਰ ਦਿੱਤਾ ਗਿਆ ਸੀ। ਹੌਲੀ ਹੌਲੀ ਇਹ ਅੰਦੋਲਨ ਪੂਰੇ ਪੰਜਾਬ ਵਿਚ ਫੈਲਣ ਲੱਗਾ; ਪਟਿਆਲਾ, ਬਾਦਲ ਜਾਂ ਲੰਬੀ ਤੋਂ ਹੁੰਦਾ ਹੋਇਆ ਟੋਲ ਪਲਾਜ਼ਿਆਂ, ਰਿਲਾਇੰਸ ਮਾਲਾਂ, ਪੈਟਰੋਲ ਪੰਪਾਂ, ਅਡਾਨੀ ਦੇ ਸੈਲੋਜ਼ ਅਤੇ ਰੇਲਵੇ ਟਰੈਕਾਂ ਤੱਕ ਪਹੁੰਚ ਗਿਆ। ਇਹ ਸਭ ਕੁਝ ਹੁਣ ਤੱਕ ਸਾਰੇ ਹੀ ਪੜ੍ਹਦੇ ਸੁਣਦੇ ਆਏ ਹਾਂ।

ਕਿਸਾਨਾਂ ਨੂੰ ਉਮੀਦ ਸੀ ਕਿ ਉਨ੍ਹਾਂ ਦੀ ਬੇਚੈਨੀ ਅਤੇ ਅਪੀਲਾਂ ਨੂੰ ਸਮਝਦਿਆਂ ਸ਼ਾਇਦ ਇਹ ਆਰਡੀਨੈਂਸ ਸਦਨ ਵਿਚ ਪਾਸ ਨਹੀਂ ਕੀਤੇ ਜਾਣਗੇ, ਪਰ ਜਿਸ ਤਰ੍ਹਾਂ ਭਾਜਪਾ ਦੀ ਕੇਂਦਰੀ ਸਰਕਾਰ ਦਾ ਪਿਛਲੇ ਕਰੀਬ ਸੱਤ ਸਾਲਾਂ ਵਿਚ ਹਰ ਮੁੱਦੇ 'ਤੇ ਹਿਟਲਰੀ ਰਵੱਈਆ ਰਿਹਾ ਹੈ, ਉਹੀ ਰਵੱਈਆ ਇਨ੍ਹਾਂ ਤਿੰਨ ਕਾਲੇ ਕਾਨੂੰਨਾਂ ਨੂੰ ਪਾਸ ਕਰਨ ਵਿਚ ਵੀ ਭਾਰੂ ਰਿਹਾ। ਸੰਸਦ ਵਿਚ ਪਾਸ ਹੋਣ ਤੋਂ ਬਾਅਦ ਰਾਸ਼ਟਰਪਤੀ ਨੂੰ ਦਸਤਖਤ ਨਾ ਕਰਨ ਦੀਆਂ ਅਪੀਲਾਂ ਕੀਤੀਆਂ ਗਈਆਂ, ਪਰ ਰਾਸ਼ਟਰਪਤੀ ਤਾਂ ਸਰਕਾਰਾਂ ਅਨੁਸਾਰ ਚੁਣੇ ਜਾਂਦੇ ਹਨ, ਹਾਲਾਂਕਿ ਲੋਕਰਾਜ ਦਾ ਅਰਥ ਹੁੰਦਾ ਹੈ ਕਿ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਬਣੇ, ਬਣਨ ਉਪਰੰਤ ਉਹ ਲੋਕਾਂ ਦੀ ਸਰਕਾਰ ਅਤੇ ਲੋਕਾਂ ਲਈ ਹੁੰਦੀ ਹੈ ਅਤੇ ਰਾਸ਼ਟਰਪਤੀ ਸਾਰੇ ਰਾਸ਼ਟਰ ਦੇ ਹਿਤਾਂ ਨੂੰ ਧਿਆਨ ਵਿਚ ਰੱਖਣ ਵਾਲਾ ਹੁੰਦਾ ਹੈ; ਪਰ ਭਾਰਤ ਵਿਚ 'ਜਿਸ ਦੀ ਲਾਠੀ ਉਸ ਦੀ ਮੱਝ' ਵਾਲੀ ਗੱਲ ਹੈ।

ਇਸ ਲਈ ਗੈਰ-ਜਮੂਹਰੀਅਤ ਪਾਰਲੀਮੈਂਟ ਵਿਚ ਬਿਨਾ ਕਿਸਾਨਾਂ ਦੀ ਗੱਲ ਸੁਣਿਆਂ ਜਾਂ ਵਿਰੋਧੀਆਂ ਦੀ ਅਵਾਜ਼ ਨੂੰ ਸੁਣਿਆਂ ਇਹ ਸਾਰਾ ਕੁਝ ਵਾਪਰ ਗਿਆ, ਖਾਸ ਕਰਕੇ ਰਾਜ ਸਭਾ ਵਿਚ ਤਾਂ ਰਾਜਕਰਤਾ ਪਾਰਟੀ ਘੱਟ ਗਿਣਤੀ ਵਿਚ ਹੋਣ ਦੇ ਬਾਵਜੂਦ ਧੱਕੇ ਨਾਲ ਕਾਨੂੰਨ ਪਾਸ ਕਰ ਦਿੱਤੇ ਗਏ। ਸੰਵਿਧਾਨ ਵਿਚ ਭਾਵੇਂ ਖੇਤੀਬਾੜੀ ਰਾਜਾਂ ਦਾ ਵਿਸ਼ਾ ਮੰਨਿਆ ਹੋਇਆ ਹੈ, ਪਰ ਸੰਵਿਧਾਨ ਨੂੰ ਛਿੱਕੇ 'ਤੇ ਟੰਗਦਿਆਂ ਇਹ ਸਭ ਕੁਝ ਕੀਤਾ ਗਿਆ। ਇਹ ਅੰਦੋਲਨ ਪਿਛਲੇ ਕਰੀਬ ਤਿੰਨ ਮਹੀਨੇ ਤੋਂ ਪਹਿਲਾਂ ਪੰਜਾਬ ਵਿਚ ਅਤੇ ਹੁਣ ਪਿਛਲੇ ਵੀਹ-ਇੱਕੀ ਦਿਨ ਤੋਂ ਦਿੱਲੀ ਦੀਆਂ ਫਿਰਨੀਆਂ 'ਤੇ ਬਹੁਤ ਹੀ ਸੰਜਮ, ਸਬਰ, ਸੰਤੋਖ ਅਤੇ ਨਿਮਰਤਾ ਨਾਲ ਚੱਲ ਰਿਹਾ ਹੈ। ਇਸ ਕਿਸਾਨ ਅੰਦੋਲਨ ਨੇ ਇੱਕ ਨਵਾਂ ਬਿਰਤਾਂਤ ਸਿਰਜਿਆ ਹੈ, ਜਿਸ ਵਿਚ ਜੇ ਇੱਕ ਪਾਸੇ ਪੰਜਾਬ ਦੇ ਗੀਤ-ਸੰਗੀਤ ਨੇ ਬਿਲਕੁਲ ਨਵਾਂ ਮੋੜ ਕੱਟਿਆ ਹੈ ਅਤੇ ਬਹੁਤੇ ਗਾਇਕ, ਕਲਾਕਾਰ ਭਾਵੇਂ ਉਹ ਕਿਸੇ ਵੀ ਖੇਤਰ ਨਾਲ ਜੁੜੇ ਹੋਏ ਹਨ, ਦੁਕਾਨਦਾਰ, ਆੜ੍ਹਤੀਏ, ਵਿਦਿਆਰਥੀ, ਬੁੱਧੀਜੀਵੀ, ਲੇਖਕ, ਵਕੀਲ, ਡਾਕਟਰ, ਗੱਲ ਕੀ ਹਰ ਕਿੱਤੇ ਨਾਲ ਜੁੜੇ ਪੰਜਾਬੀ ਇਸ ਮਹਾਂ-ਯੱਗ ਵਿਚ ਆਪਣਾ ਯੋਗਦਾਨ ਪਾਉਣ ਲਈ ਕਿਸਾਨਾਂ ਨਾਲ ਖਲੋ ਗਏ; ਕਿਉਂਕਿ ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ, ਜਿਸ 'ਤੇ ਪੰਜਾਬ ਦੀ ਸਾਰੀ ਆਰਥਕਤਾ ਨਿਰਭਰ ਕਰਦੀ ਹੈ। ਸਾਰੇ ਕਿੱਤੇ ਖੇਤੀ ਦੀ ਖੁਸ਼ਹਾਲ ਆਰਥਕਤਾ ਨਾਲ ਜੁੜੇ ਹੋਏ ਹਨ।

ਇਸ ਦੇ ਨਾਲ ਹੀ ਦਿੱਲੀ ਵੱਲ ਤੁਰਦਿਆਂ ਹਰਿਆਣੇ ਦਾ ਕਿਸਾਨ ਵੀ, ਜੋ ਪਹਿਲਾਂ ਹਰਿਆਣੇ ਵਿਚ ਵੀ ਧਰਨੇ ਦੇਣੇ ਸ਼ੁਰੂ ਕਰ ਚੁੱਕਾ ਸੀ, ਹੁੰਮ-ਹੁੰਮਾ ਕੇ ਸ਼ਾਮਲ ਹੋ ਗਿਆ ਅਤੇ ਹਰਿਆਣਾ ਸਰਕਾਰ ਵੱਲੋਂ ਲਾਈਆਂ ਵੱਡੀਆਂ ਰੋਕਾਂ ਨੂੰ ਹਟਾਉਣ ਵਿਚ ਹਰਿਆਣੇ ਦੇ ਕਿਸਾਨਾਂ ਨੇ ਪਹਿਲ ਦੇ ਆਧਾਰ 'ਤੇ ਪੰਜਾਬ ਦੇ ਕਿਸਾਨਾਂ ਨਾਲ ਮਿਲ ਕੇ ਕੋਸ਼ਿਸ਼ਾਂ ਕੀਤੀਆਂ ਤੇ ਸਭ ਨੇ ਇਕੱਠੇ ਹੋ ਕੇ ਦਿੱਲੀ ਵੱਲ ਵਹੀਰਾਂ ਘੱਤ ਲਈਆਂ। ਜਿਸ ਪੰਜਾਬ ਤੇ ਹਰਿਆਣੇ ਵਿਚ ਰਾਜਨੀਤਕ ਪੱਧਰ 'ਤੇ ਹਮੇਸ਼ਾ ਇੱਕ ਦੂਜੇ ਨੂੰ ਦੁਸ਼ਮਣ ਪ੍ਰਚਾਰਨ ਦੀ ਕੋਸ਼ਿਸ਼ ਹੁੰਦੀ ਰਹੀ ਹੈ, ਉਹੀ ਅੱਜ ਇੱਕ ਦੂਜੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ। ਪੰਜਾਬ ਦੀ ਜਿਹੜੀ ਨੌਜੁਆਨ ਬੇਰੁਜ਼ਗਾਰੀ ਦੀ ਧੱਕੀ ਹੋਈ ਪੀਹੜੀ ਦਾ ਬਹੁਤਾ ਰੁਝਾਨ ਰਾਜਨੀਤਕ ਲੀਡਰਾਂ ਦੀ ਪੁਸ਼ਤਪਨਾਹੀ ਵਿਚ ਚੱਲ ਰਹੇ ਨਸ਼ਿਆਂ ਦੇ ਵਪਾਰ ਕਾਰਨ ਨਸ਼ਿਆਂ ਵੱਲ ਹੋ ਗਿਆ ਸੀ ਅਤੇ ਨਸ਼ੇੜੀ ਕਹਾਉਣ ਲੱਗ ਪਈ ਸੀ, ਉਸ ਨੇ ਆਪਣੇ ਆਪ ਨੂੰ ਖੁਦ ਹੀ ਸੰਜਮ ਵਿਚ ਲੈ ਆਂਦਾ ਹੈ ਅਤੇ ਇਸ ਕਿਸਾਨੀ ਘੋਲ ਵਿਚ ਹਿੱਸਾ ਲੈਣ ਲੱਗ ਪਈ, ਇਹ ਇੱਕ ਬਹੁਤ ਹੀ ਵੱਡਾ ਬਦਲਾਅ ਹੈ।

ਇਸ ਵੇਲੇ ਹਾਲਤ ਇਹ ਹੈ ਕਿ ਹੁਣ ਲੱਖਾਂ ਦੀ ਗਿਣਤੀ ਵਿਚ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਉਤਰਾਖੰਡ, ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼ ਆਦਿ ਸੂਬਿਆਂ ਵਿਚੋਂ ਕਿਸਾਨਾਂ ਨੇ ਦਿੱਲੀ ਦੁਆਲੇ ਘੇਰਾ ਪਾ ਲਿਆ ਹੈ ਅਤੇ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਇਸ ਇਕੱਠ ਵਿਚ ਇਜ਼ਾਫਾ ਹੋ ਰਿਹਾ ਹੈ। ਭਾਰਤ ਦੇ ਦੂਰ ਦੁਰਾਡੇ ਖੇਤਰਾਂ ਤੋਂ, ਜਿਨ੍ਹਾਂ ਲਈ ਦਿੱਲੀ ਤੱਕ ਪਹੁੰਚਣਾ ਮੁਸ਼ਕਿਲ ਹੈ, ਕਿਸਾਨ ਆਪਣੇ ਆਪਣੇ ਸੂਬਿਆਂ ਵਿਚ ਕਿਸਾਨ ਜਥੇਬੰਦੀਆਂ ਦੇ ਸੱਦੇ 'ਤੇ ਹੜਤਾਲਾਂ, ਬੰਦ ਅਤੇ ਰੋਸ ਦਿਖਾਵੇ ਕਰ ਰਹੇ ਹਨ। ਇਸ ਵੇਲੇ ਭਾਰਤ ਦੇ ਕਰੀਬ 350 ਜਿਲ੍ਹਿਆਂ ਵਿਚ ਇਹ ਅੰਦੋਲਨ ਚੱਲ ਰਹੇ ਹਨ। ਇਹ ਪਹਿਲੀ ਵਾਰ ਹੈ ਕਿ ਸਾਰੇ ਭਾਰਤ ਦੇ ਕਿਸਾਨ ਇਸ ਅੰਦੋਲਨ ਵਿਚ ਇਸ ਤਰ੍ਹਾਂ ਇੱਕਜੁੱਟ ਹੋਏ ਹਨ।

ਇਹ ਵੀ ਪਹਿਲੀ ਵਾਰ ਹੈ ਕਿ ਕੌਮਾਂਤਰੀ ਪੱਧਰ 'ਤੇ ਕਿਸਾਨਾਂ ਦੇ ਅੰਦੋਲਨ ਨੇ ਧਿਆਨ ਆਪਣੇ ਵੱਲ ਖਿੱਚਿਆ ਹੈ; ਇੱਥੋਂ ਤੱਕ ਕਿ ਯੂ. ਐਨ. ਓ. ਅਤੇ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਭਾਰਤੀ ਕੇਂਦਰੀ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਦੇਣ ਲਈ ਕਿਹਾ ਗਿਆ ਹੈ; ਇਹ ਵੀ ਪਹਿਲੀ ਵਾਰ ਹੈ ਕਿ ਦੁਨੀਆਂ ਭਰ ਦੇ ਇਤਿਹਾਸ ਵਿਚ ਇਹ ਪਹਿਲਾ ਸਭ ਤੋਂ ਵੱਡਾ ਅੰਦੋਲਨ ਹੋ ਗਿਆ ਹੈ। ਵੱਖ ਵੱਖ ਮੁਲਕਾਂ ਵਿਚ ਬੈਠਾ ਪੰਜਾਬੀ ਭਾਈਚਾਰਾ ਹੱਥਾਂ ਵਿਚ ਕਿਸਾਨਾਂ ਦੀ ਹਮਾਇਤ ਵਿਚ ਤਖਤੀਆਂ ਫੜੀ ਹਜ਼ਾਰਾਂ ਦੀ ਗਿਣਤੀ ਵਿਚ ਰੋਸ ਦਿਖਾਵਾ ਕਰਦਾ ਨਜ਼ਰ ਆਉਂਦਾ ਹੈ, ਜਿਸ ਵਿਚ ਹੋਰ ਭਾਰਤੀ ਅਤੇ ਸਥਾਨਕ ਭਾਈਚਾਰੇ ਦੇ ਲੋਕ ਵੀ ਸ਼ਾਮਲ ਹੁੰਦੇ ਹਨ।



ਆਮ ਤੌਰ 'ਤੇ ਅਜਿਹੇ ਸੰਘਰਸ਼ਾਂ ਵਿਚ ਵਿਰੋਧੀ ਰਾਜਨੀਤਕ ਦਲ ਜਾਂ ਰਾਜ ਕਰਦੀਆਂ ਪਾਰਟੀਆਂ ਕਿਸੇ ਨਾ ਕਿਸੇ ਰੂਪ ਵਿਚ ਸ਼ਾਮਲ ਹੋ ਜਾਂਦੀਆਂ ਹੁੰਦੀਆਂ ਹਨ ਅਤੇ ਅੰਦੋਲਨਾਂ ਨੂੰ ਵੱਖਰੇ ਵੱਖਰੇ ਰੰਗ ਜਾਂ ਰਾਜਨੀਤਕ ਦਿਸ਼ਾ ਦੇਣ ਦੀ ਆਪਣੇ ਆਪਣੇ ਢੰਗ ਨਾਲ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ। ਇਸ ਅੰਦੋਲਨ ਦੀ ਖਾਸੀਅਤ ਇਹ ਹੈ ਕਿ ਕਿਸਾਨਾਂ ਨੇ ਰਾਜਨੀਤਕ ਆਗੂਆਂ ਨੂੰ ਅੰਦੋਲਨ ਵਿਚ ਘੁਸਪੈਠ ਨਹੀਂ ਕਰਨ ਦਿੱਤੀ। ਵੱਖ ਵੱਖ ਕਿਸਾਨ ਜਥੇਬੰਦੀਆਂ ਹੋਣ ਦੇ ਬਾਵਜੂਦ ਇਸ ਵੇਲੇ ਪੰਜਾਬ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਇੱਕੋ ਏਜੰਡੇ 'ਤੇ ਸਾਂਝੇ ਰੂਪ ਵਿਚ ਸੰਘਰਸ਼ ਕਰ ਰਹੀਆਂ ਹਨ ਅਤੇ ਭਾਰਤ ਦੇ ਦੂਸਰੇ ਸੂਬਿਆਂ ਦੀਆਂ ਕਿਸਾਨ ਜਥੇਬੰਦੀਆਂ ਵੀ ਉਨ੍ਹਾਂ ਦਾ ਸਾਥ ਦੇ ਰਹੀਆਂ ਹਨ। ਇਸ ਕਿਸਾਨ ਅੰਦੋਲਨ ਦਾ ਇਹ ਬਹੁਤ ਵੱਡਾ ਹਾਸਲ ਹੈ ਕਿ ਪੰਜਾਬ ਤੋਂ ਸ਼ੁਰੂ ਹੋ ਕੇ ਇਹ ਦੇਸ਼ ਵਿਆਪੀ ਅੰਦੋਲਨ ਹੋ ਗਿਆ ਹੈ, ਜਿਸ ਦੀ ਗੂੰਜ ਕੌਮਾਂਤਰੀ ਪੱਧਰ 'ਤੇ ਸੁਣਾਈ ਦੇ ਰਹੀ ਹੈ। ਨੈਸ਼ਨਲ ਮੀਡੀਆ ਨੇ ਇਸ ਵੱਲ ਭਾਵੇਂ ਹਾਂ-ਮੁਖੀ ਧਿਆਨ ਨਹੀਂ ਦਿੱਤਾ, ਪਰ ਕਈ ਸੁਪ੍ਰਸਿੱਧ ਕੌਮਾਂਤਰੀ ਮੀਡੀਆ ਦਾ ਪੂਰਾ ਧਿਆਨ ਇਸ ਸੰਘਰਸ਼ ਵੱਲ ਲੱਗਿਆ ਹੋਇਆ ਹੈ। ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਲੀਡਰਾਂ ਅਤੇ ਕਾਡਰ ਨੂੰ ਦਾਦ ਦੇਣੀ ਬਣਦੀ ਹੈ, ਜੋ ਆਪਣੀ ਸਿਆਣਪ, ਦੂਰ-ਅੰਦੇਸ਼ੀ, ਤਹੱਮਲ, ਸਬਰ ਅਤੇ ਸੰਤੋਖ ਨਾਲ ਇਸ ਅੰਦੋਲਨ ਨੂੰ ਅੱਗੇ ਤੱਕ ਲੈ ਕੇ ਗਏ ਹਨ ਤੇ ਬਹੁਤ ਹੀ ਸੁਚੱਜੇ ਢੰਗ ਨਾਲ ਚਲਾ ਰਹੇ ਹਨ।

ਹੁਣ ਤੱਕ ਦੇ ਘੋਲ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਭਾਜਪਾ ਸਰਕਾਰ ਦੇ ਪਿਛਲੇ ਸੱਤ ਸਾਲਾਂ ਦੇ ਕਾਲ ਵਿਚ ਵੱਖ ਵੱਖ ਪਾਸ ਕੀਤੇ ਕਾਨੂੰਨਾਂ ਅਤੇ ਨੀਤੀਆਂ ਨੂੰ ਲੈ ਕੇ ਵੱਖ ਵੱਖ ਜਥੇਬੰਦੀਆਂ, ਭਾਈਚਾਰਿਆਂ, ਵਿਦਿਆਰਥੀਆਂ ਵੱਲੋਂ ਜੋ ਘੋਲ ਕੀਤੇ ਗਏ ਅਤੇ ਉਨ੍ਹਾਂ ਨੂੰ ਜਿਸ ਤਰ੍ਹਾਂ ਭਾਜਪਾ ਲੀਡਰਾਂ, ਰਾਜਤੰਤਰ ਅਤੇ ਗੋਦੀ ਮੀਡੀਆ ਵੱਲੋਂ ਤਾਰਪੀਡੋ ਕੀਤਾ ਗਿਆ, ਉਹ ਸਭ ਵਰਤਾਰਾ ਕਿਸਾਨ ਲੀਡਰਾਂ ਦੇ ਧਿਆਨ ਵਿਚ ਹੈ। ਉਸ ਨੂੰ ਧਿਆਨ ਵਿਚ ਰੱਖ ਕੇ ਹੀ ਉਨ੍ਹਾਂ ਨੂੰ ਕਈ ਅਜਿਹੇ ਫੈਸਲੇ ਲੈਣੇ ਪੈ ਰਹੇ ਹਨ ਜਾਂ ਬਿਆਨ ਦੇਣੇ ਪੈਂਦੇ ਹਨ, ਜਿਸ ਨਾਲ ਕਈ ਲੋਕਾਂ ਨੂੰ ਬੁਰਾ ਵੀ ਲੱਗ ਰਿਹਾ ਹੈ। ਕਿਸਾਨ ਆਗੂ ਏਡੇ ਵੱਡੇ ਅੰਦੋਲਨ ਦੀ ਸਹੀ ਦਿਸ਼ਾ ਨੂੰ ਕਾਇਮ ਰੱਖਣ ਅਤੇ ਸਾਰਥਕ ਨਤੀਜੇ ਤੱਕ ਪਹੁੰਚਣ ਲਈ ਕਿਸ ਮਾਨਸਿਕ ਦਸ਼ਾ, ਹਾਲਾਤ ਜਾਂ ਤਣਾਅ ਵਿਚੋਂ ਗੁਜ਼ਰ ਰਹੇ ਹਨ, ਇਸ ਨੂੰ ਗਲਤ ਰੰਗਣ ਦੇਣ ਵਾਲੇ ਲੋਕ ਮਹਿਸੂਸ ਹੀ ਨਹੀਂ ਕਰਦੇ। ਕਿਸਾਨ ਨੇਤਾ ਅਜਿਹੇ ਤਜ਼ਰਬੇਕਾਰ ਨੇਤਾ ਹਨ, ਜੋ ਵਰ੍ਹਿਆਂ ਤੋਂ ਕਿਸਾਨੀ ਦੇ ਵੱਖ ਵੱਖ ਮਸਲਿਆਂ ਨੂੰ ਲੈ ਕੇ ਸੰਘਰਸ਼ ਕਰਦੇ ਆਏ ਹਨ। ਉਹ ਵਾਰ ਵਾਰ ਅਪੀਲ ਕਰ ਰਹੇ ਹਨ ਕਿ ਇਹ ਨਿਰੋਲ ਕਿਸਾਨੀ ਸੰਘਰਸ਼ ਹੈ, ਜਿਸ ਦਾ ਕਿਸੇ ਫਿਰਕੇ ਜਾਂ ਰਾਜਨੀਤਕ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। ਇਸੇ ਲਈ ਰਾਜਨੀਤਕ ਪਾਰਟੀਆਂ ਨੂੰ ਵੀ ਉਨ੍ਹਾਂ ਨੇ ਸਖਤੀ ਨਾਲ ਕਿਹਾ ਹੈ ਕਿ ਉਹ ਕਿਸਾਨੀ ਝੰਡੇ ਹੇਠ ਅੰਦੋਲਨ ਵਿਚ ਆ ਕੇ ਬੈਠ ਸਕਦੇ ਹਨ, ਪਰ ਕਿਸਾਨੀ ਸਟੇਜ ਤੋਂ ਬੋਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਕਿਸਾਨ ਆਗੂਆਂ ਦੇ ਮਾਨਸਿਕ ਤਣਾਅ, ਉਨ੍ਹਾਂ ਦੀ ਚਿੰਤਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਲੋਕਾਂ ਦੇ ਜੋਸ਼ਮਈ ਸ਼ੁਮਾਰ ਤੋਂ ਬਿਨਾ ਕੋਈ ਵੀ ਅੰਦੋਲਨ ਅੰਦੋਲਨ ਨਹੀਂ ਬਣ ਸਕਦਾ, ਪਰ ਉਸ ਜੋਸ਼ ਨੂੰ ਹੋਸ਼ ਨਾਲ ਸੰਜਮ ਅਤੇ ਅਨੁਸ਼ਾਸਨ ਵਿਚ ਰੱਖਣਾ ਵੀ ਬਹੁਤ ਜ਼ਰੂਰੀ ਹੁੰਦਾ ਹੈ, ਕਿਉਂਕਿ ਇੱਕ ਨਿੱਕੀ ਜਿਹੀ ਕੀਤੀ ਗਲਤੀ ਵੀ ਸਾਰੇ ਅੰਦੋਲਨ ਨੂੰ ਤਾਰਪੀਡੋ ਕਰ ਸਕਦੀ ਹੈ। ਇਹ ਗੱਲ ਕਿਸੇ ਤੋਂ ਭੁੱਲੀ ਹੋਈ ਨਹੀਂ ਕਿ ਰਾਜਨੀਤਕ ਦਲ ਭਾਵੇਂ ਉਹ ਕੋਈ ਵੀ ਹੋਵੇ, ਉਸ ਦਾ ਇੱਕੋ ਇੱਕ ਮਕਸਦ ਆਪਣੇ ਰਾਜਨੀਤਕ ਏਜੰਡੇ ਨੂੰ ਸਾਹਮਣੇ ਰੱਖਣਾ ਹੁੰਦਾ ਹੈ; ਲੋਕਾਂ ਦਾ ਜਾਂ ਅੰਦੋਲਨ ਦਾ ਇਸ ਨਾਲ ਕੀ ਨੁਕਸਾਨ ਹੁੰਦਾ ਹੈ, ਇਸ ਦੀ ਉਸ ਨੂੰ ਕੋਈ ਵੀ ਪਰਵਾਹ ਨਹੀਂ ਹੁੰਦੀ।

ਦਿੱਲੀ ਦੀਆਂ ਫਿਰਨੀਆਂ 'ਤੇ ਚੱਲ ਰਹੇ ਅੰਦੋਲਨ ਦੇ ਮੱਦੇਨਜ਼ਰ ਕਿਸਾਨ ਲੀਡਰਾਂ ਨੂੰ ਹਰ ਰੋਜ਼ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਹਿਲੀ ਗੱਲ ਲੱਖਾਂ ਦੀ ਗਿਣਤੀ ਵਿਚ ਇਕੱਠੇ ਹੋਏ ਲੋਕਾਂ ਨੂੰ ਅਨੁਸ਼ਾਸਨ ਵਿਚ ਰੱਖਣਾ ਕੋਈ ਸੁਖਾਲਾ ਕੰਮ ਨਹੀਂ ਹੁੰਦਾ। ਭਾਜਪਾ ਦੇ ਸ਼ਾਸਨ ਕਾਲ ਦੇ ਪਿਛਲੇ ਸੱਤ ਸਾਲਾਂ ਵਿਚ ਚੱਲੇ ਅੰਦੋਲਨਾਂ ਤੋਂ ਕਿਸਾਨ ਲੀਡਰ ਅਤੇ ਲੋਕ ਜਾਣਦੇ ਹਨ ਕਿ ਭਾਜਪਾ ਨੇ ਆਪਣੇ ਪ੍ਰਚਾਰ ਸਾਧਨਾਂ, ਮੀਡੀਆ, ਆਈ. ਟੀ. ਸੈੱਲ ਅਤੇ ਪੁਲਿਸ ਫੋਰਸ ਰਾਹੀਂ ਅੰਦੋਲਨਾਂ ਵਿਚ ਘੁਸਪੈਠ ਕਰਕੇ, ਕਿਸ ਤਰ੍ਹਾਂ ਉਨ੍ਹਾਂ ਅੰਦੋਲਨਾਂ ਨੂੰ ਫੇਲ੍ਹ ਕੀਤਾ ਭਾਵੇਂ ਉਹ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾ ਅੰਦੋਲਨ ਸੀ, ਭੀਮਾ ਕੋਰੇ ਗਾਉਂ ਸੀ, ਸਿਟੀਜਨਸ਼ਿਪ ਐਕਟ ਦੇ ਖਿਲਾਫ ਜਾਮੀਆ ਮਿਲੀਆ ਯੂਨੀਵਰਸਿਟੀ ਜਾਂ ਮੁਲਕ ਭਰ ਵਿਚ ਚੱਲ ਰਹੇ ਅੰਦੋਲਨ ਅਤੇ ਸ਼ਾਹੀਨ ਬਾਗ ਦੀਆਂ ਬੀਬੀਆਂ ਦਾ ਅੰਦੋਲਨ ਸੀ। ਆਪ ਹੀ ਦੰਗੇ ਕਰਾਏ ਅਤੇ ਸਭ ਤੋਂ ਵੱਧ ਜਾਨਾਂ ਵੀ ਘੱਟ-ਗਿਣਤੀ ਭਾਈਚਾਰੇ ਦੇ ਲੋਕਾਂ ਦੀਆਂ ਗਈਆਂ, ਪਰ ਫਸਾਇਆ ਵੀ ਘੱਟ-ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਹੀ।

ਲੋਕਾਂ ਦੇ ਹੱਕ ਵਿਚ ਅਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ, ਪੱਤਰਕਾਰਾਂ, ਸਮਾਜ ਸੇਵੀ ਕਾਰਕੁੰਨਾਂ ਨੂੰ ਅਰਬਨ ਨਕਸਲੀ, ਮਾਉਵਾਦੀ, ਪਾਕਿਸਤਾਨੀ ਏਜੰਟ, ਦੇਸ਼ ਧਰੋਹੀ ਆਦਿ ਕਹਿ ਕੇ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਇਹੀ ਸਾਰੇ ਹੱਥਕੰਡੇ ਇਸ ਕਿਸਾਨ ਅੰਦੋਲਨ ਨੂੰ ਲੀਹ ਤੋਂ ਉਖਾੜਨ ਲਈ ਵੀ ਅਪਨਾਏ ਜਾ ਰਹੇ ਹਨ। ਸਰਕਾਰ ਵੱਲੋਂ ਇਸ ਅੰਦੋਲਨ ਨੂੰ ਪੰਜਾਬੀ ਕਿਸਾਨਾਂ ਦੇ ਅੰਦੋਲਨ ਤੱਕ ਮਹਿਦੂਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪੰਜਾਬੀ ਕਿਸਾਨਾਂ ਦੇ ਅੰਦੋਲਨ ਤੱਕ ਮਹਿਦੂਦ ਕਰਨ ਲਈ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਪੰਜਾਬੀ ਨਹੀਂ ਚਾਹੁੰਦੇ ਕਿ ਦੂਜੇ ਸੂਬਿਆਂ ਦੇ ਕਿਸਾਨ ਵੀ ਉਨ੍ਹਾਂ ਦੇ ਬਰਾਬਰ ਆ ਜਾਣ। ਇਸੇ ਤਰ੍ਹਾਂ 'ਖਾਲਿਸਤਾਨੀ', 'ਅਤਿਵਾਦੀ', 'ਵੱਖਵਾਦੀ', 'ਮਾਉਵਾਦੀ', ਪਾਕਿਸਤਾਨ ਅਤੇ ਚੀਨ ਦੀ ਹਮਾਇਤ ਨਾਲ ਚਲਾਇਆ ਜਾ ਰਿਹਾ ਅੰਦੋਲਨ, ਅਮੀਰ ਕਿਸਾਨਾਂ ਦਾ ਅੰਦੋਲਨ, ਬਾਹਰਲੇ ਮੁਲਕਾਂ ਤੋਂ ਸਪਾਂਸਰ ਕੀਤਾ ਹੋਇਆ ਅਤੇ ਹੋਰ ਪਤਾ ਨਹੀਂ ਕੀ ਕੀ।

*(ਬਾਕੀ ਅਗਲੇ ਸਫੇ 'ਤੇ)*

# ਸਾਹਿਬਜ਼ਾਦਿਆਂ ਨੂੰ ਸਜਦਾ

*-ਚੰਨ, ਫੋਨ: 908-788-8427*

## ਸਿਰਲੱਥ ਯੋਧੇ

*(ਵੱਡੇ ਸਾਹਿਬਜ਼ਾਦੇ)*

ਕੱਚੀ ਗੜ੍ਹੀ ਚਮਕੌਰ ਦੀ ਗੁਰ ਡੇਰਾ ਲਾਇਆ
ਪਿੱਛੇ ਲੱਗੇ ਦੁਸ਼ਮਣਾਂ ਵੀ ਆ ਘੇਰਾ ਪਾਇਆ
ਸਿੰਘਾਂ ਨੇ ਚੜ੍ਹਦੀ ਕਲਾ ਦਾ ਜੈਕਾਰਾ ਲਾਇਆ
ਪਹਿਲਾ ਜਥਾ ਯੋਧਿਆਂ ਦਾ ਵੈਰੀ 'ਤੇ ਧਾਇਆ
ਸਿੰਘਾਂ ਵੱਢ ਵੱਢ ਕੀਤੇ ਡੱਕਰੇ ਜਿਧਰ ਨੂੰ ਜਾਂਦੇ
ਵੇਖ ਵੇਖ ਸਨ ਵੈਰੀਆਂ ਦੇ ਰੰਗ ਉੱਡਦੇ ਜਾਂਦੇ।

ਸਹਿਬਜ਼ਾਦੇ 'ਅਜੀਤ' ਵੀ ਆ ਅਰਜ਼ ਗੁਜ਼ਾਰੀ
ਬਖਸ਼ੋ ਪਿਤਾ ਜੀ ਆਗਿਆ ਹੁਣ ਮੇਰੀ ਵਾਰੀ
ਸੁਣ ਕੇ ਗੁਰਾਂ ਅਜੀਤ ਨੂੰ ਘੁੱਟ ਸੀਨੇ ਲਾਇਆ
ਮੈਦਾਨੇ-ਜੰਗ ਵਾਸਤੇ, ਪੁੱਤ ਹੱਥੀਂ ਸਜਾਇਆ
ਸੂਰਮਾ ਜਾ ਵੈਰੀ 'ਤੇ ਟੁੱਟਿਆ ਛੱਡਦਾ ਜੈਕਾਰੇ
ਤੇਗ਼ ਬਿਜਲੀ ਵਾਂਗੂ ਲਿਸ਼ਕਦੀ ਮਾਰੇ ਚਮਕਾਰੇ
ਉਹਨੇ ਵੱਢ ਵੱਢ ਕੀਤੇ ਡੱਕਰੇ ਵੱਡ ਸੂਰਮੇ ਭਾਰੇ
ਇਉਂ ਧਰਤੀ 'ਤੇ ਡਿੱਗਦੇ ਜਿਉਂ ਢਹਿਣ ਮੁਨਾਰੇ।

ਨੇਜ਼ਾ, ਬਰਛੀ, ਤੀਰ, ਤੇਗ਼ ਉਸ ਵਾਹੇ ਦੋਧਾਰੇ
ਪਈ ਭਾਜੜ ਵੈਰੀ ਦਲਾਂ 'ਚ ਸੁਣ ਕੇ ਲਲਕਾਰੇ
ਸਿਪਾਹਸਾਲਾਰਾਂ ਇਹ ਵੇਖਿਆ ਡਾਢੇ ਘਬਰਾਏ
ਉਨ੍ਹਾਂ ਘੋੜਾ ਫੇਰ ਸਫਾਂ ਵਿਚ ਜਾ ਵਾਸਤੇ ਪਾਏ
ਅਣਖ ਜਗਾਈ ਗਾਜ਼ੀਆਂ ਮੁੜ ਵਾਪਸ ਆਏ

ਉਹ ਵਧੇ ਚੁਫੇਰਿਉਂ ਅਗਾਂਹ ਵੱਲ ਘੇਰਾ ਪਾਈ
ਕਹਿਰੀ ਹੱਲਾ ਬੋਲਿਆ ਉਨ੍ਹਾਂ ਕਰ ਕੇ ਧਾਈ
ਆਖਰ ਡਿੱਗਾ ਘੋੜੇ ਤੋਂ ਸੂਰਮਾ ਸ਼ਹੀਦੀ ਪਾਈ।

ਮਮਟੀ ਤੋਂ ਵੇਖ ਗੁਰਾਂ ਨੇ ਗੱਜ ਫਤਹਿ ਬੁਲਾਈ
ਸੁਣ ਕੇ ਜੁਝਾਰ ਸਿੰਘ ਵੀਰ ਨੇ ਸ਼ਹੀਦੀ ਪਾਈ
ਹੱਥ ਜੋੜ ਕੇ ਪਿਤਾ ਜੀ ਨੂੰ ਆ ਫਤਹਿ ਬੁਲਾਈ
ਆਗਿਆ ਬਖਸ਼ੋ ਜੰਗ ਵਿਚ ਜਾਵਾਂ ਕਰ ਧਾਈ
ਮੈਂ ਵੱਢ ਵੱਢ ਲਾਵਾਂ ਢੇਰੀਆਂ ਵੈਰੀ ਅੱਤ ਚਾਈ
ਮੌਤ ਲਾੜੀ ਵਰਨ ਲਈ ਪੁੱਤ ਹੱਥੀਂ ਸਜਾਇਆ
ਦੇ ਕੇ ਥਾਪੜਾ ਲਾਲ ਨੂੰ ਗੋਬਿੰਦ ਮੁਸਕਾਇਆ
ਜੈਕਾਰਾ ਛੱਡਿਆ ਸੂਰਮੇ ਖੰਡਾ ਲਿਸ਼ਕਾਇਆ
ਉਹ ਗਿਆ ਸਫਾਂ ਚੀਰਦਾ ਜਿਧਰ ਵੀ ਧਾਇਆ।

ਹੈਰਾਨ ਹੋਇਆ ਵੈਰੀ ਮੂੰਹ ਵਿਚ ਉਂਗਲਾਂ ਪਾਵੇ
ਇਹ ਨਿੱਕਾ ਜਿਹਾ ਛੋਕਰਾ, ਆਹੂ ਲਾਹੀ ਜਾਵੇ

ਅਣਖ ਖਾ ਕੇ ਗਾਜ਼ੀਆਂ ਇਉਂ ਬੋਲਿਆ ਹੱਲਾ
ਟਿੱਡੀ ਦਲ ਨੇ ਘੇਰ ਲਿਆ ਫਿਰ ਸ਼ੇਰ ਇਕੱਲਾ
ਆਖਰੀ ਦਮ ਤੱਕ ਸੂਰਮੇ ਐਸੀ ਤੇਗ਼ ਚਲਾਈ
ਲੜਦਾ ਹੋਇਆ ਸੂਰਬੀਰ ਕਰ ਗਿਆ ਚੜ੍ਹਾਈ
ਕੀਤਾ ਸ਼ੁਕਰ ਅਕਾਲ ਦਾ, ਗੁਰਾਂ ਸੀਸ ਝੁਕਾਈ
ਤੇਰੀ ਅਮਾਨਤ ਦਾਤਿਆ, ਤੇਰੇ ਦਰ ਪਹੁਚਾਈ।

## ਸ਼ਹੀਦੀ ਦੇ ਮੁਜੱਸਮੇ

*(ਛੋਟੇ ਸਾਹਿਬਜ਼ਾਦੇ)*

ਬੇਸ਼ੱਕ ਛੋਟੇ ਬਾਲ ਅਸੀਂ ਹੌਸਲੇ ਬੁਲੰਦ ਸੂਬਿਆ
ਦਿਨ ਆਪਣੇ ਤੂੰ ਗਿਣ ਰਹਿ ਗਏ ਚੰਦ ਸੂਬਿਆ।

ਜਿੰਨਾ ਲੱਗਦਾ ਈ ਜ਼ੋਰ ਲੈ ਖਾਂ ਲਾ ਸੂਬਿਆ
ਜ਼ੋਰ ਜ਼ਬਰ ਕਮਾਉਣਾ ਈ ਲੈ ਕਮਾ ਸੂਬਿਆ
ਓਸ ਮਿੱਟੀ ਦੇ ਅਸੀਂ ਨਹੀਉਂ ਬਣੇ ਅਸਲੋਂ
ਜੋ ਡਰਾਵਿਆਂ ਤੋਂ ਜਾਈਏ ਘਬਰਾ ਸੂਬਿਆ
'ਗੋਬਿੰਦ ਸਿੰਘ' ਦੇ ਆਂ ਅਸੀਂ ਫਰਜੰਦ ਸੂਬਿਆ
ਬੇਸ਼ੱਕ ਛੋਟੇ ਬਾਲ ਅਸੀਂ ਹੌਸਲੇ ਬੁਲੰਦ ਸੂਬਿਆ।

ਤੁਹਾਡਾ ਪਿਤਾ ਗਿਆ ਜੰਗ 'ਚ ਹਾਰ ਬੱਚਿਓ
ਮੰਨੋ ਆਖਾ ਮੇਰਾ ਆਖਾਂ ਵਾਰ ਵਾਰ ਬੱਚਿਓ
ਆ ਜਾਓ ਦੀਨ ਮੰਨੋ ਰਾਜ ਭਾਗ ਦੇ ਦਿਆਂਗੇ
ਨਹੀਂ ਤਾਂ ਦੇ ਕੇ ਤਸੀਹੇ ਦਿਆਂਗੇ ਮਾਰ ਬੱਚਿਓ
ਤਰਸ ਸੋਹਲ, ਸੋਹਣੀ ਜ਼ਿੰਦਗੀ ਤੇ ਖਾਓ ਬੱਚਿਓ
ਆਵੇ ਰਹਿਮ ਸਾਨੂੰ ਕਹਿਣਾ ਮੰਨ ਜਾਓ ਬੱਚਿਓ।

ਗੋਬਿੰਦ ਨੂੰ ਕੋਈ ਕਾਇਰ ਨਹੀਂ ਹਰਾ ਸਕਦਾ
ਫਰੇਬ, ਝੂਠ ਨਹੀਂ ਕੋਈ ਸਾਨੂੰ ਭਰਮਾ ਸਕਦਾ
ਤੁਹਾਡੇ ਪਾਪਾਂ ਵਾਲੀ ਬੇੜੀ ਹੁਣ ਭਰ ਗਈ ਏ
ਕੋਈ ਵੀ ਡੁੱਬਣ ਤੋਂ ਇਹਨੂੰ ਨ੍ਹੀਂ ਬਚਾ ਸਕਦਾ
ਚੁੱਕੀ ਪਾਪਾਂ ਦੀ ਨਹੀਂ ਜਾਣੀ ਤੈਥੋਂ ਪੰਡ ਸੂਬਿਆ
ਬੇਸ਼ੱਕ ਛੋਟੇ ਬਾਲ ਅਸੀਂ ਹੌਸਲੇ ਬੁਲੰਦ ਸੂਬਿਆ।

ਸੂਬੇ, ਵੇਖਿਆ ਨਹੀਂ ਬੱਚੇ ਕਿਸੇ ਤਰ੍ਹਾਂ ਮੰਨਦੇ
ਬੁਲਾਇਆ ਕਾਜ਼ੀ ਨੂੰ ਬੋਲ ਸੁਣ ਸੁੱਚਾ ਨੰਦ ਦੇ
'ਕਾਜ਼ੀ' ਸ਼ਰਹ ਦਾ ਫਤਵਾ ਆ ਸੁਣਾਇਆ ਏ
ਜਿਉਂਦੇ ਨੀਂਹਾਂ ਵਿਚ ਫੜ ਚਿਣ ਦਿਉ ਕੰਧ ਦੇ
ਗੱਜ ਛੱਡਿਆ ਜੈਕਾਰਾ ਆਯਾ ਅਨੰਦ ਸੂਬਿਆ
ਬੇਸ਼ੱਕ ਛੋਟੇ ਬਾਲ ਅਸੀਂ ਹੌਸਲੇ ਬੁਲੰਦ ਸੂਬਿਆ।

## ਪਰਿਵਾਰ ਵਿਛੋੜਾ

ਰਾਤ ਪੋਹ ਦੀ ਸੀ ਹੱਡਾਂ ਨੂੰ ਠਾਰਦੀ।
ਅਨੰਦਪੁਰੀ ਵਿਛੋੜਾ ਨਾ ਸਹਾਰਦੀ।

ਦਸ਼ਮਣਾਂ ਨੇ ਸੀ ਘੇਰਾ ਪਾ ਲਿਆ।
ਝੂਠੀਆਂ ਸਹੁੰਆਂ ਖਾ ਭਰਮਾ ਲਿਆ।

ਬਚਿੱਤਰ ਸਿੰਘ ਹਾਥੀ ਨੂੰ ਝੰਬਦਾ।
ਕਿਲਾ ਅਨੰਦਗੜ੍ਹ ਵੀ ਸੀ ਕੰਬਦਾ।

ਗੁਰਾਂ ਹੁਕਮ ਖਾਲਸੇ ਤੋਂ ਸੀ ਲਿਆ।
ਫਿਰ ਸਿਰ ਮੱਥੇ 'ਤੇ ਸੀ ਪਾਲਿਆ।

ਉਹ ਚੰਦਰੀ ਕਾਲੀ ਬੋਲੀ ਰਾਤ ਸੀ।
ਉੱਤੋਂ ਛਮ ਛਮ ਹੁੰਦੀ ਬਰਸਾਤ ਸੀ।

ਆਖ ਕੇ ਅਨੰਦਪੁਰੀ ਨੂੰ ਅਲਵਿਦਾ।
ਦੱਖਣ ਵਲ ਨੂੰ ਸਾਰੇ ਹੋ ਤੁਰੇ ਵਿਦਾ।

ਮਾਤਾ ਗੁਜਰੀ ਦੇ ਸੰਗ ਪਰਿਵਾਰ ਸੀ।
ਸਿੰਘ ਸੂਰੇ ਖੁਦ ਸੱਚੀ ਸਰਕਾਰ ਸੀ।

ਪਹਾੜੀ ਰਾਜੇ, ਮੁਗਲ ਕਸਮਾਂ ਭੁੱਲੇ।
ਗੁਰੂ ਜੀ ਨੂੰ ਮਾਰ ਮੁਕਾਉਣ 'ਤੇ ਤੁਲੇ।

ਮਗਰ ਫੌਜਾਂ ਨੇ ਵਹੀਰਾਂ ਘੱਤੀਆਂ।
ਸਰਸੇ ਨਦੀ ਅੱਗੋਂ ਸ਼ਰਮਾਂ ਲੱਥੀਆਂ।

ਜਿਉਂ ਨਾਲ ਦੁਸ਼ਮਣਾਂ ਰਲ ਗਿਆ।
ਠਾਠਾਂ ਮਾਰ ਗੁਰਾਂ ਦੇ ਗਲ ਪਿਆ।

ਉੱਚੀ ਥਾਂ ਦੇਖ ਕੇ ਡੇਰਾ ਲਾ ਲਿਆ।
ਪਿਆਰੇ ਸਿੰਘਾਂ ਨੂੰ ਵੀ ਬੈਠਾ ਲਿਆ।

ਸਾਰੀ ਰਾਤ ਗੁਜ਼ਾਰੀ ਦਰਿਆ ਕੰਢੇ।
ਰਹਿਰਾਸ ਸਾਹਿਬ ਦੇ ਪ੍ਰਸ਼ਾਦ ਵੰਡੇ।

ਦਿਨ ਚੜ੍ਹੇ ਮੁਗਲਾਂ ਹੱਲਾ ਬੋਲਿਆ।
ਫਿਰ ਸਿੰਘਾਂ ਦਾ ਖੂਨ ਵੀ ਖੌਲਿਆ।

ਇੰਜ ਗਹਿਗੱਚ ਜੰਗ ਛਿੜ ਪਈ।
ਲੋਥਾਂ ਦੀ ਗਿਣਤੀ ਨਾ ਹੁੰਦੀ ਪਈ।

ਸਰਸੇ 'ਚ ਸੰਗ ਸਾਰਾ ਠਿਲ੍ਹ ਪਿਆ।
ਪਰਿਵਾਰ ਵਿਛੋੜੇ ਦਾ ਸੱਲ ਪਿਆ।

ਜ਼ੋਰਾਵਰ, ਫਤਿਹ ਸਿੰਘ ਵੱਖ ਹੋਏ।
ਮਾਤਾ ਗੁਜਰੀ ਜੀ ਲੱਖ ਤੋਂ ਕੱਖ ਹੋਏ।

ਅਜੀਤ, ਜੁਝਾਰ ਤੇ ਦਸ਼ਮੇਸ਼ ਪਿਤਾ।
ਜਾ ਚਮਕੌਰ ਗੜ੍ਹੀ ਨੂੰ ਸੰਭਾਲ ਲਿੱਤਾ।

ਇੰਜ ਪਰਿਵਾਰ ਵਿਛੋੜਾ ਪੈ ਗਿਆ।
ਖਾਲਸਾ ਅਣਗਾਹੇ ਰਾਹ ਪੈ ਗਿਆ।

***-ਸੇਵਾ ਸਿੰਘ ਨੂਰਪੁਰੀ***

---

## ਨਾਮ ਜਪਣਾ

ਜਪ ਕੇ ਨਾਮ ਹਲੀਮੀ ਪਾ ਲੈ
ਜੇ ਮੁਕਤੀ ਤੈਂ ਪਾਉਣੀ
ਨਿਉਟਿਆਂ ਦੀ ਤੂੰ ਸੇਵਾ ਕਰ ਲੈ
ਜੇ ਸੁੱਖ ਦੀ ਜ਼ਿੰਦਗੀ ਜਿਉਣੀ
ਚੈਨ ਨਾਲ ਸ਼ਾਤੀ ਤਾਂ ਹੀ ਮਿਲਣੀ
ਜੇ ਲਗਨ ਨਾਲ ਹੀ ਸੇਵਾ ਹੋਵੇ
ਹੰਕਾਰੀ ਬੰਦਾ ਸੇਵਾ ਨਹੀਂ ਕਰਦਾ
ਦੁੱਖਾਂ ਦਾ ਭਾਰ ਉਹ ਢੋਹਵੇ
ਕਈ ਵਾਰ ਤਾਂ ਸਭ ਕੁਝ ਪਾ ਕੇ
ਹੱਥ ਸੱਖਣਾ ਕਰ ਰੋਵੇ
ਕੁਦਰਤ ਦਾ ਸੰਤਾਪਿਆ ਬੰਦਾ
ਨਾ ਨੀਂਦ ਸੁਖ ਦੀ ਸੌਂਵੇ।
ਨਾਮ ਜਪਣ ਦਾ ਭਾਵ ਹੈ ਇਥੇ
ਦੁਖੀਆਂ ਦੀ ਸੇਵਾ ਕਰਨਾ
ਜੋ ਭੁੱਖੇ ਭਾਣੇ ਜ਼ਿੰਦਗੀ ਜਿਉਂਦੇ
ਦੁੱਖ ਉਨ੍ਹਾਂ ਦਾ ਹਰਨਾ
ਦਿਆ ਭਾਵਨਾ ਪੈਦਾ ਹੁੰਦੀ
ਜੇ ਦਿਲੋਂ ਲਾ ਕੇ ਨਾਮ ਧਿਆਵੋ
ਮਨ ਦੀ ਮੈਲ ਵੀ ਕੱਟੀ ਜਾਂਦੀ
ਜੇ ਸੇਵਾ ਕਿਰਤ ਕਮਾਵੋ।

ਹਵਸ ਈਰਖਾ ਦੂਰ ਕਰਨ ਲਈ
ਹਿਰਦੇ ਡਰ ਰੱਬ ਦਾ ਲੈ ਆਉ
ਜੇ ਮਨ ਆਪਣੇ ਨੂੰ ਕਾਬੂ ਰੱਖੇ
ਜੱਗ ਵੀ ਜਿੱਤ ਦਿਖਲਾਉ
ਵਾਹਿਗੁਰੂ ਵਾਹਿਗੁਰੂ ਕਰਨਾ ਹੁੰਦਾ
ਗੁਣ ਵਾਹਿਗੁਰੂ ਦੇ ਅਪਨਾਉਣਾ
ਉਨ੍ਹਾਂ ਗੁਣਾਂ 'ਤੇ ਅਮਲ ਏ ਕਰਨਾ
ਤਾਂ ਨਾਮ ਜਪਿਆ ਫਲ ਪਾਉਣਾ।

ਨਾਮ ਜਪਣ ਦਾ ਭਾਵ ਨਹੀਂ ਹੁੰਦਾ
ਨਿੱਜ ਲਈ ਮੁਕਤੀ ਪਾਉਣੀ
ਸਰਬੱਤ ਦਾ ਭਲਾ ਉਦੇਸ਼ ਨਾਮ ਦਾ
ਘਾਲਿ ਖਾਏ ਕਰ ਸੇਵਿ ਕਮਾਉਣੀ
ਨਾਮ ਜਪਣ ਦਾ ਭਾਵ ਹੈ ਇਥੇ
ਕਿਸੇ ਸਵਰਗ ਸੁਖ ਨੂੰ ਪਾਉਣਾ
ਨਾ ਕੂੜ ਹਉਮੈ ਦਾ ਸੋਨਾ ਪਾ ਕੇ
ਦਰ ਬਾਬੇ ਦੇ ਆਉਣਾ
ਭਾਈ ਲਾਲੋ ਤੇ ਮੱਖਣ ਸ਼ਾਹ ਨੇ
ਸੀ ਸੇਵਾ ਕਿਰਤ ਕਮਾਈ
ਧਨ ਸੀ ਉਨ੍ਹਾਂ ਦੀ ਸੇਵਿ ਕਮਾਈ
ਜਿੰਦ ਸੇਵਾ ਦੇ ਲੇਖੇ ਲਾਈ।

ਸੇਵਿ ਭਾਵਨਾ ਮਨ ਧਾਰ ਕੇ
ਜਸਵੰਤ ਖਾਲੜੇ ਦਿਤੀ ਕੁਰਬਾਨੀ
ਪੁਲਿਸ ਰਾਜ ਤੋਂ ਨਿਆਂ ਲੈਣ ਲਈ
ਵਾਰ ਦਿੱਤੀ ਜ਼ਿੰਦਗਾਨੀ
ਅਪਾਹਜਾਂ ਦੀ ਸੇਵਾ ਭਗਤ ਪੂਰਨ ਸਿੰਘ
ਸੀ ਕੀਤੀ ਘੋਲ ਕਮਾਈ ਕਰ ਕੇ
ਜਲ ਦੀ ਸੇਵਾ ਕਰ ਘਨੱਈਆ
ਕਰ ਸੇਵਾ ਜਿੰਦ ਲਾਈ।
ਨਾਮ ਜਪਣ ਦਾ ਭਾਵ ਹੈ 'ਭੰਵਰਾ'
ਸ਼ੁਭ ਅਮਲਾਂ ਦਾ ਜਿਉਣਾ
ਨਾ ਕਿਸੇ ਦੀ ਧੌਂਸ ਨੂੰ ਜਰਨਾ
ਨਾ ਲਹੂ ਕਿਸੇ ਦਾ ਪੀਣਾ
ਨੇਕ ਕਮਾਈ ਕਰਨੀ ਆਪਣੀ
ਵੰਡ ਕੇ ਖਾ ਕੇ ਥੀਣਾ
ਜਿਹੜੇ ਸਹਿਕ ਸਹਿਕ ਕੇ ਜਿਉਂਦੇ
ਪਾਟੇ ਜਖਮ ਉਨ੍ਹਾਂ ਦੇ ਸੀਣਾ।

***-ਮੋਹਨ ਸਿੰਘ ਭੰਵਰਾ***
***ਫੋਨ: 646-512-4800***

# ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ

*(ਪਿਛਲੇ ਸਫੇ ਦੀ ਬਾਕੀ)*

ਮੋਰਚਿਆਂ 'ਤੇ ਬੈਠੇ ਕਿਸਾਨ ਬਹੁਤ ਸਤਰਕ ਰਹਿਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਕਰਕੇ ਹਰ ਰੋਜ਼ ਕੋਈ ਨਾ ਕੋਈ ਘੁਸਪੈਠ ਕਰ ਗਿਆ ਗਲਤ ਬੰਦਾ ਫੜਿਆ ਜਾਂਦਾ ਹੈ; ਗੋਦੀ ਮੀਡੀਆ ਆਪਣੀ ਆਈ. ਡੀ. ਛੁਪਾ ਕੇ ਅਜਿਹੀਆਂ ਖਬਰਾਂ ਇਕੱਠੀਆਂ ਕਰਨ ਦੀ ਕੋਸ਼ਿਸ਼ ਕਰਦਾ ਹੈ, ਜਿਨ੍ਹਾਂ ਨੂੰ ਕਿਸਾਨਾਂ ਦੇ ਖਿਲਾਫ ਵਰਤਿਆ ਜਾ ਸਕੇ।

ਗੋਦੀ ਮੀਡੀਏ ਵੱਲੋਂ ਜਿਸ ਤਰ੍ਹਾਂ 'ਸ਼ਾਹੀਨ ਬਾਗ' ਮੋਰਚੇ ਵਿਚੋਂ 'ਬਰਿਆਨੀ' ਲੱਭਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਕਿ ਲੋਕ ਉਥੇ ਬਰਿਆਨੀ ਖਾਣ ਆਉਂਦੇ ਹਨ; ਉਸੇ ਤਰ੍ਹਾਂ ਇਸ ਮੋਰਚੇ ਵਿਚ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇੱਥੇ ਤਾਂ ਪੀਜ਼ਾ, ਬਦਾਮ ਖਾਧੇ ਜਾ ਰਹੇ ਹਨ ਵਗੈਰਾ ਵਗੈਰਾ। ਇਸ ਮੋਰਚੇ ਨੂੰ ਸਿਰਫ ਪੰਜਾਬੀ ਕਿਸਾਨਾਂ ਦਾ ਮੋਰਚਾ ਸਾਬਤ ਕਰਨ ਲਈ ਯੂ. ਪੀ. ਅਤੇ ਹਰਿਆਣੇ ਦੀ ਪੁਲਿਸ ਵੱਲੋਂ ਮੱਧ ਪ੍ਰਦੇਸ਼, ਯੂ. ਪੀ. ਅਤੇ ਰਾਜਸਥਾਨ ਤੋਂ ਆਉਣ ਵਾਲੇ ਕਿਸਾਨਾਂ 'ਤੇ ਚਿੱਲਾ ਬਰਾਡਰ ਅਤੇ ਹੋਰ ਨਾਕਿਆਂ 'ਤੇ ਭਾਰੀ ਲਾਠੀਚਾਰਜ ਕੀਤਾ ਗਿਆ, ਕਿਸਾਨਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਚਿੱਲਾ ਬਰਾਡਰ 'ਤੇ ਜਿਸ ਜਥੇ 'ਤੇ ਲਾਠੀਚਾਰਜ ਕੀਤਾ ਗਿਆ, ਉਸ ਵਿਚ 350 ਦੇ ਕਰੀਬ ਔਰਤਾਂ ਵੀ ਸ਼ਾਮਲ ਹਨ। ਯੋਗੀ ਅਦਿੱਤਿਆ ਨਾਥ ਅਤੇ ਹੋਰ ਮੰਤਰੀ ਇਸ ਨੂੰ ਧਾਰਮਿਕ ਰੰਗਣ ਦੇਣ ਲਈ ਪੂਰਾ ਜ਼ੋਰ ਲਾ ਰਹੇ ਹਨ। ਯੋਗੀ ਦੇ ਬਿਆਨ ਅਨੁਸਾਰ ਇਹ ਅੰਦੋਲਨ ਪੰਜਾਬ ਦੇ ਕਿਸਾਨਾਂ ਨੇ ਇਸ ਲਈ ਸ਼ੁਰੂ ਕੀਤਾ ਹੈ, ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਮ ਮੰਦਿਰ ਦੀ ਉਸਾਰੀ ਸ਼ੁਰੂ ਕਰਾਈ ਹੈ; ਇਹ ਵੀ ਕਿਹਾ ਹੈ ਕਿ ਇਸ ਵਿਚ 2500 ਤੋਂ 5000 ਦੇ ਕਰੀਬ ਖਾਲਿਸਤਾਨੀ ਜਾਂ ਪਾਕਿਸਤਾਨੀ ਸ਼ਾਮਲ ਹਨ।

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਤਿੰਨ ਕਾਲੇ ਕਾਨੂੰਨਾਂ ਦੇ ਹੱਕ ਵਿਚ ਕਿਸਾਨਾਂ ਵਿਚ ਪ੍ਰਚਾਰ ਕਰਨ ਲਈ ਪੱਛਮੀ ਬੰਗਾਲ ਵੱਲ ਚਾਲੇ ਪਾ ਦਿੱਤੇ ਹਨ; ਖੇਤੀਬਾੜੀ ਮੰਤਰੀ ਤੋਮਰ ਨੇ ਕੇਂਦਰ ਸਰਕਾਰ ਵੱਲੋਂ ਕਾਨੂੰਨਾਂ ਦੇ ਹੱਕ ਵਿਚ ਅਤੇ ਸਰਕਾਰ ਨੇ ਕਿਸਾਨਾਂ ਲਈ ਕੀ ਕੀ ਕੀਤਾ ਜਾਂ ਕਰਨ ਜਾ ਰਹੀ ਹੈ, 'ਤੇ ਇੱਕ ਕਿਤਾਬਚਾ ਛਾਪਿਆ ਹੈ, ਜਿਸ ਨੂੰ ਬੜੇ ਵੱਡੇ ਪੱਧਰ 'ਤੇ ਵੰਡਿਆ ਤੇ ਪ੍ਰਚਾਰਿਆ ਜਾ ਰਿਹਾ ਹੈ। ਇਹ ਕੋਈ ਇੱਕ ਤਰੀਕਾ ਨਹੀਂ, ਬਹੁਤ ਤਰ੍ਹਾਂ ਨਾਲ ਸਰਕਾਰ ਸਰਗਰਮ ਹੋ ਗਈ ਹੈ। ਮੱਧ ਪ੍ਰਦੇਸ਼ ਅਤੇ ਹੋਰ ਭਾਜਪਾਈ ਸ਼ਾਸਤ ਸੂਬਿਆਂ ਵਿਚ ਧਰਨਾ ਦੇ ਰਹੇ ਕਿਸਾਨਾਂ ਪ੍ਰਤੀ ਬਹੁਤ ਕੁੱਝ ਕਿਹਾ ਜਾ ਰਿਹਾ ਹੈ ਅਤੇ ਤਿੰਨ ਕਾਨੂੰਨਾਂ ਦੇ ਹੱਕ ਵਿਚ ਪ੍ਰਚਾਰ ਕੀਤਾ ਜਾ ਰਿਹਾ।

ਮੱਧ ਪ੍ਰਦੇਸ਼ ਵਿਚ ਕਿਸਾਨਾਂ ਦਾ ਜੋ ਬਹੁਤ ਸਾਲ ਪਹਿਲਾਂ ਦਾ ਫਸਲਾਂ ਦਾ ਬਕਾਇਆ ਜਾਂ ਮੁਆਵਜ਼ਾ ਰਹਿੰਦਾ ਸੀ, ਉਹ ਕਰੋੜਾਂ ਦੇ ਹਿਸਾਬ ਨਾਲ ਹੁਣ ਕਿਸਾਨਾਂ ਦੇ ਖਾਤਿਆਂ ਵਿਚ ਭੇਜਿਆ ਜਾ ਰਿਹਾ ਹੈ। ਖੇਤੀ ਮੰਤਰੀ ਦਾ ਇੱਥੋਂ ਤੱਕ ਕਹਿਣਾ ਹੈ ਕਿ ਜੇ ਇਹ ਕਿਸਾਨ ਲੀਡਰ ਨਹੀਂ ਮੰਨਣਗੇ ਤਾਂ ਅਸੀਂ ਲੀਡਰ ਬਦਲ ਸਕਦੇ ਹਾਂ। ਜਿਸ ਦਾ ਅਰਥ ਹੈ ਕਿ ਜਾਅਲੀ ਲੀਡਰ ਵੀ ਖੜ੍ਹੇ ਕੀਤੇ ਜਾਣਗੇ। ਇਸੇ ਲਈ ਖੇਤੀ ਮੰਤਰੀ ਨੇ ਕਾਨੂੰਨਾਂ ਦੇ ਪੱਖ ਵਿਚ ਭੁਗਤਾਉਣ ਲਈ ਦਸ ਰਾਜਾਂ ਦੇ ਕੁਝ ਭਾਜਪਾ ਪੱਖੀਆਂ ਨੂੰ ਕਿਸਾਨ ਆਗੂਆਂ ਦਾ ਖਿਤਾਬ ਦੇ ਕੇ ਉਨ੍ਹਾਂ ਨਾਲ ਮੀਟਿੰਗ ਕੀਤੀ ਹੈ, ਜਦੋਂ ਕਿ ਇਸ ਤੋਂ ਪਹਿਲਾਂ ਕਿਸੇ ਇੱਕ ਵੀ ਕਿਸਾਨ ਆਗੂ ਨੇ ਇਨ੍ਹਾਂ ਕਾਲੇ ਕਾਨੂੰਨਾਂ ਦੇ ਹੱਕ ਵਿਚ ਇੱਕ ਵੀ ਬਿਆਨ ਨਹੀਂ ਦਿੱਤਾ।

ਪੰਜਾਬ ਦੇ ਰਾਜਨੀਤਕ ਨੇਤਾ ਵੀ ਕੋਈ ਘੱਟ ਨਹੀਂ ਹਨ। ਅੰਦੋਲਨ 'ਤੇ ਅਸਰ ਪਾਉਣ ਵਾਲੀ ਘਟੀਆ ਬਿਆਨਬਾਜੀ ਕਰਨ ਤੋਂ ਪ੍ਰਹੇਜ਼ ਨਹੀਂ ਕਰਦੇ। ਕਦੇ ਰਵਨੀਤ ਬਿੱਟੂ, ਜੋ ਮੂੰਹ ਆਉਂਦਾ ਹੈ ਉੱਠ ਕੇ ਬੋਲ ਦਿੰਦਾ ਹੈ ਅਤੇ ਕਦੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਹਿ ਦਿੰਦੇ ਹਨ ਕਿ ਸਰਹੱਦੀ ਸੂਬਾ ਹੈ, ਜੇ ਸਮਝੌਤਾ ਨਾ ਕੀਤਾ ਗੁਆਂਢੀ ਮੁਲਕ ਹਾਲਾਤ ਦਾ ਨਾਜਾਇਜ਼ ਫਾਇਦਾ ਉਠਾ ਕੇ ਮਾਹੌਲ ਖਰਾਬ ਕਰ ਸਕਦਾ ਹੈ। ਇਸ ਕਿਸਮ ਦਾ ਬਿਆਨ ਦੇਣਾ ਸੰਘਰਸ਼ ਕਰ ਰਹੇ ਕਿਸਾਨਾਂ ਦੀ ਬੇਇੱਜਤੀ ਕਰਨ ਵਰਗੀ ਗੱਲ ਹੈ। ਕੈਪਟਨ ਨੇ ਕਰਤਾਰਪੁਰ ਲਾਂਘਾਂ ਖੁਲ੍ਹਣ ਤੋਂ ਪਹਿਲਾਂ ਵੀ ਇਸੇ ਕਿਸਮ ਦਾ ਬਿਆਨ ਦਿੱਤਾ ਸੀ, ਜੋ ਉਸ ਸਮੇਂ ਅਨੁਸਾਰ ਇੱਕ ਬੇਹੂਦਾ ਤੇ ਘਟੀਆ ਬਿਆਨ ਸੀ।

ਮਾਹੌਲ ਕਦੇ ਵੀ ਲੋਕਾਂ ਵੱਲੋਂ ਖਰਾਬ ਨਹੀਂ ਕੀਤੇ ਜਾਂਦੇ, ਸਰਕਾਰਾਂ ਵੱਲੋਂ ਘੁਸਪੈਠ ਕਰਾਏ ਅਨਸਰਾਂ ਵੱਲੋਂ ਕੀਤੇ ਜਾਂਦੇ ਹਨ। ਕਿਸਾਨਾਂ ਨੇ ਅੱਜ ਤੱਕ ਕਿਸੇ ਸਿਆਸੀ ਪਾਰਟੀ ਨੂੰ ਅੰਦੋਲਨ ਵਿਚ ਸੰਬੋਧਨ ਕਰਨ ਦੀ ਆਗਿਆ ਨਹੀਂ ਦਿੱਤੀ। ਕਿਸਾਨ ਅੰਦੋਲਨ ਨੂੰ ਪਾਰਟੀਆਂ ਦੀ ਰਾਜਨੀਤੀ ਤੋਂ ਹਰ ਤਰ੍ਹਾਂ ਨਾਲ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਭਾਵੇਂ ਭਾਜਪਾ ਸਰਕਾਰ ਨੇ ਸਾਰਾ ਜ਼ੋਰ ਲਾ ਦਿੱਤਾ ਇਸ ਨੂੰ ਵਿਰੋਧੀ ਪਾਰਟੀਆਂ ਦੇ ਸਿਰ ਮੜ੍ਹਨ ਲਈ। ਹੁਣ ਬੀਬੀ ਜਗੀਰ ਕੌਰ ਨੂੰ ਹੀ ਦੇਖ ਲਵੋ। ਅਕਾਲੀ ਲੀਡਰਾਂ ਕੋਲ ਇਹ ਹਿੰਮਤ ਨਹੀਂ ਕਿ ਪੰਜਾਬ ਦੇ ਪਿੰਡਾਂ ਵਿਚ ਵੜ ਕੇ ਲੋਕਾਂ ਦਾ ਸਾਹਮਣਾ ਕਰ ਸਕਣ, ਪਰ ਬੀਬੀ ਜਗੀਰ ਕੌਰ ਪ੍ਰਧਾਨਗੀ ਦੀ ਕੁਰਸੀ 'ਤੇ ਪਿੱਛੋਂ ਬੈਠੀ ਹੈ, ਬਿਆਨ ਪਹਿਲਾਂ ਦਾਗ ਦਿੱਤਾ ਕਿ ਕਿਸਾਨਾਂ ਨੂੰ ਧਰਨਿਆਂ ਵਿਚ ਉਹ ਹੀ ਭੇਜ ਰਹੇ ਹਨ। ਇਹ ਸੰਘਰਸ਼ ਨੂੰ ਢਾਹ ਲਾਉਣ ਦੀ ਇੱਕ ਕੋਝੀ ਚਾਲ ਹੈ, ਜਿਸ ਨਾਲ ਹੋ ਸਕਦਾ ਹੈ ਅਕਾਲੀ ਦਲ ਅੰਦਰੋਂ ਅੰਦਰੋਂ ਭਾਜਪਾ ਦੀ ਮਦਦ ਕਰ ਰਿਹਾ ਹੋਵੇ। ਇਸੇ ਲਈ ਕਿਸਾਨ ਲੀਡਰਾਂ ਨੇ ਬੀਬੀ ਦੇ ਝੂਠ ਬੋਲਣ 'ਤੇ ਸ਼ਿਕਾਇਤ ਅਕਾਲ ਤਖਤ 'ਤੇ ਭੇਜਣ ਦਾ ਫੈਸਲਾ ਕੀਤਾ ਹੈ ਅਤੇ ਬੀਬੀ ਨੂੰ ਚੈਲਿੰਜ ਵੀ ਕੀਤਾ ਹੈ ਕਿ ਇੱਕ ਵਾਰ ਆ ਕੇ ਕਿਸਾਨਾਂ ਦੀ ਸਟੇਜ ਤੋਂ ਸੰਬੋਧਨ ਕਰਕੇ ਦੇਖੇ।

ਜੋ ਵੀ ਕਿਸਾਨ ਦਾ ਪੈਦਾ ਕੀਤਾ ਅੰਨ ਮੂੰਹ ਵਿਚ ਪਾਉਂਦਾ ਹੈ, ਉਸ ਨੂੰ ਕੁਝ ਵੀ ਅਜਿਹਾ ਕਹਿਣਾ ਜਾਂ ਕਰਨਾ ਨਹੀਂ ਚਾਹੀਦਾ, ਜਿਸ ਨਾਲ ਅੰਦੋਲਨ ਦਾ ਨੁਕਸਾਨ ਹੁੰਦਾ ਹੋਵੇ। ਵਾਗਡੋਰ ਸੁਚੱਜੇ ਲੀਡਰਾਂ ਦੇ ਹੱਥ ਵਿਚ ਹੈ, ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣ ਦੇਣੀ ਚਾਹੀਦੀ ਹੈ। ਜੇ ਅੱਜ ਕਿਸਾਨ ਹਾਰ ਗਿਆ ਤਾਂ ਲੋਕ ਅਤੇ ਲੋਕਤੰਤਰ ਦੋਵੇਂ ਹਾਰ ਜਾਣਗੇ ਅਤੇ ਭਵਿੱਖ ਵਿਚ ਕੋਈ ਵੀ ਵਧੀਕੀਆਂ ਖਿਲਾਫ ਅਵਾਜ਼ ਨਹੀਂ ਉਠਾਵੇਗਾ। ਹਰ ਰੋਜ਼ ਕਿਸਾਨ ਸ਼ਹਾਦਤਾਂ ਦੇ ਰਹੇ ਹਨ, ਮੌਸਮ ਦੀ ਖਰਾਬੀ, ਐਕਸੀਡੈਂਟ ਅਤੇ ਹੋਰ ਦੁਸ਼ਵਾਰੀਆਂ ਕਾਰਨ। ਜੇ ਇੱਕ ਕਿਸਾਨ ਵੀ ਆਪਣੀ ਜਾਨ ਗੁਆਉਂਦਾ ਹੈ ਤਾਂ ਸਮਝੋ ਪੂਰਾ ਇੱਕ ਪਰਿਵਾਰ ਉੱਜੜ ਜਾਂਦਾ ਹੈ। ਪਿਛਲੇ ਦਿਨਾਂ ਵਿਚ ਕਿੰਨੇ ਨੌਜੁਆਨ ਕਿਸਾਨਾਂ ਦੀਆਂ ਜਾਨਾਂ ਜਾ ਚੁਕੀਆਂ ਹਨ। ਬਾਬਾ ਰਾਮ ਸਿੰਘ ਦੀ ਕਿਸਾਨਾਂ ਦੇ ਹੱਕ ਵਿਚ ਖੁਦਕੁਸ਼ੀ, ਜਿਸ ਦਾ ਕੋਈ ਪਰਿਵਾਰ ਵੀ ਨਹੀਂ ਸੀ, ਇੱਕ ਹੋਰ ਦੁਖਦਾਈ ਘਟਨਾ ਹੈ। ਭਾਵੇਂ ਮੇਰਾ ਮੰਨਣਾ ਹੈ ਕਿ ਬਾਬਾ ਜੀ ਜਿਸ ਤਰ੍ਹਾਂ ਇਸ ਅੰਦੋਲਨ ਵਿਚ ਆਪਣਾ ਯੋਗਦਾਨ ਪਾ ਰਹੇ ਸੀ, ਉਵੇਂ ਜਿੰਦਾ ਰਹਿ ਕੇ ਪਾਉਂਦੇ ਰਹਿਣਾ ਚਾਹੀਦਾ ਸੀ।

ਕਿਸਾਨ ਅੰਦੋਲਨ ਨਾਲ ਕੋਈ ਵੀ ਇਲਜ਼ਾਮ ਨਾ ਚਿਪਕੇ ਜਾਣ ਤੋਂ ਕੇਂਦਰ ਸਰਕਾਰ ਬਹੁਤ ਪ੍ਰੇਸ਼ਾਨ ਹੈ, ਇਸ ਲਈ ਉਹ ਕੋਈ ਵੀ ਛੜਯੰਤਰ ਰਚ ਸਕਦੀ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਬਾਦਲ ਸਰਕਾਰ ਸਮੇਂ ਕਿਸਾਨਾਂ ਦਾ 'ਰੇਲ ਰੋਕੋ' ਅੰਦੋਲਨ ਸਿਖਰ 'ਤੇ ਸੀ, ਜਦੋਂ ਉਸ ਨੂੰ ਤਾਰਪੀਡੋ ਕਰਨ ਲਈ ਬਰਗਾੜੀ ਵਾਲੀ ਘਟਨਾ ਨੂੰ ਅੰਜ਼ਾਮ ਦਿੱਤਾ ਗਿਆ ਸੀ ਤਾਂ ਕਿ ਕਿਸਾਨਾਂ ਦਾ ਧਿਆਨ ਅੰਦੋਲਨ ਵੱਲੋਂ ਹਟਾ ਕੇ ਹੋਰ ਪਾਸੇ ਲਾਇਆ ਜਾ ਸਕੇ। ਇਸ ਵੇਲੇ ਕਿਸਾਨ ਮੋਰਚੇ ਵਿਚ ਦਿੱਲੀ ਵਿਚ ਸਭ ਧਰਮਾਂ, ਜਾਤਾਂ ਅਤੇ ਇਲਾਕਿਆਂ ਦੇ ਸਿਰਫ ਕਿਸਾਨ ਹੀ ਨਹੀਂ, ਹੋਰ ਵਰਗਾਂ ਦੇ ਲੋਕ ਵੀ ਸ਼ਾਮਲ ਹਨ। ਇਸ ਲਈ ਸੰਜਮ, ਸਬਰ, ਸੰਤੋਖ ਅਤੇ ਹਲੀਮੀ ਦੀ ਬਹੁਤ ਜ਼ਿਆਦਾ ਲੋੜ ਹੈ। ਸਾਰੇ ਅਰਦਾਸ ਕਰੀਏ ਕਿ ਕਿਸਾਨ ਆਪਣੇ ਮਿਸ਼ਨ ਵਿਚ ਕਾਮਯਾਬ ਹੋਣ।

## ਪਾਠਕਾਂ ਦਾ ਪੰਨਾ

# 'ਜਪੁਜੀ' ਅਤੇ ਅੱਜ ਦੇ ਸਿੱਖ

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਡਾ. ਗੋਬਿੰਦਰ ਸਿੰਘ ਸਮਰਾਓ ਦੇ 'ਜਪੁਜੀ' ਬਾਰੇ ਗਿਆਨ ਤੋਂ ਉਪਰ ਵਿਗਿਆਨ ਦੀ ਰੌਸ਼ਨੀ ਵਿਚ ਲੜੀਵਾਰ ਛਪੇ ਲੇਖ ਉਨ੍ਹਾਂ ਦੀ ਗੁਰੂ ਨਾਨਕ ਅਤੇ ਉਨ੍ਹਾਂ ਦੀ ਬਾਣੀ ਪ੍ਰਤੀ ਅਟੁੱਟ ਆਸਥਾ ਬਿਆਨ ਕਰਦੇ ਹਨ। ਉਨ੍ਹਾਂ ਇਸ ਕਾਰਜ ਲਈ ਕਾਫੀ ਮਿਹਨਤ ਕੀਤੀ, ਉਹ ਵੀ ਪ੍ਰਤੱਖ ਨਜ਼ਰ ਆਉਂਦੀ ਹੈ, ਪਰ ਵਿਚਾਰਨ ਵਾਲੀ ਗੱਲ ਇਹ ਹੈ: ਕੀ ਸਿੱਖ ਇੰਨੀਆਂ ਡੂੰਘਾਈਆਂ ਵਿਚ ਉਤਰਨਗੇ? ਜੱਗ ਜਾਹਰ ਹੈ ਕਿ ਸਿੱਖਾਂ ਨੂੰ ਪੁਸਤਕਾਂ ਪੜ੍ਹਨ ਦੀ ਆਦਤ ਬਹੁਤ ਘੱਟ ਹੈ। ਇਸ ਦੀ ਸਭ ਤੋਂ ਵੱਡੀ ਮਿਸਾਲ ਹੈ ਕਿ ਪੰਜਾਬੀਆਂ ਦਾ ਆਪਣਾ, ਪੰਜਾਬੀ ਭਾਸ਼ਾ ਦਾ ਕੋਈ ਵੀ ਮਾਸਿਕ, ਪੰਦਰਵਾੜਾ ਜਾਂ ਹਫਤਾਵਾਰੀ ਰਸਾਲਾ ਨਹੀਂ ਹੈ, ਜੋ ਦੂਜੀਆਂ ਭਾਰਤੀ ਸਮਕਾਲੀ ਭਾਸ਼ਾਵਾਂ ਦੇ ਮੁਕਾਬਲੇ ਖਲੋ ਸਕੇ।

ਸਿੱਖਾਂ ਵਿਚ ਸਮਾਜਕ ਤੇ ਧਾਰਮਕ ਜਾਗ੍ਰਿਤੀ ਦੀ ਅਣਹੋਂਦ ਪਿੱਛੇ ਸਿੱਖਾਂ ਦਾ ਪੁਸਤਕਾਂ ਨਾ ਪੜ੍ਹਨ ਦੀ ਆਦਤ ਸਭ ਤੋਂ ਵੱਡਾ ਕਾਰਨ ਹੈ। ਪੁਸਤਕਾਂ ਪੜ੍ਹਨ ਨਾਲ ਬੰਦੇ ਅੰਦਰ ਗਿਆਨ ਦੀ ਲੋਅ ਜਗਦੀ ਹੈ, ਜੋ ਉਸ ਅੰਦਰ ਪੈਦਾ ਹੋਈ ਸਮਾਜਕ ਅਤੇ ਧਾਰਮਕ ਅਗਿਆਨਤਾ ਨੂੰ ਦੂਰ ਕਰਦੀ ਹੈ ਅਤੇ ਬੰਦਾ ਗਿਆਨੀ ਬਣ ਕੇ ਸਮਾਜ ਵਿਚ ਫੈਲੀਆਂ ਬੁਰਾਈਆਂ ਵਿਰੁੱਧ ਡਟ ਕੇ ਖਲੋਂਦਾ ਹੈ। ਪੁਸਤਕਾਂ ਨਾ ਪੜ੍ਹਨ ਕਾਰਨ ਹੀ ਸਿੱਖਾਂ ਵਿਚ ਆਪਣੇ ਧਰਮ ਅਤੇ ਸਮਾਜ ਪ੍ਰਤੀ ਸਵੈਮਾਣ ਦੀ ਭਾਵਨਾ ਹੌਲੀ-ਹੌਲੀ ਮੱਧਮ ਪੈ ਜਾਂਦੀ ਹੈ। ਜੇ ਸਿੱਖਾਂ ਅੰਦਰ ਆਪਣੇ ਆਪ ਅਤੇ ਸਿੱਖ ਧਰਮ ਪ੍ਰਤੀ ਮਾਣ ਦਾ ਜਜ਼ਬਾ ਸਦੈਵ ਜਾਗ੍ਰਿਤ ਰਹਿੰਦਾ ਤਾਂ ਸਿੱਖ ਧਰਮ ਦੇ ਮੰਨਣ ਵਾਲਿਆਂ ਦੀ ਗਿਣਤੀ ਅੱਜ ਦੇਸ਼ ਦੀ ਆਬਾਦੀ ਦੇ ਦੋ ਪ੍ਰਤੀਸ਼ਤ ਤੱਕ ਹੀ ਨਾ ਅਟਕੀ ਹੁੰਦੀ। ਫਿਰ ਵੀ ਡਾ. ਸਮਰਾਓ ਦੇ ਇਸ ਯਤਨ ਲਈ ਉਨ੍ਹਾਂ ਦੀ ਭਰਪੂਰ ਸਰਾਹਨਾ ਕਰਨੀ ਚਾਹੀਦੀ ਹੈ। ਭਵਿੱਖ ਵਿਚ ਜੇ ਕੋਈ ਸਿੱਖ ਡਾ. ਸਮਰਾਓ ਦੇ ਵਿਗਿਆਨਕ ਨਜ਼ਰੀਏ ਨਾਲ 'ਜਪੁਜੀ' ਦੇ ਅਰਥ ਪੜ੍ਹਨੇ ਚਾਹੇਗਾ ਤਾਂ ਉਸ ਨੂੰ ਨਿਰਾਸ਼ ਨਹੀਂ ਹੋਣਾ ਪਵੇਗਾ। ਉਸ ਦੀ ਜਿਗਿਆਸਾ ਦੀ ਪੂਰਤੀ ਲਈ ਇਹ ਸਾਰੇ ਲੇਖ ਪੁਸਤਕ ਦੇ ਰੂਪ ਵਿਚ ਜ਼ਰੂਰ ਮਿਲਣਗੇ।

ਮੁੱਢ ਤੋਂ ਹੀ 'ਜਪੁਜੀ' ਸਮੇਤ ਸਾਰੀ ਬਾਣੀ ਦੇ ਟੀਕੇ ਹੁੰਦੇ ਆਏ ਹਨ, ਜੋ ਸਾਧਾਰਨ ਸਿੱਖ ਦੀ ਸਮਝ ਤੋਂ ਬਾਹਰ ਹੀ ਰਹੇ ਹਨ। ਇਹ ਇੰਨੇ ਵਲ-ਵਲੇਂਵਿਆਂ ਵਾਲੇ ਹੁੰਦੇ ਹਨ ਕਿ ਸਹੀ ਅਰਥ ਸਮਝਣਾ ਔਖਾ ਲੱਗਦਾ ਹੈ। ਟੀਕਾਕਾਰ ਇਕ ਤੁਕ ਦੇ ਅਰਥ ਕਰਨ ਲੱਗਿਆਂ ਆਪਣੀ ਸਾਰੀ ਵਿਦਵਤਾ ਦਾ ਵਿਖਿਆਨ ਕਰਨ ਲੱਗ ਪੈਂਦੇ ਹਨ। ਦੋ ਲਾਈਨਾਂ ਦੀ ਤੁਕ ਦਾ ਸਰਲ ਅਰਥ ਵੱਧ ਤੋਂ ਵੱਧ ਚਾਰ ਲਾਈਨਾਂ ਵਿਚ ਹੋ ਸਕਦਾ ਹੈ, ਪਰ ਟੀਕਾਕਾਰ ਚਾਰ ਲਾਈਨਾਂ ਨਹੀਂ, ਪੂਰਾ ਸਫਾ ਵੀ ਨਹੀਂ, ਉਸ ਤੋਂ ਵੀ ਅੱਗੇ ਜਾਵੇਗਾ, ਜਿਸ ਵਿਚ ਉਹ ਵੱਧ ਤੋਂ ਵੱਧ ਮਿਸਾਲਾਂ ਦੇ ਕੇ ਇੰਜ ਪ੍ਰਭਾਵ ਦੇਣ ਦਾ ਯਤਨ ਕਰੇਗਾ ਕਿ ਉਹ ਪੂਰਨ ਗਿਆਨੀ ਹੈ। ਲੱਗਦਾ ਹੈ, ਜਿਵੇਂ ਤੁਸੀਂ ਕਿਸੇ ਨੂੰ ਕਿਸੇ ਗਲੀ ਬਾਰੇ ਪੁੱਛੋ ਅਤੇ ਉਹ ਤੁਹਾਨੂੰ ਉਸ ਗਲੀ ਬਾਰੇ ਸਪਸ਼ਟ ਦੱਸਣ ਤੋਂ ਪਹਿਲਾਂ ਪਿੰਡ ਦੀ, ਫਿਰ ਬਲਾਕ ਦੀ, ਫਿਰ ਤਹਿਸੀਲ ਤੇ ਸਾਰੇ ਜਿਲੇ ਬਾਰੇ ਵੇਰਵੇ ਸਹਿਤ ਦੱਸਣ ਲੱਗ ਪਵੇ ਅਤੇ ਫਿਰ ਅਖੀਰ ਵਿਚ ਗਲੀ ਦੀ ਦਿਸ਼ਾ ਵੱਲ ਇਸ਼ਾਰਾ ਮਾਤਰ ਕਰ ਦੇਵੇ!

ਆਮ ਤੌਰ 'ਤੇ ਅਸੀਂ ਦੇਖਦੇ ਹਾਂ ਕਿ ਗੁਰਦੁਆਰਿਆਂ ਵਿਚ ਕਥਾ ਕਰਨ ਦਾ ਰੁਝਾਨ ਹੁਣ ਆਮ ਹੋ ਗਿਆ ਹੈ। ਅੱਜ ਕੱਲ੍ਹ ਕਥਾਕਾਰ ਆਪਣੀ ਯੋਗਤਾ ਵਜੋਂ ਕਿਸੇ ਟਕਸਾਲ ਦਾ ਨਾਮ ਆਪਣੇ ਨਾਮ ਨਾਲ ਜ਼ਰੂਰ ਜੋੜਦੇ ਹਨ। ਜੱਗ ਜਾਹਰ ਹੈ ਕਿ ਟਕਸਾਲਾਂ ਵੱਖ-ਵੱਖ ਵਿਚਾਰਧਾਰਾਵਾਂ ਵਿਚ ਵੰਡੀਆਂ ਹੋਈਆਂ ਹਨ। ਉਹ ਗੁਰੂ ਗ੍ਰੰਥ ਸਾਹਿਬ ਨੂੰ ਵੀ ਮੱਥਾ ਟੇਕਦੀਆਂ ਹਨ, ਪਰ ਨਾਲ ਹੀ ਦਸਮ ਗ੍ਰੰਥ ਨੂੰ ਵੀ ਪੂਜਦੀਆਂ ਹਨ। ਹੁਣ ਜੇ ਕੋਈ ਟਕਸਾਲੀ ਕਥਾਵਾਚਕ ਕਥਾ ਕਰੇਗਾ ਤਾਂ ਉਸ ਦੇ ਵਿਚਾਰਾਂ 'ਤੇ ਦਸਮ ਗ੍ਰੰਥ ਦੀ ਛਾਪ ਵੀ ਸਪਸ਼ਟ ਨਜ਼ਰ ਆਵੇਗੀ। ਇਹੋ ਕਥਾਵਾਚਕ ਜੇ ਮਿਸ਼ਨਰੀ ਕਾਲਜ ਤੋਂ ਹੋਏਗਾ ਤਾਂ ਉਸ ਦਾ ਅਰਥ ਕਰਨ ਦਾ ਨਜ਼ਰੀਆ ਵੱਖਰਾ ਹੋਏਗਾ। ਹੁਣ ਸੰਗਤ ਕਿਸ ਅਰਥ ਨੂੰ ਸਹੀ ਮੰਨੇ? ਅਜਿਹੀਆਂ ਦੁਬਿਧਾਵਾਂ ਦਾ ਹੀ ਅਸਰ ਹੈ ਕਿ ਸਿੱਖ ਧਾਰਮਕ ਪੱਖੋਂ ਅਸੁਰੱਖਿਅਤ ਅਤੇ ਕਮਜ਼ੋਰ ਹੋ ਕੇ ਹੋਰ ਪਾਸਿਆਂ ਵੱਲ ਝਾਕਣ ਲੱਗ ਪਏ ਹਨ।

ਪਹਿਲੀ ਤੇ ਸਭ ਤੋਂ ਅਹਿਮ ਗੱਲ ਸਾਨੂੰ ਇਹ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਗੁਰੂ ਨਾਨਕ ਰਚਿਤ 'ਜਪੁਜੀ' ਅਜਿਹੀ ਬਾਣੀ ਹੈ, ਜਿਸ ਦਾ ਕੋਈ ਸਾਨੀ ਨਹੀਂ। ਜਦੋਂ ਕੋਈ ਟੀਕਾਕਾਰ ਗੁਰੂ ਨਾਨਕ ਦੀ ਬਾਣੀ ਦਾ ਅਰਥ ਕਰਨ ਲੱਗਿਆਂ ਪ੍ਰਚਲਿਤ ਹਿੰਦੂ ਦੇਵਤਿਆਂ ਤੇ ਦੇਵੀਆਂ ਦੇ ਪੁਜਾਰੀ ਭਗਤਾਂ ਦੀਆਂ ਮਿਸਾਲਾਂ ਦਿੰਦੇ ਹਨ ਤਾਂ ਉਹ ਗੁਰੂ ਨਾਨਕ ਨੂੰ ਅਰਸ਼ ਤੋਂ ਫਰਸ਼ 'ਤੇ ਲੈ ਆਉਂਦੇ ਹਨ। ਗੁਰੂ ਨਾਨਕ ਪ੍ਰਮਾਣਿਤ ਸੱਚ ਦੀਆਂ ਗੱਲਾਂ ਕਰਦੇ ਹਨ, ਜਦੋਂ ਕਿ ਤਮਾਮ ਦੇਵਤੇ, ਦੇਵੀਆਂ, ਪੀਰ, ਪੈਗੰਬਰ ਦੁਨੀਆਵੀ ਮਿਥਿਹਾਸ 'ਤੇ ਆਧਾਰਿਤ ਬਾਤਾਂ ਪਾਉਂਦੇ ਹਨ, ਜੋ ਹਕੀਕਤ ਵਿਚ ਖਰੀਆਂ ਨਹੀਂ ਹੁੰਦੀਆਂ; ਪਰ ਧਰਮ ਦੇ ਅੰਨ੍ਹੇ ਕੀਤੇ, ਪੜ੍ਹੇ-ਲਿਖੇ ਸੁਜਾਖੇ ਲੋਕ ਇਨ੍ਹਾਂ ਕਹਾਣੀਆਂ ਨੂੰ ਜਦੋਂ ਸਤਿ ਬਚਨ ਕਰਕੇ ਮੰਨਦੇ ਹਨ ਤਾਂ ਅਕਲ ਦਾ ਇਸ ਤੋਂ ਵੱਡਾ ਤਮਾਸ਼ਾ ਹੋਰ ਕੀ ਹੋ ਸਕਦਾ ਹੈ?

ਗੁਰੂ ਨਾਨਕ ਕੋਈ ਅਜਿਹਾ ਕੰਮ ਨਹੀਂ ਕਰਦੇ, ਜੋ ਉਨ੍ਹਾਂ ਨੂੰ ਖੁਦ ਸਹੀ ਨਹੀਂ ਲੱਗਦਾ। ਗੁਰੂ ਨਾਨਕ ਅਜਿਹੀ ਕਿਸੇ ਵੀ ਗੱਲ 'ਤੇ ਯਕੀਨ ਨਹੀਂ ਕਰਦੇ, ਜੋ ਉਨ੍ਹਾਂ ਨੂੰ ਖੁਦ ਤਸੱਲੀਬਖਸ਼ ਨਹੀਂ ਲਗਦੀ। ਮਿਸਾਲ ਦੇ ਤੌਰ 'ਤੇ ਜਦੋਂ ਗੁਰੂ ਨਾਨਕ ਨੇ ਆਪਣੇ ਪਿਤਰੀ ਹਿੰਦੂ ਧਰਮ ਦੀ ਰੀਤ ਦੇ ਕਾਰਨ ਵਜੋਂ ਜਨੇਊ ਧਾਰਨ ਕਰਨ ਤੋਂ ਇਨਕਾਰ ਕੀਤਾ ਤਾਂ ਉਹ ਮਾਨਸਿਕ ਤੌਰ 'ਤੇ ਇਸ ਗੱਲੋਂ ਨਿਸ਼ਚਿਤ ਸਨ ਕਿ ਜਨੇਊ ਦੇ ਧਾਗੇ ਦੀ ਅਹਿਮੀਅਤ ਬਾਰੇ ਜੋ ਦੱਸਿਆ ਗਿਆ ਹੈ, ਉਹ ਜ਼ਰੂਰ ਹੀ ਬੇਬੁਨਿਆਦ ਹੈ। ਜਦੋਂ ਉਹ ਇਨਕਾਰ ਕਰਦੇ ਹਨ ਤਾਂ ਜਨੇਊ ਦੇ ਮੁੱਦਈ ਕੋਈ ਵੀ ਦੇਵਤਾ ਜਾਂ ਦੇਵੀ ਗੁਰੂ ਨਾਨਕ ਦੇ ਇਨਕਾਰ ਕਰਨ 'ਤੇ ਕ੍ਰੋਧਿਤ ਹੋ ਕੇ ਸਰਾਪ ਨਹੀਂ ਦਿੰਦੇ।

ਗੁਰੂ ਨਾਨਕ ਨੇ ਆਪਣੇ ਸਮੇਂ ਦੇ ਹਿੰਦੋਸਤਾਨ ਵਿਚ ਪ੍ਰਚਲਿਤ ਮੁੱਖ ਦੋ ਧਰਮਾਂ ਬਾਰੇ ਜੋ ਦੇਖਿਆ ਤੇ ਸੁਣਿਆ, ਉਪਰ ਡੂੰਘੀਆਂ ਵਿਚਾਰਾਂ ਕੀਤੀਆਂ ਅਤੇ ਦੋਵਾਂ ਧਰਮਾਂ ਦੀਆਂ ਸਮਾਜਕ ਤੇ ਧਾਰਮਕ ਰੀਤੀ-ਰਿਵਾਜਾਂ ਬਾਰੇ ਖੁਦ ਦੇ ਵਿਚਾਰ ਤੈਅ ਕੀਤੇ। ਉਨ੍ਹਾਂ ਅਨੁਭਵ ਕੀਤਾ ਕਿ ਸਾਰੇ ਹੀ ਧਰਮਾਂ ਦੇ ਪੈਗੰਬਰ, ਜੋ ਆਪਣੇ ਆਪ ਨੂੰ ਰੱਬ ਅਖਵਾਉਂਦੇ ਹਨ ਅਤੇ ਕਿਸੇ ਨਾ ਕਿਸੇ ਰੂਪ ਵਿਚ ਇਸ ਬ੍ਰਹਿਮੰਡ, ਭਾਵ ਸਾਰੀ ਕਾਇਨਾਤ 'ਤੇ ਆਪਣੀ ਖੁਦਮੁਖਤਾਰੀ ਦੀਆਂ ਗੱਲਾਂ ਕਰਦੇ ਹਨ, ਗਲਤ ਹੈ। ਉਨ੍ਹਾਂ ਦੇਖਿਆ ਕਿ ਬ੍ਰਹਿਮੰਡ ਵਿਚ ਸੂਰਜ, ਚੰਦਰਮਾ, ਹਵਾ, ਪਾਣੀ, ਬਨਸਪਤੀ ਅਤੇ ਹੋਰ ਬਾਕੀ ਸਾਰੀਆਂ ਕੁਦਰਤੀ ਕਿਰਿਆਵਾਂ ਬਿਨਾ ਕਿਸੇ ਧਾਰਮਕ ਜਾਂ ਸਮਾਜਕ ਵਿਤਕਰੇ ਦੇ ਹਰ ਮਨੁੱਖ, ਭਾਵੇਂ ਉਹ ਅਮੀਰ ਹੈ ਜਾਂ ਗਰੀਬ, ਉਤੇ ਇੱਕੋ ਜਿਹੀਆਂ ਮਿਹਰਬਾਨ ਹਨ। ਫਿਰ ਇਹ ਕਿਵੇਂ ਬ੍ਰਹਿਮੰਡ 'ਤੇ ਆਪਣੀ ਖੁਦਮੁਖਤਾਰੀ ਦੇ ਦਾਅਵੇ ਕਰਦੇ ਹਨ? ਇਹ ਸਭ ਮਿੱਥਿਆ ਹਨ। ਉਨ੍ਹਾਂ ਨੂੰ ਇਸ ਗੱਲ ਦਾ ਯਕੀਨ ਹੋ ਗਿਆ ਕਿ ਇਸ ਬ੍ਰਹਿਮੰਡ ਦਾ ਕਰਤਾ ਕੋਈ ਹੋਰ ਹੈ ਅਤੇ ਇਸ ਦੀ ਸੰਰਚਨਾ ਵਿਚ ਜੋ ਇੱਕਰੂਪਤਾ ਹੈ, ਇਸ ਤੋਂ ਸਪਸ਼ਟ ਹੈ ਕਿ ਉਹ ਨਿਸ਼ਚਿਤ ਤੌਰ 'ਤੇ ਸਿਰਫ ਇੱਕ ਹੈ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਸ ਦੀ ਕੋਈ ਪਛਾਣ ਨਹੀਂ। ਉਹਦਾ ਕੋਈ ਚਿਹਰਾ ਮੁਹਰਾ ਨਹੀਂ, ਇਸ ਲਈ ਉਹ ਅਕਾਲ ਮੂਰਤ ਹੈ। ਉਸ ਦਾ ਨਾਮ ਵੀ ਨਹੀਂ ਪਤਾ। ਉਹ ਅਨਾਮ ਹੈ। ਉਸ ਦੇ ਲਿੰਗ ਦਾ ਵੀ ਪਤਾ ਨਹੀਂ। ਇਸ ਲਈ ਉਹ ਨਿਸ਼ਚਿਤ ਤੌਰ 'ਤੇ ਯੋਨੀ ਤੋਂ ਮੁਕਤ ਹੈ। ਸਭ ਤੋਂ ਅਹਿਮ ਗੱਲ ਜੋ ਉਨ੍ਹਾਂ ਨੂੰ ਸਹੀ ਲੱਗੀ ਕਿ ਕਰਤੇ ਦੀਆਂ ਕਿਰਤਾਂ ਅਤੇ ਕਾਰਜ ਪ੍ਰਣਾਲੀ ਸੱਚ ਹੈ ਤੇ ਸਿਰਫ ਸੱਚ ਹੈ। ਗੁਰੂ ਨਾਨਕ ਨੇ ਪਾਇਆ ਕਿ ਉਸ ਦੀ ਸੰਰਚਨਾ ਯੁੱਗਾਂ ਤੋਂ ਅਟੱਲ ਸੱਚ ਹੈ। ਇਸੇ ਲਈ ਉਨ੍ਹਾਂ ਨੇ ਸਿਰਫ ਸੱਚ ਅਤੇ ਸੱਚ ਦੀ ਹੀ ਗੱਲ ਕੀਤੀ ਹੈ। ਉਨ੍ਹਾਂ ਨੇ ਕਿਸੇ ਵੀ ਸਮਕਾਲੀ ਪੈਗੰਬਰ ਜਾਂ ਦੇਵੀ-ਦੇਵਤੇ ਅਤੇ ਉਨ੍ਹਾਂ ਦੇ ਕਿਸੇ ਵੀ ਧਰਮ ਗ੍ਰੰਥ ਦੀ ਕਿਸੇ ਵੀ ਗੱਲ ਨੂੰ ਮਾਨਤਾ ਨਹੀਂ ਦਿੱਤੀ; ਉਲਟਾ ਉਨ੍ਹਾਂ ਦੀਆਂ ਕਾਰਜ ਵਿਧੀਆਂ 'ਤੇ ਸਵਾਲ ਕੀਤੇ ਅਤੇ ਸਹੀ ਮਾਰਗ ਵੀ ਸੁਝਾਏ ਹਨ।

ਗੁਰੂ ਨਾਨਕ ਨੇ ਜਦੋਂ ਕਰਤੇ ਦੀਆਂ ਅਸੀਮ ਸ਼ਕਤੀਆਂ ਅਤੇ ਬੇਅੰਤ ਵਰਤਾਰੇ ਦੇ ਸੱਚ ਨੂੰ ਪੱਲੇ ਬੰਨ੍ਹ ਲਿਆ ਤਾਂ ਉਨ੍ਹਾਂ ਨੂੰ ਦੋਹਾਂ ਧਰਮਾਂ ਦੇ ਗ੍ਰੰਥਾਂ ਦਾ ਵੀ ਸਹਿਜੇ ਹੀ ਗਿਆਨ ਹੋ ਗਿਆ ਕਿ ਇਨ੍ਹਾਂ ਅੰਦਰਲਾ ਗਿਆਨ ਕਿਹੋ ਜਿਹਾ ਹੋਵੇਗਾ, ਤੇ ਫਿਰ ਉਸ ਗਿਆਨ ਦੀ ਲੋਅ ਵਿਚੋਂ ਨਿਕਲੀਆਂ ਧਾਰਨਾਵਾਂ ਤੇ ਮਾਰਗਾਂ ਬਾਰੇ ਜੋ ਕੁਝ ਵੀ ਦੱਸਿਆ ਗਿਆ ਹੋਵੇਗਾ, ਉਹ ਵੀ ਨਿਸ਼ਚਿਤ ਤੌਰ 'ਤੇ ਇਨ੍ਹਾਂ ਧਰਮਾਂ ਦੇ ਪੈਗੰਬਰਾਂ ਅਤੇ ਉਨ੍ਹਾਂ ਦੇ ਮੋਢੀ ਪੈਰੋਕਾਰਾਂ ਦੀ ਸੋਚ ਅਨੁਸਾਰ ਘੜੇ ਧਰਮ ਦੀਆਂ ਆਪਣੀਆਂ ਗਿਣਤੀਆਂ-ਮਿਣਤੀਆਂ ਅਨੁਸਾਰ ਹੀ ਹੋਵੇਗਾ। ਇਸੇ ਕਰਕੇ ਗੁਰੂ ਨਾਨਕ ਨੇ ਦੋਹਾਂ ਧਰਮਾਂ ਦੀਆਂ ਗਿਣਤੀਆਂ-ਮਿਣਤੀਆਂ ਨੂੰ ਅੰਤਿਮ ਸੱਚ ਨਾ ਮੰਨਦਿਆਂ ਆਪਣੇ ਵਿਵੇਕ ਅਤੇ ਸਮਝ ਅਨੁਸਾਰ ਸੱਚ ਦੀ ਕਸੌਟੀ 'ਤੇ ਖਰੀਆਂ ਉਤਰਦੀਆਂ ਗੱਲਾਂ ਕੀਤੀਆਂ।

ਗੁਰੂ ਨਾਨਕ ਨੇ 'ਜਪੁਜੀ' ਵਿਚ ਮਨੁੱਖ ਨੂੰ ਹਰ ਉਹ ਮਾਰਗ ਦਰਸ਼ਨ ਦਿੱਤਾ ਹੈ, ਜੋ ਉਸ ਲਈ ਬਹੁਤ ਲਾਜ਼ਮੀ ਅਤੇ ਸੰਸਾਰ ਵਿਚ ਵਿਚਰਦਿਆਂ ਹਰ ਕਦਮ 'ਤੇ ਕੰਮ ਆਉਣ ਵਾਲਾ ਹੈ। ਉਨ੍ਹਾਂ ਨੇ ਮਨੁੱਖ ਨੂੰ ਕੁਦਰਤ ਦੇ ਕਰਤੇ ਦੀ ਹੋਂਦ ਦਾ ਵਰਣਨ ਕੀਤਾ ਹੈ। ਫਿਰ ਉਨ੍ਹਾਂ ਕਰਤੇ ਦੇ ਹੁਕਮ ਅੰਦਰ ਚੱਲਣ ਦੀ ਗੱਲ ਕੀਤੀ। ਉਨ੍ਹਾਂ ਮੰਨਣ ਵਾਲੇ ਦੀ ਗਤਿ ਬਾਰੇ ਵੀ ਵਿਸਥਾਰ ਸਹਿਤ ਦੱਸਿਆ ਹੈ। ਉਨ੍ਹਾਂ ਨੇ ਧਰਤ ਦੀ ਵਿਸ਼ਾਲਤਾ ਦਾ ਜ਼ਿਕਰ ਕਰਦਿਆਂ ਇਸ ਗੱਲ ਨੂੰ ਗਲਤ ਕਿਹਾ ਹੈ ਕਿ ਧਰਤ ਕਿਸੇ ਇਕ ਵਸਤੂ ਮਾਤਰ (ਹਿੰਦੂ ਮਿਥਿਹਾਸ ਅਨੁਸਾਰ ਧਰਤ ਸ਼ਿਵ ਜੀ ਦੇ ਬਲਦ ਦੇ ਸਿੰਗ 'ਤੇ ਟਿਕੀ ਹੋਈ ਹੈ) ਉਤੇ ਟਿਕੀ ਹੈ। ਗੁਰੂ ਜੀ ਨੇ ਵੇਦਾਂ ਦੀ ਗੱਲ ਕੱਟਦਿਆਂ ਅਣਗਿਣਤ ਆਕਾਸ਼ ਅਤੇ ਪਾਤਾਲਾਂ ਦੀ ਗੱਲ ਕੀਤੀ। ਉਨ੍ਹਾਂ ਨੇ ਅਸੰਖ ਮਤਾਂ-ਮਤਾਂਤਰਾਂ ਦੀ ਵੀ ਗੱਲ ਕੀਤੀ। 'ਜਪੁਜੀ' ਦੇ ਸਮਾਪਨ 'ਤੇ ਉਨ੍ਹਾਂ ਨੇ ਬਿਨਾ ਕਿਸੇ ਲਾਗ ਲਪੇਟ ਦੇ ਮਨੁੱਖ ਦੇ ਕਰਮ (ਕੰਮ) 'ਤੇ ਗੱਲ ਨਿਬੇੜੀ ਹੈ ਕਿ ਮਨੁੱਖ ਦੇ ਕਰਮ ਉਸ ਨੂੰ ਵੱਡਾ ਤੇ ਕਰਮ ਹੀ ਉਸ ਨੂੰ ਛੋਟਾ ਬਣਾਉਂਦੇ ਹਨ।

## ਸੰਪਾਦਕ ਦੀ ਡਾਕ

# ਖਿਮਾਜਾਚਨਾ ਹੌਸਲੇ ਦਾ ਕੰਮ ਹੈ

ਸੰਨ ਸੰਤਾਲੀ ਦੇ ਗੁਨਾਹਾਂ ਦੀ ਖਿਮਾਜਾਚਨਾ ਦਾ ਅਮਰਜੀਤ ਚੰਦਨ ਦਾ ਖਿਆਲ ਸਚਮੁੱਚ ਬੜਾ ਨੇਕ ਤੇ ਦਿਲ ਝੰਜੋੜਨ ਵਾਲਾ ਹੈ। ਮੇਰਾ ਨਹੀਂ ਖਿਆਲ ਕਿ ਉਦੋਂ ਦੇ ਕੀਤੇ ਪਾਪਾਂ ਵਾਸਤੇ ਮੁਸਲਿਮ ਲੀਗੀ, ਮਹਾਸਭਾਈ ਜਾਂ ਅਕਾਲੀਆਂ ਦਾ ਕੋਈ ਨੁਮਾਇੰਦਾ ਅੱਗੇ ਹੋ ਕੇ ਮੁਆਫੀ ਮੰਗਣ ਦਾ ਹੌਸਲਾ ਕਰੇਗਾ। ਮੈਂ ਇਸ ਕਾਰਜ ਦੀ ਪੂਰੀ ਹਮਾਇਤ ਕਰਦਾ ਹਾਂ ਤੇ ਆਪਣੇ ਸੱਜਣਾਂ-ਮਿੱਤਰਾਂ ਨੂੰ ਵੀ ਪ੍ਰੇਰਾਂਗਾ। ਇਤਿਹਾਸ ਦੇ ਏਨੇ ਵੱਡੇ ਬੋਝ ਨੂੰ ਆਪਣੀ ਆਤਮਾ ਤੋਂ ਉਤਾਰਨਾ ਸੌਖਾ ਕੰਮ ਨਹੀਂ। ਇਹਦੀ ਆਸ ਆਮ ਲੋਕਾਂ ਤੋਂ ਹੀ ਰੱਖਣੀ ਚਾਹੀਦੀ ਹੈ; ਸੰਸਥਾਵਾਂ ਜੱਥੇਬੰਦੀਆਂ ਤੋਂ ਨਹੀਂ। ਅੱਜ ਵਾਹਗੇ ਬਾਰਡਰ 'ਤੇ ਹਰ ਸ਼ਾਮ ਜੋ ਤਮਾਸ਼ਾ ਹੁੰਦਾ ਹੈ, ਉਹਨੂੰ ਵੇਖ ਕੇ ਕਿੰਨੀ ਮਾਯੂਸੀ, ਸ਼ਰਮ ਤੇ ਬੇਬਸੀ ਦਾ ਅਹਿਸਾਸ ਹੁੰਦਾ ਹੈ।

*-ਡਾ. ਮਹਿੰਦਰ ਸਿੰਘ,*
*ਇਤਿਹਾਸਕਾਰ*
*ਭਾਈ ਵੀਰ ਸਿੰਘ ਸਦਨ,*
*ਨਵੀਂ ਦਿੱਲੀ।*

---

### ਸੰਤਾਲੀ ਦਾ ਕਤਲੇਆਮ ਕੁਰਬਾਨੀ ਨਹੀਂ

ਮੈਂ ਫਿਰ ਕਹਿਨਾਂ ਕਿ ਸੰਨ ਸੰਤਾਲੀ ਦੇ ਕਤਲੇਆਮ ਨੂੰ ਕੁਰਬਾਨੀ ਨਾ ਕਹੋ। ਬਾਬਾ ਜੀ ਆਖਿਆ ਸੀ: "ਜੇ ਰੁਤ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥ ਸਲੋਕ ਮਹਲਾ ੧॥" ਪੰਜਾਬੀਆਂ ਦੀ ਤਾਰੀਖ ਦਾ ਜਾਮਾ ਪਲੀਤ ਕਰਨ ਵਾਲੇ ਵੀ ਖਾਕ ਹੋ ਗਏ। ਆਓ, ਹੁਣ ਆਪਣੇ ਚਿਤ ਨਿਰਮਲ ਕਰਕੇ ਇਸ ਰੱਤ ਦਾ ਦਾਗ ਧੋਈਏ। ਲੱਖਾਂ ਬੇਉਜ਼ਰ, ਬੇਗੁਨਾਹ ਪੰਜਾਬੀਆਂ ਦੇ ਕਤਲੇਆਮ ਦੀ ਮੁਆਫੀ ਮੰਗ ਕੇ ਪਾਰਟੀਸ਼ਨ ਦੇ ਰਿਸਦੇ ਜ਼ਖਮਾਂ ਨੂੰ ਭਰਨ ਦਾ ਚਾਰਾ ਕਰੀਏ। ਪੌਣੀ ਸਦੀ ਮਗਰੋਂ ਅੱਜ ਇਹ ਸਵਾਲ ਸਾਡੇ ਜ਼ਮੀਰ ਦਾ ਸਵਾਲ ਬਣ ਗਿਆ ਹੈ ਕਿ ਪੰਜਾਬੀਆਂ ਬਦਲਾ, ਨਾਦਾਨੀ ਤੇ ਮੂਰਖਤਾ ਦਾ ਇਕਰਾਰ ਕਰਕੇ ਆਪਣੇ ਜ਼ਮੀਰ ਨੂੰ ਹੌਲਾ ਕਰਨਾ ਹੈ ਯਾ ਵੰਡਣ ਵਾਲੀਆਂ ਤਾਕਤਾਂ ਦੇ ਜਨੂੰਨੀ ਫਲਸਫੇ ਦਾ ਭਾਰ ਚੁੱਕੀ ਰੱਖਣਾ ਹੈ।

*-ਮਜ਼ਹਰ ਤਿਰਮਜ਼ੀ*
*(ਸ਼ਾਇਰ) ਲਾਹੌਰ/ਲੰਦਨ*

---

### ਮੁਆਫੀਨਾਮਾ

ਪੁਣਛ ਦੇ ਪਿੰਡ ਕਸੱਲੀਆਂ ਵਿਚ ਰਹਿੰਦੇ ਮੇਰੇ ਨਾਨੇ ਨੇ ਆਪਣੀ ਜ਼ਮੀਨ ਵਿਚ ਲੱਗੇ ਜ਼ੈਤੂਨ ਦੇ ਰੁੱਖਾਂ ਹੇਠ ਵੱਡੀਆਂ-ਵੱਡੀਆਂ ਸਿੱਲਾਂ ਲਾ ਕੇ ਨਮਾਜ਼ੀਆਂ ਦੇ ਨਮਾਜ਼ ਪੜ੍ਹਨ ਲਈ ਥਾਂ ਬਣਾਈ ਹੋਈ ਸੀ। ਕੋਲ ਉਜ਼ੂ ਵਾਸਤੇ ਪਾਣੀ ਦਾ ਘੜਾ ਵੀ ਰਖਿਆ ਰਹਿੰਦਾ ਸੀ। ਨਾਨਾ ਸਾਫ-ਸਫਾਈ ਕਰਕੇ ਉਸ ਥਾਂ ਨੂੰ ਹਰ ਹਾਲ ਵਿਚ ਸੁਖਾਵੀਂ ਬਣਾਈ ਰੱਖਦਾ। ਜਦੋਂ ਕਿ ਅਸੀਂ ਨਹਾਉਣ ਧੋਣ ਲਈ ਨਾਲ ਹੀ ਵਗਦੇ ਪਹਾੜੀ ਨਾਲੇ ਉੱਤੇ ਚਲੇ ਜਾਂਦੇ, ਪਰ ਨਾਨਾ ਨਮਾਜ਼ੀਆਂ ਦੇ ਉਜ਼ੂ ਵਾਸਤੇ ਪੀਣ ਵਾਲਾ ਪਾਣੀ ਜਰੀ ਕੈਨ ਵਿਚ ਘਰ ਤੋਂ ਦੋ ਮੀਲ ਦੀ ਵਿੱਥ ਉੱਤੇ ਮੌਜੂਦ ਨਾੜ ਤੋਂ ਚੁੱਕ ਕੇ ਲੈ ਆਉਂਦਾ। ਰਮਜ਼ਾਨ ਦੇ ਮਹੀਨੇ ਵਿਚ ਤਾਂ ਦਿਨ ਦੇ ਚਾਰ ਚਾਰ ਚੱਕਰ ਵੀ ਲਾ ਲੈਂਦਾ। ਅਖੇ ਨਾਲੇ ਵਾਲਾ ਪਾਣੀ ਸਾਫ ਨਹੀਂ ਹੈ। ਇਬਾਦਤ ਲਈ ਪਾਕੀਜ਼ਗੀ ਜ਼ਰੂਰੀ ਹੈ; ਨਹੀਂ ਤਾਂ ਨਮਾਜ਼ ਨਹੀਂ ਆਵੇਗੀ। ਉਹ ਰਮਜ਼ਾਨ ਵੇਲੇ ਮਾਸ ਵੀ ਨਹੀਂ ਸੀ ਖਾਂਦਾ। ਕੁੱਠਾ ਤਾਂ ਉਹ ਖਾਵੇਗਾ ਨਹੀਂ। ਝਟਕਾ ਖਾ ਕੇ ਪਾਣੀ ਲਿਆ ਕੇ ਉਨ੍ਹਾਂ ਦੀ ਨਮਾਜ਼ ਵੀ ਹਰਾਮ ਨਹੀਂ ਕਰੇਗਾ। ਉਹ ਕੁਰਾਨ ਨੂੰ ਵੀ ਗੁਟਕੇ ਵਾਂਗ ਹੀ ਮੱਥਾ ਟੇਕਦਾ। ਰੱਬ ਦੀਆਂ ਹੀ ਗੱਲਾਂ ਆਖਦਾ ਸੀ।

ਸਾਰੇ ਨਾਨੇ ਨੂੰ ਛੇੜਦੇ ਕਿ ਇਨ੍ਹਾਂ ਮੁਸਲਮਾਨਾਂ ਹੀ ਸੰਤਾਲੀ ਵੇਲੇ ਤੁਹਾਨੂੰ ਤੁਹਾਡੀ ਭੋਇੰ ਪਿੰਡ ਦੋਥਾਨ ਤੋਂ ਭਜਾ ਕੇ ਰਫੂਜੀ ਬਣਾਇਆ ਹੈ। ਫਿਰ ਵੀ ਤੁਸੀਂ...! ਉਹ ਬੜੀ ਹਲੀਮੀ ਨਾਲ ਕਹਿੰਦਾ: ਕੁੱਤੀ ਘੜੀ ਕਿਸੇ ਉਤੇ ਵੀ ਕਾਬਜ਼ ਹੋ ਸਕਦੀ ਹੈ। ਉਂਜ ਆਦਮੀ ਨੇਕੀ ਦਾ ਹੀ ਪਾਲਿਆ ਹੋਇਆ ਹੈ। ਉਹ ਆਪਣੇ ਲਕੀਰੋਂ ਪਾਰ ਦੇ ਦੋਸਤਾਂ ਨੂੰ ਯਾਦ ਕਰਦਾ ਗੱਚ ਗੱਚ ਹੋ ਜਾਂਦਾ। ਉਸ ਕਦੀ ਗੁੱਸਾ ਨਹੀਂ ਕੀਤਾ। ਸ਼ਾਂਤ ਜੀਵਿਆ ਤੇ ਬੇਹੱਦ ਸਕੂਨ ਨਾਲ ਮਰਿਆ ਵੀ। ਉਸ ਨੂੰ ਤਾਂ ਸ਼ਹਿਰ ਸਾਂਝੇ ਸ਼ਮਸ਼ਾਨ ਵਿਚ ਫੂਕ ਦਿੱਤਾ ਗਿਆ ਸੀ, ਪਰ ਉਸ ਦੇ ਮੁਸਲਮਾਨ ਦੋਸਤ ਉਸ ਦੀ ਬੈਠਣ ਦੀ ਥਾਂ ਨੂੰ ਹੀ ਉਸ ਦੀ ਕਬਰ ਮੰਨ ਕੇ ਆਉਂਦੇ-ਜਾਂਦੇ ਰੁਕ ਕੇ ਫਾਤਹਾ ਪੜ੍ਹਦੇ ਰਹੇ। ਫਿਰ ਮਕਾਨ ਦੇ ਪੱਕੇ ਹੋ ਜਾਣ ਨਾਲ ਉਹ ਕਬਰ ਵੀ ਉਜੜ ਗਈ।

ਦੂਜੇ ਪਾਸੇ, ਉਧਰੋਂ ਰਾਵਲਾਕੋਟ ਦੇ ਪਿੰਡ ਮਲਸਾਈਕੋਟ ਤੋਂ ਉਜੜ ਕੇ ਆਏ ਮੇਰੇ ਦਾਦੇ ਨੇ ਕਿਸੇ ਨੂੰ ਮਾਫ ਨਹੀਂ ਸੀ ਕੀਤਾ। ਉਹ ਆਖਰ ਵੇਲੇ ਤਕ ਬਹੁਤ ਗੁੱਸਾ ਕਰਦਾ ਸੀ, ਬਹੁਤ ਗੁੱਸਾ। ਉਸ ਦਾ ਪਿਆਰ ਵੀ ਸਾਨੂੰ ਗੁੱਸੇ ਵਰਗਾ ਹੀ ਲਗਦਾ ਸੀ। ਗਲਤ ਤਾਂ ਉਹ ਵੀ ਨਹੀਂ ਸੀ। ਰੱਜੇ-ਪੁੱਜੇ ਘਰ ਦੇ ਨੂੰ ਸੰਤਾਲੀ ਵੇਲੇ ਇਥੇ ਆ ਕੇ ਹੱਡ ਬਾਲਣੇ ਪਏ ਸਨ। ਮੈਨੂੰ ਬਹੁਤ ਵਾਰ ਲਗਦੈ ਕਿ ਉਹ ਆਪਣੇ ਆਪ ਨੂੰ ਵੀ ਕਦੀ ਮੁਆਫ ਨਹੀਂ ਕਰ ਸਕਿਆ।

ਮੇਰੇ ਕੋਲ ਦੋਹਾਂ ਦਾ ਵਿਰਸਾ ਹੈ।

ਅਮਰਜੀਤ ਚੰਦਨ ਦਾ "ਸੰਨ ਸੰਤਾਲੀ ਦੇ ਗੁਨਾਹਾਂ ਦਾ ਲੇਖਾ" ਪੜ੍ਹਿਆ। ਇਕ ਮਿੱਠੀ ਜਿਹੀ ਪ੍ਰੇਸ਼ਨੀ ਮੇਰੇ ਨਾਲ ਨਾਲ ਤੁਰਨ ਲੱਗ ਪਈ ਹੈ। ਮੈਨੂੰ ਲਗਦਾ, ਅੱਗੇ ਹੀ ਬਹੁਤ ਦੇਰ ਹੋ ਗਈ ਹੈ। ਮੈਂ ਦਾਦੇ ਵੱਲੋਂ ਉਨ੍ਹਾਂ ਸਭਨਾਂ ਤੋਂ ਮੁਆਫੀ ਮੰਗਦਾ ਹਾਂ, ਜਿਨ੍ਹਾਂ ਨੂੰ ਉਹ ਕਦੀ ਮੁਆਫ ਨਹੀਂ ਕਰ ਸਕਿਆ।

*-ਸਵਾਮੀ ਅੰਤਰ ਨੀਰਵ*

# ਗੁਰੂ ਨਾਨਕ ਸਾਹਿਬ ਦੀ ਜਨਮ ਤਾਰੀਖ ਬਾਰੇ ਵਿਚਾਰ

**ਸਤਿਕਾਰਯੋਗ ਸੰਪਾਦਕ ਜੀਓ,**

ਡਾ. ਆਸਾ ਸਿੰਘ ਘੁੰਮਣ ਦੇ ਪੱਤਰ ਵਿਚ ਉਠਾਏ ਗਏ ਨੁਕਤੇ ਸਬੰਧੀ ਬੇਨਤੀ ਇਹ ਹੈ ਕਿ ਉਨ੍ਹਾਂ ਨੇ ਸ. ਪਾਲ ਸਿੰਘ ਪੁਰੇਵਾਲ ਦੇ ਹਵਾਲੇ ਨਾਲ ਲਿਖਿਆ ਹੈ, "ਪਾਲ ਸਿੰਘ ਆਪਣੀ ਲੱਭਤ ਦਾ ਆਧਾਰ ਕਵੀ ਸੰਤੋਖ ਸਿੰਘ ਦੀ ਲਿਖਤ ਨੂੰ ਬਣਾਉਂਦੇ ਹਨ। ਕਵੀ ਜੀ, ਗੁਰੂ ਜੀ ਦੀ ਆਯੂ 90 ਸਾਲ 5 ਮਹੀਨੇ 9 ਦਿਨ ਦੱਸਦੇ ਹਨ ਅਤੇ ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਵਦੀ 10, ਸੰਮਤ 1596 ਹਨ।" ਪਰ! ਕਵੀ ਜੀ ਤਾਂ ਗੁਰੂ ਜੀ ਦੀ ਉਮਰ 70 ਸਾਲ 5 ਮਹੀਨੇ 7 ਦਿਨ ਲਿਖਦੇ ਹਨ। ਹਾਂ! ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਵਦੀ 10 ਸਹੀ ਹੈ।

ਸੰਮਤ ਸੱਤ੍ਰ ਪਛਾਨ ਪੰਚ ਮਾਸ ਬੀਤੇ ਬਹੁਤ।
ਸਪਤ ਦਿਨਨ ਪਰਵਾਨ ਪਤਿਸ਼ਾਹੀ ਸ਼੍ਰੀ ਪ੍ਰਭੁ ਕਰੀ॥੯੦॥
ਸੰਮਤ ਪੰਦਰਾਂ ਸੈ ਲਖੋ ਅਧਿਕ ਛਯਾਨਵਾ ਜਾਨਿ।
ਅਸਜੁ ਵਦੀ ਦਸਮੀ ਵਿਖੈ ਸੱਚ ਖੰਡ ਪ੍ਰਸਥਾਨ॥੯੧॥

ਉਪਰੋਕਤ ਪੰਗਤੀਆਂ ਵਿਚ ਕਵੀ ਸੰਤੋਖ ਸਿੰਘ ਵੱਲੋਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਵਦੀ 10 ਸੰਮਤ 1596 ਬਿਕ੍ਰਮੀ) ਅਤੇ ਕੁਲ ਉਮਰ 70 ਸਾਲ 5 ਮਹੀਨੇ 7 ਦਿਨ ਦਰਜ ਹੈ। ਜਦੋਂ ਸਾਡੇ ਪਾਸ ਦੋ ਜਾਣਕਾਰੀਆਂ ਹੋਣ ਤਾਂ ਅਸੀਂ ਤੀਜੀ ਜਾਣਕਾਰੀ ਭਾਵ ਜਨਮ ਦੀ ਤਾਰੀਖ ਦਾ ਪਤਾ ਕਰ ਸਕਦੇ ਹਾਂ। ਜੇ ਤਿੰਨੋਂ ਜਾਣਕਾਰੀਆਂ ਹੋਣ ਤਾਂ ਉਨ੍ਹਾਂ ਦੇ ਸਹੀ ਹੋਣ ਦੀ ਪੜਤਾਲ ਕਰ ਸਕਦੇ ਹਾਂ।

ਇਥੇ ਇਕ ਹੋਰ ਨੁਕਤਾ ਸਮਝਣ ਵਾਲਾ ਹੈ। ਉਹ ਇਹ ਕਿ ਜੇ ਚੰਦ ਦੇ ਕੈਲੰਡਰ ਦੀਆਂ ਤਾਰੀਖਾਂ ਭਾਵ ਵਦੀ-ਸੁਦੀ ਮੁਤਾਬਕ ਜਮਾ-ਘਟਾਉ ਕਰੀਏ ਤਾਂ ਇਕ ਤੋਂ ਵੱਧ ਦਿਨਾਂ ਦਾ ਵਾਧਾ-ਘਾਟਾ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ; ਪਰ ਜੇ ਪ੍ਰਵਿਸ਼ਟਿਆਂ ਮੁਤਾਬਿਕ ਹਿਸਾਬ ਕਰੀਏ ਤਾਂ ਗਲਤੀ ਦੀ ਗੁੰਜਾਇਸ਼ ਬਹੁਤ ਹੀ ਘੱਟ ਹੁੰਦੀ ਹੈ, ਜਿਵੇਂ,

ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਵਦੀ 10, ਸੰਮਤ 1596 ਬਿਕ੍ਰਮੀ (ਦਿਨ ਐਤਵਾਰ, 8 ਅੱਸੂ, 23 ਰਬੀ-ਉਲ-ਸਾਨੀ, 7 ਸਤੰਬਰ ਜੂਲੀਅਨ) ਵਿਚੋਂ ਜੇ ਕੁਲ ਉਮਰ 70 ਸਾਲ 5 ਮਹੀਨੇ 7 ਦਿਨ ਘਟਾਈਏ ਤਾਂ, ਇਸ ਮੁਤਾਬਕ ਗੁਰੂ ਜੀ ਦੀ ਜਨਮ ਤਾਰੀਖ ਵੈਸਾਖ ਵਦੀ 3 ਸੰਮਤ 1526 ਬਿਕ੍ਰਮੀ ਬਣਦੀ ਹੈ। ਇਸ ਨੂੰ ਜੇ ਪ੍ਰਵਿਸ਼ਟਿਆਂ 'ਚ ਬਦਲੀ ਕਰੀਏ ਤਾਂ ਇਹ 4 ਵੈਸਾਖ ਸੰਮਤ 1526 ਬਿਕ੍ਰਮੀ (30 ਮਾਰਚ 1469 ਈ: ਜੂਲੀਅਨ) ਦਿਨ ਵੀਰਵਾਰ ਬਣਦੀ ਹੈ।

| | | |
|---|---|---|
| 1596 | 7 | 10 |
| 70 | 5 | 7 |
| --- | | |
| 1526 | 2 | 3 |

ਹੁਣ ਜੇ ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਵਦੀ 10, ਸੰਮਤ 1596 ਬਿਕ੍ਰਮੀ (ਦਿਨ ਐਤਵਾਰ, 8 ਅੱਸੂ, 23 ਰਬੀ-ਉਲ-ਸਾਨੀ, 7 ਸਤੰਬਰ ਜੂਲੀਅਨ) ਨੂੰ ਪ੍ਰਵਿਸ਼ਟਿਆਂ ਵਿਚ ਬਦਲੀ ਕਰਕੇ ਜੋ 8 ਅੱਸੂ ਹੈ, ਤਾਂ ਇਸ ਵਿਚੋਂ ਕੁਲ ਉਮਰ 70 ਸਾਲ 5 ਮਹੀਨੇ 7 ਦਿਨ ਘਟਾਈਏ ਤਾਂ ਇਹ ਵੈਸਾਖ 1, ਸੰਮਤ 1526 ਬਿਕ੍ਰਮੀ ਬਣਦੀ ਹੈ। ਇਸ ਦਿਨ ਚੇਤ ਸੁਦੀ 15 ਭਾਵ ਚੇਤ ਦੀ ਪੁੰਨਿਆ, ਦਿਨ ਸੋਮਵਾਰ, 27 ਮਾਰਚ ਜੂਲੀਅਨ ਸੀ।

| | | |
|---|---|---|
| 1596 | 7 | 8 |
| 70 | 5 | 7 |
| --- | | |
| 1526 | 2 | 1 |

ਡਾ. ਘੁੰਮਣ ਅੱਗੇ ਲਿਖਦੇ ਹਨ, "ਅੱਸੂ ਸੁਦੀ 10, 1596 ਬਿ: ਨੂੰ 8 ਅੱਸੂ ਸੀ।" ਬੇਨਤੀ ਹੈ ਕਿ ਅੱਸੂ ਸੁਦੀ 10 ਨੂੰ 8 ਅੱਸੂ ਨਹੀਂ, 23 ਅੱਸੂ ਸੀ ਅਤੇ 1596 ਵਿਚੋਂ 90 ਘਟਾ ਕੇ 1526 ਨਹੀਂ, ਸਗੋਂ 1506 ਜਵਾਬ ਆਉਂਦਾ ਹੈ। ਲੇਖਕ ਦੀ ਇਸ ਲਿਖਤ ਵਿਚ ਹੋਰ ਵੀ ਕਈ ਤਰੁੱਟੀਆਂ ਹਨ। ਖੈਰ...!

ਬੇਨਤੀ ਹੈ ਕਿ ਜੇ ਡਾ. ਆਸਾ ਸਿੰਘ ਗੁਰੂ ਜੀ ਦੀ ਜਨਮ ਤਾਰੀਖ ਬਾਰੇ ਵਿਚਾਰ ਕਰਨੀ ਚਾਹੁੰਦੇ ਹੋਣ ਤਾਂ ਉਹ ਆਪਣੀ ਖੋਜ (ਜਨਮ ਤਾਰੀਖ, ਜੋਤੀ ਜੋਤ ਸਮਾਉਣ ਦੀ ਤਾਰੀਖ ਅਤੇ ਕੁਲ ਉਮਰ ਆਦਿ) ਸਾਂਝੀ ਕਰਨ। ਤਾਂ ਜੋ ਉਸਾਰੂ ਵਿਚਾਰ ਚਰਚਾ ਕੀਤੀ ਜਾ ਸਕੇ। ਕਿਸੇ ਹੋਰ ਦਾ ਨਾਮ ਵਰਤ ਕੇ ਗਲਤ ਬਿਆਨੀਆਂ ਕਰਨੀਆਂ ਸ਼ੋਭਾ ਨਹੀਂ ਦਿੰਦੀਆਂ। ਧੰਨਵਾਦ ਸਹਿਤ,

*-ਸਰਵਜੀਤ ਸਿੰਘ ਸੈਕਰਾਮੈਂਟੋ*
*sarbjits@gmail.com*

# ਗਦਰੀ ਬਾਬਾ ਬੂਝਾ ਸਿੰਘ ਦੀਆਂ ਆਖਰੀ ਘੜੀਆਂ

***ਬਾਬਾ ਬੂਝਾ ਸਿੰਘ ਨੇ ਗਦਰ ਲਹਿਰ ਵਿਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਜਦੋਂ 1970ਵਿਆਂ ਵਿਚ ਪੰਜਾਬ ਸਮੇਤ ਭਾਰਤ ਦੇ ਕਈ ਰਾਜਾਂ ਅੰਦਰ ਇਨਕਲਾਬੀ ਨਕਸਲਬਾੜੀ ਲਹਿਰ ਉਠੀ ਸੀ ਤਾਂ ਇਸ ਵਿਚ ਡਟ ਕੇ ਹਿੱਸਾ ਲਿਆ ਸੀ। ਜਦੋਂ ਪੰਜਾਬ ਪੁਲਿਸ ਨੇ ਉਨ੍ਹਾਂ ਨੂੰ ਸ਼ਹੀਦ ਕੀਤਾ ਤਾਂ ਉਨ੍ਹਾਂ ਦੀ ਉਮਰ 80 ਵਰ੍ਹਿਆਂ ਤੋਂ ਉਪਰ ਸੀ। ਕਹਾਣੀਕਾਰ ਅਜਮੇਰ ਸਿੱਧੂ ਨੇ ਆਪਣੇ ਇਸ ਲੇਖ ਵਿਚ ਬਾਬਾ ਬੂਝਾ ਸਿੰਘ ਦੇ ਜੀਵਨ ਉਤੇ ਭਰਵੀਂ ਝਾਤ ਪੁਆਈ ਹੈ। ਉਨ੍ਹਾਂ ਬਾਬਾ ਜੀ ਦੀ ਜੀਵਨੀ 'ਬਾਬਾ ਬੂਝਾ ਸਿੰਘ - ਗਦਰ ਤੋਂ ਨਕਸਲਬਾੜੀ ਤੱਕ' ਲਿਖੀ ਹੈ ਜਿਹੜੀ 'ਬਾਬਾ ਬੂਝਾ ਸਿੰਘ - ਐਨ ਅਨਟੋਲਡ ਸਟੋਰੀ' ਦੇ ਨਾਂ ਹੇਠ ਅੰਗਰੇਜ਼ੀ ਵਿਚ ਅਨੁਵਾਦ ਹੋਈ ਹੈ। -ਸੰਪਾਦਕ***

ਜਦੋਂ 28 ਜੁਲਾਈ 1970 ਨੂੰ ਬਾਬਾ ਬੂਝਾ ਸਿੰਘ ਨੂੰ ਸ਼ਹੀਦ ਕੀਤਾ ਗਿਆ, ਉਦੋਂ ਉਹ ਇਨਕਲਾਬੀ ਤੈਲਗੂ ਕਵੀ ਪ੍ਰੋ. ਵਰਵਰਾ ਰਾਓ ਦੀ ਉਮਰ ਦੇ ਸਨ। ਪ੍ਰੋ. ਰਾਓ ਨੂੰ ਹਿੰਦੋਸਤਾਨੀ ਹਕੂਮਤ ਨੇ ਇਸ ਕਰ ਕੇ ਜੇਲ੍ਹ ਵਿਚ ਨਹੀਂ ਸੁੱਟਿਆ ਹੋਇਆ ਕਿ ਉਹ ਸ਼ਾਇਰੀ ਕਰਦਾ ਹੈ; ਸ਼ਾਇਰਾਂ ਨੂੰ ਤਾਂ ਸਰਕਾਰ ਪੁਰਸਕਾਰਾਂ ਨਾਲ ਨਿਵਾਜਦੀ ਹੈ। ਦਰਅਸਲ, ਉਸ ਦੀਆਂ ਕਵਿਤਾਵਾਂ ਆਦਿਵਾਸੀਆਂ, ਪੱਛੜੇ ਵਰਗਾਂ ਅਤੇ ਆਮ ਆਦਮੀ ਦੀ ਗੁਰਬਤ, ਨਰਕ ਅਤੇ ਅਨਿਆਂ ਭਰੀ ਜ਼ਿੰਦਗੀ ਦੀ ਗੱਲ ਕਰਦੀਆਂ ਹਨ। ਉਸ ਦੀਆਂ ਕਵਿਤਾਵਾਂ ਕ੍ਰਾਂਤੀ ਦੇ ਚੰਗਿਆੜੇ ਛੱਡਦੀਆਂ ਹਨ। ਇਸੇ ਕਾਰਨ ਸਟੇਟ ਨੂੰ ਉਨ੍ਹਾਂ ਵਿਚੋਂ ਤਖਤ ਨੂੰ ਪਲਟਾਉਣ ਦੀ ਬੋਅ ਆ ਰਹੀ ਹੈ। 82 ਸਾਲ ਦੇ



ਬਜ਼ੁਰਗ ਬੂਝਾ ਸਿੰਘ ਨੂੰ ਮਾਰਨ ਵੇਲੇ ਵੀ ਸਰਕਾਰ ਨੂੰ ਨੌਜਵਾਨਾਂ ਲਈ ਬਾਬੇ ਦਾ ਇਨਕਲਾਬੀ ਬਿੰਬ ਚੁਭਦਾ ਸੀ; ਨਹੀਂ ਤਾਂ ਅੰਗਰੇਜ਼ੀ ਹਕੂਮਤ ਨਾਲ ਟੱਕਰ ਲੈਣ

**ਅਜਮੇਰ ਸਿੱਧੂ**
**ਫੋਨ: +91-94630-63990**

ਕਾਰਨ ਬਾਬੇ ਨੂੰ ਸਰਕਾਰ ਨੇ ਪੈਨਸ਼ਨ ਤੇ ਤਾਮਰ ਪੱਤਰ ਦੇਣੇ ਸਨ!

ਚੱਕ ਮਾਈਦਾਸ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਵਾਲਾ ਇਹ ਬਾਬਾ ਕੋਈ ਆਮ ਸ਼ਖਸ ਨਹੀਂ ਸੀ। ਆਪਣੇ ਘਰ ਵਿਚ ਖੁਸ਼ਹਾਲੀ ਲਿਆਉਣ ਲਈ ਉਹ 1930 ਵਿਚ ਅਰਜਨਟਾਈਨਾ ਗਿਆ ਪਰ ਬਰਤਾਨਵੀ ਰਾਜ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਸਰਗਰਮ ਗਦਰ ਪਾਰਟੀ ਵਿਚ ਅਜਿਹਾ ਕੁੱਦਿਆ ਕਿ ਸਾਰਾ ਦੇਸ਼ ਹੀ ਉਸ ਨੂੰ ਆਪਣਾ ਘਰ ਪਰਿਵਾਰ ਦਿਸਣ ਲੱਗ ਪਿਆ। ਉਹ ਭਾਈ ਰਤਨ ਸਿੰਘ ਰਾਇਪੁਰ ਡੱਬਾ, ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ ਜੀ), ਤੇਜਾ ਸਿੰਘ ਸੁਤੰਤਰ, ਭਗਤ ਸਿੰਘ ਬਿਲਗਾ ਵਰਗੇ ਗਦਰੀਆਂ ਨਾਲ ਰਲ ਕੇ ਦੇਸ ਦੀ 'ਗੁਲਾਮੀ ਦਾ ਜੂਲਾ ਲਾਹੋ' ਦਾ ਨਾਅਰਾ ਬੁਲੰਦ ਕਰਨ ਲੱਗ ਪਿਆ। 1932-34 ਤੱਕ ਮਾਸਕੋ (ਰੂਸ) ਦੀ ਈਸਟਰਨ ਯੂਨੀਵਰਸਿਟੀ ਵਿਚ ਮਾਰਕਸਵਾਦ ਦੀ ਪੜ੍ਹਾਈ ਕੀਤੀ ਅਤੇ ਹਥਿਆਰਾਂ ਦੀ ਸਿਖਲਾਈ ਲਈ। ਫਿਰ ਇਨ੍ਹਾਂ ਆਜ਼ਾਦੀ ਸੰਗਰਾਮੀਆਂ ਨੇ ਭਾਰਤ ਆ ਕੇ ਕਿਰਤੀ ਪਾਰਟੀ ਦੇ ਝੰਡੇ ਥੱਲੇ ਹਕੂਮਤ ਨੂੰ ਕੰਬਣੀ ਛੇੜ ਦਿੱਤੀ। ਗੋਰੀ ਹਕੂਮਤ ਨੂੰ ਇਹ ਜੰਗਜੂ ਚੁਭਣ ਲੱਗੇ। ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਦੋ ਮਹੀਨੇ ਬਰਫ 'ਤੇ ਲਿਟਾ ਕੇ ਪੁਲਿਸ ਬੂਝਾ ਸਿੰਘ 'ਤੇ ਤਸ਼ੱਦਦ ਕਰਦੀ ਰਹੀ ਤੇ ਉਸ ਕੋਲੋਂ ਦੂਜੇ ਗਦਰ ਦਾ ਭੇਤ ਲੈਣਾ ਚਾਹਿਆ ਪਰ ਪੁਲਿਸ ਸਫਲ ਨਾ ਹੋ ਸਕੀ। ਅੰਤ ਉਨ੍ਹਾਂ ਬੂਝਾ ਸਿੰਘ ਨੂੰ ਜੰਗੀ ਕੈਦੀ ਐਲਾਨ ਦਿੱਤਾ।

ਇਨ੍ਹਾਂ ਕਿਰਤੀਆਂ ਨੇ ਕਈ ਸਾਲ ਅੰਗਰੇਜ਼ ਹਕੂਮਤ ਨੂੰ ਵਖਤ ਪਾਈ ਰੱਖਿਆ। ਜਦੋਂ ਇਹ ਆਪਣੇ ਅਕੀਦੇ ਤੋਂ ਪਿੱਛੇ ਨਾ ਹਟੇ ਤਾਂ ਰਾਜਸਥਾਨ ਦੇ ਦਿਓਲੀ ਕੈਂਪ ਵਿਚ ਦੋ ਸਾਲ ਲਈ ਬੂਝਾ ਸਿੰਘ ਸਮੇਤ ਅਨੇਕਾਂ ਕਿਰਤੀਆਂ ਅਤੇ ਕਮਿਊਨਿਸਟਾਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਕਾਂਗਰਸ ਪਾਰਟੀ ਦਾ ਕੌਮੀ ਪ੍ਰਧਾਨ ਬਣਾਉਣ ਦਾ ਸਿਹਰਾ ਵੀ ਇਨ੍ਹਾਂ ਕਿਰਤੀਆਂ ਦੇ ਸਿਰ ਬੱਝਦਾ ਹੈ। ਜਿਨ੍ਹਾਂ ਪੰਜ ਕਿਰਤੀਆਂ (ਅੱਛਰ ਸਿੰਘ ਛੀਨਾ, ਰਾਮ ਕਿਸ਼ਨ ਬੀ.ਏ. ਨੈਸ਼ਨਲ, ਬੂਝਾ ਸਿੰਘ, ਦਸੌਂਧਾ ਸਿੰਘ, ਭਗਤ ਰਾਮ ਤਲਵਾੜ) ਦੀ ਡਿਊਟੀ ਲੱਗੀ ਸੀ ਕਿ ਉਹ ਨੇਤਾ ਜੀ ਨੂੰ ਰੂਸ ਲਿਜਾਣਗੇ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਰੂਸ ਦੇ ਆਗੂ ਕਾਮਰੇਡ ਸਟਾਲਿਨ ਤੋਂ ਮਦਦ ਵਾਸਤੇ ਨੇਤਾ ਜੀ ਦੀ ਮੀਟਿੰਗ ਕਰਵਾਉਣਗੇ। ਇਉਂ ਇਨ੍ਹਾਂ ਪੰਜਾਂ ਵਿਚੋਂ ਇਕ ਬੂਝਾ ਸਿੰਘ ਵੀ ਸੀ।

ਕੂਕਿਆਂ, ਗਦਰੀਆਂ, ਕਿਰਤੀਆਂ, ਬੱਬਰਾਂ, ਭਗਤ ਸਿੰਘ ਤੇ ਸਾਥੀਆਂ, ਅਕਾਲੀਆਂ ਅਤੇ ਕ੍ਰਾਂਤੀਕਾਰੀਆਂ ਦੀਆਂ ਅਥਾਹ ਕੁਰਬਾਨੀਆਂ ਸਦਕਾ 15 ਅਗਸਤ 1947 ਨੂੰ ਹਿੰਦੋਸਤਾਨ ਆਜ਼ਾਦ ਹੋ ਗਿਆ ਪਰ ਆਜ਼ਾਦੀ ਦੇ ਕੁਝ ਸਾਲਾਂ ਬਾਅਦ ਹੀ ਇਨ੍ਹਾਂ ਦੇਸ਼ ਭਗਤਾਂ ਨੂੰ ਸਮਝ ਆ ਗਈ ਕਿ ਭਾਰਤੀਆਂ ਨੂੰ ਅਧੂਰੀ ਆਜ਼ਾਦੀ ਮਿਲੀ ਹੈ। ਇਸੇ ਕਾਰਨ ਬਾਬਾ ਸੋਹਣ ਸਿੰਘ ਭਕਨਾ, ਤੇਜਾ ਸਿੰਘ ਸੁਤੰਤਰ, ਸ਼ਿਵ ਵਰਮਾ, ਬੂਝਾ ਸਿੰਘ ਆਜ਼ਾਦੀ ਦੀ ਦੂਜੀ ਲੜਾਈ ਲਈ ਕਮਿਊਨਿਸਟ ਅੰਦੋਲਨਾਂ ਵਿਚ ਸਰਗਰਮ ਹੋ ਗਏ। ਜਦੋਂ 1967 ਵਿਚ ਨਕਸਲਬਾੜੀ ਦਾ ਸੰਘਰਸ਼ 'ਜ਼ਮੀਨ ਹਲਵਾਹਕ ਦੀ', ਸਮਾਜਕ ਅਤੇ ਆਰਥਕ ਨਿਆਂ ਦੀ ਲੜਾਈ ਦੇ ਤੌਰ 'ਤੇ ਸ਼ੁਰੂ ਹੋਇਆ ਸੀ ਤਾਂ ਬੰਗਾਲ, ਬਿਹਾਰ, ਆਂਧਰਾ ਪ੍ਰਦੇਸ਼ ਅਤੇ





***ਬਾਬਾ ਬੂਝਾ ਸਿੰਘ ਪਾਰਟੀ ਦੀ ਲਾਈਨ ਲਾਗੂ ਕਰਨ ਅਤੇ ਸਿਆਸੀ ਤਬਦੀਲੀ ਲਈ ਦਿਨ ਰਾਤ ਕੰਮ ਕਰਨ ਲੱਗੇ। ਉਨ੍ਹਾਂ ਸਰਕਾਰ ਵੱਲੋਂ ਕਤਲ ਕੀਤੇ ਜਾਣ ਦਾ ਸੁਣ ਕੇ ਪਾਰਟੀ ਸਰਗਰਮੀਆਂ ਹੋਰ ਤੇਜ਼ ਕਰ ਦਿੱਤੀਆਂ। ਉਹ ਇਨਕਲਾਬ ਲਈ ਮਰ ਮਿਟਣ ਵਾਲੇ ਨੌਜਵਾਨ ਤਿਆਰ ਕਰਦੇ ਸਨ। ਨੌਜਵਾਨਾਂ ਦੀ ਨਵੀਂ ਭਰਤੀ ਕਰਨ ਅਤੇ ਉਨ੍ਹਾਂ ਦੇ ਵਿਚਾਰਾਂ ਵਿਚ ਪਰਪੱਕਤਾ ਲਿਆਉਣ ਲਈ ਪੜ੍ਹਨ ਪੜ੍ਹਾਉਣ ਦੇ ਕੰਮ ਵਿਚ ਤੇਜ਼ੀ ਲੈ ਆਂਦੀ।***

ਤਾਮਿਲਨਾਡੂ ਤੋਂ ਬਾਅਦ ਪੰਜਾਬ ਵੀ ਨਕਸਲੀ ਸਰਗਰਮੀਆਂ ਵਜੋਂ ਉਭਰਿਆ ਸੀ। ਇਸ ਲਹਿਰ ਵਿਚ ਉਦੋਂ ਹੋਰ ਜਾਨ ਪੈ ਗਈ, ਜਦੋਂ ਬਾਬਾ ਬੂਝਾ ਸਿੰਘ ਵੀ ਇਸ ਵਿਚ ਆ ਸ਼ਾਮਲ ਹੋਏ।

ਉਨ੍ਹਾਂ ਪੁਰਾਣੇ ਅਕਾਲੀਆਂ ਵਾਲੀ ਨੀਲੀ ਪੱਗ ਬੰਨ੍ਹ ਲਈ। ਜਲਦ ਹੀ ਪਾਰਟੀ ਵਿਚ 'ਭਾਈ ਜੀ' ਵਜੋਂ ਮਸ਼ਹੂਰ ਹੋ ਗਏ। ਜਦੋਂ ਉਹ ਘਰੋਂ ਤੁਰਨ ਲੱਗੇ, ਉਨ੍ਹਾਂ ਦੇ ਭਰਾ ਯੋਗੇਸ਼ਰ ਵਿਚ ਨੇ ਰੋਕਿਆ, "ਵੱਡੇ ਭਾਈ, ਹੁਣ ਤੂੰ ਬੁੱਢਾ ਹੋ ਗਿਐਂ, ਗੁਪਤਵਾਸ ਦੀਆਂ ਕਠਿਨਾਈਆਂ ਕਿਵੇਂ ਝੱਲੇਗਾ?"

"ਯੋਗੇਸ਼ਰ ਸਿਆਂ, ਇਨਕਲਾਬੀ ਕਦੇ ਬੁੱਢੇ ਨਹੀਂ ਹੁੰਦੇ। ਮੈਂ ਇਸ ਉਮਰ ਵਿਚ ਵੀ ਮੌਕੇ ਦੀ ਜਾਬਰ ਸਰਕਾਰ ਨਾਲ ਟੱਕਰ ਲੈ ਸਕਦਾ ਹਾਂ।" ਉਨ੍ਹਾਂ ਆਪਣਾ ਦ੍ਰਿੜ੍ਹ ਨਿਸ਼ਚਾ ਦੁਹਰਾਇਆ ਸੀ।

ਫਿਰ ਉਹ ਸਾਈਕਲ 'ਤੇ ਲੰਮੀਆਂ ਵਾਟਾਂ ਦਾ ਰਾਹੀ ਹੋ ਗਿਆ। ਬਾਬਾ ਜੀ ਗਦਰ ਪਾਰਟੀ, ਕਿਰਤੀ ਪਾਰਟੀ, ਮੁਜਾਰਾ ਲਹਿਰ ਅਤੇ ਕਮਿਊਨਿਸਟ ਪਾਰਟੀਆਂ ਦੇ ਮੋਹਤਬਰ ਆਗੂ ਰਹੇ ਸਨ। ਦੇਸ਼ ਦੀ ਆਜ਼ਾਦੀ, ਕਮਿਊਨਿਸਟ ਲਹਿਰ ਅਤੇ ਆਪਣੇ ਆਦਰਸ਼ਾਂ ਲਈ ਵਰ੍ਹਿਆਂ ਦੀ ਘਾਲਣਾ ਨੇ ਉਨ੍ਹਾਂ ਨੂੰ ਇਨਕਲਾਬ ਦੀ ਵੱਡੀ ਹਸਤੀ ਦਾ ਰੁਤਬਾ ਦਿੱਤਾ ਸੀ। ਉਹ ਆਹਲਾ ਦਰਜੇ ਦੇ ਮਾਰਕਸਵਾਦੀ ਅਧਿਆਪਕ ਸਨ। ਬੱਕਰੀਆਂ ਚਾਰਨ ਵਾਲੇ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ ਦੇ ਵਿਦਵਾਨ ਉਨ੍ਹਾਂ ਕੋਲੋਂ ਤਾਲੀਮ ਲੈਂਦੇ ਰਹੇ ਸਨ। ਸੈਂਕੜੇ ਹੀ ਨੌਜਵਾਨ ਉਨ੍ਹਾਂ ਦੀ ਅਗਵਾਈ ਹੇਠ ਲੋਕਾਂ ਦੀ ਖਾਤਰ ਕੁਰਬਾਨੀਆਂ ਕਰਨ ਲਈ ਤਿਆਰ ਹੋ ਗਏ। ਬਾਬਾ ਬੂਝਾ ਸਿੰਘ ਨੌਜਵਾਨਾਂ ਲਈ ਬਿੰਬ ਬਣ ਗਿਆ। ਸਾਰੀ ਜ਼ਿੰਦਗੀ ਬਰਤਾਨਵੀ ਸਾਮਰਾਜੀਆਂ ਅਤੇ ਦੇਸੀ ਹਾਕਮਾਂ ਵਿਰੁਧ ਸੰਘਰਸ਼ਾਂ 'ਚ ਅਤੇ ਜੋਖਮ ਝੱਲ ਕੇ ਕੱਟੀ ਸੀ। ਬਿਰਧ ਅਵਸਥਾ ਵਿਚ ਵੀ ਉਹ ਦੁਸ਼ਮਣ ਨਾਲ ਲੋਹਾ ਲੈਣ ਲਈ ਤਿਆਰ ਸਨ। ਉਸ ਵਕਤ ਜਿਹੜੇ ਨੌਜਵਾਨ ਉਨ੍ਹਾਂ ਦੇ ਨੇੜੇ ਆਏ, ਉਨ੍ਹਾਂ ਦੇ ਸੰਘਰਸ਼ਮਈ ਜੀਵਨ, ਆਪਾ-ਵਾਰੂ ਸੋਚ, ਕੰਮਕਾਰ ਕਰਨ ਦੇ ਢੰਗ, ਕੁਰਬਾਨੀ ਅਤੇ ਜਜ਼ਬੇ ਤੋਂ ਕਾਇਲ ਹੋਏ ਬਿਨਾਂ ਨਾ ਰਹੇ। ਇਸੇ ਕਾਰਨ ਵਿਦਿਆਰਥੀਆਂ ਦੇ ਘੋਲ ਤਿੱਖੇ ਹੋ ਗਏ। ਪੰਜਾਬ ਕਮੇਟੀ ਨੇ ਪੰਜਾਬ ਦੀਆਂ ਚਾਰ ਥਾਵਾਂ 'ਤੇ ਹਜ਼ਾਰਾਂ ਏਕੜ ਜ਼ਮੀਨਾਂ 'ਤੇ ਮਜ਼ਦੂਰਾਂ ਕਿਸਾਨਾਂ ਦੇ ਕਬਜ਼ੇ ਕਰਵਾਉਣ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਜ਼ਮੀਨੀ ਕਬਜ਼ਿਆਂ ਅਤੇ ਜਨਰਲ ਬਲਵੰਤ ਸਿੰਘ ਦੇ ਕਤਲ ਪਿੱਛੋਂ ਉਨ੍ਹਾਂ ਦੇ ਸਿਰ ਦਾ ਮੁੱਲ ਰੱਖ ਦਿੱਤਾ ਗਿਆ।

ਸਰਕਾਰ ਲਈ ਇਹ ਲਹਿਰ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਖਤਰਾ ਵੀ ਸੀ ਤੇ ਰਾਜ ਪ੍ਰਬੰਧ ਲਈ ਚੁਣੌਤੀ ਵੀ। ਇਹ ਲਹਿਰ ਸਰਕਾਰ ਵੱਲੋਂ ਗੈਰ-ਕਾਨੂੰਨੀ ਕਰਾਰ ਦੇ ਦਿੱਤੀ ਗਈ। ਇਨਕਲਾਬਪਸੰਦਾਂ ਦੀ ਮਾਂ ਬਾਬਾ ਬੂਝਾ ਸਿੰਘ ਨੂੰ ਫੜਨ ਜਾਂ ਮਾਰਨ ਲਈ ਸਪੈਸ਼ਲ ਪੁਲਿਸ ਅਪਰੇਸ਼ਨ ਚਲਾਇਆ ਗਿਆ। ਡੀ.ਐਸ.ਪੀ. ਸਾਧੂ ਸਿੰਘ ਨੂੰ ਫਿਲੌਰ ਅਤੇ ਨਵਾਂ ਸ਼ਹਿਰ ਤਹਿਸੀਲਾਂ ਦਾ ਇਲਾਕਾ ਦਿੱਤਾ ਗਿਆ। ਮੰਜਕੀ ਅਤੇ ਨਕੋਦਰ ਵਿਚ ਤਾਇਨਾਤ ਕੀਤੇ ਡੀ.ਐਸ.ਪੀ. ਓਮਰਾਓ ਸਿੰਘ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਚਾਚੇ ਮਿਹਰ ਚੰਦ (ਜੰਡਿਆਲਾ) ਕੋਲੋਂ ਬਾਬੇ ਦੀ ਗ੍ਰਿਫਤਾਰੀ ਲਈ ਮਦਦ ਮੰਗੀ। ਮਿਹਰ ਚੰਦ ਨੇ ਉਸ ਨੂੰ ਤਾੜਨਾ ਕੀਤੀ ਕਿ ਉਹ ਜੰਡਿਆਲੇ ਵਿਚ ਉਸ ਨੂੰ ਹੱਥ ਨਾ ਪਾ ਬੈਠੇ, ਜੰਡਿਆਲੇ ਦੇ ਲੋਕ ਪੈ ਜਾਣਗੇ; ਇਹੋ ਹਾਲ ਸਰੀਂਹ, ਸ਼ੰਕਰ, ਸਮਰਾਏ, ਬੰਡਾਲਾ, ਰੁੜਕਾ, ਚੀਮਾ, ਬੜਾ ਪਿੰਡ, ਧੁਲੇਤਾ ਤੇ ਦੁਸਾਂਝ ਕਲਾਂ ਵਾਲੇ ਕਰਨਗੇ। ਬਾਬਾ ਜੀ ਨੂੰ ਕਤਲ ਕਰਨ ਦੀ ਯੋਜਨਾ ਮਿਹਰ ਚੰਦ ਨੇ ਬਾਬੇ ਦੀ ਧੀ ਨਸੀਬ ਕੌਰ (ਜੋ ਜੰਡਿਆਲੇ ਵਿਆਹੀ ਹੋਈ ਸੀ) ਨੂੰ ਦੱਸ ਦਿੱਤੀ। ਇਹ ਗੱਲ ਬੀਬੀ ਨੇ ਪਾਰਟੀ ਦੇ ਆਗੂਆਂ ਤੱਕ ਪਹੁੰਚਾ ਦਿੱਤੀ। ਉਨ੍ਹਾਂ ਨੇ ਸਲਾਹ ਮਸ਼ਵਰੇ ਤੋਂ ਬਾਅਦ ਬਾਬਾ ਜੀ ਨੂੰ ਇਲਾਕਾ ਛੱਡਣ ਦੀ ਸਲਾਹ ਦੇ ਦਿੱਤੀ ਪਰ ਬਾਬਾ ਬੂਝਾ ਸਿੰਘ ਨੇ ਇਲਾਕਾ ਛੱਡਣ ਤੋਂ ਕੋਰੀ ਨਾਂਹ ਕਰ ਦਿੱਤੀ: "ਮਰਨ ਤੋਂ ਡਰ ਕੇ ਇਨਕਲਾਬ ਦੀ ਲੜਾਈ ਪਿੱਛੇ ਨਹੀਂ ਪੈਣ ਦੇਣੀ। ਲਹਿਰ ਨੇ ਮੇਰੇ ਅਰਗਿਆਂ ਦੇ ਮਰਿਆਂ 'ਤੇ ਹੀ ਜਿੱਤ ਵੱਲ ਵਧਣਾ। ਮੈਂ ਲਹਿਰ ਲਈ ਨੌਜਵਾਨ ਮੁੰਡੇ ਤਿਆਰ ਕੀਤੇ; ਪੁਲਿਸ ਨੇ ਉਹ ਮਾਰ ਦਿੱਤੇ, ਖਪਾ ਦਿੱਤੇ। ਹੁਣ ਮੇਰੀ ਵਾਰੀ ਆਈ ਤਾਂ ਛੁਪ ਜਾਵਾਂ? ਅਜਿਹਾ ਕਰਨਾ ਬੁਜ਼ਦਿਲੀ ਐ ਅਤੇ ਉਨ੍ਹਾਂ ਗੱਭਰੂਆਂ ਨਾਲ ਧੋਖਾ।"

ਪਾਰਟੀ ਆਗੂਆਂ ਨੇ ਲੀਡਰਸ਼ਿਪ ਦਾ ਵਾਸਤਾ ਪਾਇਆ। ਉਨ੍ਹਾਂ ਦੀ ਉਮਰ ਯਾਦ ਕਰਵਾਈ। ਪਾਰਟੀ ਨੂੰ ਜਥੇਬੰਦ ਕਰਨ, ਇਨਕਲਾਬ ਦੀ ਸਫਲਤਾ ਅਤੇ ਪੁਲਿਸ ਜਬਰ ਦੀ ਯਾਦ ਦਿਵਾਈ ਪਰ ਬਾਬਾ ਜੀ ਨਾ ਮੰਨੇ।

"ਦੇਖੋ, ਪਾਰਟੀ ਨੇ ਦੇਸ਼ ਵਿਚ ਇਨਕਲਾਬ ਕਰਨ ਲਈ 1975 ਤੱਕ ਦਾ ਸਮਾਂ ਨਿਸ਼ਚਿਤ ਕੀਤਾ ਹੋਇਆ ਹੈ। ਸਾਨੂੰ ਉਹਦੀ ਸਫਲਤਾ ਲਈ ਅੱਗੇ ਵਧਣਾ ਚਾਹੀਦਾ ਹੈ। ਨਾਲੇ ਜਦੋਂ ਜੰਗ ਸ਼ੁਰੂ ਹੀ ਕਰ ਚੁੱਕੇ ਆਂ, ਫਿਰ ਪੁਲਿਸ ਵੱਲੋਂ ਫੜੇ ਜਾਣ ਤੋਂ ਬਚਣ ਲਈ ਬਾਹਰ ਕਿਉਂ ਜਾਇਆ ਜਾਵੇ।"

ਬਾਬਾ ਬੂਝਾ ਸਿੰਘ ਪਾਰਟੀ ਦੀ ਲਾਈਨ ਲਾਗੂ ਕਰਨ ਅਤੇ ਸਿਆਸੀ ਤਬਦੀਲੀ ਲਈ ਦਿਨ ਰਾਤ ਕੰਮ ਕਰਨ ਲੱਗੇ। ਉਨ੍ਹਾਂ ਸਰਕਾਰ ਵੱਲੋਂ ਕਤਲ ਕੀਤੇ ਜਾਣ ਦਾ ਸੁਣ ਕੇ ਪਾਰਟੀ ਸਰਗਰਮੀਆਂ ਹੋਰ ਤੇਜ਼ ਕਰ ਦਿੱਤੀਆਂ। ਉਹ ਇਨਕਲਾਬ ਲਈ ਮਰ ਮਿਟਣ ਵਾਲੇ ਨੌਜਵਾਨ ਤਿਆਰ ਕਰਦੇ ਸਨ। ਨੌਜਵਾਨਾਂ ਦੀ ਨਵੀਂ ਭਰਤੀ ਕਰਨ ਅਤੇ ਉਨ੍ਹਾਂ ਦੇ ਵਿਚਾਰਾਂ ਵਿਚ ਪਰਪੱਕਤਾ ਲਿਆਉਣ ਲਈ ਪੜ੍ਹਨ ਪੜ੍ਹਾਉਣ ਦੇ ਕੰਮ ਵਿਚ ਤੇਜ਼ੀ ਲੈ ਆਂਦੀ।

ਇਸੇ ਤਰ੍ਹਾਂ ਦੀ ਇਕ ਮੀਟਿੰਗ 27 ਜੁਲਾਈ 1970 ਦੀ ਰਾਤ ਨੂੰ ਫਿਲੌਰ ਨੇੜੇ ਪਿੰਡ ਹਰੀਪੁਰ ਰੱਖੀ ਹੋਈ ਸੀ। ਬਾਬਾ ਬੂਝਾ ਸਿੰਘ ਦੀ ਨਜ਼ਰ ਬਹੁਤ ਕਮਜ਼ੋਰ ਸੀ। ਉਨ੍ਹਾਂ ਨੂੰ ਸਹਾਰਾ ਦੇਣ, ਸਾਂਭ-ਸੰਭਾਲ ਅਤੇ ਰੱਖਿਆ ਲਈ ਸਰਬਜੀਤ ਸਿੰਘ ਦੁਸਾਂਝ ਦੀ ਡਿਊਟੀ ਹੁੰਦੀ ਸੀ। ਉਹ ਦੋਵੇਂ ਹਰੀਪੁਰ ਵਾਲੀ ਮੀਟਿੰਗ ਵਿਚ ਹਿੱਸਾ ਲੈਣ ਲਈ ਨਗਰ (ਨੇੜੇ ਫਿਲੌਰ) ਪੁੱਜੇ। ਨਗਰ ਵਿਖੇ ਬਾਬਾ ਜੀ ਦੀ ਪਤਨੀ ਧੰਤੀ ਦੀ ਭਾਣਜੀ ਮਲਕੀਤ ਕੌਰ (ਪਤਨੀ ਅਜੀਤ ਸਿੰਘ) ਵਿਆਹੀ ਹੋਈ ਸੀ। ਉਸ ਦਿਨ ਬਾਬਾ ਜੀ ਨੂੰ ਮਰੋੜ ਲੱਗੇ ਹੋਏ ਸਨ। ਵਡੇਰੀ ਉਮਰ ਕਾਰਨ ਸਰੀਰ ਵੀ ਬਹੁਤ ਕਮਜ਼ੋਰ ਸੀ। ਉਹ ਆਰਾਮ ਕਰਨ ਲਈ ਭਾਣਜੀ ਦੇ ਘਰ ਰੁਕ ਗਏ। ਸਰਬਜੀਤ ਦੁਸਾਂਝ ਹਰੀਪੁਰ ਮੀਟਿੰਗ ਦੇ ਪ੍ਰਬੰਧ ਦਾ ਜਾਇਜ਼ਾ ਲੈਣ ਚਲਾ ਗਿਆ। ਬਾਬਾ ਜੀ ਨੇ ਉਸ ਘਰ ਵਿਚ ਹੀ ਦੁਪਹਿਰਾ ਕੱਟਿਆ। ਉਧਰ, ਪੁਲਿਸ ਨੂੰ ਬਾਬਾ ਜੀ ਦੇ ਨਗਰ ਠਹਿਰਨ ਦੀ ਸੂਹ ਮਿਲ ਚੁੱਕੀ ਸੀ। ਪੁਲਿਸ ਵਾਲੇ ਤੁਰੰਤ ਕਾਰਵਾਈ ਕਰਦਿਆਂ ਪਿੰਡ ਦੇ ਬਾਹਰ ਘਾਤ ਲਾ ਕੇ ਬੈਠ ਗਏ।

ਬਾਬਾ ਬੂਝਾ ਸਿੰਘ ਚਾਰ ਕੁ ਵਜੇ ਸਾਈਕਲ ਚੁੱਕ ਕੇ ਮੀਟਿੰਗ ਵਾਲੀ ਜਗ੍ਹਾ ਵੱਲ ਚੱਲ ਪਏ। ਉਹ ਨਗਰ ਤੋਂ ਰਸੂਲਪੁਰ ਦੀ ਕੱਚੀ ਫਿਰਨੀ ਪੈ ਗਏ। ਉਹ ਸਕੂਲ ਦੀ ਚਾਰਦੀਵਾਰੀ ਨਾਲ ਜਾ ਰਹੇ ਸਨ ਕਿ ਪਿੱਛੋਂ ਪੁਲਿਸ ਦੀ ਜੀਪ ਆਈ ਅਤੇ ਬਰਾਬਰ ਆ ਕੇ ਟੱਕਰ ਮਾਰੀ। ਉਹ ਸਾਈਕਲ ਸਮੇਤ ਧਰਤੀ 'ਤੇ ਡਿੱਗ ਪਏ। ਪੁਲਿਸ ਵਾਲਿਆਂ ਨੇ ਧਰਤੀ 'ਤੇ ਡਿੱਗੇ ਬੂਝਾ ਸਿੰਘ ਨੂੰ ਕਾਬੂ ਕਰ ਲਿਆ। ਉਨ੍ਹਾਂ ਨੇ ਖੁਦ ਨੂੰ ਪੁਲਿਸ ਦੇ ਕਾਬੂ ਆਇਆ ਦੇਖ 'ਇਨਕਲਾਬ ਜ਼ਿੰਦਾਬਾਦ' ਅਤੇ 'ਨਕਸਲਬਾੜੀ ਜ਼ਿੰਦਾਬਾਦ' ਦੇ ਨਾਅਰੇ ਲਾਏ। ਪੁਲਿਸ ਨੇ ਰਾਹਗੀਰਾਂ ਨੂੰ ਸੁਣਾ ਕੇ ਕਿਹਾ ਕਿ ਉਹ ਚੱਕ ਮਾਈਦਾਸ ਵਾਲਾ ਕਾਮਰੇਡ ਬੂਝਾ ਸਿੰਘ ਹੈ। ਪੁਲਿਸ ਵਾਲਿਆਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਗਲ ਦੇ ਪਰਨੇ ਅਤੇ ਨੀਲੀ ਪੱਗ ਨਾਲ ਬੰਨ੍ਹ ਲਿਆ। ਸਾਈਕਲ, ਕਿਤਾਬਾਂ ਅਤੇ ਝੋਲੇ ਸਮੇਤ ਚੁੱਕ ਕੇ ਜੀਪ ਵਿਚ ਸੁੱਟ ਲਿਆ। ਉਸ ਵਕਤ ਉਨ੍ਹਾਂ ਕੋਲ ਕੋਈ ਹਥਿਆਰ ਨਹੀਂ ਸੀ। ਇਸ ਕਾਰਵਾਈ ਨੂੰ ਅੱਖੀਂ ਦੇਖਣ ਵਾਲਿਆਂ ਨੂੰ ਪੁਲਿਸ ਅਧਿਕਾਰੀ ਡਰਾ-ਧਮਕਾ ਕੇ ਫਰਾਰ ਹੋ ਗਏ। ਇਹ ਕਾਰਵਾਈ ਦੋ ਜਾਂ ਤਿੰਨ ਮਿੰਟ ਵਿਚ ਹੀ ਹੋ ਗਈ।

ਬਾਬਾ ਬੂਝਾ ਸਿੰਘ ਦੀ ਸ਼ਹਾਦਤ ਬਾਰੇ ਬਾਬਾ ਭਗਤ ਸਿੰਘ ਬਿਲਗਾ ਲਿਖਦੇ ਹਨ: "ਪੁਲਿਸ ਦੀ ਇਹ ਜੀਪ ਅੱਪਰੇ ਵੱਲ ਦੀ ਹੁੰਦੀ ਹੋਈ ਫਿਲੌਰ ਦੇ ਡਾਕ ਬੰਗਲੇ ਗਈ ਜਿੱਥੇ ਡਿਪਟੀ ਸੁਪਰਡੈਂਟ ਸਾਧੂ ਸਿੰਘ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਸੀ। ਮੌਕੇ 'ਤੇ ਹਾਜ਼ਰ ਪੁਲਸੀਆਂ ਨੇ ਦੱਸਿਆ ਕਿ ਸੁਪਰਡੈਂਟ ਨੇ ਕਿਹਾ: ਬੂਝਾ ਸਿੰਘ, ਦੱਸ ਹੁਣ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ? ਬੂਝਾ ਸਿੰਘ ਨੇ ਕਿਹਾ: ਜੇ ਤੂੰ ਸਿਪਾਹੀ ਤੋਂ ਤਰੱਕੀ ਕਰਕੇ ਸੁਪਰਡੈਂਟ ਬਣਿਆ ਹੈਂ ਤਾਂ ਤੂੰ ਕਿਸੇ ਗਰੀਬ ਕਿਸਾਨ ਦਾ ਪੁੱਤ ਹੋਣਾ ਹੈ, ਮੈਨੂੰ ਛੱਡ ਦੇ ਤਾਂ ਕਿ ਗਰੀਬ ਕਿਸਾਨਾਂ ਦੀ ਹੋਰ ਸੇਵਾ ਕਰ ਸਕਾਂ। ਅਗਰ ਤੂੰ ਲੈਂਡਲਾਰਡ ਉਚ ਘਰਾਣੇ 'ਚੋਂ ਹੈ ਤਾਂ ਮੈਨੂੰ ਗੋਲੀ ਮਾਰ ਕੇ ਮਾਰ ਦੇ। ਮੈਂ ਤੁਹਾਡਾ ਦੁਸ਼ਮਣ ਹਾਂ।"

ਇੱਥੋਂ ਬੂਝਾ ਸਿੰਘ ਨੂੰ ਪੁਲਿਸ ਨੇ ਬੰਗਿਆਂ ਵਾਲੇ ਤਸੀਹਾ ਕੇਂਦਰ ਵਿਚ ਲਿਆਂਦਾ। ਚੱਕ ਮਾਈਦਾਸ ਦਾ ਨੰਬਰਦਾਰ ਗੁਰਦਾਸ ਰਾਮ ਸ਼ਨਾਖਤ ਲਈ ਆਇਆ ਤਾਂ ਬੂਝਾ ਸਿੰਘ ਨੇ ਹੱਸ ਕੇ ਕਿਹਾ, "ਤੂੰ ਆ ਗਿਐਂ ਸ਼ਨਾਖਤ ਕਰਨ।" ਰਾਤ ਦੇ ਸਮੇਂ ਪਹਿਲਾਂ ਦੋਵੇਂ ਸਬ ਇੰਸਪੈਕਟਰਾਂ ਨੇ ਗੋਲੀਆਂ ਮਾਰੀਆਂ ਅਤੇ ਬਾਅਦ ਵਿਚ ਸਾਧੂ ਸਿੰਘ ਡੀ.ਐਸ.ਪੀ. ਨੇ ਵੀ ਦੋ ਫਾਇਰ ਕੀਤੇ। ਇਉਂ ਬੂਝਾ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ। ਫਿਰ ਵਿਉਂਤ ਬਣਾਈ ਗਈ ਅਤੇ ਲਾਸ਼ ਨੂੰ ਚੁੱਕ ਕੇ ਨਾਈਮਜਾਰੇ ਦੇ ਵੀਰਾਨ ਪੁਲ 'ਤੇ ਲਿਆਂਦਾ ਗਿਆ। ਆਸਮਾਨ ਵੱਲ ਰੌਸ਼ਨੀ ਕਰਨ ਵਾਲੇ ਫਾਇਰ ਕੀਤੇ ਗਏ। ਇਸ ਤਰ੍ਹਾਂ ਇਸ ਝੂਠੇ ਪੁਲਿਸ ਮੁਕਾਬਲੇ ਦੀ ਕਹਾਣੀ ਘੜ ਕੇ ਪ੍ਰੈਸ ਨੂੰ ਦਿੱਤੀ ਗਈ। ਲੋਕਾਂ ਨੇ ਇਸ ਝੂਠੀ ਕਹਾਣੀ ਨੂੰ ਕਦੇ ਕਬੂਲ ਨਾ ਕੀਤਾ ਸਗੋਂ ਲੋਕ ਜਲਸਿਆਂ-ਜਲੂਸਾਂ ਦੁਆਰਾ ਮੰਗ ਕਰਨ ਲੱਗੇ ਕਿ ਦੋਸ਼ੀ ਪੁਲਿਸ ਅਫਸਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ 'ਤੇ ਕਤਲ ਦਾ ਮੁਕੱਦਮਾ ਚਲਾਇਆ ਜਾਵੇ।

ਇਸ ਸ਼ਹਾਦਤ ਪਿੱਛੋਂ ਤਾਂ ਇਹ ਮਰਜੀਵੜਾ ਪੰਜਾਬ ਦੀ ਇਨਕਲਾਬੀ ਲਹਿਰ ਅੰਦਰ ਹੋਰ ਉਚਾ ਰੁਤਬਾ ਹਾਸਲ ਕਰ ਗਿਆ। ਉਨ੍ਹਾਂ ਦਾ ਇਹ ਸਥਾਨ ਉਨ੍ਹਾਂ ਦੀ ਲਗਨ, ਇਮਾਨਦਾਰੀ ਅਤੇ ਕੁਰਬਾਨੀ ਸਦਕਾ ਬਣਿਆ ਹੈ। ਉਨ੍ਹਾਂ ਦਿਨਾਂ ਵਿਚ ਨੌਜਵਾਨਾਂ, ਬੁੱਧੀਜੀਵੀਆਂ, ਦੇਸ਼ ਭਗਤਾਂ ਅਤੇ ਵਕੀਲਾਂ ਵਿਚ ਇਸ ਕਤਲ ਕਾਰਨ ਬਹੁਤ ਰੋਹ ਸੀ। ਪਾਸ਼ ਵੱਲੋਂ ਸਟੇਜਾਂ 'ਤੇ ਸੁਣਾਈ ਜਾਂਦੀ ਕਵਿਤਾ ਦੀਆਂ ਚਾਰ ਸਤਰਾਂ ਤੋਂ ਲੋਕਾਂ ਦੇ ਰੋਹ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ:

**ਅਸਾਂ ਬਦਲਾ ਲੈਣਾ ਏ,**
**ਉਸ ਬੁੱਢੜੇ ਬਾਬਾ ਦਾ।**
**ਜਿਨ੍ਹਾਂ ਫੜ ਕੇ ਮਾਰ ਦਿੱਤਾ,**
**ਸਾਡਾ ਮਾਣ ਦੁਆਬੇ ਦਾ।**



*ਗਦਰੀ ਬਾਬਾ ਬੂਝਾ ਸਿੰਘ (ਜਿਨ੍ਹਾਂ ਨੇ ਕੁੱਛੜ ਬੱਚਾ ਚੁੱਕਿਆ ਹੈ) ਬਾਬਾ ਕਰਮ ਸਿੰਘ ਚੀਮਾ (ਢਾਂਗੂ ਵਾਲੇ) ਅਤੇ ਹੋਰਾਂ ਨਾਲ। ਇਹ ਦੁਰਲੱਭ ਤਸਵੀਰ ਨੌਟਿੰਘਮ (ਇੰਗਲੈਂਡ) ਦੀ ਹੈ ਅਤੇ ਇਹ 1958 ਵਿਚ ਖਿੱਚੀ ਗਈ ਸੀ।*

# ਜੀਵਨ-ਮਾਰਗ ਦੇ ਚਿਰਾਗ

**ਸ਼ਬਦ ਜੋਤ**



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਸੀ ਕਿ ਅਰਦਾਸ ਕਰੋ ਕਿ ਖੇਤਾਂ ਵਿਚ ਖੁਸ਼ਹਾਲੀ ਮੌਲਦੀ ਰਹੇ। ਖੇਤਾਂ ਵਿਚ ਵੱਸਦੇ ਰੱਬ ਨੂੰ ਅੰਨਦਾਤੇ ਅਤੇ ਲੋਕਾਈ ਦੇ ਦੁੱਖ-ਦਰਦ, ਅਮੀਰਤਾ ਅਤੇ ਅੰਤਰੀਵਤਾ ਬਖਸ਼ਣ ਦੀ ਸੋਝੀ ਤੇ ਸਮਰੱਥਾ ਪ੍ਰਾਪਤ ਹੁੰਦੀ ਰਹੇ।...ਅਰਦਾਸ ਕਰੀਏ ਕਿ ਹਰ ਮਨ ਨੂੰ ਸ਼ੁਭ-ਚਿੰਤਨ ਦੀ ਗੁੜਤੀ ਮਿਲੇ, ਹਰ ਸੋਚ ਵਿਚ ਸੂਰਜਾਂ ਦੀ ਦਸਤਕ ਹੋਵੇ, ਹਰ ਸੁਹਜ ਵਿਚ ਸਬਰ, ਸੰਤੋਖ ਅਤੇ ਸਕੂਨ ਦੀ ਸੁਗਮਤਾ ਸਰਸਰਾਵੇ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਜੀਵਨ-ਮਾਰਗ ਨੂੰ ਰੁਸ਼ਨਾਉਣ ਵਾਲੇ ਚਿਰਾਗਾਂ ਦਾ ਜ਼ਿਕਰ ਛੇੜਦਿਆਂ ਨਸੀਹਤ ਕੀਤੀ ਹੈ ਕਿ ਦੀਵਿਆਂ ਦਾ ਸਾਥ ਮਾਣਦੇ ਮਾਣਦੇ ਕਦੇ ਕਦਾਈਂ ਆਪ ਵੀ ਰੌਸ਼ਨੀ ਵੰਡਣ ਦਾ ਉਪਕਾਰ ਕਰਨ ਲਈ ਕਰਮਯੋਗ ਜ਼ਰੂਰ ਕਮਾਉਣਾ, ਕਿਉਂਕਿ ਕਰਮਯੋਗਤਾ ਹੀ ਜੀਵਨ ਦੀ ਸੁੱਚਮਤਾ ਅਤੇ ਉਚਤਮਾ ਹੁੰਦੀ। ਡਾ. ਭੰਡਾਲ ਕਹਿੰਦੇ ਹਨ, "ਜੀਵਨ ਦੀਆਂ ਮੱਸਿਆ ਵਰਗੀਆਂ ਕਾਲੀਆਂ ਸਿਆਹ ਰਾਹਾਂ ਨੂੰ ਜਗਮਗਾਉਣ ਅਤੇ ਝੱਖੜ-ਝਾਂਜਿਆਂ ਵਿਚ ਵੀ ਤੋਰ ਨੂੰ ਬਰਕਰਾਰ ਤੇ ਸਾਵਾਂ ਰੱਖਣ ਲਈ, ਜੀਵਨ-ਰਾਹ ਦੇ ਚਿਰਾਗਾਂ ਦਾ ਅਹਿਮ ਯੋਗਦਾਨ। ਇਨ੍ਹਾਂ ਚਿਰਾਗਾਂ ਦਾ ਧਰਮ ਹੀ ਰੌਸ਼ਨੀ ਵੰਡਣਾ ਅਤੇ ਆਪ ਬਲ ਕੇ ਪਸਰੇ ਹਨੇਰ ਨੂੰ ਦੂਰ ਕਰਨਾ ਹੁੰਦਾ।...ਅਜਿਹੇ ਚਿਰਾਗ ਬਹੁਤ ਵਿਰਲੇ ਹੀ ਥਿਆਉਂਦੇ, ਜਿਨ੍ਹਾਂ ਦੀ ਲੋਅ ਵਿਚ, ਆਪਣੇ ਅਚੇਤ ਵਿਚ ਬੈਠੇ ਸੁਪਨਿਆਂ ਨੂੰ ਨਵੀਂ ਪਰਵਾਜ਼ ਮਿਲਦੀ ਅਤੇ ਤੁਸੀਂ ਅੰਬਰ ਨੂੰ ਕਲਾਵੇ ਵਿਚ ਲੈਣ ਦੇ ਸਮਰਥ ਹੁੰਦੇ।" -ਸੰਪਾਦਕ*

ਜ਼ਿੰਦਗੀ ਇਕ ਲੰਮਾ ਪੈਂਡਾ। ਬਿਖੜੇ ਰਾਹਾਂ ਦੀ ਦਾਸਤਾਨ। ਮੁਸ਼ਕਿਲਾਂ, ਤੰਗੀਆਂ-ਤੁਰਸ਼ੀਆਂ ਦੀ ਗਾਥਾ। ਸੁਪਨੇ ਲੈਣ, ਦੀਦਿਆਂ ਵਿਚ ਉਤਾਰਨ ਅਤੇ ਇਨ੍ਹਾਂ ਨੂੰ ਪੂਰੇ ਕਰਨ ਦੀ ਚਾਹਤ ਤੇ ਜਰੂਰਤ। ਇਨ੍ਹਾਂ ਦੀ ਪੂਰਤੀ ਵਿਚ ਆਉਂਦੀਆਂ ਔਕੜਾਂ ਨੂੰ ਸਰ ਕਰਕੇ, ਨਵੇਂ ਦਿੱਸਹੱਦਿਆਂ ਨੂੰ ਸਿਰਜਣਾ।

ਜ਼ਿੰਦਗੀ ਕਦੇ ਵੀ ਸਿੱਧੀ ਪੱਧਰੀ ਨਹੀਂ। ਉਚੀ, ਨੀਵੀਂ। ਕਦੇ ਅੰਬਰ ਦੀ ਝਾਤ, ਕਦੇ ਰਸਾਤਲ ਵੰਨੀਂ ਤੱਕਣਾ। ਕਦੇ ਆਪਣੇ 'ਤੇ ਭਰੋਸਾ, ਕਦੇ ਬੇਵਿਸ਼ਵਾਸ਼ੀ। ਕਦੇ ਆਪਣਿਆਂ ਤੇ ਯਕੀਨ ਤੇ ਕਦੇ ਬੇਯਕੀਨੀ। ਇਸ ਵਿਚੋਂ ਬਹੁਤ ਕੁਝ ਮਨੁੱਖੀ ਸੋਚ ਵਿਚ ਧਰਿਆ ਜਾਂਦਾ, ਜਿਸ ਨੇ ਮਨੁੱਖ, ਮਨੁੱਖੀ ਸ਼ਖਸੀਅਤ, ਪ੍ਰਾਪਤੀਆਂ, ਹਾਸਲ ਹੋਂਦ ਅਤੇ ਅਸਤਿਤਵਤਾ ਨੂੰ ਪਰਿਭਾਸ਼ਤ ਕਰਨਾ ਹੁੰਦਾ।

ਹਰੇਕ ਲਈ ਜ਼ਿੰਦਗੀ ਦੇ ਅਰਥ ਸਮਾਨੰਤਰ ਨਹੀਂ। ਕੁਝ ਲਈ ਜ਼ਿੰਦਗੀ ਇਕ ਹੁਸੀਨ ਸੁਪਨਾ, ਜੋ ਉਨ੍ਹਾਂ ਨੂੰ ਵਿਰਸੇ ਵਿਚ ਹੀ ਮਿਲ ਜਾਂਦਾ। ਬਿਨਾ ਕਿਸੇ ਮਿਹਨਤ-ਮੁਸ਼ੱਕਤ ਤੋਂ ਇਸ ਨੂੰ ਮਾਣਦੇ। ਜੀਵਨ-ਯਾਤਰਾ ਇਕ ਮੇਲੇ ਵਰਗੀ, ਪਰ ਬਹੁਤਿਆਂ ਦੀ ਕਿਸਮਤ ਅਜਿਹੀ ਨਹੀਂ ਹੁੰਦੀ। ਕਈ ਵਾਰ ਤਾਂ ਉਨ੍ਹਾਂ ਲਈ ਸੁਪਨਾ ਲੈਣਾ ਵੀ ਗੁਨਾਹ। ਬਹੁਤੀ ਵਾਰ ਤਾਂ ਸੁਪਨੇ ਦੇ ਅਰਥ ਵੀ ਪਤਾ ਨਹੀਂ ਹੁੰਦੇ, ਕਿਉਂਕਿ ਪੇਟ ਦੀ ਭੁੱਖ ਹੀ ਉਨ੍ਹਾਂ ਦੀਆਂ ਸੁਪਨ-ਉਡਾਣਾਂ ਨੂੰ ਸੰਤਾਪੀ ਰੱਖਦੀ। ਉਹ ਜ਼ਿੰਦਗੀ ਦੀਆਂ ਹੋਰ ਉਚਮਤਾਵਾਂ ਅਤੇ ਵਿਲੱਖਣਤਾਵਾਂ ਨੂੰ ਆਪਣਾ ਹਾਣੀ ਬਣਾਉਣ ਬਾਰੇ ਸੋਚ ਵੀ ਨਹੀਂ ਸਕਦੇ, ਪਰ ਕਦੇ ਕਦੇ ਗੋਦੜੀਆਂ ਵਿਚ ਲਾਲ ਚਮਕ ਪੈਂਦੇ, ਜੇ ਕੋਈ ਉਨ੍ਹਾਂ ਦੀ ਉਂਗਲੀ ਫੜਨ, ਸੱਖਣੇ ਦੀਦਿਆਂ ਵਿਚ ਸੁਪਨਾ ਧਰਨ ਅਤੇ ਪੂਰਨਤਾ ਦਾ ਖਾਬ ਉਪਜਾਉਣ ਲਈ, ਚਿਰਾਗ ਬਣ ਕੇ ਉਸ ਦੇ ਰਾਹਾਂ ਨੂੰ ਰੁਸ਼ਨਾਉਂਦਾ, ਤਦ ਮੰਜ਼ਿਲਾਂ ਦੀ ਪੈੜ ਨੱਪਣੀ ਅਸਾਨ ਹੋ ਜਾਂਦੀ।

ਜੀਵਨ ਦੀਆਂ ਮੱਸਿਆ ਵਰਗੀਆਂ ਕਾਲੀਆਂ ਸਿਆਹ ਰਾਹਾਂ ਨੂੰ ਜਗਮਗਾਉਣ ਅਤੇ ਝੱਖੜ-ਝਾਂਜਿਆਂ ਵਿਚ ਵੀ ਤੋਰ ਨੂੰ ਬਰਕਰਾਰ ਤੇ ਸਾਵਾਂ ਰੱਖਣ ਲਈ, ਜੀਵਨ-ਰਾਹ ਦੇ ਚਿਰਾਗਾਂ ਦਾ ਅਹਿਮ ਯੋਗਦਾਨ। ਇਨ੍ਹਾਂ ਚਿਰਾਗਾਂ ਦਾ ਧਰਮ ਹੀ ਰੌਸ਼ਨੀ ਵੰਡਣਾ ਅਤੇ ਆਪ ਬਲ ਕੇ ਪਸਰੇ ਹਨੇਰ ਨੂੰ ਦੂਰ ਕਰਨਾ ਹੁੰਦਾ। ਇਹ ਉਚੇਚ ਰੂਪ ਵਿਚ ਵੀ ਕਰਦੇ ਤੇ ਅਚੇਤ ਰੂਪ ਵਿਚ ਵੀ, ਪਰ ਉਨ੍ਹਾਂ ਦੀ ਸੁੱਚੀ, ਸੱਚੀ ਅਤੇ ਸਾਦੀ ਭਾਵਨਾ ਹੀ ਉਨ੍ਹਾਂ ਦਾ ਮੀਰੀ ਗੁਣ। ਇਸ ਕਰਕੇ ਉਹ ਬਾਕੀਆਂ ਨਾਲੋਂ ਵੱਖਰੇ ਅਤੇ ਨਿਰਾਲੇ। ਇਸ ਨਿਆਰੇਪਣ ਕਾਰਨ ਹੀ ਉਹ ਜੀਵਨ ਨੂੰ ਸਾਰਥਕ ਕਰਦੇ, ਸਮਾਜ ਨੂੰ ਚੰਗੇਰੀ ਸੇਧ ਦੇਣ ਲਈ ਆਪਣਾ ਵੱਡਾ ਯੋਗਦਾਨ ਪਾਉਂਦੇ।

ਜੀਵਨ-ਰਾਹ ਦੇ ਚਿਰਾਗ ਉਹ ਵੀ ਹੁੰਦੇ, ਜਿਸ ਨੇ ਤੁਹਾਨੂੰ ਕਲਮ ਘੜ ਕੇ ਦਿੱਤੀ, ਪੂਰਨੇ ਪਾਏ ਅਤੇ ਕਲਮ ਨੂੰ ਸਹੀ ਤਰੀਕੇ ਨਾਲ ਪਕੜ ਕੇ, ਹਰਫਾਂ ਨੂੰ ਸੁੰਦਰਤਾ ਬਖਸ਼ਣ ਅਤੇ ਵਿਅਕਤੀਤਵ ਦੇ ਉਘਾੜ ਲਈ ਵਰਤਣ ਦੀ ਤਰਕੀਬ ਸਿਖਾਈ; ਜਿਸ ਨੇ ਤੁਹਾਡੀਆਂ ਗਲਤੀਆਂ ਨੂੰ ਦਰੁਸਤ ਕੀਤਾ; ਕਿਸੇ ਬਜੁਰਗ ਨੇ ਮੋਢੇ 'ਤੇ ਹੱਥ ਧਰ ਕੇ ਤੁਹਾਡੀਆਂ ਪ੍ਰਾਪਤੀਆਂ ਦੀ ਸਲਾਹੁਤਾ ਕੀਤੀ; ਕਿਸੇ ਮਾਸਟਰ ਨੇ ਚਪੇੜ ਮਾਰੀ ਹੋਵੇ ਜਾਂ ਹੱਥ 'ਤੇ ਸੋਟੀਆਂ ਮਾਰਦਿਆਂ, ਆਪ ਵੀ ਪੀੜ ਪੀੜ ਹੋਣ ਦਾ ਦਰਦ ਹੰਢਾਇਆ ਹੋਵੇ, ਪਰ ਇਹ ਸਭ ਕੁਝ ਤੁਹਾਡੀ ਬਿਹਤਰੀ ਅਤੇ ਭਲੇ ਲਈ ਹੀ ਸੀ, ਕਿਉਂਕਿ ਜਦ ਬੰਦਾ ਪਿੱਛਲਝਾਤ ਮਾਰਦਾ ਤਾਂ ਉਸ ਨੂੰ ਪਤਾ ਲੱਗਦਾ ਕਿ ਮੌਜੂਦਾ ਪ੍ਰਾਪਤੀਆਂ ਵਿਚ, ਬਚਪਨੇ ਦੀਆਂ ਗਲਤੀਆਂ ਵਿਚਲੇ ਸੁਧਾਰ ਦਾ ਪ੍ਰਮੁੱਖ ਰੋਲ ਸੀ।

ਜ਼ਿੰਦਗੀ ਦੀ ਕਿਤਾਬ ਦੇ ਵਰਕੇ ਪਲਟਦਾ ਹਾਂ ਤਾਂ ਬਹੁਤ ਸਾਰੇ ਚਿਰਾਗ ਨਜ਼ਰ ਆਉਂਦੇ, ਜੋ ਜੀਵਨ ਵਿਚ ਸੇਧ ਤੇ ਸਫਲਤਾ ਮਿਲਣ ਵਿਚ ਸਹਾਈ ਹੋਏ। ਇਹ ਮੇਰੇ ਮਾਪੇ, ਪਿੰਡ ਦੇ ਬਜੁਰਗ/ ਅਧਿਆਪਕ ਜਾਂ ਆਲੇ-ਦੁਆਲੇ ਵਿਚ ਵਿਚਰਦੇ ਆਲੇ-ਭੋਲੇ ਲੋਕ ਸਨ, ਜਿਨ੍ਹਾਂ ਨੇ ਮਨ ਵਿਚ ਕੁਝ ਕਰਨ ਦਾ ਬੀਜ ਬੀਜਿਆ। ਇਹ ਚਿਰਾਗ, ਵਰਤਮਾਨ ਜਾਂ ਇਤਿਹਾਸ ਵਿਚੋਂ ਵੀ ਮਿਲਦੇ। ਸਾਥੀ-ਸੰਗੀ ਵੀ ਹੁੰਦੇ। ਵਡੇਰਾ ਵੀ, ਜੋ ਤੁਹਾਡਾ ਰੋਲ ਮਾਡਲ ਬਣ ਕੇ ਇਕ ਸੁਪਨ-ਬੀਜ ਮਨ-ਮਸਤਕ ਵਿਚ ਧਰਦਾ। ਮਿਡਲ ਸਕੂਲ ਦੇ ਹੈਡ ਮਾਸਟਰ ਸ. ਹਰਭਜਨ ਸਿੰਘ ਹੁੰਦਲ ਨੇ ਜਿਥੇ ਅੰਗਰੇਜ਼ੀ ਵਿਚ ਪਰਪੱਕ ਕੀਤਾ, ਉਥੇ ਅਚੇਤ ਰੂਪ ਵਿਚ ਪੰਜਾਬੀ ਸਾਹਿਤ ਨਾਲ ਵੀ ਜੋੜਿਆ, ਕਿਉਂਕਿ ਉਹ ਆਪ ਉਘੇ ਕਵੀ ਅਤੇ ਮਾਰਕਸਵਾਦੀ ਯੂਨੀਅਨਿਸਟ ਹਨ। ਹੁਣ ਵੀ ਪਿੰਡ ਜਾਵਾਂ ਤਾਂ ਉਨ੍ਹਾਂ ਦੀ ਅਕੀਦਤ ਕਰਨ ਲਈ ਉਨ੍ਹਾਂ ਦੇ ਪਿੰਡ ਜਰੂਰ ਜਾਂਦਾ ਹਾਂ। ਦਸਵੀਂ ਕਰਨ ਤੋਂ ਬਾਅਦ ਪਿੰਡ ਦੇ ਦਿਸ਼ਾਹੀਣ ਅਤੇ ਬਾਹਰੀ ਦੁਨੀਆਂ ਤੋਂ ਅਲੂਫ ਰਹਿਣ ਵਾਲੇ ਪੇਂਡੂ ਲੜਕੇ ਨੂੰ ਉਚੇਰੀ ਪੜ੍ਹਾਈ ਜਾਂ ਕੋਰਸਾਂ ਬਾਰੇ ਕੁਝ ਵੀ ਜਾਣਕਾਰੀ ਨਹੀਂ ਸੀ।

ਅਜਿਹੇ ਮੌਕੇ 'ਤੇ ਨਵੀਂ ਨਵੀਂ ਐਮ. ਏ. ਕਰਕੇ, ਕੈਨੇਡਾ ਜਾਣ ਲਈ ਤਿਆਰ, ਸ. ਜਰਨੈਲ ਸਿੰਘ ਭੰਡਾਲ (ਜੋ ਅੱਜ ਕੱਲ ਕੈਨੇਡਾ ਵਿਚ ਰਹਿੰਦੇ ਹਨ ਅਤੇ ਖਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਉਘੇ ਲੀਡਰ ਹਨ) ਨੇ ਪੱਤੀ ਦੇ ਤਿੰਨ ਜੁਆਕਾਂ (ਬਲਵੰਤ ਸਿੰਘ, ਰਣਜੀਤ ਸਿੰਘ ਤੇ ਲੇਖਕ) ਨੂੰ ਰਣਧੀਰ ਕਾਲਜ, ਕਪੂਰਥਲਾ ਵਿਚ ਨਾਨ-ਮੈਡੀਕਲ ਵਿਚ ਦਾਖਲ ਕਰਵਾ ਦਿਤਾ, ਕਿਉਂਕਿ ਦਸਵੀਂ ਵਿਚ ਸਾਡੇ ਨੰਬਰ ਚੰਗੇ ਸਨ। ਉਨ੍ਹਾਂ ਦੀ ਸ਼ੁਭ-ਸੋਚ ਨੂੰ ਸਲਾਮ ਕਿ ਉਸ ਦੇ ਮਨ ਵਿਚ ਆਇਆ ਕਿ ਮੇਰੇ ਪਿੰਡ ਦੇ ਇਹ ਨੌਜਵਾਨ ਸਾਇੰਸ ਪੜ੍ਹ ਕੇ ਵਧੀਆ ਰਹਿਣਗੇ; ਪਰ ਸਾਇੰਸ ਦਾ ਅੰਗਰੇਜ਼ੀ ਮੀਡੀਅਮ ਅਤੇ ਪਿੰਡ ਦੇ ਪੰਜਾਬੀ ਮੀਡੀਅਮ ਵਿਚ ਪੜ੍ਹੇ ਜੁਆਕ। ਤੇ ਅਸੀਂ ਤਿੰਨਾਂ ਨੇ ਹੀ ਹਫਤੇ ਕੁ ਬਾਅਦ, ਸਾਇੰਸ ਛੱਡ ਕੇ ਆਰਟਸ ਲੈ ਲਿਆ।

ਬਹੁਤ ਖੁਸ਼ ਸਾਂ ਸਾਇੰਸ ਤੋਂ ਖਹਿੜਾ ਛੁਡਾ ਕੇ, ਪਰ ਮੇਰੇ ਚੰਗੇ ਭਾਗਾਂ ਨੂੰ ਕਿ ਇਕ ਦਿਨ ਮੇਰੇ ਮਾਮਾ ਜੀ ਸ. ਪਿਆਰਾ ਸਿੰਘ ਕਾਲਜ ਆ ਕੇ ਪੜ੍ਹਾਈ ਬਾਰੇ ਪੁੱਛਣ ਲੱਗੇ ਤਾਂ ਸੱਚ ਦੱਸ ਦਿੱਤਾ ਕਿ ਮੈਂ ਤਾਂ ਸਾਇੰਸ ਛੱਡ ਕੇ ਆਰਟਸ ਲੈ ਲਈ ਹੈ। ਉਹ ਗੁੱਸੇ ਹੋਏ ਤੇ ਫਿਰ ਸਾਇੰਸ ਵਿਚ ਤਬਦੀਲ ਕਰਵਾ ਦਿਤਾ। ਇਸ ਦੁਚਿੱਤੀ ਅਤੇ ਅੰਗਰੇਜੀ ਮੀਡੀਅਮ ਸਦਕਾ ਕਾਫੀ ਸਮਾਂ ਬਰਬਾਦ ਹੋ ਗਿਆ ਅਤੇ ਮੈਂ ਪ੍ਰੈਪ ਵਿਚ ਫੇਲ੍ਹ ਹੋ ਗਿਆ, ਪਰ ਫੇਲ੍ਹ ਹੋਣ 'ਤੇ ਬਾਪ-ਰੂਪੀ ਚਿਰਾਗ ਵਲੋਂ, ਨਮ ਅੱਖਾਂ ਨਾਲ ਦਿੱਤਾ ਹੌਸਲਾ ਅਤੇ ਹੋਰ ਮਿਹਨਤ ਨਾਲ ਪੜ੍ਹਨ ਲਈ ਦਿੱਤੀ ਹੱਲਾਸ਼ੇਰੀ ਨੇ ਮੇਰੀ ਜ਼ਿੰਦਗੀ ਨੂੰ ਨਵੀਂ ਕਰਵਟ ਵੱਲ ਮੋੜ ਦਿੱਤਾ। ਇਸ ਪਿਛੋਂ ਸਾਰੀ ਪੜ੍ਹਾਈ ਵਜ਼ੀਫਾ ਲੈ ਕੇ ਕੀਤੀ। ਇਹ ਬਾਪ ਦੀ ਭਵਿੱਖਮੁਖੀ ਸੋਚ ਸਦਕਾ ਹੀ ਸੰਭਵ ਹੋਇਆ। ਵਰਨਾ ਪਿੰਡਾਂ ਵਿਚ ਅਕਸਰ ਹੀ ਬੱਚੇ ਨੂੰ ਫੇਲ੍ਹ ਹੋਣ 'ਤੇ ਸਕੂਲ ਤੋਂ ਹਟਾ ਲਿਆ ਜਾਂਦਾ ਅਤੇ ਹਲ ਦਾ ਮੁੰਨਾ ਫੜਾ ਦਿੱਤਾ ਜਾਂਦਾ।

ਇਸ ਤੋਂ ਬਾਅਦ ਐਮ.ਐਸਸੀ. ਕਰਨਾ ਤਾਂ ਵਚਨਬੱਧਤਾ ਸੀ, ਬਾਪ ਦੀਆਂ ਅੱਖਾਂ ਵਿਚ ਉਤਰੀ ਸਿੱਲ ਨੂੰ ਸੁਕਾਉਣਾ, ਤਿੜਕੇ ਸੁਪਨੇ ਨੂੰ ਸਹਿਲਾਉਣਾ ਅਤੇ ਉਸ ਦੀਆਂ ਰੀਝਾਂ ਨੂੰ ਪੂਰਨ ਕਰਨ ਦੀ ਤਮੰਨਾ, ਪਰ ਜ਼ਿੰਦਗੀ ਦੇ ਬਿੱਖੜੇ ਪੈਂਡੇ ਤੁਹਾਡੇ ਜੀਵਨ ਦਾ ਹਿੱਸਾ ਹੀ ਰਹਿੰਦੇ, ਖਾਸ ਕਰਕੇ ਜੇ ਤੁਸੀਂ ਆਮ ਪੇਂਡੂ ਪਰਿਵਾਰ ਵਿਚੋਂ ਹੋਵੋ। ਕੋਈ ਪਹੁੰਚ ਜਾਂ ਵੱਡੇ ਲੋਕਾਂ ਤੀਕ ਕੋਈ ਰਸਾਈ ਨਾ ਹੋਵੇ ਤਾਂ ਨੌਕਰੀ ਲੈਣਾ ਬਹੁਤ ਔਖਾ। ਮੌਜੂਦਾ ਸਿਸਟਮ ਵਿਚ ਸਿਫਾਰਸ਼, ਰਿਸ਼ਵਤਖੋਰੀ ਜਾਂ ਭਾਈ-ਭਤੀਜਾਵਾਦ ਬਹੁਤ ਹੀ ਭਾਰੂ ਹੈ। ਸੁਧਾਰ ਕਾਲਜ ਵਿਚ ਮੈਰਿਟ 'ਤੇ ਹੋਈ ਲੈਕਚਰਾਰ ਵਜੋਂ ਨਿਯੁਕਤੀ ਨਾਲ ਪਰਿਵਾਰ ਤਾਂ ਖੁਸ਼ ਹੋਇਆ, ਪਰ ਇਹ ਖੁਸ਼ੀ ਥੋੜ੍ਹ-ਚਿਰੀ ਹੀ ਸੀ, ਕਿਉਂਕਿ ਕਾਲਜ ਦੇ ਪ੍ਰਧਾਨ ਬਖਤਾਵਰ ਸਿੰਘ, ਨਵੇਂ ਸਟਾਫ ਨੂੰ ਹਰ ਸਾਲ ਕੱਢਣ ਅਤੇ ਫਿਰ ਨਵਾਂ ਸਟਾਫ ਭਰਤੀ ਕਰਨ ਲਈ ਮਸ਼ਹੂਰ ਸੀ। ਉਹ ਕਿਸੇ ਨੂੰ ਵੀ ਪੱਕਾ ਕਰਨ ਦੇ ਹੱਕ ਵਿਚ ਨਹੀਂ ਸੀ। ਅਜਿਹਾ ਹੀ ਮੇਰੇ ਨਾਲ ਵੀ ਵਾਪਰਿਆ, ਜਿਸ ਨੇ ਜ਼ਿੰਦਗੀ ਨੂੰ ਲੀਰਾਂ-ਲੀਰਾਂ ਕਰਨ ਦੀ ਕੋਸ਼ਿਸ਼ ਤਾਂ ਕੀਤੀ, ਪਰ ਬੇਟ ਦੇ ਸਿਰੜੇ ਲੋਕ ਕਦੋਂ ਟੁੱਟਦੇ ਨੇ। ਚੀਹੜੇ ਹੁੰਦੇ ਨੇ ਇਹ ਲੋਕ।

ਅਜਿਹੇ ਮੌਕੇ ਪ੍ਰੋ. ਹਰਭਜਨ ਸਿੰਘ ਦਿਓਲ (ਜੋ ਸੁਧਾਰ ਕਾਲਜ ਵਿਚ ਮੇਰੇ ਕੁਲੀਗ ਤੇ ਮਿੱਤਰ ਸਨ। ਬਾਅਦ ਵਿਚ ਪੀ. ਪੀ. ਐਸ. ਸੀ. ਦੇ ਮੈਂਬਰ, ਭਾਰਤ ਦੇ ਘੱਟ-ਗਿਣਤੀ ਭਾਸ਼ਾਈ ਕਮਿਸ਼ਨ ਦੇ ਮੈਂਬਰ, ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਪੰਜਾਬ ਬਿਜਲੀ ਬੋਰਡ ਦੇ ਐਡਮ ਮੈਂਬਰ ਵੀ ਰਹੇ) ਵਰਗਾ ਮਿੱਤਰ ਤੁਹਾਡਾ ਹਮਦਰਦ ਬਣ ਕੇ ਬਹੁੜੇ ਤਾਂ ਹਨੇਰੇ ਵਿਚ ਕਿਰਨ ਜਰੂਰ ਦਿਖਾਈ ਦੇਣ ਲੱਗੀ। ਉਸ ਦੇ ਰੂਹੇ ਤੇ ਸਕੂਨਮਈ ਬੋਲ ਅੱਜ ਵੀ ਮੇਰੇ ਜ਼ਿਹਨ ਵਿਚ ਗੂੰਜਦੇ ਹਨ। ਜਦ ਮੈਂ ਉਨ੍ਹਾਂ ਨੂੰ ਪਟਿਆਲੇ ਮਿਲਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਭੰਡਾਲ ਤੂੰ ਸੁਧਾਰ ਕਾਲਜ ਲਈ ਨਹੀਂ, ਸਗੋਂ ਸਰਕਾਰੀ ਕਾਲਜ ਵਿਚ ਪੜ੍ਹਾਵੇਂਗਾ, ਕਿਉਂਕਿ ਸੁਧਾਰ ਕਾਲਜ ਨੂੰ ਤੇਰੀ ਪਛਾਣ ਨਹੀਂ। ਉਨ੍ਹਾਂ ਦੇ ਇਨ੍ਹਾਂ ਪਾਕੀਜ਼ ਬੋਲ ਸਦਕਾ ਹੀ ਮੈਂ ਸਰਕਾਰੀ ਕਾਲਜਾਂ ਵਿਚ ਸੇਵਾਵਾਂ ਨਿਭਾਉਣ ਤੋਂ ਬਾਅਦ ਸੇਵਾ-ਮੁਕਤ ਹੋਇਆ। ਉਹ ਅਜਿਹਾ ਚਿਰਾਗ ਸਨ, ਜਿਨ੍ਹਾਂ ਨਾਲ ਬਾਅਦ ਵਿਚ ਸਾਹਿਤਕ ਸਾਂਝ ਵੀ ਗੂੜ੍ਹੀ ਹੋਈ ਅਤੇ ਜਨਵਰੀ 2020 (ਜਦ ਉਨ੍ਹਾਂ ਦੀ ਮੌਤ ਹੋ ਗਈ) ਤੱਕ ਉਸ ਸਾਂਝ ਦੀ ਮਹਿਕ ਨੂੰ ਮਾਣਦਾ, ਖੁਦ ਨੂੰ ਲਬਰੇਜ਼ ਕਰਦਾ ਰਿਹਾ। ਅਜਿਹੇ ਲੋਕ ਆਪਣੀ ਰੌਸ਼ਨੀ ਨਾਲ ਪਤਾ ਨਹੀਂ ਕਿੰਨਿਆਂ ਦੀਆਂ ਜ਼ਿੰਦਗੀਆਂ ਨੂੰ ਰੁਸ਼ਨਾਉਂਦੇ ਰਹੇ। ਅਜਿਹੀਆਂ ਹਸਤੀਆਂ ਦੇਸੀ ਘਿਓ ਦੇ ਦੀਵੇ ਵਰਗੀਆਂ, ਜੋ ਸਿਰਫ ਰੌਸ਼ਨੀ ਦਿੰਦਾ, ਪਰ ਕੋਈ ਧੂੰਆਂ ਨਹੀਂ ਹੁੰਦਾ। ਹਫਤਾ, ਦੋ ਹਫਤੇ ਬਾਅਦ ਅਕਸਰ ਫੋਨ 'ਤੇ ਗੱਲ ਹੋਣੀ। 'ਕੇਰਾਂ ਤਾਂ ਕਹਿਣ ਲੱਗੇ, "ਗੁਰਬਖਸ਼ ਯਾਰ! ਬਹੁਤ ਲੋਕਾਂ ਦੇ ਸੁਪਨੇ ਪੂਰੇ ਕੀਤੇ। ਵਿੱਤ ਮੁਤਾਬਕ ਉਨ੍ਹਾਂ ਦਾ ਜੀਵਨ ਵੀ ਸੰਵਾਰਿਆ, ਪਰ ਪਤਾ ਨਹੀਂ ਲੋਕ ਅਕ੍ਰਿਤਘਣ ਕਿਉਂ ਹੋ ਜਾਂਦੇ ਨੇ? ਮਾਣ ਹੈ ਤੇਰੇ ਵਰਗੇ ਕੁਝ ਕੁ ਲੋਕਾਂ 'ਤੇ ਜਿਹੜੇ ਅਕਸਰ ਫੋਨ ਕਰਕੇ, ਆਪਣੇ ਬੀਤੇ ਨੂੰ ਯਾਦ ਰੱਖਦੇ ਨੇ। ਤੇਰੇ 'ਤੇ ਮਾਣ ਆ।"

ਕਈ ਵਾਰ ਜ਼ਿੰਦਗੀ ਦੇ ਇਕ ਪੜਾਅ 'ਤੇ ਬੰਦਾ ਰੁਕ ਜਾਂਦਾ ਏ। ਉਹ ਆਪਣੇ ਵਿਕਾਸ ਨੂੰ ਰੋਕਣ ਲਈ ਖੁਦ ਹੀ ਜ਼ਿੰਮੇਵਾਰ ਹੁੰਦਾ, ਪਰ ਜਦ ਤੁਹਾਡੇ ਮਨ ਵਿਚ ਅਗਾਂਹ ਵਧਣ ਦੀ ਚਾਹਨਾ ਹੋਵੇ ਅਤੇ ਸੇਧ ਦੇਣ ਵਾਲਾ ਸੁਹਿਰਦ ਮਿਲ ਜਾਵੇ ਤਾਂ ਸੁਪਨਾ ਹੋਰ ਵੀ ਵਡੇਰਾ ਹੋ ਜਾਣ 'ਤੇ ਇਸ ਦੀ ਪੂਰਨਤਾ ਆਸਾਨ ਹੁੰਦੀ। ਪੀਐਚ.ਡੀ. ਕਰਨ ਦੇ ਸੁਪਨੇ ਦੀ ਪੂਰਤੀ ਵਿਚ ਮੇਰੇ ਮਿੱਤਰ ਤੇ ਗਾਇਡ ਡਾ. ਕੁਲਵੰਤ ਸਿੰਘ ਥਿੰਦ ਦਾ ਵੱਡਾ ਯੋਗਦਾਨ ਹੈ। ਫਿਜਿਕਸ ਦੀ ਪਾਰਟ ਟਾਈਮ ਪੀਐਚ.ਡੀ. ਲਈ ਲੈਬ ਦੀ ਲੋੜ ਸੀ। ਸਨਿਚਰਵਾਰ/ਐਤਵਾਰ ਜਾਂ ਛੁੱਟੀਆਂ ਵਿਚ ਲੈਬ ਨੂੰ ਵਰਤਣ ਅਤੇ ਪੂਰਨ-ਸਹਿਯੋਗ ਦੇਣ ਲਈ ਡਾ. ਥਿੰਦ ਦੀ ਸਮਰਪਿਤਾ ਨੂੰ ਸਲਾਮ। ਸ਼ਾਇਦ ਇਸ ਸਹਿਯੋਗ ਕਰਕੇ ਹੀ ਮੈਂ ਕਾਲਜ ਵਿਚੋਂ ਛੁੱਟੀ ਲਏ ਬਗੈਰ ਹੀ ਪੰਜ ਸਾਲਾਂ ਵਿਚ ਪੀਐਚ.ਡੀ. ਕਰ ਸਕਿਆ। ਅਜਿਹੇ ਚਿਰਾਗ ਬਹੁਤ ਵਿਰਲੇ ਹੀ ਥਿਆਉਂਦੇ, ਜਿਨ੍ਹਾਂ ਦੀ ਲੋਅ ਵਿਚ, ਆਪਣੇ ਅਚੇਤ ਵਿਚ ਬੈਠੇ ਸੁਪਨਿਆਂ ਨੂੰ ਨਵੀਂ ਪਰਵਾਜ਼ ਮਿਲਦੀ ਅਤੇ ਤੁਸੀਂ ਅੰਬਰ ਨੂੰ ਕਲਾਵੇ ਵਿਚ ਲੈਣ ਦੇ ਸਮਰਥ ਹੁੰਦੇ।

ਜੀਵਨ ਇਕ ਸੰਘਰਸ਼। ਇਸ ਨੂੰ ਯੋਧਾ ਬਣ ਕੇ ਹੀ ਜਿੱਤਿਆ ਜਾ ਸਕਦਾ। ਇਸ ਵਿਚ ਸਭ ਤੋਂ ਅਹਿਮ ਯੋਗਦਾਨ ਹੁੰਦਾ ਹੈ ਤੁਹਾਡੇ ਪਰਿਵਾਰ, ਪਤਨੀ ਅਤੇ ਬੱਚਿਆਂ ਦਾ, ਜੋ ਤੁਹਾਡੀ ਤਾਕਤ ਹੁੰਦੇ। ਉਹ ਤੁਹਾਡੀ ਜਦੋਜਹਿਦ ਦੀ ਅਹਿਮੀਅਤ ਸਮਝਦੇ। ਇਸ ਨੂੰ ਜਿੱਤਣ ਲਈ ਸਪੇਸ ਵੀ ਦਿੰਦੇ। ਇਕ ਸਕੂਨਮਈ ਅਤੇ ਸਹਿਜਪੂਰਨ ਵਾਤਾਵਾਰਣ ਵੀ ਮਿਲਦਾ ਹੈ ਤਾਂ ਕਿ ਸ਼ਾਂਤ ਅਤੇ ਸਹਿਜ ਮਨ ਨਾਲ ਉਚੇਰੀ ਵਿਦਿਆ ਜਾਂ ਮਨ ਦੇ ਸ਼ੌਕਾਂ ਨੂੰ ਪੂਰਾ ਕੀਤਾ ਜਾ ਸਕੇ। ਇਹ ਚਿਰਾਗ ਤੁਹਾਡੇ ਸੋਚ-ਵਿਹੜੇ ਵਿਚ ਹਰਦਮ ਜਗਦੇ। ਇਨ੍ਹਾਂ ਦੀਆਂ ਰੌਸ਼ਨ ਕਾਤਰਾਂ ਤੁਹਾਡੇ ਖੂੰਜਿਆਂ ਨੂੰ ਰੁਸ਼ਨਾ, ਤੁਹਾਡੇ ਕਦਮਾਂ ਨੂੰ ਨਵੀਂ ਪੁਲਾਂਘ ਬਖਸ਼ਦੀਆਂ। ਇਹ ਦੀਵੇ ਹੀ ਹੁੰਦੇ, ਜੋ ਚਾਨਣ ਵੰਡਦੇ, ਹੋਰਨਾਂ ਲਈ ਵੀ ਚਿਰਾਗ-ਬਿਰਤੀ ਦਾ ਸਬੱਬ ਬਣਦੇ।

ਜ਼ਿੰਦਗੀ ਕਦੇ ਵੀ ਇਕਪਾਸੜ ਅਤੇ ਜਦ ਇਕ ਵਿਹਾਰੀ ਨਹੀਂ ਹੁੰਦੀ। ਇਸ ਦੀਆਂ ਬਹੁਤ ਪਰਤਾਂ। ਇਸ ਦੀ ਕਲਾਮਈ ਪਰਤ ਨੂੰ ਜਿਉਂਦੀ ਰੱਖਣ ਲਈ, ਮਨ ਵਿਚ ਪਨਪੇ ਸੁਹਜ, ਸਹਿਜ, ਸੰਜੀਦਗੀ ਅਤੇ ਸੁੰਦਰਤਾ ਨਾਲ ਪ੍ਰਣਾਏ ਰਹਿਣਾ ਬਹੁਤ ਕਠਿਨ। ਜਦ ਕੋਈ ਅਜ਼ੀਜ਼ ਤੁਹਾਡੀਆਂ ਭਾਵਨਾਵਾਂ ਨੂੰ ਸਮਝਣ ਅਤੇ ਕਲਾ-ਬਿਰਤੀ ਨੂੰ ਸਹੀ ਪਾਸੇ ਮੋੜਾ ਦੇਣ ਅਤੇ ਇਸ ਨੂੰ ਸੇਧ ਦੇਣ ਲਈ ਕੋਈ ਪ੍ਰੇਰਨਾ ਬਣੇ। ਨਵੀਂ ਪਹਿਲਕਦਮੀ ਲਈ ਜਦ ਕੋਈ ਮਾਰਗ ਦਰਸ਼ਕ ਬਣਦਾ ਤਾਂ ਇਹ ਤੁਹਾਡੀ ਧੰਨਭਾਗਤਾ ਹੁੰਦੀ। ਇਸ ਹੱਲਾਸ਼ੇਰੀ ਵਿਚੋਂ ਹੀ ਇਕ ਨਵਾਂ ਕਲਾਮਈ ਰੂਪ ਉਜਗਾਰ ਹੁੰਦਾ। ਸਾਹਿਤ ਨਾਲ ਮੁੱਢ ਤੋਂ ਜੁੜਿਆ ਸਾਂ। ਪੜ੍ਹਨ ਦਾ ਸ਼ੌਕ ਸੀ। ਚੜ੍ਹਦੀ ਉਮਰੇ ਨੌਕਰੀ ਦੀ ਖੱਜਲ-ਖੁਆਰੀ ਦੌਰਾਨ ਕਦੇ ਕਵਿਤਾ ਆਦਿ ਲਿਖ ਲੈਂਦਾ ਸਾਂ। ਮਨ ਵਿਚ ਪਹਿਲੀ ਕਾਵਿ-ਪੁਸਤਕ ਛਾਪਣ ਦਾ ਖਿਆਲ ਆਇਆ ਤਾਂ ਆਪਣੇ ਅਧਿਆਪਕ ਸ. ਹਰਭਜਨ ਸਿੰਘ ਹੁੰਦਲ ਨੂੰ ਮੁਢਲੇ ਸ਼ਬਦ ਲਿਖਣ ਲਈ ਬੇਨਤੀ ਕੀਤੀ। ਉਨ੍ਹਾਂ ਦੇ ਮੁਢਲੇ ਸ਼ਬਦਾਂ ਵਿਚ ਆਲੋਚਨਾ ਦੀ ਬਹੁਤਾਤ ਸੀ ਅਤੇ ਉਨ੍ਹਾਂ ਦਾ ਖਿਆਲ ਸੀ ਕਿ ਸ਼ਾਇਦ ਇਹ ਮੈਂ ਨਾ ਛਾਪਾਂ; ਪਰ ਮੇਰਾ ਇਸ ਨੂੰ ਛਾਪਣਾ, ਦਰਅਸਲ ਖੁਦ ਦੇ ਰੂਬਰੂ ਹੋਣ ਵਰਗਾ ਸੀ ਕਿ ਮੇਰੀ ਕਵਿਤਾ ਕਿਥੇ ਖੜ੍ਹੀ ਹੈ? ਸਾਹਿਤ ਵਿਚ ਕਿਥੇ ਜਾਣਾ ਲੋਚਦਾ ਹਾਂ? ਇਹ ਮੇਰੀ ਲਈ ਇਕ ਚੁਣੌਤੀ ਵਾਂਗ ਸੀ। ਹੁੰਦਲ ਸਾਹਿਬ ਦੇ ਇਨ੍ਹਾਂ ਸ਼ਬਦਾਂ ਨਾਲ ਹੀ ਸਾਹਿਤਕ ਸਫਰ ਦਾ ਆਗਾਜ਼ ਹੋਇਆ। ਹੁਣ ਹੁੰਦਲ ਸਾਹਿਬ ਨੂੰ ਮਿਲਣ 'ਤੇ ਚਾਅ ਚੜ੍ਹਦਾ ਹੈ ਕਿ ਉਸ ਦਾ ਵਿਦਿਆਰਥੀ ਕੁਝ ਤਾਂ ਚੰਗਾ ਲਿਖ ਰਿਹਾ ਹੈ।

ਸਾਹਿਤਕ ਸਾਧਨਾ ਦੌਰਾਨ ਹਰ ਮੋੜ 'ਤੇ ਅਣਮੁੱਲਾ ਰੋਲ ਹੈ ਅਦਬੀ ਸ਼ਖਸ ਪ੍ਰੋ. ਕੁਲਵੰਤ ਸਿੰਘ ਔਜਲਾ ਦਾ, ਜਿਹੜਾ ਮੇਰਾ ਗਰਾਈਂ, ਜਮਾਤੀ, ਪਿਆਰਾ ਮਿੱਤਰ ਅਤੇ ਕੁਲੀਗ ਵੀ ਰਿਹਾ ਹੈ। ਰਣਧੀਰ ਕਾਲਜ ਵਿਚ ਪੜ੍ਹਾਉਂਦਿਆਂ, ਉਸ ਦੀ ਸੰਗਤ ਵਿਚੋਂ ਬਹੁਤ ਸਾਰੇ ਮਾਣਕ-ਮੋਤੀ ਮੈਂ ਚੁਗਦਾ ਰਿਹਾ। ਇਹ ਮੋਤੀ ਹੀ ਮੇਰਾ ਹਾਸਲ। ਮੈਨੂੰ ਕੁਝ ਚੰਗਾ ਲਿਖਣ ਦੀ ਬਿਰਤੀ ਅਤੇ ਕੁਝ ਵੱਖਰਾ ਕਰਨ ਵੰਨੀਂ ਰੁਚਿਤ ਕਰਦੇ ਹਨ। ਸਾਹਿਤਕ ਸਫਰ ਜਾਰੀ ਰੱਖਣ ਅਤੇ ਇਸ ਨੂੰ ਕੁਝ ਚੰਗੇਰਾ ਕਰਨ ਦਾ ਹੁਨਰ ਤੇ ਹਾਸਲਤਾ ਵਿਚ ਪ੍ਰੋ. ਔਜਲਾ ਦਾ ਸਾਥ ਬਹੁਤ ਹੀ ਪਿਆਰਾ ਅਤੇ ਮੁਹੱਬਤੀ ਹੈ। ਸਾਹਿਤਕ ਕਿਰਤਾਂ ਸਾਂਝੀਆਂ ਕਰਨਾ, ਇਨ੍ਹਾਂ ਦੀ ਦਰੁਸਤੀ ਅਤੇ ਰੰਗਤ ਨੂੰ ਨਿਖਾਰਨਾ, ਨਿੱਤਕਰਮ ਹੁੰਦਾ ਸੀ। ਬੜਾ ਕੁਝ ਮਿਲਿਆ ਹੈ ਅਤੇ ਮਿਲ ਰਿਹਾ ਹੈ, ਪ੍ਰੋ. ਔਜਲਾ ਦੇ ਸੰਗ-ਸਾਥ ਵਿਚੋਂ।

ਜੀਵਨ ਵਿਚ ਹਰ ਮੋੜ 'ਤੇ ਤੁਹਾਨੂੰ ਚਿਰਾਗ ਮਿਲਦੇ ਨੇ, ਜੋ ਕਦੇ ਜਗਦੇ ਦੀਵੇ, ਕਦੇ ਮੋਮਬੱਤੀਆਂ। ਇਨ੍ਹਾਂ ਦੀ ਰੌਸ਼ਨੀ ਨੂੰ ਆਪਣੀ ਸੋਚ-ਜਮੀਂ ਵਿਚ ਥਾਂ ਦੇ ਕੇ ਆਪਣੇ ਅੰਤਰੀਵ ਨੂੰ ਚਾਨਣ ਨਾਲ ਭਰਨਾ ਹੈ ਜਾਂ ਇਸ ਨੂੰ ਪੈਰਾਂ ਹੇਠ ਰੌਂਦ ਕੇ ਆਪਣੀ ਹੈਂਕੜਤਾ ਨੂੰ ਪੱਠੇ ਪਾਉਣੇ, ਇਹ ਮਨੁੱਖ 'ਤੇ ਨਿਰਭਰ; ਪਰ ਸਭ ਤੋਂ ਜਰੂਰੀ ਹੈ ਕਿ ਹਰ ਰੌਸ਼ਨ ਸਰੋਤ ਤੋਂ ਕੁਝ ਕਿਰਨਾਂ ਹੁਧਾਰੀਆਂ ਲੈਣਾ, ਸੂਰਜਾਂ ਨੂੰ ਆਪਣੇ ਆੜੀ ਬਣਾਉਣਾ ਅਤੇ ਤਾਰਿਆਂ ਦੀ ਖੈਰ, ਅੰਬਰ ਵਰਗੇ ਲੋਕਾਂ ਤੋਂ ਜਰੂਰ ਮੰਗਦੇ ਰਹਿਣਾ, ਕਿਉਂਕਿ ਇਹ ਤਾਰੇ ਹੀ ਹੁੰਦੇ, ਜੋ ਅਸਮਾਨ ਨੂੰ ਮੋਤੀਆਂ ਦੀ ਮਾਲਾ ਨਾਲ ਪਰੋਂਦੇ, ਰੌਸ਼ਨਹੀਣ ਚੰਦਰਮਾ ਨੂੰ ਵੀ ਚਮਕਣ ਲਾਉਂਦੇ ਅਤੇ ਰਾਤ ਨੂੰ ਪੁੰਨਿਆ ਬਣਨ ਵੰਨੀਂ ਪ੍ਰੇਰਿਤ ਕਰਦੇ।

ਹਰ ਸਰਘੀ ਵੇਲੇ ਉਗਦਾ ਸੂਰਜ ਰੌਸ਼ਨੀ ਦਾ ਸੰਦੇਸ਼-ਵਾਹਕ। ਤ੍ਰੇਲ ਤੁਪਕੇ ਪਾਕੀਜ਼ਗੀ ਦਾ ਪੈਗਾਮ, ਤੁਹਾਡੇ ਪੈਰਾਂ ਨੂੰ ਧੋਂਦੇ ਤੇ ਆਪਣੀ ਹੋਂਦ ਗਵਾ ਕੇ ਖੁਸ਼ ਹੁੰਦੇ। ਪੁੰਨਿਆ, ਚੰਦਰਮਾ ਦਾ ਸੰਧਾਰਾ ਲੈ ਕੇ ਆਉਂਦੀ। ਠੰਢ 'ਚ ਠੁਰਕਦੇ ਜਿਸਮਾਂ ਲਈ ਧੁੱਪ ਦੀ ਆਮਦ, ਜੀਵਨ ਦਾ ਸੁੱਚਾ ਰੰਗ, ਜੀਵਨ-ਦਾਤੀ, ਨਿੱਘ ਦਾ ਲੁਤਫ।

ਦੀਵਿਆਂ ਦਾ ਸਾਥ ਮਾਣਦੇ ਮਾਣਦੇ ਕਦੇ ਕਦਾਈਂ ਆਪ ਵੀ ਰੌਸ਼ਨੀ ਵੰਡਣ ਦਾ ਉਪਕਾਰ ਕਰਨ ਲਈ ਕਰਮਯੋਗ ਜਰੂਰ ਕਮਾਉਣਾ, ਕਿਉਂਕਿ ਕਰਮਯੋਗਤਾ ਹੀ ਜੀਵਨ ਦੀ ਸੁੱਚਮਤਾ ਅਤੇ ਉਚਤਮਾ ਹੁੰਦੀ। ਮਨੁੱਖ ਦੀ ਪਹਿਲ ਇਹ ਹੋਣੀ ਚਾਹੀਦੀ ਹੈ ਕਿ ਉਸ ਨੇ ਕਰਮ-ਕੀਰਤੀ ਵਿਚੋਂ ਕਿਸਮਤ-ਰੇਖਾਵਾਂ ਨੂੰ ਉਘਾੜਨ ਤੇ ਵਿਸਥਾਰਨ ਵਿਚ ਅਹਿਮ ਭੂਮਿਕਾ ਨਿਭਾਉਣੀ ਹੈ।

ਚਿਰਾਗ ਦਾ ਧਰਮ ਹੈ ਚਾਨਣ ਵੰਡਣਾ। ਇਸ ਦੀ ਰਹਿਬਰੀ ਵਿਚ ਹਨੇਰੇ ਵੀ ਚਾਨਣ-ਰੱਤੇ ਹੋ ਜਾਂਦੇ। ਆਓ! ਨਵੇਂ ਸਾਲ ਦੀ ਦਹਿਲੀਜ਼ 'ਤੇ ਦੀਵੇ ਜਗਾਉਣ ਦੇ ਨਾਲ-ਨਾਲ, ਆਪਣੇ ਅੰਦਰਲਾ ਚਿਰਾਗ ਵੀ ਜਗਾਈਏ। ਚੌਗਿਰਦੇ ਵਿਚ ਉਨ੍ਹਾਂ ਚਿਰਾਗਾਂ ਨੂੰ ਨਤਮਸਤਕ ਹੋਈਏ, ਜਿਨ੍ਹਾਂ ਨੇ ਤੁਹਾਡੇ ਤੰਗ-ਨਜ਼ਰੀਏ ਅਤੇ ਸੌੜੀਆਂ ਸੋਚਾਂ ਨੂੰ ਅਣਮੋਲ ਤੇ ਵਸੀਹ ਅਰਥ ਬਖਸ਼ੇ ਨੇ।



*ਚਿਰਾਗ ਦਾ ਧਰਮ ਹੈ ਚਾਨਣ ਵੰਡਣਾ। ਇਸ ਦੀ ਰਹਿਬਰੀ ਵਿਚ ਹਨੇਰੇ ਵੀ ਚਾਨਣ-ਰੱਤੇ ਹੋ ਜਾਂਦੇ। ਆਓ! ਨਵੇਂ ਸਾਲ ਦੀ ਦਹਿਲੀਜ਼ 'ਤੇ ਦੀਵੇ ਜਗਾਉਣ ਦੇ ਨਾਲ-ਨਾਲ, ਆਪਣੇ ਅੰਦਰਲਾ ਚਿਰਾਗ ਵੀ ਜਗਾਈਏ। ਚੌਗਿਰਦੇ ਵਿਚ ਉਨ੍ਹਾਂ ਚਿਰਾਗਾਂ ਨੂੰ ਨਤਮਸਤਕ ਹੋਈਏ, ਜਿਨ੍ਹਾਂ ਨੇ ਤੁਹਾਡੇ ਤੰਗ-ਨਜ਼ਰੀਏ ਅਤੇ ਸੌੜੀਆਂ ਸੋਚਾਂ ਨੂੰ ਅਣਮੋਲ ਤੇ ਵਸੀਹ ਅਰਥ ਬਖਸ਼ੇ ਨੇ।*

ਕਹਾਣੀ


# ਪੁਰਾਣੀਆਂ ਚਿੱਠੀਆਂ

***ਅਮਰੀਕਾ ਵੱਸਦੇ ਕਹਾਣੀਕਾਰ ਜਗਜੀਤ ਬਰਾੜ ਨੇ ਕਈ ਕਣਦਾਰ ਕਹਾਣੀਆਂ ਲਿਖੀਆਂ ਹਨ। ਇਸ ਕਹਾਣੀ (ਪੁਰਾਣੀਆਂ ਚਿੱਠੀਆਂ) ਵਿਚ ਉਨ੍ਹਾਂ ਨੇ ਮੁਹੱਬਤਾਂ ਦੀ ਬਾਤ ਪਾਈ ਹੈ। ਇਸ ਕਹਾਣੀ ਅੰਦਰ ਸਮੋਇਆ ਸਬਰ ਪਾਠਕ 'ਤੇ ਇਉਂ ਅਸਰ ਛੱਡਦਾ ਹੈ, ਜਿਵੇਂ ਤ੍ਰਿਕਾਲਾਂ ਵੇਲੇ ਰੁਮਕਦੀ ਪੌਣ ਉਂਗਲ ਫੜ ਕੇ ਤੁਹਾਨੂੰ ਖੇਤਾਂ-ਬੰਨਿਆਂ 'ਤੇ ਲਈ ਫਿਰਦੀ ਹੈ ਅਤੇ ਕੁਦਰਤ ਦੀ ਅਨੰਤ ਕਹਾਣੀ ਸੁਣਾਈ ਜਾਂਦੀ ਹੈ। -ਸੰਪਾਦਕ***

ਤੁਹਾਡੀਆਂ ਸਭ ਚਿੱਠੀਆਂ ਦੇ ਅੰਤਿਮ ਸ਼ਬਦ ਹੁੰਦੇ ਸੀ ਕਿ ਇਹ ਚਿੱਠੀ ਪੜ੍ਹ ਕੇ ਸਾੜ ਦੇਣਾ। ਜੋ ਤੁਸੀਂ ਅਖੀਰ ਵਿਚ ਲਿਖਦੇ ਸੀ, ਉਸ ਦਾ ਬਿਆਨ ਮੈਂ ਇਥੇ ਸ਼ੁਰੂ ਵਿਚ ਕਰ ਰਿਹਾ ਹਾਂ। ਇਹ ਕੁਝ ਪਿਆਰੇ ਖਤ ਨਾ ਸਾੜੇ ਗਏ, ਨਾ ਸੁੱਟ ਸਕਿਆ, ਨਾ ਹੀ ਗੁੰਮ ਹੋਏ।

ਅੱਜ ਜਦੋਂ ਮੈਂ ਆਪਣੇ ਇਨਕਮ ਟੈਕਸ ਦੇ ਪੁਰਾਣੇ ਕਾਗਜ਼ ਸੁੱਟ ਰਿਹਾ ਸੀ, ਇੱਕ ਲਫਾਫੇ ਵਿਚ ਇਹ ਚਿੱਠੀਆਂ ਬਹੁਤ ਚੰਗੇ ਤਰੀਕੇ ਨਾਲ ਸੰਭਾਲ ਕੇ ਰੱਖੀਆਂ ਪਈਆਂ ਸਨ।

ਪੁਰਾਣੇ ਨੀਲੇ ਲਾਈਨ ਵਾਲੇ ਪੈਡ 'ਤੇ ਲਿਖੀਆਂ ਹੋਈਆਂ ਇਹ ਚਿਠੀਆਂ ਪੜ੍ਹ ਕੇ ਪੁਰਾਣੀਆਂ ਯਾਦਾਂ ਫਿਰ ਮਨ ਵਿਚ ਤਾਜ਼ਾ ਹੋ



ਗਈਆਂ। ਤੁਹਾਡੀ ਸ਼ਕਲ ਯਾਦ ਆਈ। ਇਹ ਚਿੱਠੀਆਂ ਪੜ੍ਹ ਕੇ ਤੁਹਾਡੀ ਸ਼ਖਸੀਅਤ ਸਪਸ਼ਟ ਹੋਣ ਲੱਗ ਪਈ।

ਪਿਛਲੇ 50 ਸਾਲਾਂ ਤੋਂ ਵਧ ਸਮਾਂ

**ਜਗਜੀਤ ਬਰਾੜ**
ਫੋਨ: 708-207-5683
ਈਮੇਲ:gkarma1400@gmail.com

ਟੱਪ ਗਿਆ ਹੋਣਾ ਹੈ, ਪਰ ਗੱਲ ਇਹ ਕੱਲ੍ਹ ਦੀ ਲਗਦੀ ਹੈ। ਸਮਾਂ ਬਹੁਤ ਜਲਦੀ ਗੁਜ਼ਰ ਗਿਆ। ਕਿੰਨਾ ਪਾਣੀ ਪੁਲਾਂ ਹੇਠੋਂ ਗੁਜ਼ਰ ਗਿਆ ਹੋਵੇਗਾ ਇਸ ਸਮੇਂ ਵਿਚ।

ਆਪਾਂ ਦੋਨੋਂ ਪੰਜਾਬ ਦੇ ਇਕ ਛੋਟੇ ਜਿਹੇ ਪਿੰਡ ਵਿਚ ਪਹਿਲੀ ਦਫਾ ਮਿਲੇ ਸਾਂ। ਮੈਂ ਕਾਲਜ ਦੀ ਪੜ੍ਹਾਈ ਖਤਮ ਕਰ ਕੇ ਇਸ ਪਿੰਡ ਵਿਚ ਨਵਾਂ-ਨਵਾਂ ਵੈਟਰਨਰੀ ਡਾਕਟਰ ਲੱਗ ਕੇ ਆਇਆ ਸਾਂ। ਮੇਰੀ ਪਹਿਲੀ ਨੌਕਰੀ ਸੀ। ਤੁਸੀਂ ਮੈਡੀਕਲ ਹਸਪਤਾਲ ਵਿਚ ਕੰਮ ਕਰਦੇ ਸੀ। ਇਥੋਂ ਦੇ ਡਾਕਟਰ ਨਾਲ ਮੇਰੀ ਮਿੱਤਰਤਾ ਹੋਣ ਕਰ ਕੇ ਮੇਰਾ ਚੱਕਰ ਹਸਪਤਾਲ ਵਿਚ ਰੋਜ਼ ਲੱਗ ਜਾਂਦਾ ਸੀ।

ਜਦੋਂ ਮੈਂ ਤੁਹਾਨੂੰ ਪਹਿਲੀ ਦਫਾ ਦੇਖਿਆ ਸੀ ਤਾਂ ਤੁਹਾਡੀ ਸਾਦਗੀ, ਤੁਹਾਡੀ ਉਦਾਸੀ ਤੇ ਉਸ ਉਦਾਸੀ ਪਿਛੇ ਛੁਪੀ ਕਹਾਣੀ ਮੈਨੂੰ ਤੁਹਾਡੇ ਵਲ ਖਿੱਚ ਲਿਆਈ। ਜੀਵਨ ਵਿਚ ਕਦੇ-ਕਦੇ ਕਈ ਸ਼ਖਸ ਮਿਲਦੇ ਹਨ, ਉਹ ਇੰਨੇ ਚੰਗੇ ਲਗਦੇ ਹਨ ਕਿ ਦਿਲ ਕਰਦਾ ਹੈ, ਉਨ੍ਹਾਂ ਨੂੰ ਘੁੱਟ ਕੇ ਗਲਵੱਕੜੀ ਪਾ ਲਈਏ! ਜਾਣ-ਪਛਾਣ ਬੇਸ਼ਕ ਨਾ ਹੋਏ; ਲਗਦਾ ਹੈ, ਦਿਲਾਂ ਦਾ ਰਿਸ਼ਤਾ ਇਨ੍ਹਾਂ ਨਾਲ ਕਈ ਸਾਲਾਂ ਦਾ ਹੈ।

"ਪਿਆਰ ਪਛਾਣ ਹੈ, ਕਬਜ਼ਾ ਨਹੀਂ।" ਇਹ ਸ਼ਬਦ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਮੈਨੂੰ ਹਮੇਸ਼ਾ ਯਾਦ ਰਹਿੰਦੇ ਹਨ। ਪਿਆਰ ਦੇ ਜਜ਼ਬਾਤ ਕਿੰਨੇ ਡੂੰਘੇ ਹੁੰਦੇ ਹਨ!

ਤੁਹਾਡੀਆਂ ਮਜਬੂਰੀਆਂ ਤੁਹਾਡੇ ਜੀਵਨ ਦਾ ਹਿੱਸਾ, ਇਕ ਭਾਰ ਬਣਿਆ ਰਿਹਾ। ਇਕ ਪਾਸੇ ਦੁਨੀਆਂਦਾਰੀ, ਇਕ ਪਾਸੇ ਪਿਆਰ। ਇਨ੍ਹਾਂ ਦੋਹਾਂ ਪੱਧਰਾਂ ਦਾ ਸਮਝੌਤਾ ਕਦੇ ਨਾ ਹੋ ਸਕਿਆ। ਨਾ ਹੀ ਕੋਈ ਦਰਮਿਆਨ ਦਾ ਵਸੀਲਾ ਬਣ ਸਕਿਆ।

ਇਨ੍ਹਾਂ ਕਠਿਨ ਹਾਲਤਾਂ ਵਿਚ ਪਿਆਰ ਦੇ ਜਜ਼ਬੇ ਨੂੰ ਸਪਸ਼ਟ ਕਰਨਾ ਕਿੰਨਾ ਮੁਸ਼ਕਿਲ ਬਣਿਆ ਰਿਹਾ। ਇਕ ਦੂਜੇ ਨੂੰ ਆਪਾਂ ਦੇਖ ਸਕਦੇ ਸਾਂ, ਇਸ ਤੋਂ ਜ਼ਿਆਦਾ ਨੇੜੇ ਹੋਣ ਦੀ ਆਗਿਆ ਨਹੀਂ ਮਿਲੀ। ਪਿੰਡ ਦਾ ਮਾਹੌਲ, ਕਰਮਚਾਰੀਆਂ ਦੀਆਂ ਨਜ਼ਰਾਂ, ਕਠੋਰ ਜੀਵਨ ਦਾ ਹਿੱਸਾ ਬਣਿਆ ਰਿਹਾ। ਕਈ ਦਫਾ ਆਪਾਂ ਸਿਰਫ ਅੱਖਾਂ ਮਿਲਾ ਕੇ ਗੱਲਬਾਤ ਕਰ ਲੈਂਦੇ ਸਾਂ। ਇਹ ਵੀ ਤਸੱਲੀ ਹੁੰਦੀ ਸੀ ਕਿ ਤੁਹਾਨੂੰ ਦੇਖ ਲਿਆ। ਤੁਹਾਡੀ ਅਵਾਜ਼ ਸੁਣ ਲਈ। ਤੁਹਾਡੇ ਖਿਆਲਾਂ ਦਾ ਪਤਾ ਲੱਗ ਗਿਆ।

ਮੈਂ ਕਾਲਜ ਤੋਂ ਇਥੇ ਨਵਾਂ-ਨਵਾਂ ਆਇਆ ਸਾਂ। ਪਿੰਡ ਦਾ ਵਾਤਾਵਰਨ ਮੈਨੂੰ ਇੰਨਾ ਮੁਆਫਕ ਨਹੀਂ ਸੀ ਆਇਆ। ਸ਼ਹਿਰਾਂ ਵਿਚ ਜੰਮਿਆ-ਪਲਿਆ ਤੇ ਵੱਡਾ ਹੋਇਆ। ਹੁਣ ਇਕ ਕੱਚੇ ਘਰ ਦੇ ਇਕ ਕਮਰੇ ਵਿਚ ਜਿਥੇ ਨਾ ਬਿਜਲੀ, ਨਾ ਵਗਦਾ ਪਾਣੀ, ਇਹ ਮੇਰਾ ਮਹਿਲ ਸੀ। ਇਹ ਘਰ ਪਿੰਡ ਦੇ ਦਰਮਿਆਨ ਸੀ।



ਮੈਂ ਪਹਿਲਾ ਵੈਟਰਨਰੀ ਡਾਕਟਰ ਇਸ ਪਿੰਡ ਵਿਚ ਆਇਆ ਸਾਂ। ਇਸ ਡਿਸਪੈਂਸਰੀ ਨੂੰ ਵੱਡਾ ਕੀਤਾ ਗਿਆ ਸੀ। ਮੈਨੂੰ ਕਈ ਘਟਨਾਵਾਂ ਦਾ ਸਾਹਮਣਾ ਕਰਨਾ ਪਿਆ। ਉਮਰ ਜੁਆਨ ਹੋਣ ਕਰ ਕੇ ਇਹ ਘਟਨਾਵਾਂ ਇੰਨੀਆਂ ਮੁਸ਼ਕਿਲ ਨਹੀਂ ਲੱਗੀਆਂ।

ਰੇਲ ਦਾ ਸਟੇਸ਼ਨ ਜਾਂ ਕੋਈ ਵੱਡਾ ਸ਼ਹਿਰ ਇਸ ਪਿੰਡ ਤੋਂ 13-14 ਮੀਲ ਦੇ ਫਾਸਲੇ 'ਤੇ ਹੋਏਗਾ। ਸ਼ਹਿਰ ਜਾਣ ਲਈ ਕਦੇ-ਕਦੇ ਆਉਂਦੀ ਬੱਸ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਹਸਪਤਾਲ ਦੀਆਂ ਦਵਾਈਆਂ ਦੀ ਸ਼ਿਪਮੈਂਟ ਲਈ ਸ਼ਹਿਰ ਜਾਂਦੇ ਜਾਂ ਧੋਬੀ ਨੂੰ ਕੱਪੜੇ ਦੇਣ ਲਈ; ਬੱਸ ਇਹ ਹੀ ਇਕ ਚਾਰਾ ਸੀ।

ਤੁਹਾਡੀ ਦੂਰ ਦੀ ਮਿੱਤਰਤਾ ਦੀ ਨਿੱਘ ਕਰਕੇ ਇਹ ਘਟਨਾਵਾਂ ਇੰਨੀਆਂ ਮੁਸ਼ਕਿਲ ਨਹੀਂ ਲੱਗੀਆਂ। ਸ਼ਾਮ ਨੂੰ ਜਦੋਂ ਘਰੇ ਇਕੱਲਾ ਹੁੰਦਾ, ਕੁਝ ਕਿਤਾਬਾਂ ਮਿੱਟੀ ਦੇ ਤੇਲ ਦੇ ਲੈਂਪ ਦੇ ਚਾਨਣ ਵਿਚ ਪੜ੍ਹਦਾ ਰਹਿੰਦਾ। ਤੇਲ ਬਲਣ ਕਰਕੇ ਉਸ ਦਾ ਮੁਸ਼ਕ ਸਾਰੇ ਕਮਰੇ ਵਿਚ ਫੈਲ ਜਾਂਦਾ। ਤੁਹਾਡੇ ਬਾਰੇ ਸੋਚਦਾ ਰਹਿੰਦਾ ਕਿ ਹੁਣ ਤੁਸੀਂ ਕੀ ਕਰਦੇ ਹੋਵੋਗੇ!

ਜਿੰਨੀ ਦੇਰ ਪਿੰਡ ਵਿਚ ਰਿਹਾ ਨਾ ਜਾਏ, ਇਸ ਦੀ ਸਿਆਸਤ ਤੇ ਵਾਤਾਵਰਨ ਦਾ ਪਤਾ ਨਹੀਂ ਲਗਦਾ। ਪਿੰਡਾਂ ਵਿਚ ਸਰਪੰਚ, ਪੰਚ ਤੇ ਹੋਰ ਅਮੀਰ ਜ਼ਿਮੀਦਾਰਾਂ ਦਾ ਜ਼ਿਆਦਾ ਰਸੂਖ ਹੁੰਦਾ ਹੈ। ਜਦੋਂ ਸਰਕਾਰੀ ਕਰਮਚਾਰੀ ਪਿੰਡ ਵਿਚ ਨੌਕਰੀ ਕਰਨ ਆਉਂਦੇ ਹਨ, ਉਨ੍ਹਾਂ ਨੂੰ ਉਥੇ ਦੇ ਅਹਿਲਕਾਰਾਂ ਦਾ ਕਹਿਣਾ, ਉਨ੍ਹਾਂ ਦਾ ਹੁਕਮ ਮੰਨਣਾ ਪੈਂਦਾ ਹੈ; ਤੇ ਮੇਰੀ ਜੁਆਨੀ ਦੇ ਚਾਰ ਦਿਨਾਂ ਦਾ ਸਾਥ, ਇਕ ਦੂਜੇ ਦਾ ਸਾਥ ਨਹੀਂ ਦੇ ਸਕੇ।

ਗਰੀਬ ਜ਼ਿਮੀਦਾਰਾਂ ਦੀ ਮਦਦ ਕਰਕੇ ਮੈਨੂੰ ਜ਼ਿਆਦਾ ਤਸੱਲੀ ਹੁੰਦੀ ਸੀ। ਜੇ ਕਿਸੇ ਨੇ ਅੱਧੀ ਰਾਤ ਆ ਕੇ ਮੇਰਾ ਬੂਹਾ ਖੜਕਾਇਆ ਕਿ ਉਸ ਦਾ ਪਸੂ ਬਿਮਾਰ ਹੈ, ਮੈਂ ਆਪਣਾ ਸਮਾਨ ਲੈ ਕੇ ਉਸ ਨਾਲ ਦੂਜੇ ਪਿੰਡ ਤੁਰ ਪੈਂਦਾ ਸਾਂ।

ਇਕ ਆਦਮੀ ਪਾਸ ਭੇਡਾਂ ਦਾ ਇੱਜੜ ਸੀ। ਕੁਝ ਭੇਡਾਂ ਮਰ ਗਈਆਂ। ਪਸੂ ਜ਼ਿਮੀਦਾਰਾਂ ਕਿਸਾਨਾਂ ਦੀ ਜਾਇਦਾਦ ਹੁੰਦੇ ਹਨ। ਉਸ ਨੇ ਮੇਰੀ ਮਦਦ ਮੰਗੀ। ਮੈਂ ਉਨ੍ਹਾਂ ਦੇ ਘਰ ਜਾ ਕੇ, ਪੀੜ੍ਹੀ 'ਤੇ ਬੈਠ ਕੇ ਇਕ ਭੇਡ ਦਾ ਪੋਸਟਮਾਰਟਮ ਕੀਤਾ। ਟੇਪਵਰਮ ਦੀ ਬਿਮਾਰੀ ਕਰਕੇ ਉਨ੍ਹਾਂ ਨੂੰ ਨੁਕਸਾਨ ਹੋ ਰਿਹਾ ਸੀ। ਭੇਡਾਂ ਦਾ ਇਲਾਜ ਕੀਤਾ ਗਿਆ ਤੇ ਭੇਡਾਂ ਮਰਨੀਆਂ ਬੰਦ ਹੋ ਗਈਆਂ।

ਪਿੰਡ ਦਾ ਵਾਤਾਵਰਨ ਅਤੇ ਮੇਰਾ ਸੁਭਾਅ ਇਕ ਦੂਜੇ ਦਾ ਜ਼ਿਆਦਾ ਸਾਥ ਨਹੀਂ ਦੇ ਸਕੇ। ਮੈਂ ਉਥੇ ਕੁਝ ਮਹੀਨੇ ਹੀ ਰਿਹਾ ਹੋਵਾਂਗਾ। ਮੈਨੂੰ ਫੌਜ ਵਿਚ ਆਪਣੀ ਲਾਈਨ ਵਿਚ ਕਮਿਸ਼ਨ ਮਿਲਣ ਕਰਕੇ ਪਿੰਡ ਤੋਂ ਰਵਾਨਗੀ ਲੈਣੀ ਪਈ। ਇਕ ਪਾਸੇ ਪਿਆਰ ਸੀ, ਦੂਜੇ ਪਾਸੇ ਮੇਰਾ ਭਵਿੱਖ! ਮੇਰੇ ਜੀਵਨ ਦੀ ਅਗਲੀ ਪੱਧਰ ਮੇਰੀ ਤਰੱਕੀ ਸੀ। ਇਹ ਵਿਛੋੜਾ ਦੁਖਦਾਈ ਸੀ, ਪਰ ਕਬੂਲ ਕਰਨਾ ਪਿਆ।

ਇਹ ਚਿੱਠੀਆਂ ਉਸ ਸਮੇਂ ਦੀਆਂ ਹਨ, ਜਦੋਂ ਮੈਂ ਪਿੰਡ ਤੋਂ ਆ ਗਿਆ ਸਾਂ। ਚਿੱਠੀਆਂ ਵਿਚ ਜੋ ਕੁਝ ਲਿਖਦੇ ਸੀ, ਬੜੇ ਸੰਕੋਚ ਨਾਲ ਲਿਖਦੇ ਸੀ ਕਿ ਇਹ ਖਤ ਕਿਸੇ ਹੋਰ ਪਾਸ ਨਾ ਆ ਜਾਣ।

ਇਕ ਦਫਾ ਤੁਸੀਂ ਆਖਿਆ ਸੀ ਕਿ ਜਦੋਂ ਮੈਂ ਮਰਾਂਗੀ, ਮੇਰਾ ਨਾਂ ਤੁਹਾਡੇ ਦਿਲ 'ਤੇ ਹੋਵੇਗਾ। ਇਸ ਬਾਰੇ ਮੈਂ ਹੁਣ ਕੁਝ ਨਹੀਂ ਕਹਿ ਸਕਦਾ, ਪਰ ਤੁਹਾਡਾ ਨਾਂ ਸਦਾ ਮੇਰੇ ਦਿਲ ਦੇ ਨੇੜੇ ਰਿਹਾ ਹੈ। ਆਪਣੇ ਪਿਆਰ ਦਾ ਇਹ ਰਿਸ਼ਤਾ ਬਹੁਤ ਘੱਟ ਸਮੇਂ ਦਾ ਹੀ ਸੀ, ਪਰ ਇਸ ਦੀ ਪਿਆਰੀ ਯਾਦ ਮੇਰੇ ਜੀਵਨ ਦਾ ਹਿੱਸਾ ਬਣੀ ਰਹੀ।

ਇਕ ਦਫਾ ਕਾਫੀ ਦਿਨਾਂ ਤੋਂ ਤੁਹਾਡੀ ਚਿੱਠੀ ਨਹੀਂ ਸੀ ਆਈ। ਕਈ ਕਾਰਨ ਮਨ ਵਿਚ ਆਏ। ਹਰ ਦਿਨ ਫਿਕਰ ਵਧਦਾ ਗਿਆ। ਹੁਣ ਲਿਖਾਂ ਤਾਂ ਕੀ ਲਿਖਾਂ! ਅਖੀਰ ਮੈਂ ਇਕ ਪੰਨੇ 'ਤੇ ਵੱਡੇ-ਵੱਡੇ ਅੱਖਰਾਂ ਨਾਲ ਇਹ ਲਿਖ ਕੇ ਤੁਹਾਨੂੰ ਭੇਜ ਦਿੱਤਾ ਸੀ, 'ਮਿੱਤਰ ਪਿਆਰੇ ਨੂੰ ਹਾਲ ਮਰੀਦਾਂ ਦਾ ਕਹਿਣਾ।'

ਕੁਝ ਦਿਨਾਂ ਬਾਅਦ ਮੇਰੀ ਚਿੱਠੀ ਦੇ ਜੁਆਬ ਵਿਚ ਤੁਸੀਂ ਲਿਖ ਭੇਜਿਆ ਸੀ:

'ਜਉ ਤਉ ਪ੍ਰੇਮ ਖੇਲਨ ਨਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥'

ਆਪਾਂ ਦੋਹਾਂ ਨੇ ਇਨ੍ਹਾਂ ਸ਼ਬਦਾਂ ਨਾਲ ਆਪੋ-ਆਪਣੇ ਖਿਆਲ ਪਰਗਟ ਕਰ ਦਿੱਤੇ, ਆਪਾਂ ਕਿਸੇ ਫਿਲਮ ਦੇ ਗਾਣੇ ਦੀਆਂ ਲਾਈਨਾਂ ਨਹੀਂ ਸੀ ਚੁਣੀਆਂ। ਇਨ੍ਹਾਂ ਸ਼ਬਦਾਂ ਪਿਛੇ ਆਪਣਾ ਰੂਹਾਨੀ ਪਿਆਰ ਅਤੇ ਉਦਾਸੀ ਸਾਂਝ ਕਰਦੇ ਰਹੇ। ਫਾਸਲਾ ਬੇਸ਼ਕ ਕਈ ਮੀਲਾਂ ਦਾ ਸੀ ਉਸ ਵੇਲੇ, ਪਰ ਇਨ੍ਹਾਂ ਕੁਝ ਸ਼ਬਦਾਂ ਨਾਲ ਆਪਾਂ ਇਕ ਦੂਜੇ ਦੇ ਹੋਰ ਨੇੜੇ ਆ ਗਏ।

ਜਦੋਂ ਕਦੇ ਮੈਂ ਉਦਾਸ ਹੁੰਦਾ ਸੀ, ਤੁਹਾਡੇ ਸਾਰੇ ਖਤ ਵਾਰ-ਵਾਰ ਪੜ੍ਹਦਾ ਰਹਿੰਦਾ, ਦਿਲ ਨੂੰ ਤਸੱਲੀ ਦੇਣ ਲਈ। ਕਿਸੇ ਪੱਤਰ ਵਿਚ ਨਾ ਕੋਈ ਲਿਪਸਟਿਕ ਦਾ ਨਿਸ਼ਾਨ ਹੁੰਦਾ ਸੀ ਤੇ ਨਾ ਹੀ ਇਤਰ ਦੀ ਮਹਿਕ ਹੁੰਦੀ ਸੀ।

ਉਸ ਜ਼ਮਾਨੇ ਨੂੰ ਹੁਣ ਮੁੱਦਤਾਂ ਹੋ ਗਈਆਂ ਹਨ। ਹੁਣ ਇੰਟਰਨੈੱਟ ਦਾ ਸਮਾਂ ਹੈ। ਸਭ ਪਾਸ ਸੈੱਲ ਫੋਨ ਹੈ। ਮੈਂ ਕਈ ਦਫਾ ਤੁਹਾਡਾ ਨਾਂ 'ਗੂਗਲ' ਕੀਤਾ ਹੈ। ਕੁਝ ਹੋਰ ਵਿਅਕਤੀ ਤੁਹਾਡੇ ਨਾਂ ਦੇ ਮਿਲ ਜਾਂਦੇ ਹਨ, ਤੁਸੀਂ ਨਹੀਂ ਮਿਲੇ।

ਇੰਨੇ ਲੰਮੇ ਸਮੇਂ ਕਰਕੇ ਆਪਾਂ ਦੋਵੇਂ ਹੀ ਕਾਫੀ ਬਦਲ ਗਏ ਹਾਂ ਜਿਸਮਾਨੀ ਤੌਰ 'ਤੇ। ਇਨ੍ਹਾਂ ਸਮਿਆਂ ਵਿਚ ਤੁਹਾਡੇ 'ਤੇ ਕੀ-ਕੀ ਬੀਤੀ ਹੋਵੇਗੀ? ਤੁਹਾਡਾ ਜੀਵਨ ਉਸ ਵੇਲੇ ਵੀ ਕਠਿਨ ਹੁੰਦਾ ਸੀ।

ਪਤਾ ਨਹੀਂ ਕਿ ਆਪਾਂ ਕਦੇ ਵੀ ਹੁਣ ਮਿਲ ਸਕੀਏ। ਜੇ ਮਿਲੇ, ਕੀ ਆਪਣੇ ਪਾਸ ਇੰਨਾ ਸਮਾਂ ਹੋਵੇਗਾ ਕਿ ਇਨ੍ਹਾਂ ਬੀਤੇ ਸਾਲਾਂ ਦਾ ਹਿਸਾਬ ਕਿਤਾਬ ਕਰ ਸਕੀਏ? ਕੀ ਮੈਂ ਤੁਹਾਨੂੰ ਆਪਣੀਆਂ ਬਾਹਾਂ ਵਿਚ ਲੈ ਕੇ ਜੱਫੀ ਪਾ ਸਕਾਂਗਾ?

ਆਪਣੇ ਸਰੀਰ ਸਮੇਂ ਨਾਲ ਜ਼ਰੂਰ ਬਦਲ ਗਏ ਹਨ, ਪਰ ਆਪਣੀਆਂ ਰੂਹਾਂ ਉਸੇ ਤਰ੍ਹਾਂ ਹੀ ਹਨ, ਜੋ ਉਸ ਪਿੰਡ ਵਿਚ ਸਨ।

ਕਈ ਦਫਾ ਮੈਂ ਆਪਣੇ ਸਾਰੇ ਮਿੱਤਰਾਂ ਨੂੰ ਵੀ ਭਾਲਣ ਦੀ ਕੋਸ਼ਿਸ਼ ਕੀਤੀ ਹੈ, ਨਹੀਂ ਮਿਲ ਸਕੇ। ਜਦੋਂ ਦਾ ਮੈਂ ਅਮਰੀਕਾ ਆਇਆ ਹਾਂ, ਹਿੰਦੋਸਤਾਨ ਬਹੁਤ ਘੱਟ ਗਿਆ ਹਾਂ; ਖਾਸ ਕਰ ਪੰਜਾਬ ਨਹੀਂ ਪਹੁੰਚ ਸਕਿਆ। ਦਿਲ ਹਮੇਸ਼ਾ ਕੀਤਾ ਹੈ ਕਿ ਉਸ ਪਿੰਡ ਵਿਚ ਇਕ ਦਫਾ ਫਿਰ ਚੱਕਰ ਲੱਗੇ।

ਅੱਜ ਕਾਗਜ਼ਾਂ ਦੀ ਸਫਾਈ ਦਾ ਦਿਨ ਸੀ। ਸਾਰੇ ਕਾਗਜ਼ ਤਿੰਨ ਡੱਬਿਆਂ ਵਿਚ ਰੱਖੇ ਜਾਣਗੇ; ਇਕ ਰੱਦੀ ਦਾ, ਦੂਜਾ ਜਿਨ੍ਹਾਂ ਕਾਗਜ਼ਾਂ ਨੂੰ ਮੈਂ ਸਕੈਨ ਕਰਕੇ ਸ਼ਰੈੱਡ ਕਰਨਾ ਹੈ ਤੇ ਤੀਜਾ ਜਿਨ੍ਹਾਂ ਵਿਚ ਕੀਮਤੀ ਬਹੁ-ਮੁੱਲੇ ਕਾਗਜ਼ ਰੱਖੇ ਜਾਣਗੇ।

ਅਖੀਰ ਵਿਚ ਉਨ੍ਹਾਂ ਕੁਝ ਚਿੱਠੀਆਂ ਦੀ ਵਾਰੀ ਆਈ। ਛੇਤੀ-ਛੇਤੀ ਫਿਰ ਨਜ਼ਰ ਮਾਰੀ, ਕਿਹੜੀ ਤਾਰੀਖ ਦੀਆਂ ਲਿਖੀਆਂ ਹਨ। ਇਨ੍ਹਾਂ ਨੂੰ ਕਿਸ ਖਾਨੇ ਵਿਚ ਪਾਵਾਂ? ਇਹ ਕਾਗਜ਼ ਹਲਕੇ ਸੀ, ਪਰ ਇਨ੍ਹਾਂ ਦਾ ਭਾਰ ਮੇਰੇ ਦਿਲ 'ਤੇ ਬਣਿਆ ਹੋਇਆ ਸੀ। ਇਹ ਪੱਤਰ ਹੀ ਸਾਡੇ ਸਬੰਧ ਦਾ ਰਿਸ਼ਤਾ ਸੀ।

ਪੰਜਾਬ ਦੇ ਇਕ ਛੋਟੇ ਜਿਹੇ ਪਿੰਡ ਤੋਂ ਦਿੱਲੀ, ਤੇ ਦਿੱਲੀ ਤੋਂ 9 ਹਜ਼ਾਰ ਮੀਲ ਅਮਰੀਕਾ ਵਿਚ ਇਹ ਚਿੱਠੀਆਂ ਪਹੁੰਚੀਆਂ। ਮੈਂ ਕਈ ਸ਼ਹਿਰ ਬਦਲੇ, ਕਈ ਘਰਾਂ ਵਿਚ ਰਿਹਾ, ਇਨ੍ਹਾਂ ਚਿੱਠੀਆਂ ਦਾ ਜੋੜ ਮੇਰੇ ਤੋਂ ਦੂਰ ਨਹੀਂ ਹੋਇਆ।

ਅਖੀਰ ਵਿਚ ਇਹ ਚਿੱਠੀਆਂ ਬੜੇ ਆਦਰ ਨਾਲ ਇਕ ਨਵੇਂ ਲਿਫਾਫੇ ਵਿਚ ਪਾ ਦਿੱਤੀਆਂ ਤੇ ਬਾਹਰ ਲਿਖ ਦਿੱਤਾ, 'ਇਹ ਕਾਗਜ਼ ਸੰਭਾਲੇ ਜਾਣ।'

ਤੁਸੀਂ ਇਨ੍ਹਾਂ ਚਿੱਠੀਆਂ ਨੂੰ ਸਾੜਨ ਦੀ ਮੰਗ ਕੀਤੀ ਸੀ ਤਾਂ ਕਿ ਕਿਸੇ ਨੂੰ ਆਪਣੇ ਸਬੰਧ ਦਾ ਪਤਾ ਨਾ ਲੱਗੇ। ਕਿਸੇ ਨੇ ਇਹ ਕਾਗਜ਼ ਨਹੀਂ ਦੇਖੇ, ਆਪਣਾ ਰਿਸ਼ਤਾ ਗੁਪਤ ਰਿਹਾ। ਜੇ ਇਹ ਪੱਤਰ ਸਾੜ ਦਿੰਦਾ, ਉਸ ਸਮੇਂ ਦੀ ਯਾਦ, ਮੇਰੇ ਬੀਤੇ ਜੀਵਨ ਦਾ ਇਤਿਹਾਸ ਖਤਮ ਹੋ ਜਾਣਾ ਸੀ।

ਇਨ੍ਹਾਂ ਕੁਝ ਕਾਗਜ਼ਾਂ ਨੇ ਇੰਨੀ ਜਗ੍ਹਾ ਤਾਂ ਹੁਣ ਨਹੀਂ ਰੋਕਣੀ, ਪਰ ਇਨ੍ਹਾਂ ਪਿਛੇ ਇਸ ਪਿਅਰ ਦੀ ਕਹਾਣੀ ਨੌਂ ਹਜ਼ਾਰ ਮੀਲ ਤੋਂ ਵੀ ਵੱਧ ਲੰਮੀ ਬਣੀ ਰਹੀ।

# ਉਂਗਲਾਂ ਨੇ ਇਉਂ ਬਣਾਇਆ ਮੁੱਕਾ!

**ਤਰਲੋਚਨ ਸਿੰਘ ਦੁਪਾਲਪੁਰ**
ਫੋਨ: 408-915-1268

ਕਹਿੰਦੇ ਕਿਤੇ ਵਿਹਲ ਦੇ ਪਲਾਂ 'ਚ ਹੱਥ ਦੀ ਵਿਚਕਾਰਲੀ ਉਂਗਲ ਨੇ ਆਪਣੇ ਆਲੇ ਦੁਆਲੇ ਵੱਲ ਝਾਕਿਆ ਤੇ ਫਿਰ ਆਪਣਾ ਕੱਦ ਕਾਠ ਦੇਖ ਕੇ ਉਂਗਲਾਂ ਨੂੰ ਕਹਿੰਦੀ, "ਸੁਣੋ ਨੀ, ਮੈਂ ਤੁਹਾਡੇ ਸਾਰੀਆਂ ਤੋਂ ਵੱਡੀ ਤੇ ਮੋਟੀ ਡਾਢੀ ਵੀ ਆਂ।"

ਉਹਦੀ ਇਹ ਗੱਲ ਸੁਣ ਕੇ ਚੀਚੀ ਵੱਲ ਦੇ ਪਾਸੇ ਵਾਲੀ ਉਹਦੇ ਨਾਲ ਦੀ ਉਂਗਲ ਕਹਿੰਦੀ, "ਹੋਏਂਗੀ ਤੂੰ ਵੱਡੀ, ਪਰ ਮੇਰੇ ਮੋਹਰੇ ਤੇਰਾ ਵਡੱਪਣ ਕਾਹਦਾ? ਤੈਨੂੰ ਪਤਾ ਕਿ ਸਭ ਤੋਂ ਵੱਧ ਕੀਮਤੀ ਧਾਤ ਸੋਨੇ ਦੀ ਮੁੰਦਰੀ ਮੈਨੂੰ ਹੀ ਪਾਈ ਜਾਂਦੀ ਹੈ। ਪਿਆਰ ਦੀ ਨਿਸ਼ਾਨੀ ਮੁੰਦੀ ਪਾਉਣ ਵੇਲੇ ਤੈਨੂੰ ਵੱਡੀ ਨੂੰ ਕੋਈ ਨਹੀਂ ਪੁੱਛਦਾ।"

ਉਸ ਨੂੰ ਆਪਣੀਆਂ ਸਿਫਤਾਂ ਕਰਦੀ ਨੂੰ ਸੁਣ ਕੇ ਅੰਗੂਠੇ ਨਾਲ ਵਾਲੀ 'ਪੱਕੀ' ਉਂਗਲ ਖੰਘੂਰਾ ਮਾਰ ਕੇ ਬੋਲੀ, "ਜੇ ਮੈਂ ਤੁਹਾਨੂੰ ਆਪਣੀ ਸਿਫਤ ਦੱਸਾਂ ਤਾਂ ਤੁਸੀਂ ਸਾਰੀਆਂ ਦੰਗ ਰਹਿ ਜਾਉਂ!" ਉਹ ਕਹਿਣ ਲੱਗੀ, "ਜਦ ਵੀ ਕੋਈ ਨਿਆਂਕਾਰ ਗੁਨਾਹਗਾਰਾਂ ਨੂੰ ਸਜ਼ਾਵਾਂ ਸੁਣਾਉਂਦਾ ਐ, ਤਦ ਉਹ ਮੈਨੂੰ ਹੀ ਵਰਤਦਿਆਂ ਬੋਲਦਾ ਹੁੰਦਾ ਹੈ ਕਿ ਜਾਹ ਫਲਾਣਿਆਂ ਤੈਨੂੰ ਬਰੀ ਕੀਤਾ ਜਾਂਦਾ ਹੈ...ਢਿਮਕਿਆ ਤੈਨੂੰ ਫਾਂਸੀ ਦੀ ਸਜ਼ਾ! ਮਤਲਬ ਕਿ ਇਕੱਠ ਜਾਂ ਭੀੜ ਵਿਚ ਖੜ੍ਹਿਆਂ 'ਚੋਂ ਕਿਸੇ ਇੱਕ ਨੂੰ ਬੁਲਾਉਣ ਲਈ ਮੇਰੀ ਹੀ ਵਰਤੋਂ ਕੀਤੀ ਜਾਂਦੀ ਹੈ।"

ਚਹੁੰਆਂ ਨੂੰ ਉਲਝੀਆਂ ਦੇਖ ਕੇ ਚੀਚੀ ਨੂੰ ਵੀ ਹਿਰਖ ਆ ਗਿਆ। ਉਹ ਬੜੇ ਠਰੰਮੇ ਨਾਲ ਬੋਲੀ, "ਤੁਸੀਂ ਮੈਨੂੰ ਸਭ ਤੋਂ ਛੋਟੀ ਸਮਝ ਕੇ ਨਿਗੁਣੀ ਨਾ ਜਾਣਿਉਂ ਭਾਈ! ਭੁੰਜੇ ਡੁੱਲ੍ਹੇ ਹੋਏ ਦਾਣੇ ਹੋਣ ਜਾਂ ਕੋਈ ਹੋਰ ਚੀਜ਼, ਜੇ ਹੂੰਝਣੇ ਹੋਣ ਤਾਂ ਮੈਂ ਹੀ ਕੰਮ ਆਉਂਦੀ ਹਾਂ! ਜੇ ਕਿਤੇ ਵਿਹੜਾ ਲਿੱਪਣਾ ਹੋਵੇ ਫਿਰ ਵੀ ਮੈਥੋਂ ਬਿਨਾ ਨਹੀਂ ਸਰਦਾ!"

ਉਂਗਲੀਆਂ ਦੀ ਲੜਾਈ ਸੁਣ ਕੇ ਅੰਗੂਠੇ ਨੇ ਵੀ ਅੰਗੜਾਈ ਲਈ! ਉਹ ਆਕੜ ਕੇ ਬੋਲਿਆ, "ਤੁਹਾਨੂੰ ਮੇਰੀ ਅਹਿਮੀਅਤ ਦਾ ਤਾਂ ਗਿਆਨ ਹੀ ਨਹੀਂ ਜਾਪਦਾ! ਤੁਸੀਂ ਸਾਰੀਆਂ ਜਣੀਆਂ ਭਾਵੇਂ ਦਸ ਸਫੇ ਲਿਖ ਦਿਉ, ਪਰ ਜਦ ਤੱਕ ਆਖਰ ਵਿਚ ਸਿਆਹੀ ਨਾਲ ਲਬੇੜ ਕੇ ਮੈਨੂੰ ਨਹੀਂ ਲਾਇਆ ਜਾਂਦਾ, ਉਦੋਂ ਤਕ ਤੁਹਾਡੇ ਲਿਖੇ ਹੋਏ ਦੀ ਵੁੱਕਤ ਨਹੀਂ ਬਣਦੀ। ਮੇਰਾ ਵਡੱਪਣ ਤੁਹਾਡੇ ਗੁਣਾਂ ਨਾਲੋਂ ਸਭ ਤੋਂ ਵੱਡਾ ਹੈ!"

ਜਦ ਅੰਗੂਠਾ ਤੇ ਉਂਗਲਾਂ ਆਪੋ ਵਿਚੀਂ ਲੜਨ ਝਗੜਨ ਲੱਗੀਆਂ ਤਾਂ ਹੱਥ ਦੀ ਹਥੇਲੀ ਨੇ ਸਾਰਿਆਂ ਨੂੰ ਚੁੱਪ ਕਰਾ ਕੇ ਕਿਹਾ, "ਆਉ! ਸਾਰੇ ਜਣੇ ਮੇਰੇ ਨਾਲ ਲੱਗੋ, ਤੁਹਾਨੂੰ ਤੁਹਾਡੀ ਅਸਲ ਤਾਕਤ ਦਿਖਾਵਾਂ।"

ਹਥੇਲੀ ਦੀ ਅਵਾਜ਼ ਸੁਣ ਕੇ ਸਭ ਤੋਂ ਪਹਿਲਾਂ ਅੰਗੂਠੇ ਨੇ ਆਪਣਾ ਸਿਰ ਨਿਵਾਇਆ। ਉਸ ਦੇ ਮਗਰ ਹੀ ਚਹੁੰਆਂ ਉਂਗਲਾਂ ਨੇ ਨੀਵੀਆਂ ਹੋ ਕੇ ਆਪੋ ਆਪਣੇ ਪੋਟੇ ਹਥੇਲੀ ਦੇ ਨਾਲ ਲਾ ਦਿੱਤੇ। ਇੰਜ ਬਣੇ ਅਕਾਰ ਨੂੰ 'ਮੁੱਕਾ' ਦੱਸਦਿਆਂ ਹਥੇਲੀ ਕਹਿੰਦੀ, "ਨ੍ਹੀ ਭੈਣੋ, ਆਹ ਹੈ ਤੁਹਾਡੀ ਸਭ ਤੋਂ ਵੱਡੀ ਤਾਕਤ, ਜੇ ਇਸੇ ਰੂਪ 'ਚ ਰਹੋਗੀਆਂ ਤਾਂ ਕੋਈ ਤੁਹਾਡੀ ਹਵਾ ਵੱਲ ਵੀ ਨਹੀਂ ਦੇਖ ਸਕੇਗਾ, ਪਰ ਜੇ ਆਪੋ ਆਪਣੇ ਘੁਮੰਡ 'ਚ ਫਸ ਕੇ ਲੜੀ ਗਈਆਂ ਤਾਂ ਦੁਸ਼ਮਣ ਤੁਹਾਨੂੰ ਇਕੱਲੀ ਇਕੱਲੀ ਨੂੰ ਮਰੋੜ ਸੁੱਟੇਗਾ!"



# ਕੁਲਵੰਤ ਬੁਢਲਾਡੇ ਦੀ ਕੁਮੈਂਟਰੀ ਤੇ ਕਲਮਕਾਰੀ

ਪੰਜਾਬੀ ਖੇਡ ਸਾਹਿਤ 21



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਕੁਲਵੰਤ ਸਿੰਘ ਬੁਡਲਾਢਾ ਕਬੱਡੀ ਦੀ ਕੁਮੈਂਟਰੀ ਦਾ ਕਲਹਿਰੀ ਮੋਰ ਹੈ। ਉਹ ਖੇਡ ਲੇਖਕ ਵੀ ਹੈ, ਜਿਸ ਨੇ ਜਿਲਾ ਮਾਨਸਾ ਤੇ ਬਠਿੰਡੇ ਦੇ ਦਰਜਨਾਂ ਖਿਡਾਰੀਆਂ ਦੇ ਰੇਖਾ ਚਿਤਰ ਉਲੀਕੇ ਹਨ। ਉਨ੍ਹਾਂ ਵਿਚ ਨੈਸ਼ਨਲ ਚੈਂਪੀਅਨ ਵੀ ਹਨ ਅਤੇ ਏਸ਼ੀਆਈ ਖੇਡਾਂ ਦੇ ਮੈਡਲਿਸਟ ਤੇ ਓਲੰਪਿਕ ਖੇਡਾਂ ਵਿਚ ਭਾਗ ਲੈਣ ਵਾਲੇ ਵੀ ਹਨ। ਲਿਖਣ ਦੇ ਨਾਲ-ਨਾਲ ਉਹ ਕਬੱਡੀ ਦੀ ਦਿਲਚਸਪ ਕੁਮੈਂਟਰੀ ਵੀ ਕਰਦਾ ਹੈ। ਮਲਵਈ ਲਹਿਜੇ 'ਚ ਬੋਲਦਾ ਜਦੋਂ ਬਾਗੜੀ ਬੋਲੀ ਦੀਆਂ ਗਰਾਰੀਆਂ ਘੁੰਮਾਉਂਦਾ ਹੈ ਤਾਂ ਉਹਦੀ ਕੁਮੈਂਟਰੀ ਰੰਗ-ਬਰੰਗੇ ਲਹਿਰੀਏ ਵਰਗੀ ਹੋ ਜਾਂਦੀ ਹੈ। ਦੁਪੱਟਾ ਸੱਤ ਰੰਗ ਦਾ ਬਣ ਜਾਂਦੈ। ਉਹਦੇ ਫਿਕਰਿਆਂ 'ਚ ਅਨਾਰ ਚਲਦੇ ਤੇ ਫੁੱਲਝੜੀਆਂ ਝੜਦੀਆਂ ਹਨ। ਉਸ ਨੂੰ ਹਾਸੇ-ਖੇਡੇ ਦੇ ਭੂੰਡ-ਪਟਾਕੇ ਵੀ ਚਲਾਉਣੇ ਆਉਂਦੇ ਹਨ। ਉਹ ਛੁਰਲੀਆਂ ਛੱਡਣ ਤੇ ਚੱਕਰੀਆਂ ਚਲਾਉਣ ਦਾ ਵੀ ਮਾਹਿਰ ਹੈ। ਜਦੋਂ ਕੁਮੈਂਟਰੀ ਕਰ ਰਿਹਾ ਹੁੰਦੈ ਤਾਂ ਉਹਦਾ ਚਿਹਰਾ ਮਤਾਬੀ ਵਾਂਗ ਜਗ ਰਿਹਾ ਹੁੰਦੈ। ਗੇੜੇ 'ਤੇ ਗੇੜਾ ਬੰਨ੍ਹੀ ਫਿਰਦੈ। ਕਿਸੇ ਧਾਵੀ ਨੂੰ ਗਹਿਗੱਡਵਾਂ ਜੱਫਾ ਲੱਗ'ਜੇ ਤਾਂ ਕਹਿੰਦੈ, "ਕਰਤਾ ਗੱਡਾ ਡਹੀਏਂ। ਗੱਡ'ਤਾ ਅਰਲਾਕੋਟ। ਲਾ'ਤੇ ਜਿੰਦੇ...।"

1993 ਵਿਚ ਮੈਂ ਕਿਲਾ ਰਾਇਪੁਰ ਦੀਆਂ ਖੇਡਾਂ ਦੀ ਹਾਜ਼ਰੀ ਭਰ ਕੇ ਬੋਹੇ ਦੇ ਟੂਰਨਾਮੈਂਟ 'ਚ ਗਿਆ ਤਾਂ ਦੂਰੋਂ ਹੀ ਕੁਮੈਂਟਰੀ ਦੇ ਮਾਰੋ-ਮਾਰ ਕਰਦੇ ਬੋਲ ਕੰਨੀਂ ਪਏ ਜਿਵੇਂ ਏ. ਕੇ. ਸੰਤਾਲੀ ਚਲਦੀ ਹੋਵੇ। ਅੱਗੇ ਜਾ ਕੇ ਵੇਖਿਆ ਤਾਂ ਸਮੱਧਰ ਕੱਦ ਤੇ ਵਿਰਲੀ ਦਾੜ੍ਹੀ ਵਾਲਾ ਛੀਂਟਕਾ ਜਿਹਾ ਨੌਜੁਆਨ ਮਾਈਕ ਫੜੀ ਮੇਲ੍ਹ ਰਿਹਾ ਸੀ। ਪਹਿਲੀ ਨਜ਼ਰੇ ਇਉਂ ਲੱਗਾ ਜਿਵੇਂ ਕਲਹਿਰੀ ਮੋਰ ਪੈਲਾਂ ਪਾ ਰਿਹਾ ਹੋਵੇ। ਬਾਅਦ ਵਿਚ ਮੈਂ ਉਹਦਾ ਨਾਂ ਹੀ 'ਕਲਹਿਰੀ ਮੋਰ' ਰੱਖ ਲਿਆ। ਉਹਦੇ ਪੈਰੀਂ ਤਿੱਲੇਦਾਰ ਜੁੱਤੀ ਸੀ ਤੇ ਅੱਖਾਂ ਉਤੇ ਫੈਸ਼ਨਦਾਰ ਕਾਲੀਆਂ ਐਨਕਾਂ। ਜੁੱਸਾ ਉਹਦਾ ਭਾਵੇਂ ਮਣ ਕੁ ਦਾ ਸੀ, ਪਰ ਗੱਲਾਂ ਕੁਇੰਟਲ-ਕੁਇੰਟਲ ਦੀਆਂ ਕਰ ਰਿਹਾ ਸੀ। ਬੋਲਾਂ ਵਿਚ ਗੜ੍ਹਕ ਸੀ ਤੇ ਪੈਰਾਂ ਵਿਚ ਫੁਰਤੀ। ਉਦੋਂ ਉਹ ਬੁਢਲਾਡੇ ਦੇ ਕੋਆਪ੍ਰੇਟਿਵ ਬੈਂਕ ਵਿਚ ਕਲਰਕ ਸੀ, ਜਿਥੋਂ ਫਿਰ ਮੈਨੇਜਰ ਬਣ ਕੇ ਰਿਟਾਇਰ ਹੋਇਆ। ਹੁਣ ਕਦੇ ਵੱਡੇ ਲੜਕੇ ਪਾਸ ਆਸਟ੍ਰੇਲੀਆ ਵਿਚ ਹੁੰਦਾ, ਕਦੇ ਛੋਟੇ ਲੜਕੇ ਪਾਸ ਬੁਢਲਾਡੇ। ਵੈਸੇ ਉਸ ਦਾ ਜੱਦੀ ਪਿੰਡ ਧਲੇਵਾਂ ਹੈ। ਨਾਨਕੇ ਬਾਹਮਣ ਵਾਲੇ ਹਨ, ਜੋ ਬਾਗੜੀ ਬੋਲਣ ਵਾਲੇ ਪਿੰਡਾਂ ਵਿਚਕਾਰ ਹੈ। ਦਸਵੀਂ ਤਕ ਉਹ ਉਥੇ ਹੀ ਪੜ੍ਹਿਆ। ਮਾਨਸਾ ਕਾਲਜ ਵਿਚ ਅਜਮੇਰ ਔਲਖ ਦਾ ਵਿਦਿਆਰਥੀ ਰਿਹਾ ਹੋਣ ਕਰਕੇ ਨਾਟਕਾਂ ਚੇਟਕਾਂ ਵਿਚ ਭਾਗ ਲੈਂਦਾ ਰਿਹਾ। ਸੱਦਾ ਮਿਲਣ 'ਤੇ ਇਲਾਕੇ ਵਿਚ ਮਾਈਕ ਤੋਂ ਸਟੇਜ ਸਕੱਤਰੀ ਕਰਦਾ ਰਿਹਾ। ਫਿਰ ਉਹਦਾ ਮਾਈਕ ਅੱਗੇ ਬੋਲਣ ਦਾ ਸ਼ੌਕ ਕਬੱਡੀ ਦੀ ਕੁਮੈਂਟਰੀ ਕਰਨ ਵਿਚ ਬਦਲ ਗਿਆ। ਜਦੋਂ ਮੇਰੇ ਸੰਪਰਕ ਵਿਚ ਆਇਆ ਤਾਂ ਖਿਡਾਰੀਆਂ ਬਾਰੇ ਲਿਖਣ ਲੱਗ ਪਿਆ।

ਉਹਦੀਆਂ ਲਿਖਤਾਂ ਵਿਚੋਂ ਓਲੰਪੀਅਨ ਖਿਡਾਰੀ ਸਵਰਨ ਸਿੰਘ ਵਿਰਕ ਬਾਰੇ ਨੇੜਲੀ ਜਾਣਕਾਰੀ ਮਿਲਦੀ ਹੈ। ਇਹ ਇਕ ਓਲੰਪੀਅਨ ਦੀ ਕਰੜੀ ਜੱਦੋ-ਜਹਿਦ ਦੀ ਲੰਮੀ ਕਹਾਣੀ ਹੈ ਕਿ ਕਿਵੇਂ ਇਕ ਨਿਮਨ ਕਿਸਾਨ ਦਾ ਪੁੱਤਰ ਖੇਤੀਬਾੜੀ 'ਚੋਂ ਪੂਰੀ ਨਾ ਪੈਂਦੀ ਵੇਖ ਫੌਜ ਵਿਚ ਭਰਤੀ ਹੁੰਦਾ ਹੈ। ਭਰਤੀ ਹੋ ਕੇ ਪਰਿਵਾਰ ਦੇ ਗੁਜ਼ਾਰੇ ਦਾ ਸਾਧਨ ਬਣਦਾ ਹੈ। ਚੰਗੇ ਕੱਦ ਕਾਠ ਕਰ ਕੇ ਰੋਇੰਗ ਵਰਗੀ ਪਾਣੀ ਦੀ ਖੇਡ ਵਿਚ ਸ਼ਾਮਲ ਕਰ ਲਿਆ ਜਾਂਦਾ ਹੈ, ਜਿਸ ਖੇਡ ਦਾ ਉਸ ਨੇ ਪਹਿਲਾਂ ਕਦੇ ਨਾਂ ਵੀ ਨਹੀਂ ਸੀ ਸੁਣਿਆ। ਉਹਦੀ ਕਹਾਣੀ ਮਿਲਖਾ ਸਿੰਘ ਤੇ ਪੰਜਾਬ ਦੇ ਹੋਰ ਕਈ ਫੌਜੀ ਖਿਡਾਰੀਆਂ ਵਰਗੀ ਹੈ, ਜੋ ਮਜਬੂਰੀ ਵੱਸ ਫੌਜ ਵਿਚ ਭਰਤੀ ਹੋਏ ਅਤੇ ਨੈਸ਼ਨਲ ਤੇ ਏਸ਼ੀਆ ਪੱਧਰ ਦੇ ਜਿੱਤ-ਮੰਚਾਂ ਉਤੇ ਚੜ੍ਹੇ।

ਸਵਰਨ ਸਿੰਘ 19ਵੇਂ ਸਾਲ ਦੀ ਉਮਰ ਵਿਚ ਭਰਤੀ ਹੋਇਆ ਅਤੇ 21ਵੇਂ ਸਾਲ ਦੀ ਉਮਰ ਵਿਚ ਮੈਡਲ ਜਿੱਤਣ ਲੱਗ ਪਿਆ। ਕਦੇ ਕੌਮੀ ਖੇਡਾਂ 'ਚੋਂ, ਕਦੇ ਏਸ਼ੀਆ ਰੋਇੰਗ ਚੈਂਪੀਅਨਸ਼ਿਪਾਂ 'ਚੋਂ ਤੇ ਕਦੇ ਏਸ਼ੀਅਨ ਖੇਡਾਂ 'ਚੋਂ। ਕਿਸੇ ਭਾਰਤੀ ਖਿਡਾਰੀ ਦਾ ਓਲੰਪਿਕ ਖੇਡਾਂ 'ਚ ਭਾਗ ਲੈਣ ਲਈ ਕੁਆਲੀਫਾਈ ਕਰਨਾ ਹੀ ਵੱਡੀ ਪ੍ਰਾਪਤੀ ਮੰਨੀ ਜਾਂਦੀ ਹੈ, ਸਵਰਨ ਸਿੰਘ ਵਿਰਕ ਨੇ ਲੰਡਨ ਦੀਆਂ ਓਲੰਪਿਕ ਖੇਡਾਂ ਵਿਚੋਂ 16ਵਾਂ ਸਥਾਨ ਪ੍ਰਾਪਤ ਕੀਤਾ। ਪੇਸ਼ ਹੈ, ਕੁਲਵੰਤ ਬੁਡਲਾਢੇ ਦੇ ਲਿਖੇ ਵਿਸਥਾਰ ਦਾ ਸੰਖੇਪਸਾਰ:

ਜਿਲਾ ਮਾਨਸਾ ਦਾ ਪਹਿਲਾ ਓਲੰਪੀਅਨ ਤੇ ਅਰਜਨਾ ਅਵਾਰਡੀ ਸਵਰਨ ਸਿੰਘ ਵਿਰਕ

1992 ਵਿਚ ਮਾਨਸਾ ਜਿਲਾ ਬਣਨ ਪਿੱਛੋਂ ਏਸ਼ੀਆਈ ਖੇਡਾਂ ਵਿਚੋਂ ਪਹਿਲਾ ਮੈਡਲ ਜਿੱਤਣ ਦਾ ਰਿਕਾਰਡ ਤਾਂ ਭਾਵੇਂ ਰੋਇੰਗ ਵਾਲੇ ਕੈਪਟਨ ਪੱਪੀ ਸਿੰਘ ਰੱਲੀਵਾਲੇ ਦੇ ਨਾਮ ਬੋਲਦੈ, ਪਰ ਓਲੰਪਿਕ ਖੇਡਾਂ ਵਿਚ ਹਿੱਸਾ ਲੈ ਕੇ ਇਤਿਹਾਸ ਰਚਣ ਵਾਲਾ ਦਲੇਲਵਾਲੇ ਪਿੰਡ ਦਾ ਜੰਮਪਲ ਸਵਰਨ ਸਿੰਘ ਵਿਰਕ ਹੈ। ਏਸ਼ੀਅਨ ਗੇਮਾਂ ਵਿਚੋਂ ਦੋ ਵਾਰ ਮੈਡਲ ਜਿੱਤ ਕੇ ਭਾਰਤ ਦਾ ਨਾਮ ਚਮਕਾਉਣ ਵਾਲੇ ਇਸ ਜੋਧੇ ਖਿਡਾਰੀ ਨੇ ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ 'ਤੇ ਦਰਜਨ ਤੋਂ ਵਧ ਮੈਡਲ ਜਿੱਤੇ ਹਨ। ਮਾਨਸਾ ਜਿਲੇ ਦਾ ਪਹਿਲਾ ਅਰਜਨਾ ਅਵਾਰਡ ਜੇਤੂ ਬਣਨਾ ਵੀ ਸਵਰਨ ਦੇ ਹਿੱਸੇ ਆਇਆ ਹੈ।




ਕੁਲਵੰਤ ਸਿੰਘ ਬੁਡਲਾਢਾ



ਓਲੰਪੀਅਨ ਖਿਡਾਰੀ ਸਵਰਨ ਸਿੰਘ ਵਿਰਕ

ਸਮੁੱਚੇ ਭਾਰਤ ਅਤੇ ਏਸ਼ੀਆ ਪੱਧਰ 'ਤੇ ਮੈਡਲ ਤੇ ਮਾਨ ਸਨਮਾਨ ਪ੍ਰਾਪਤ ਕਰਨ ਵਾਲੇ ਇਸ ਖਿਡਾਰੀ ਦੇ ਖੇਡ ਜੀਵਨ ਦੀਆਂ ਪਰਤਾਂ ਫਰੋਲਣ 'ਤੇ ਪਤਾ ਲਗਦੈ ਕਿ ਮੈਡਲ ਜਿੱਤਣੇ ਤੇ ਮਾਨ ਸਨਮਾਨ ਹਾਸਲ ਕਰਨੇ ਸੌਖੇ ਨਹੀਂ ਹੁੰਦੇ। ਏਡੀ ਕਾਮਯਾਬੀ ਹਾਸਲ ਕਰਨ ਲਈ ਬਚਪਨ ਤੇ ਜੁਆਨੀ ਦੇ ਸਾਰੇ ਸੁਖ ਆਰਾਮ ਤਿਆਗ ਕੇ ਮਿਹਨਤਾਂ, ਮੁਸ਼ੱਕਤਾਂ ਨਾਲ ਯਾਰੀ ਗੰਢਣੀ ਪੈਂਦੀ ਐ। ਸਿਆਣਿਆਂ ਦੇ ਕਥਨ ਨੇ ਕਿ ਸਫਲਤਾ ਕਦੇ ਸੌਖੀ ਨਹੀਂ ਹੱਥ ਆਉਂਦੀ। ਹਰ ਸਫਲਤਾ ਦੇ ਪਿੱਛੇ ਅਸਫਲਤਾ ਦੀਆਂ ਅਣਗਿਣਤ ਕਹਾਣੀਆਂ ਹੁੰਦੀਆਂ ਹਨ। ਸਫਲ ਵਿਅਕਤੀ ਦੀ ਚਮਕ ਦਮਕ ਵੇਖ ਕੇ ਤਾਂ ਲੋਕ ਚਕਾਚੌਂਧ ਹੁੰਦੇ ਹੀ ਨੇ, ਪਰ ਉਸ ਦੁਆਰਾ ਦੇਖੇ ਕਾਲੇ ਹਨੇਰਿਆਂ ਤੋਂ ਵਧੇਰੇ ਲੋਕ ਅਣਜਾਣ ਹੀ ਰਹਿੰਦੇ ਨੇ।

20 ਫਰਵਰੀ 1990 ਨੂੰ ਪਿੰਡ ਦਲੇਲਵਾਲੇ ਵਿਚ ਪਹਿਲੀ ਕਿਲਕਾਰੀ ਮਾਰਨ ਵਾਲੇ ਸਵਰਨ ਦੇ ਪਰਿਵਾਰ ਦਾ ਸੰਘਰਸ਼ ਵੀ ਮੈਡਲ ਜਿੱਤਣ ਵਰਗਾ ਹੀ ਹੈ। ਦੇਸ਼ ਵੰਡ ਦਾ ਸੰਤਾਪ ਭੋਗ ਕੇ, ਸਭ ਕੁਝ ਲੁਟਾ-ਪੁਟਾ ਕੇ ਖਾਲੀ ਹੱਥ ਆਉਣ ਵਾਲੇ ਅਨੇਕਾਂ ਪਰਿਵਾਰਾਂ ਵਿਚ ਇਹਦੇ ਦਾਦਾ ਜੈਮਲ ਸਿੰਘ ਵਿਰਕ ਵੀ ਸਨ। ਦਲੇਲਵਾਲੇ ਪਿੰਡ ਵਿਚ ਏਸ ਪਰਿਵਾਰ ਨੂੰ ਟਿਬਿਆਂ ਵਾਲੀ ਉੱਚੀ ਨੀਵੀਂ ਤੇ ਰੇਤਲੀ ਜ਼ਮੀਨ ਮਿਲੀ ਸੀ। ਸਵਰਨ ਅਜੇ ਪੰਜ ਸੱਤ ਦਿਨਾਂ ਦਾ ਹੀ ਸੀ, ਜਦੋਂ ਜ਼ਮੀਨ ਦੀ ਪਰਿਵਾਰਕ ਵੰਡ ਹੋ ਗਈ। ਪੈਂਦੀ ਸੱਟੇ ਇਹਦੀ ਮਾਤਾ ਸੁਰਜੀਤ ਕੌਰ ਤੇ ਪਿਤਾ ਗੁਰਮੁਖ ਸਿਉਂ ਨੂੰ ਆਪਣੇ ਬੋਟਾਂ ਦੀ ਸੰਭਾਲ ਲਈ ਨਵਾਂ ਆਲ੍ਹਣਾ ਬਣਾਉਣਾ ਪੈ ਗਿਆ। ਸਵਰਨ ਦਾ ਵੱਡਾ ਭਰਾ ਲਖਵਿੰਦਰ ਓਸ ਵੇਲੇ ਸਾਲ ਕੁ ਦਾ ਸੀ। ਕੱਚਾ ਪਿੱਲਾ ਮਕਾਨ ਬਣਾਏ ਨੂੰ ਅਜੇ ਦੋ ਸਾਲ ਹੀ ਹੋਏ ਸਨ ਕਿ 1992 ਵਿਚ ਘੱਗਰ ਦਰਿਆ ਦਾ ਹਰਿਆਣੇ ਦੇ ਪਿੰਡ ਚਾਂਦਪੁਰੇ ਵਾਲਾ ਬੰਨ੍ਹ ਟੁੱਟਣ ਕਾਰਨ ਇਨ੍ਹਾਂ ਦਾ ਪਿੰਡ ਵੀ ਪਾਣੀ ਦੀ ਲਪੇਟ ਵਿਚ ਆ ਗਿਆ। ਘਰ ਦੁਆਲੇ ਬੰਨ੍ਹ ਮਾਰ ਕੇ ਉਹ ਤਾਂ ਬਚਾਅ ਲਿਆ ਗਿਆ, ਪਰ ਪੰਜਾਬ ਤੇ ਹਰਿਆਣੇ ਦੇ ਪੱਚੀ ਤੀਹ ਪਿੰਡਾਂ ਦੀਆਂ ਫਸਲਾਂ ਬਰਬਾਦ ਹੋ ਗਈਆਂ। ਸੰਕਟ ਦਾ ਇਹ ਓਹੋ ਜਿਹਾ ਸਮਾਂ ਸੀ, ਜਦੋਂ ਪੰਜਾਬੀ ਭਾਈਚਾਰੇ ਦੀ ਪਰਖ ਹੁੰਦੀ ਰਹੀ ਐ ਕਿ ਕੌਣ ਮਦਦ ਲਈ ਬਹੁੜਦੈ? ਸਮਾਜ ਸੇਵੀ ਲੰਗਰ ਤੋਂ ਲੈ ਕੇ ਕੱਪੜੇ ਲੀੜੇ ਤੇ ਮੱਛਰਦਾਨੀਆਂ ਤਕ ਵੀ ਲੋੜਵੰਦਾਂ ਲਈ ਪਹੁੰਚਦੀਆਂ ਕਰ ਦਿੰਦੇ ਨੇ। ਦੋ-ਢਾਈ ਸਾਲਾਂ ਦੇ ਸਵਰਨ ਨੂੰ ਉਹ ਹਾਲਾਤ ਅੱਜ ਵੀ ਯਾਦ ਨੇ। ਆਖਰ ਮਿਹਨਤੀ ਪਰਿਵਾਰ ਹਿੰਮਤ ਨਾਲ ਨਿਕਲ ਹੀ ਜਾਂਦੇ ਨੇ ਅਜਿਹੀਆਂ ਆਫਤਾਂ ਵਿਚੋਂ,

ਨਾਲ ਮਿਹਨਤਾਂ ਸਿੰਜਦੇ, ਜੋ ਵੀ ਆਪਣੇ ਰੁੱਖ।

ਪੈਰ ਚੁੰਮਦੀਆਂ ਖੁਸ਼ੀਆਂ, ਦੂਰ ਹੁੰਦੇ ਸਭ ਦੁੱਖ।

ਆਫਤ ਆਈ ਤੋਂ ਆਦਮੀ, ਜਾਂਦੇ ਜੋ ਘਬਰਾਅ

ਉਹ ਦੂਣੀ ਚੌਣੀ ਹੋ ਕੇ, ਮੱਲ ਲੈਂਦੀ ਹੈ ਰਾਹ।

ਉਹਦੇ ਬਾਪੂ ਨੂੰ ਵੰਡ ਦੇ ਹਿੱਸੇ ਅੱਠ ਏਕੜ ਜ਼ਮੀਨ ਆਈ ਸੀ, ਜਿਸ ਵਿਚੋਂ ਤਿੰਨ ਏਕੜ 'ਚ ਹੀ ਫਸਲ ਹੁੰਦੀ ਸੀ, ਜਦੋਂ ਕਿ ਬਾਕੀ ਦੇ ਪੰਜ ਏਕੜ ਟਿੱਬੇ ਸਨ। ਬਲਦ ਵੀ ਇਕੋ ਹਿੱਸੇ ਆਇਆ ਸੀ। ਪਿੰਡ ਵਿਚ ਕਿਸੇ ਮਿੱਤਰ ਪਿਆਰੇ ਨਾਲ ਵਿੜ੍ਹੀ ਕਰ ਲਈ ਸੀ, ਖੇਤੀ ਦੇ ਕੰਮ ਵਾਸਤੇ। ਇਕ ਬਲਦ ਇਨ੍ਹਾਂ ਦਾ ਤੇ ਇਕ ਵਿੜ੍ਹੀ ਵਾਲੇ ਗੁਆਂਢੀਆਂ ਦਾ, ਰਲ-ਮਿਲ ਕੇ ਖੇਤੀ ਕਰਦੇ ਰਹੇ। ਬਾਪੂ ਨੇ ਦੋਹਾਂ ਪੁੱਤਾਂ ਨੂੰ ਬੋਹੇ ਦੇ ਜਨਤਾ ਮਾਡਲ ਪ੍ਰਾਈਵੇਟ ਸਕੂਲ ਵਿਚ ਪੜ੍ਹਨੇ ਪਾ ਦਿੱਤਾ। ਪਿੰਡਾਂ ਦੇ ਕੱਚੇ ਰਸਤਿਆਂ ਤੋਂ ਦੀ ਆਉਂਦੀ ਪ੍ਰਾਈਵੇਟ ਬੱਸ 'ਤੇ ਉਹ ਸਕੂਲ ਪੜ੍ਹਨ ਜਾਂਦੇ। ਇਕ ਦਿਨ ਮੀਂਹ ਪੈਣ ਨਾਲ ਕੱਚੇ ਰਸਤੇ ਵਿਚ ਬੱਸ ਪਲਟ ਗਈ। ਸਵਰਨ ਨੂੰ ਤਾਂ ਖਾਸ ਸੱਟ ਨਾ ਲੱਗੀ, ਪਰ ਵੱਡੇ ਭਾਈ ਦਾ ਹੱਸ ਟੁੱਟ ਗਿਆ। ਇਕ ਮਹੀਨਾ ਉਹ ਸਕੂਲ ਨਾ ਜਾ ਸਕਿਆ। ਏਸ ਚੌਧਰੀ ਨੂੰ ਮੌਜਾਂ ਲੱਗ ਗਈਆਂ ਸਕੂਲੋਂ ਟਾਲਾ ਵੱਟਣ ਦੀਆਂ; ਪਰ ਜਦੋਂ ਮਾਪਿਆਂ ਨੂੰ ਪਤਾ ਲੱਗਾ ਤਾਂ ਪਹਿਲੀ ਕੰਡ ਝਾੜ ਨਾਲ ਹੀ ਲੀਹੇ ਪੈ ਗਿਆ।

ਫਿਰ ਦੋਵੇਂ ਭਾਈ ਪੰਜਵੀਂ ਦਾ ਇਮਤਿਹਾਨ ਦੇ ਕੇ ਆਪਣੇ ਪਿੰਡ ਦੇ ਸਰਕਾਰੀ ਸਕੂਲ ਵਿਚ ਹੀ ਪੜ੍ਹਨ ਲੱਗ ਗਏ। ਸਕੂਲ ਦੇ ਮਾਸਟਰ ਇਹਦੇ ਘਰ ਵਾਲਿਆਂ ਨੂੰ ਕਹਿੰਦੇ ਵੱਡੇ ਨੂੰ ਤਾਂ ਅਸੀਂ ਦਾਖਲ ਕਰ ਲਵਾਂਗੇ, ਪਰ ਆਹ ਛੋਟਾ ਸਵਰਨਾ ਤਾਂ ਪੂਰਾ ਹੀ ਨਾਲਾਇਕ ਹੈ, ਇਹਨੂੰ ਕਿਸੇ ਪ੍ਰਾਈਵੇਟ ਸਕੂਲ ਵਿਚ ਲਾ ਦਿਓ। ਜਦੋਂ ਪੰਜਵੀਂ ਦਾ ਨਤੀਜਾ ਵੇਖਿਆ ਤਾਂ ਇਹ ਚੌਧਰੀ ਚਾਰੇ ਖਾਨੇ ਚਿੱਤ ਪਾਇਆ ਗਿਆ। ਫਿਰ ਸ਼ੁਕੀਨ ਪੁੱਤ ਨੇ ਝੁਨੀਰ ਵੱਲ ਨੂੰ ਮੋੜਾ ਕੱਟ ਲਿਆ। ਸੱਤਵੀਂ ਤਕ ਝੁਨੀਰ ਪੜ੍ਹਿਆ ਤੇ ਅੱਠਵੀਂ ਵਿਚ ਅੱਕਾਂਵਾਲੀ ਦੇ ਗੁਰੂ ਨਾਨਕ ਦੇਵ ਪ੍ਰਾਈਵੇਟ ਸਕੂਲ ਜਾ ਧਰਿਆ ਕਿਤਾਬਾਂ ਵਾਲਾ ਬੈਗ। ਘਰ ਕੋਈ ਸਾਈਕਲ ਵੀ ਨਹੀਂ ਸੀ ਹੁੰਦਾ, ਮੰਗਵੇਂ ਸਾਈਕਲ 'ਤੇ ਸਕੂਲ ਜਾਂਦਾ। ਰੋਜ਼ ਰੋਜ਼ ਭਲਾ ਕੌਣ ਦਿੰਦੈ ਮੰਗਵਾਂ, ਜੱਟਾਂ ਨੇ ਤਾਂ ਟਰਾਲੀ 'ਤੇ ਵੀ ਲਿਖਵਾਇਆ ਹੁੰਦੈ, 'ਨਿੱਤ ਮੰਗਵੀਂ ਨਾ ਮਿਲਦੀ ਟਰਾਲੀ, ਆਪਣੀ ਬਣਾ ਲੈ ਮਿੱਤਰਾ।' ਸਾਈਕਲ ਨਾ ਮਿਲਦਾ ਤਾਂ ਤੁਰ ਕੇ ਵਾਟਾਂ ਨਿਬੇੜਦਾ। ਅੱਠਾਂ ਦੀ ਕਲਾਸ ਵਿਚੋਂ ਸਾਰਿਆਂ ਤੋਂ ਮਲੂਕੜਾ ਵੀ ਇਹੀ ਹੁੰਦਾ ਸੀ। ਓਦੋਂ ਕਾਲੇ ਧਾਗੇ ਵਿਚ ਪਰੋ ਕੇ ਚਾਂਦੀ ਦਾ ਮੜ੍ਹਿਆ ਤਵੀਤ ਡੌਲੇ ਨਾਲ ਬੰਨ੍ਹ ਕੇ ਰੱਖਦਾ ਸੀ। ਅੱਠਵੀਂ ਕਰ ਕੇ ਇਹ ਝੁਨੀਰ ਵੱਲ ਨੂੰ ਹੋ ਤੁਰਿਆ। ਨੌਂਵੀਂ ਜਮਾਤ ਦਸ਼ਮੇਸ਼ ਸਕੂਲ ਝੁਨੀਰ ਵਿਚ ਪੜ੍ਹਦੇ ਨੇ ਵਾਲੀਬਾਲ ਖੇਡਣੀ ਸ਼ੁਰੂ ਕੀਤੀ। ਵੱਡਾ ਭਾਈ ਪੜ੍ਹਨ ਵਿਚ ਵਾਹਵਾ ਹੁਸ਼ਿਆਰ ਸੀ। ਉਹ ਘਰ ਦੇ ਕੰਮ ਵੀ ਨਿੱਠ ਕੇ ਕਰਦਾ, ਪਰ ਸਵਰਨ ਟਾਲ ਮਟੋਲ ਕਰ ਛੱਡਦਾ। ਮਾਤਾ ਨੇ ਕਹਿਣਾ, ਪੜ੍ਹ ਲਿਆ ਕਰ, ਨਹੀਂ ਤਾਂ ਡੰਗਰ ਵੱਛੇ ਚਾਰਨ ਜੋਗਾ ਹੀ ਰਹਿ ਜਾਵੇਂਗਾ। ਇਹਨੇ ਕਹਿਣਾ, ਮੈਂ ਤਾਂ ਫੌਜੀ ਬਣੂੰ। ਦਸਵੀਂ ਦੇ ਪੇਪਰਾਂ ਵੇਲੇ ਦੱਬ ਕੇ ਮਿਹਨਤ ਕੀਤੀ ਤੇ ਨਲਾਇਕ ਕਹਾਉਣ ਵਾਲਾ ਮੁੰਡਾ 47% ਨੰਬਰ ਲੈ ਕੇ ਪਾਸ ਹੋ ਗਿਆ।

ਫੌਜ ਦੀ ਭਰਤੀ ਹੋਣ ਲਈ ਬਾਰਾਂ ਜਮਾਤਾਂ ਪਾਸ ਕਰਨੀਆਂ ਜ਼ਰੂਰੀ ਸਨ। ਸਵਰਨ ਨੇ 10+2 ਕਰਨ ਲਈ ਝੁਨੀਰ ਦੇ ਸਰਕਾਰੀ ਸਕੂਲ ਦਾਖਲਾ ਲੈ ਲਿਆ। ਬਾਪੂ ਨਾਲ ਰਾਤਾਂ ਨੂੰ ਪਾਣੀ ਦੀਆਂ ਵਾਰੀਆਂ ਵੀ ਲਵਾਈਆਂ। ਸਰਦੀਆਂ ਵਿਚ ਰਾਤ ਨੂੰ ਪਾਣੀ ਦੀ ਵਾਰੀ ਸਮੇਂ ਟੋਕਰਾ ਪਾਥੀਆਂ ਲੈ ਜਾਂਦਾ ਤੇ ਅੱਗ ਨਾ ਬੁਝਣ ਦਿੰਦਾ। ਨੱਕੇ ਤਾਂ ਸਾਰੇ ਬਾਪੂ ਮੋੜਦਾ, ਪਰ ਨਿੱਘ ਇਹ ਦਿੰਦਾ।

10+2 ਦੇ ਪੇਪਰ ਦੇ ਕੇ ਸਵਰਨ ਖੇਤੀ ਵਿਚ ਪੂਰੀ ਜ਼ਿੰਮੇਵਾਰੀ ਨਾਲ ਬਾਪੂ ਦਾ ਸਾਥੀ ਬਣ ਗਿਆ। ਕਣਕ ਦੀ ਸਾਰੀ ਵਾਢੀ ਆਪਣੇ ਹੱਥੀਂ ਕਰਵਾਈ। ਦਾਣਾ ਫੱਕਾ ਨਬੇੜ ਕੇ ਤੇ ਤੂੜੀ ਤੰਦ ਸਾਂਭ ਕੇ ਨਰਮੇ ਦੀ ਬਿਜਾਈ ਵੀ ਕਰਵਾ ਦਿੱਤੀ। ਉਸ ਸਮੇਂ ਘਰ ਵਿਚ ਤਿੰਨ ਖੁਸ਼ੀਆਂ ਨੇ ਅੱਗੜ ਪਿੱਛੜ ਦਸਤਕ ਦਿੱਤੀ। ਪਹਿਲੀ ਖੁਸ਼ੀ ਵੱਡੇ ਭਰਾ ਦਾ ਪੰਜਾਬ ਪੁਲਿਸ ਵਿਚ ਭਰਤੀ ਹੋਣਾ, ਦੂਜੀ ਖੁਸ਼ੀ ਸੀ ਘਰ ਦੀ ਘੋੜੀ ਨੇ ਨੁਕਰੀ ਵਛੇਰੀ ਨੂੰ ਜਨਮ ਦੇਣਾ ਤੇ ਤੀਜੀ ਖੁਸ਼ੀ ਬਣ ਗਈ ਸਵਰਨ ਦਾ ਬਾਰ੍ਹਵੀਂ ਪਾਸ ਹੋਣਾ। ਵੱਡੇ ਭਾਈ ਦੀ ਤਨਖਾਹ ਆਉਣ ਨਾਲ ਘਰ ਦਾ ਗੁਜ਼ਾਰਾ ਤੁਰਨ ਲੱਗ ਪਿਆ। ਸਵਰਨ ਵੀ ਹੁਣ ਫੌਜੀ ਬਣਨ ਲਈ ਤਣੇ ਤੁੜਾਉਣ ਲੱਗ ਪਿਆ। ਪਹਿਲੀ ਭਰਤੀ ਬਠਿੰਡੇ ਦੀ ਆਈ। ਚਾਰ ਸੌ ਮੀਟਰ ਟਰੈਕ ਦੇ ਚਾਰੇ ਚੱਕਰ ਸਭ ਤੋਂ ਪਹਿਲਾਂ ਪੂਰੇ ਕੀਤੇ, ਪਰ ਮੈਡੀਕਲ ਟੈਸਟ ਵਿਚੋਂ ਇਹ ਕਹਿ ਕੇ ਬਾਹਰ ਕਰ ਦਿੱਤਾ ਕਿ ਤੇਰੀਆਂ ਅੱਖਾਂ ਵਿਚ ਤਾਂ ਧੱਬੇ ਨੇ। ਦੂਜੀ ਭਰਤੀ ਲੁਧਿਆਣੇ ਆਈ, ਓਥੇ ਫੇਰ ਸਾਰੇ ਟ੍ਰਾਇਲ ਪਹਿਲੇ ਨੰਬਰ 'ਤੇ ਰਹਿ ਕੇ ਪਾਸ ਕੀਤੇ। ਉਥੇ ਅੱਖੀਆਂ ਦੇ ਵਣਜ ਵੀ ਵਪਾਰੀਆਂ ਨੂੰ ਸੋਹਣੇ ਲੱਗੇ ਤੇ ਸੁੱਖੀਂ ਸਾਂਦੀ ਮੈਡੀਕਲ ਟੈਸਟ ਵਿਚੋਂ ਵੀ ਪਾਸ ਹੋ ਗਿਆ। ਲਿਖਤੀ ਪੇਪਰ ਦੀਆਂ ਤਰੀਕਾਂ ਨੇੜੇ ਆ ਗਈਆਂ, ਪਰ ਨਤੀਜਾ ਆਉਣ 'ਤੇ ਫਿਰ ਮੂਧੇ ਮੂੰਹ ਡਿੱਗ ਪਿਆ। ਤਦ ਪਤਾ ਲੱਗਾ ਮੌਜੀ ਠਾਕੁਰ ਨੂੰ ਕਿ ਪੜ੍ਹਾਈ ਦੀ ਕਿੰਨੀ ਅਹਿਮੀਅਤ ਹੁੰਦੀ ਐ?

ਤੀਜੀ ਭਰਤੀ ਰਾਮਗੜ੍ਹ ਸੈਂਟਰ ਰਾਂਚੀ ਦੀ ਆ ਗਈ। ਘਰ ਦੇ ਕਹਿਣ ਦੂਰ ਐ, ਨਹੀਂ ਜਾਣਾ, ਏਨੀ ਦੂਰ 'ਕੱਲਾ ਕਿਵੇਂ ਜਾਵੇਂਗਾ? ਟੱਪਿਆ ਤਾਂ ਕਦੇ ਜਾਖਲ ਨ੍ਹੀਂ, ਪਰ ਇਹ ਕਿੱਥੇ ਟਲਦਾ ਸੀ? ਜਵਾਨੀ ਦੇ ਜੋਸ਼ ਮੂਹਰੇ ਕੀ ਦਿੱਲੀ ਤੇ ਕੀ ਦੱਖਣ? ਪਿੰਡ ਦੇ ਇਕ ਸਾਥੀ ਨੂੰ ਨਾਲ ਲੈ ਕੇ ਠਿੱਲ੍ਹ ਪਿਆ ਰਾਮਗੜ੍ਹ ਸੈਂਟਰ ਵੱਲ। ਰਾਂਚੀ ਟ੍ਰਾਇਲ ਦਿੱਤੇ, ਤੀਜੀ ਵਾਰੀ ਵੀ ਨੰਬਰ ਇੱਕ ਵਾਲਾ ਝੰਡਾ ਗੱਡ ਦਿੱਤਾ। ਮੈਡੀਕਲ ਟੈਸਟ ਵੀ ਪਾਸ ਕਰ ਲਿਆ, ਲਿਖਤੀ ਪੇਪਰ ਦੇਣ ਦੀ ਤਰੀਕ ਵੀ ਮਿਲ ਗਈ। ਪਿੰਡ ਆ ਕੇ ਪੇਪਰ ਦੀ ਤਿਆਰੀ ਵਿਚ ਜੁੱਟ ਗਿਆ। ਦਿਨ ਰਾਤ ਦੀ ਮਿਹਨਤ ਰੰਗ ਲਿਆਈ। ਪੱਪੂ ਪਾਸ ਹੋ ਗਿਆ। ਹੁਣ ਤਾਂ ਭਰਤੀ ਪੱਤਰ ਹੀ ਆਉਣਾ ਸੀ, ਛਾਉਣੀ 'ਚ ਨਾਂ ਲਿਖਵਾਉਣ ਦਾ।

ਰਾਮਗੜ੍ਹ ਰਾਂਚੀ ਸੈਂਟਰ ਪਹੁੰਚ ਕੇ 21 ਜੁਲਾਈ 2008 ਨੂੰ ਹਾਜ਼ਰੀ ਭਰੀ। ਨਵੇਂ ਰੰਗਰੂਟਾਂ ਵਿਚੋਂ ਮਾਨਸਾ ਦੇ ਛੇ ਜਵਾਨ ਇੱਕੋ ਜਗ੍ਹਾ 'ਕੱਠੇ ਹੋ ਗਏ। ਟ੍ਰੇਨਿੰਗ ਚਾਲੂ ਹੋ ਗਈ। ਫੌਜੀ ਸਿਖਲਾਈ ਬੰਦੇ ਨੂੰ 'ਬੰਦਾ' ਬਣਾ ਦਿੰਦੀ ਐ। 21 ਮਈ 2009 ਨੂੰ ਟ੍ਰੇਨਿੰਗ ਪੂਰੀ ਕਰ ਕੇ ਰੰਗਰੂਟ ਤੋਂ ਸਿਪਾਹੀ ਬਣਨ ਦੀ ਸਹੁੰ ਚੁੱਕੀ। ਦਸ ਸਿੱਖ ਰੈਜੀਮੈਂਟ ਵਿਚ ਚੋਣ ਹੋ ਗਈ। ਪਿੰਡ ਪਹਿਲੀ ਛੁੱਟੀ ਕੱਟ ਕੇ ਵਾਪਸ ਰਾਮਗੜ੍ਹ ਪਹੁੰਚਦਿਆਂ ਪੂਨੇ ਤੋਂ ਇੱਕ ਪੱਤਰ ਆਇਆ, ਸਿਪਾਹੀ ਸਵਰਨ ਸਿੰਘ ਵਿਰਕ ਰੋਇੰਗ ਲਈ ਹਾਜ਼ਰ ਹੋ। ਸਤੰਬਰ 2009 ਨੂੰ ਇਸ ਜਵਾਨ ਨੇ ਪੂਨੇ ਜਾ ਹਾਜ਼ਰੀ ਭਰੀ। ਤਿੰਨ ਚਾਰ ਮਹੀਨੇ ਰੋਇੰਗ ਦੀ ਦੱਬ ਕੇ ਪ੍ਰੈਕਟਿਸ ਕੀਤੀ ਤੇ ਸਿੰਗਲ ਸਕੱਲ ਈਵੈਂਟ ਵਿਚ ਜ਼ੋਰ ਅਜ਼ਮਾਈ ਕੀਤੀ। ਖੇਡਾਂ ਵਿਚ ਜ਼ੋਰ ਦੇ ਨਾਲ ਜੁਗਤ ਵੀ ਲੜਾਉਣੀ ਪੈਂਦੀ ਐ। ਇਹਦੇ ਕੋਲ ਜ਼ੋਰ ਤਾਂ ਵਾਧੂ ਸੀ, ਪਰ ਜੁਗਤ ਦੀ ਘਾਟ ਸੀ। ਜ਼ਿਆਦਾ ਜ਼ੋਰ ਲਾਉਣ 'ਤੇ ਕਿਸ਼ਤੀ ਪਲਟੀ ਮਾਰ ਜਾਂਦੀ ਸੀ। ਉਹੀ ਗੱਲ ਹੋਈ। ਇਕ ਦਿਨ ਸੱਟ ਖਾ ਬੈਠਾ। ਪਿੱਠ ਵਿਚ ਦਰਦ ਸ਼ੁਰੂ ਹੋ ਗਿਆ। ਦਰਦ ਏਨਾ ਸੀ ਕਿ ਤੁਰਨ ਵਿਚ ਵੀ ਤਕਲੀਫ ਹੁੰਦੀ ਸੀ। ਮਸੀਂ ਇਲਾਜ ਹੋਇਆ।

2010 ਵਿਚ ਆਰਮੀ ਦੇ ਰੋਇੰਗ ਮੁਕਾਬਲੇ ਸ਼ੁਰੂ ਹੋ ਗਏ। ਨਵੇਂ ਸਿਖਾਂਦਰੂ ਨੂੰ ਚੱਪੂ ਚਲਾਉਣ ਦਾ ਕੁਝ ਕੁ ਵੱਲ ਆ ਗਿਆ ਸੀ। ਬੱਸ ਇੱਕੋ ਵੱਡੀ ਕਮਜ਼ੋਰੀ ਸੀ ਬੈਲੇਂਸ ਨਾ ਰੱਖਣ ਦੀ। ਕਈ ਵਾਰ ਜ਼ਿਆਦਾ ਜ਼ੋਰ ਲਾਉਣ ਕਰਕੇ ਬੋਟ ਪਲਟੀ ਮਾਰ ਜਾਂਦੀ ਸੀ। ਮੁਕਾਬਲਾ ਸ਼ੁਰੂ ਹੋਇਆ ਤਾਂ ਇਹਨੇ ਆਰਮੀ ਰੋਇੰਗ ਨੋਡ ਦਾ ਸਭ ਤੋਂ ਵਧੀਆ ਸਮਾਂ ਕੱਢ ਕੇ ਨਵਾਂ ਰਿਕਾਰਡ ਰੱਖ ਦਿੱਤਾ ਤੇ ਆਪਣੀ ਜ਼ਿੰਦਗੀ ਦਾ ਪਹਿਲਾ ਗੋਲਡ ਮੈਡਲ ਜਿੱਤ ਲਿਆ।

ਸਵਰਨ ਦੀ ਇਸ ਮਾਣਮੱਤੀ ਪ੍ਰਾਪਤੀ ਨੂੰ ਵੇਖਦਿਆਂ ਇਹਨੂੰ ਸੀਨੀਅਰ ਟੀਮ ਵਿਚ ਸ਼ਾਮਲ ਕਰ ਲਿਆ ਗਿਆ। ਇਹ ਡਬਲ ਸਕੱਲ ਯਾਨਿ ਦੋ ਚਾਲਕਾਂ ਵਾਲੀ ਰੇਸ ਦੀ ਤਿਆਰੀ ਕਰਨ ਲੱਗ ਪਿਆ। 2010 ਵਿਚ ਹੋਣ ਵਾਲੀਆਂ ਏਸ਼ੀਆਈ ਖੇਡਾਂ ਦਾ ਰੋਇੰਗ ਕੈਂਪ ਹੈਦਰਾਬਾਦ ਲੱਗਾ। ਰੇਸ ਸ਼ੁਰੂ ਹੋਣ 'ਤੇ 250 ਕੁ ਮੀਟਰ ਦੇ ਫਾਸਲੇ 'ਤੇ ਜਾ ਕੇ ਇਹਦੀ ਬੋਟ ਲੋਟਣੀ ਖਾ ਗਈ। ਇਹ ਘਬਰਾਇਆ ਨਹੀਂ, ਸਗੋਂ ਓਹਨੂੰ ਸਿੱਧੀ ਕਰਨ ਲਈ ਜ਼ੋਰ ਅਜ਼ਮਾਈ ਕਰਦਾ ਰਿਹਾ। ਮੁਕਾਬਲਾ ਵੇਖਣ ਆਇਆ ਰੋਇੰਗ ਦਾ ਕੌਮੀ ਪ੍ਰਧਾਨ ਇਹਨੂੰ ਜੱਦੋ-ਜਹਿਦ ਕਰਦੇ ਵੇਖ ਕੇ ਕਹਿ ਰਿਹਾ ਸੀ, ਇਹ ਜਵਾਨ ਕਿਸੇ ਦਿਨ ਦੇਸ਼ ਦਾ ਹੀਰੋ ਬਣੇਗਾ।

2011 ਵਿਚ ਸੀਨੀਅਰ ਨੈਸ਼ਨਲ ਦੇ ਮੁਕਾਬਲੇ ਆ ਗਏ। ਸਵਰਨ ਨੇ ਇਥੇ ਸੈਨਾ ਦੇ ਤਿੰਨ ਵਿੰਗਾਂ-ਆਰਮੀ, ਨੇਵੀ ਤੇ ਹਵਾਈ ਸੈਨਾ ਵੱਲੋਂ ਸਰਵਿਸ ਦੀ ਟੀਮ ਦੇ ਖਿਡਾਰੀ ਵਜੋਂ ਭਾਗ ਲਿਆ। ਸਾਰਿਆਂ ਨੂੰ 50 ਮੀਟਰ ਦੀ ਲੀਡ ਦੇ ਕੇ ਪਹਿਲਾ ਨੈਸ਼ਨਲ ਗੋਲਡ ਮੈਡਲ ਜਿੱਤ ਲਿਆ ਤੇ ਦੇਸ਼ ਦਾ ਕੌਮੀ ਰਿਕਾਰਡ ਆਪਣੇ ਨਾਮ ਕਰ ਲਿਆ। ਇੱਕ ਸਾਲ ਚਾਰ ਮਹੀਨਿਆਂ ਦੀ ਤਿਆਰੀ ਕਰ ਕੇ, ਨੈਸ਼ਨਲ ਵਿਚੋਂ ਨਵਾਂ ਰਿਕਾਰਡ ਸਥਾਪਤ ਕਰ ਕੇ, ਸੋਨੇ ਦਾ ਮੈਡਲ ਜਿੱਤਣ ਦਾ ਰਿਕਾਰਡ ਅੱਜ ਵੀ ਸਵਰਨ ਦੇ ਨਾਮ ਬੋਲਦੈ।

2011 ਵਿਚ ਹੀ ਸਵਰਨ ਨੈਸ਼ਨਲ ਟੀਮ ਦੇ ਕੈਂਪ ਵਿਚ ਪਹੁੰਚ ਗਿਆ। ਸਤੰਬਰ 2011 ਵਿਚ ਵਿਸ਼ਵ ਰੋਇੰਗ ਮੁਕਾਬਲਿਆਂ ਦੀ ਤਾਰੀਖ ਆ ਗਈ। ਟਰਾਇਲ ਹੋਏ ਤੇ ਸਵਰਨ ਨੂੰ ਬਜਰੰਗ ਦੇ ਨਾਲ ਸਪੇਅਰ ਵਜੋਂ ਚੁਣ ਲਿਆ। ਮੁਕਾਬਲੇ ਲਈ ਯੂਰਪ ਦੇ ਦੇਸ਼ ਸਲੋਵੀਨੀਆ ਜਾਣਾ ਸੀ। ਜਦੋਂ ਇੰਡੀਆ ਵਾਲੀ ਜਰਸੀ ਪਾ ਕੇ ਪਹਿਲੀ ਵਾਰ ਸ਼ੀਸ਼ੇ ਸਾਹਮਣੇ ਹੋ ਕੇ ਆਪਣੇ ਆਪ ਨੂੰ ਨਿਹਾਰਿਆ ਤਾਂ ਓਹੀ ਖੇਤਾਂ ਵਿਚ ਨਰਮੇ ਦੀ ਗੋਡੀ ਕਰਨ ਤੇ ਤਿਰਫਾਲੀ ਫੇਰਨ ਦਾ ਸਮਾਂ ਯਾਦ ਆ ਗਿਆ। ਸਲੋਵਾਨੀਆ ਵਿਚ ਵਿਸ਼ਵ ਦੇ ਚੋਟੀ ਦੇ ਰੋਅਰਾਂ ਵਿਚੋਂ 17ਵੇਂ ਨੰਬਰ 'ਤੇ ਆਉਣ ਵਾਲਾ ਸਵਰਨ ਪਹਿਲਾ ਭਾਰਤੀ ਬਣਿਆ। ਇਸ ਤੋਂ ਪਹਿਲਾਂ ਭਾਰਤ ਦਾ 27ਵਾਂ ਤੇ 21ਵਾਂ ਨੰਬਰ ਹੀ ਆਇਆ ਸੀ।

ਫਿਰ ਸਵਰਨ ਦੀ ਚੋਣ 2012 ਵਿਚ ਹੋਣ ਵਾਲੀਆਂ ਉਲੰਪਿਕ ਖੇਡਾਂ ਲਈ ਹੋ ਗਈ। ਰੋਇੰਗ ਦੇ ਇਤਿਹਾਸ ਵਿਚ 2 ਸਾਲ 11 ਮਹੀਨਿਆਂ ਦੇ ਖੇਡ ਸਫਰ ਵਾਲਾ ਪਹਿਲਾ ਉਲੰਪੀਅਨ ਹੋਣ ਦਾ ਰਿਕਾਰਡ ਵੀ ਸਵਰਨ ਦੇ ਨਾਮ ਬੋਲਦੈ। ਲੰਡਨ ਹੋਏ ਮੁਕਾਬਲਿਆਂ ਵਿਚ ਸਾਰੀ ਦੁਨੀਆਂ ਦੇ ਚੋਣਵੇਂ ਕਿਸ਼ਤੀ ਚਾਲਕਾਂ ਵਿਚੋਂ 16ਵੇਂ ਨੰਬਰ 'ਤੇ ਆਉਣ ਵਾਲਾ ਵੀ ਇਹ ਪਹਿਲਾ ਭਾਰਤੀ ਬਣਿਆ। ਫਿਰ 14ਵੀਂ ਏਸ਼ੀਆ ਚੈਂਪੀਅਨਸ਼ਿਪ ਦੇ ਮੁਕਾਬਲੇ ਸਾਊਥ ਕੋਰੀਆ ਵਿਚ ਹੋਏ, ਜਿਥੇ ਉਸ ਨੇ ਸਿਲਵਰ ਮੈਡਲ ਜਿੱਤਿਆ।

2014 ਵਿਚ ਹੀ ਇਟਲੀ ਨੇ ਇੰਟਰਨੈਸ਼ਨਲ ਰੋਇੰਗ ਰੈਗਾਟਾ ਨਾਮ ਦਾ ਮੁਕਾਬਲਾ ਕਰਵਾਇਆ, ਜਿਥੇ ਉਸ ਦਾ 5ਵਾਂ ਸਥਾਨ ਆਇਆ। ਵਾਪਸ ਹੈਦਰਾਬਾਦ ਪਹੁੰਚ ਕੇ ਏਸ਼ੀਆਈ ਖੇਡਾਂ ਲਈ ਤਿਆਰੀ ਕਰਨ ਲੱਗਾ। 17ਵੀਆਂ ਏਸ਼ੀਆਈ ਖੇਡਾਂ-2014 ਸਾਊਥ ਕੋਰੀਆ ਵਿਚ ਹੋਈਆਂ,

(ਬਾਕੀ ਅਗਲੇ ਸਫੇ 'ਤੇ)

# ਵਿਸ਼ਵ ਵਿਆਪੀ ਮੌਸਮੀ ਤਬਦੀਲੀਆਂ ਕਾਰਨ ਵਾਪਰੇ ਘਾਤਕ ਪ੍ਰਭਾਵ

ਵਿਸ਼ਵ ਮੌਸਮ ਵਿਗਿਆਨ ਸੰਸਥਾ ਦੁਆਰਾ ਸਾਲ 2020 ਵਿਚ ਵਿਸ਼ਵ ਵਿਆਪੀ ਮੌਸਮੀ ਤਬਦੀਲੀਆਂ ਬਾਰੇ ਤਿਆਰ ਕੀਤੇ ਗਏ ਮਸੌਦੇ ਵਿਚ ਸਾਰੇ ਹੀ ਦਿਸਹੱਦਿਆਂ ਵਿਖੇ ਹਾਲਾਤਾਂ ਦੇ ਲਗਾਤਾਰ ਖਰਾਬ ਹੋਣ ਬਾਰੇ ਦੱਸ ਪਾਈ ਗਈ ਹੈ। ਵਿਸ਼ਵ ਮੌਸਮ ਵਿਭਾਗ ਸਾਲ 1993 ਤੋਂ ਹੀ ਵਿਸ਼ਵ ਵਿਆਪੀ ਮੌਸਮੀ ਤਬਦੀਲੀਆਂ ਬਾਰੇ ਸਾਲਾਨਾ ਰਿਪੋਰਟ ਜਾਰੀ ਕਰਦਾ ਆ ਰਿਹਾ ਹੈ।



ਡਾ. ਦੇਵਿੰਦਰ ਪਾਲ ਸਿੰਘ
E-mail: drdpsn@gmail.com

ਮੌਜੂਦਾ ਸਾਲ ਦੌਰਾਨ ਵਾਪਰੀਆਂ ਵਿਸ਼ਵ ਵਿਆਪੀ ਤਬਦੀਲੀਆਂ ਬਾਰੇ ਦਸੰਬਰ ਮਹੀਨੇ ਦੇ ਪਹਿਲੇ ਹਫਤੇ ਵਿਚ ਵਿਚਾਰ-ਵਟਾਂਦਰੇ ਤੇ ਰਿਵਿਊ ਲਈ ਜਾਰੀ ਕੀਤੇ ਗਏ ਖਰੜੇ ਤੋਂ ਸਪਸ਼ਟ ਹੋ ਰਿਹਾ ਹੈ ਕਿ ਘਾਤਕ ਮੌਸਮੀ ਤਬਦੀਲੀਆਂ ਵਿਚ ਵਾਧਾ ਪਹਿਲਾਂ ਵਾਂਗ ਹੀ ਕਾਇਮ ਹੈ। ਇਸ ਦੇ ਨਤੀਜੇ ਵਜੋਂ 2020 ਦਾ ਸ਼ੁਮਾਰ ਹੁਣ ਤਕ ਰਿਕਾਰਡ ਕੀਤੇ ਗਏ ਸਭ ਤੋਂ ਗਰਮ ਤਿੰਨ ਸਾਲਾਂ ਵਿਚ ਕੀਤਾ ਜਾ ਸਕਦਾ ਹੈ। ਇਸੇ ਮਸੌਦੇ ਤੋਂ ਜਾਹਰ ਹੋ ਰਿਹਾ ਹੈ ਕਿ 2011 ਤੋਂ ਸੰਨ 2020 ਦਾ ਦਹਾਕਾ ਰਿਕਾਰਡ ਕੀਤੇ ਗਏ ਸਾਰੇ ਦਹਾਕਿਆਂ ਵਿਚੋਂ ਸਭ ਤੋਂ ਗਰਮ ਦਹਾਕਾ ਰਿਹਾ ਹੈ। ਇਸ ਦਹਾਕੇ ਵਿਚ 2015 ਤੋਂ 2020 ਤਕ ਦਾ ਅਰਸਾ ਸਭ ਤੋਂ ਵਧੇਰੇ ਗਰਮ ਰਿਹਾ ਹੈ।

ਮਹਾਂਸਾਗਰਾਂ ਦਾ ਤਾਪਮਾਨ ਸਿਖਰ ਤਕ ਪਹੁੰਚ ਰਿਹਾ ਹੈ। ਇਸੇ ਸਾਲ ਵਿਸ਼ਵ ਵਿਆਪੀ ਸਮੁੰਦਰੀ ਪਾਣੀਆਂ ਦੇ 80 ਪ੍ਰਤੀਸ਼ਤ ਤੋਂ ਵਧੇਰੇ ਹਿੱਸੇ ਵਿਚ ਸਮੁੰਦਰੀ ਤਾਪ-ਲਹਿਰਾਂ ਦੀ ਹੋਂਦ ਦੇਖੀ ਗਈ ਹੈ। ਇਸ ਦਾ ਸਮੁੰਦਰੀ ਵਾਤਾਵਰਣੀ ਪ੍ਰਣਾਲੀ ਉੱਤੇ ਵੱਡੇ ਪੱਧਰ ਉੱਤੇ ਮਾਰੂ ਪ੍ਰਭਾਵ ਪੈਣ ਦਾ ਅੰਦਾਜ਼ਾ ਹੈ। ਇਥੇ ਇਹ ਵੀ ਵਰਣਨਯੋਗ ਹੈ ਕਿ ਸਮੁੰਦਰੀ ਜੀਵ ਤੇ ਬਨਸਪਤੀ ਪਹਿਲਾਂ ਹੀ ਸਮੁੰਦਰੀ ਪਾਣੀਆਂ ਦੁਆਰਾ ਸੋਖੀ ਗਈ ਕਾਰਬਨ ਡਾਇਆਕਸਾਈਡ ਗੈਸ ਕਾਰਨ ਪੈਦਾ ਹੋਏ ਤੇਜ਼ਾਬੀਪਣ ਦੇ ਭੈੜੇ ਪ੍ਰਭਾਵਾਂ ਨਾਲ ਜੂਝ ਰਹੀ ਹੈ।

ਇਹ ਰਿਪੋਰਟ, ਜੋ ਦਰਜਨਾਂ ਕੌਮਾਂਤਰੀ ਸੰਗਠਨਾਂ ਅਤੇ ਮਾਹਿਰਾਂ ਦੇ ਯੋਗਦਾਨ 'ਤੇ ਆਧਾਰਿਤ ਹੈ, ਤੋਂ ਸਪਸ਼ਟ ਹੋ ਰਿਹਾ ਹੈ ਕਿ ਅਤਿ ਦੀ ਗਰਮੀ, ਜੰਗਲਾਂ ਦੀ ਅੱਗ, ਹੜ੍ਹਾਂ ਤੇ ਐਟਲਾਂਟਿਕ ਸਾਗਰੀ ਖੇਤਰ ਵਿਚ ਵਾਪਰ ਰਹੇ ਤੂਫਾਨਾਂ ਵਿਚ ਹੋਏ ਬੇਸ਼ੁਮਾਰ ਵਾਧੇ ਵਰਗੇ ਘਾਤਕ ਵਰਤਾਰਿਆਂ ਨੇ ਲੱਖਾਂ ਲੋਕਾਂ ਨੂੰ ਪ੍ਰਭਾਵਤ ਕੀਤਾ ਹੈ। ਇਸ ਦੇ ਫਲਸਰੂਪ ਮਨੁੱਖੀ ਸਿਹਤ, ਸੁਰੱਖਿਆ ਅਤੇ ਆਰਥਕ ਸਥਿਰਤਾ ਉੱਤੇ ਬਹੁਤ ਭੈੜਾ ਪ੍ਰਭਾਵ ਪਿਆ ਹੈ। ਅਜੋਕੇ ਸਮੇਂ ਦੌਰਾਨ ਜਦੋਂ ਸਾਰਾ ਸੰਸਾਰ ਕੋਵਿਡ-19 ਮਹਾਂਮਾਰੀ ਦੇ ਮਾਰੂ ਪ੍ਰਭਾਵਾਂ ਦਾ ਸਾਹਮਣਾ ਕਰ ਰਿਹਾ ਹੈ, ਇਨ੍ਹਾਂ ਵਿਸ਼ਵ ਵਿਆਪੀ ਤਬਦੀਲੀਆਂ ਨੇ ਮਨੁੱਖੀ ਬਿਪਤਾਵਾਂ ਵਿਚ ਅਣਚਾਹਿਆ ਵਾਧਾ ਕੀਤਾ ਹੈ। ਬੇਸ਼ਕ ਸਾਲ 2020 ਦੀ ਅੰਤਿਮ ਰਿਪੋਰਟ ਮਾਰਚ 2021 ਵਿਚ ਜਾਰੀ ਕੀਤੀ ਜਾਏਗੀ, ਪਰ ਇਹ ਆਰਜ਼ੀ ਰਿਪੋਰਟ ਬਾਰਾਂ ਮੁੱਖ ਸੂਚਨਾਵਾਂ ਨਾਲ ਸ਼ੁਰੂ ਹੁੰਦੀ ਹੈ:

**ਗ੍ਰੀਨਹਾਊਸ ਗੈਸਾਂ ਵਿਚ ਲਗਾਤਾਰ ਵਾਧਾ:** ਸਾਲ 2019 ਅਤੇ 2020 ਦੌਰਾਨ ਪ੍ਰਮੁੱਖ ਗ੍ਰੀਨਹਾਊਸ ਗੈਸਾਂ, ਖਾਸ ਕਰ ਕਾਰਬਨ ਡਾਇਆਕਸਾਈਡ, ਮੀਥੇਨ, ਨਾਈਟ੍ਰੋਜਨ ਡਾਇਆਕਸਾਈਡ ਦੇ ਵਾਯੂ-ਮੰਡਲੀ ਨਿਕਾਸ ਵਿਚ ਲਗਾਤਾਰ ਵਾਧਾ ਹੋਇਆ ਹੈ।

**ਵਿਸ਼ਵ ਵਿਆਪੀ ਤਾਪਮਾਨ ਵਾਧਾ:** ਬੇਸ਼ਕ 'ਲਾ ਨੀਨਾ' ਵਰਗੀਆਂ ਸਰਦ ਸਮੁੰਦਰੀ ਹਾਲਤਾਂ ਪੈਦਾ ਹੋਈਆਂ, ਪਰ ਅਜਿਹੇ ਹਾਲਾਤ ਦੇ ਬਾਵਜੂਦ 2020 ਦੌਰਾਨ ਵਿਸ਼ਵ ਵਿਆਪੀ ਮੱਧਮਾਨ ਤਾਪਮਾਨ ਦਾ ਸ਼ੁਮਾਰ ਹੁਣ ਤਕ ਰਿਕਾਰਡ ਕੀਤੇ ਗਏ ਸਭ ਤੋਂ ਗਰਮ ਤਿੰਨ ਸਾਲਾਂ ਵਿਚ ਕੀਤਾ ਜਾ ਸਕਦਾ ਹੈ। ਸਾਲ 2020 ਸਮੇਤ ਪਿਛਲੇ ਛੇ ਸਾਲਾਂ ਦਾ ਅਰਸਾ ਹੁਣ ਤਕ ਰਿਕਾਰਡ ਕੀਤੇ ਗਏ ਸਾਰੇ ਸਾਲਾਂ ਨਾਲੋਂ ਵੱਧ ਗਰਮ ਰਿਹਾ ਹੈ।

**ਸਮੁੰਦਰੀ ਪਾਣੀਆਂ ਦੀ ਸਤਹਾ ਵਿਚ ਉਭਾਰ:** ਬੇਸ਼ਕ ਪੁਰਾਣੇ ਸਮਿਆਂ ਤੋਂ ਹੀ ਸਮੁੰਦਰੀ ਪਾਣੀਆਂ ਦੇ ਸਤਹੀ ਪੱਧਰ ਵਿਚ ਵਾਧਾ ਹੁੰਦਾ ਰਿਹਾ ਹੈ, ਪਰ ਅਜੋਕੇ ਸਮੇਂ ਦੌਰਾਨ ਇਹ ਸਤਹੀ ਪੱਧਰ ਬਹੁਤ ਵੱਧ ਮਾਤਰਾ ਨਾਲ ਵਧਿਆ ਹੈ। ਅਜਿਹਾ ਗ੍ਰੀਨਲੈਂਡ ਤੇ ਐਂਟਾਰਕਟਿਕਾ ਵਿਖੇ ਬਰਫ ਦੀਆਂ ਪਰਤਾਂ ਦੇ ਤੇਜ਼ੀ ਨਾਲ ਪਿਘਲਣ ਕਾਰਨ ਵਾਪਰਿਆ ਹੈ। ਸਾਲ 2020 ਵਿਚ ਸਮੁੰਦਰ ਦਾ ਵਿਸ਼ਵ ਵਿਆਪੀ ਮੱਧਮਾਨ ਸਤਹੀ ਪੱਧਰ 2019 ਦੌਰਾਨ ਸਮੁੰਦਰੀ ਪੱਧਰ ਦੇ ਸਮਾਨ ਸੀ ਅਤੇ ਇਹ ਵਾਧੇ ਵਾਲਾ ਰੁਝਾਨ ਲੰਬੇ ਸਮੇਂ ਦੇ ਰਿਕਾਰਡ ਕੀਤੇ ਗਏ ਰੁਝਾਨ ਦੇ ਅਨੁਕੂਲ ਹੀ ਸੀ।

**ਸਮੁੰਦਰੀ ਤਾਪ-ਲਹਿਰਾਂ ਵਿਚ ਵਾਧਾ:** ਸਾਲ 2020 ਦੌਰਾਨ ਸਮੁੰਦਰਾਂ ਦੇ 80 ਪ੍ਰਤੀਸ਼ਤ ਤੋਂ ਵੀ ਵਧੇਰੇ ਖੇਤਰ ਵਿਚ ਘੱਟੋ ਘੱਟ ਇਕ ਸਮੁੰਦਰੀ ਤਾਪ-ਲਹਿਰ ਦਾ ਅਨੁਭਵ ਹੋਇਆ ਹੈ, ਜਦੋਂ ਕਿ ਸਮੁੰਦਰਾਂ ਦਾ 43 ਪ੍ਰਤੀਸ਼ਤ ਹਿੱਸਾ ਤੀਬਰ ਮਾਤਰਾ ਵਾਲੀਆਂ ਅਤੇ 28 ਪ੍ਰਤੀਸ਼ਤ ਹਿੱਸਾ ਦਰਮਿਆਨੇ ਦਰਜੇ ਦੀਆਂ ਤਾਪ-ਲਹਿਰਾਂ ਦਾ ਸ਼ਿਕਾਰ ਰਿਹਾ ਹੈ।



**ਸਮੁੰਦਰੀ ਪਾਣੀਆਂ ਦੇ ਤਾਪਮਾਨ ਵਿਚ ਵਾਧਾ:** ਸਾਲ 2019 ਦੌਰਾਨ ਸਮੁੰਦਰੀ ਪਾਣੀਆਂ ਵਿਚ ਤਾਪ ਦੀ ਮਾਤਰਾ ਸਭ ਤੋਂ ਵੱਧ ਰਿਕਾਰਡ ਕੀਤੀ ਗਈ ਸੀ। ਸਾਲ 2020 ਵਿਚ ਇਸ ਤਾਪ-ਮਾਤਰਾ ਦੇ ਵਾਧੇ ਦੀ ਦਰ ਪਿਛਲੇ ਦਸਾਂ ਸਾਲਾ ਦੌਰਾਨ ਰਿਕਾਰਡ ਕੀਤੀ ਮੱਧਮਾਨ ਦਰ ਨਾਲੋਂ ਵੱਧ ਦੇਖੀ ਗਈ ਸੀ। ਇਸ ਤੋਂ ਸਪਸ਼ਟ ਹੈ ਕਿ ਵਾਯੂ ਮੰਡਲ ਵਿਚ ਗ੍ਰੀਨਹਾਊਸ ਗੈਸਾਂ ਦੀ ਬਹੁਤਾਤ ਦੁਆਰਾ ਪੈਦਾ ਹੋਏ ਵਿਕਿਰਣੀ ਅਸੰਤੁਲਨ ਕਾਰਨ ਸਮੁੰਦਰੀ ਤਾਪਮਾਨ ਲਗਾਤਾਰ ਵਧ ਰਿਹਾ ਹੈ।

**ਆਰਕਟਿਕ ਸਾਗਰ ਵਿਖੇ ਮੌਜੂਦਾ ਬਰਫ ਦੇ ਹਾਲਾਤ:** ਆਰਕਟਿਕ ਖੇਤਰ ਵਿਖੇ ਸਾਲਾਨਾ ਸਮੁੰਦਰੀ-ਬਰਫ ਵਾਲਾ ਖੇਤਰ ਰਿਕਾਰਡ ਮੁਤਾਬਿਕ ਦੂਜੀ ਵਾਰ ਨਿਊਨਤਮ ਪੱਧਰ ਦਾ ਰਿਹਾ। ਅਜਿਹਾ ਜੁਲਾਈ ਅਤੇ ਅਕਤੂਬਰ ਦੇ ਮਹੀਨਿਆਂ ਵਿਚ ਦੇਖਿਆ ਗਿਆ, ਪਰ ਖੁਸ਼ੀ ਦੀ ਗੱਲ ਹੈ ਕਿ ਐਂਟਾਰਕਟਿਕ ਖੇਤਰ ਵਿਖੇ ਸਮੁੰਦਰੀ ਬਰਫ ਦੀ ਮਾਤਰਾ ਇਸ ਮਦ ਦੀ ਲੰਬੇ ਸਮੇਂ ਦੀ ਔਸਤ ਦੇ ਲਗਭਗ ਰਹੀ।

**ਗ੍ਰੀਨਲੈਂਡ ਖੇਤਰ ਵਿਖੇ ਬਰਫ ਦੇ ਹਾਲਾਤ:** ਗ੍ਰੀਨਲੈਂਡ ਵਿਖੇ ਬਰਫ ਦੀ ਪਰਤ ਲਗਾਤਾਰ ਘਟ ਰਹੀ ਹੈ। ਬੇਸ਼ੱਕ ਬਰਫ ਦਾ ਸਤਹੀ-ਪੁੰਜ ਸੰਤੁਲਨ ਲੰਬੇ ਸਮੇਂ ਦੀ ਔਸਤ ਦੇ ਲਗਭਗ ਰਿਹਾ, ਪਰ ਸੈਟੇਲਾਈਟ ਰਿਕਾਰਡ ਅਨੁਸਾਰ ਬਰਫੀਲੇ ਤੋਦਿਆਂ ਦੇ ਖੁਰਨ ਕਾਰਨ ਬਰਫ ਦਾ ਨੁਕਸਾਨ ਪਿਛਲੇ 40 ਸਾਲਾਂ ਦੇ ਰਿਕਾਰਡ ਨੂੰ ਮਾਤ ਪਾਉਂਦਾ ਦੇਖਿਆ ਗਿਆ। ਸਤੰਬਰ 2019 ਤੋਂ ਅਗਸਤ 2020 ਦੇ ਅਰਸੇ ਦੌਰਾਨ ਇਸ ਬਰਫੀਲੀ ਪਰਤ ਵਿਚੋਂ ਲਗਭਗ 152 ਗੀਗਾ ਟਨ ਬਰਫ ਅਲੋਪ ਹੋ ਗਈ।

**ਮੀਂਹ ਅਤੇ ਹੜ੍ਹਾਂ ਵਿਚ ਇਜ਼ਾਫਾ:** ਸੰਨ 2020 ਵਿਚ ਅਫਰੀਕਾ ਅਤੇ ਏਸ਼ੀਆ ਦੇ ਵੱਡੇ ਹਿੱਸਿਆਂ ਵਿਚ ਭਾਰੀ ਬਾਰਸ਼ ਅਤੇ ਵਿਆਪਕ ਹੜ੍ਹਾਂ ਦਾ ਪ੍ਰਭਾਵ ਦੇਖਿਆ ਗਿਆ। ਭਾਰੀ ਬਾਰਸ਼ ਅਤੇ ਹੜ੍ਹਾਂ ਨੇ ਇਸ ਸਾਲ ਦੌਰਾਨ ਸਹਿਲ, ਅਫਰੀਕਾ ਦੇ ਗ੍ਰੇਟਰ ਹੌਰਨ, ਭਾਰਤੀ ਉਪ-ਮਹਾਂਦੀਪ ਅਤੇ ਨੇੜਲੇ ਖੇਤਰਾਂ-ਚੀਨ, ਕੋਰੀਆ, ਜਾਪਾਨ ਅਤੇ ਦੱਖਣ-ਪੂਰਬੀ ਏਸ਼ੀਆ ਦੇ ਕੁਝ ਹਿੱਸਿਆਂ ਨੂੰ ਸਮੇਂ ਸਮੇਂ ਪ੍ਰਭਾਵਿਤ ਕੀਤਾ।

**ਐਟਲਾਂਟਿਕ ਖੇਤਰ ਵਿਖੇ ਸਮੁੰਦਰੀ ਤੂਫਾਨਾਂ ਦੀ ਸੰਖਿਆ ਵਧੀ:** ਉੱਤਰੀ ਐਟਲਾਂਟਿਕ ਖਿੱਤੇ ਵਿਚ ਤੂਫਾਨੀ ਮੌਸਮ ਦੌਰਾਨ 17 ਨਵੰਬਰ 2020 ਤਕ 30 ਸਮੁੰਦਰੀ ਤੂਫਾਨ ਆਏ। ਇਨ੍ਹਾਂ ਦਾ ਨਾਮਕਰਣ ਵੀ ਕੀਤਾ ਗਿਆ। ਰਿਕਾਰਡ ਅਨੁਸਾਰ ਸਮੁੰਦਰੀ ਤੂਫਾਨਾਂ ਦੀ ਇਹ ਸੰਖਿਆ ਸਭ ਤੋਂ ਵੱਡੀ ਸੰਖਿਆ ਹੈ। ਇਨ੍ਹਾਂ ਸਮੁੰਦਰੀ ਤੂਫਾਨਾਂ ਦੀ ਵੱਡੀ ਗਿਣਤੀ ਨੇ ਸੰਯੁਕਤ ਰਾਜ ਅਮਰੀਕਾ ਦੇ ਅਨੇਕ ਸ਼ਹਿਰਾਂ ਦਾ ਵੱਡਾ ਨੁਕਸਾਨ ਕੀਤਾ। ਹੁਣ ਤਕ ਇਸ ਮੌਸਮ ਦਾ ਆਖਰੀ ਤੂਫਾਨ ਆਈਓਟਾ ਸੀ, ਜੋ ਸਭ ਤੋਂ ਵਧੇਰੇ ਘਾਤਕ ਤੂਫਾਨ ਰਿਹਾ।


**ਗਰਮ ਖੇਤਰਾਂ ਵਿਖੇ ਤੂਫਾਨਾਂ ਦੇ ਹਾਲਾਤ:** ਗਰਮ ਖੇਤਰਾਂ ਵਿਖੇ ਤੂਫਾਨਾਂ ਦੀ ਮਾਤਰਾ ਲੰਬੇ ਸਮੇਂ ਦੇ ਮੱਧਮਾਨ ਪੱਧਰ ਦੇ ਨੇੜੇ ਹੀ ਰਹੀ, ਪਰ ਇਨ੍ਹਾਂ ਤੂਫਾਨਾਂ ਦੇ ਪ੍ਰਭਾਵ ਵਧੇਰੇ ਮਾਰੂ ਦੇਖੇ ਗਏ।

**ਗੰਭੀਰ ਔੜ:** 2020 ਦੌਰਾਨ ਦੱਖਣੀ ਅਮਰੀਕਾ ਦੇ ਕਈ ਅੰਦਰੂਨੀ ਭਾਗ ਗੰਭੀਰ ਔੜ ਵਾਲੇ ਹਾਲਾਤ ਦਾ ਸ਼ਿਕਾਰ ਹੋਏ ਹਨ। ਉੱਤਰੀ ਅਰਜਨਟੀਨਾ, ਪੈਰਾਗੁਏ ਅਤੇ ਬ੍ਰਾਜ਼ੀਲ ਦੇ ਪੱਛਮੀ ਸਰਹੱਦੀ ਖੇਤਰ ਸਭ ਤੋਂ ਵੱਧ ਔੜ ਦਾ ਸ਼ਿਕਾਰ ਰਹੇ ਹਨ। ਬ੍ਰਾਜ਼ੀਲ ਵਿਖੇ ਖੇਤੀਬਾੜੀ ਖੇਤਰ ਨੂੰ ਲਗਭਗ ਤਿੰਨ ਅਰਬ ਅਮਰੀਕੀ ਡਾਲਰ ਦਾ ਘਾਟਾ ਪਿਆ; ਜਦੋਂ ਕਿ ਅਰਜਨਟੀਨਾ, ਉਰੁਗੁਏ ਅਤੇ ਪੈਰਾਗੁਏ ਵਿਖੇ ਵੀ ਖੇਤੀਬਾੜੀ ਖੇਤਰ ਦਾ ਘਾਟਾ ਬਹੁਤ ਵਧੇਰੇ ਰਿਹਾ ਹੈ।

**ਮੌਸਮ ਤਬਦੀਲੀਆਂ ਆਧਾਰਿਤ ਪਰਵਾਸ:** ਬਦਲਦੇ ਜਲ-ਵਾਯੂ ਅਤੇ ਮੌਸਮੀ ਤਬਦੀਲੀਆਂ ਨੇ ਵੱਡੇ ਪੱਧਰ ਉੱਤੇ ਲੋਕਾਂ ਦਾ ਪਰਵਾਸ ਸ਼ੁਰੂ ਕਰ ਦਿੱਤਾ ਹੈ, ਜਿਸ ਕਾਰਨ ਗਰੀਬ ਲੋਕਾਂ ਉੱਤੇ ਬਹੁਤ ਹੀ ਮਾੜਾ ਅਸਰ ਹੋਇਆ ਹੈ। ਸ਼ਾਂਤ ਮਹਾਂ ਸਾਗਰ ਅਤੇ ਮੱਧ ਅਮਰੀਕਾ ਦੇ ਲੋਕ ਵੀ ਅਜਿਹੇ ਭੈੜੇ ਪ੍ਰਭਾਵਾਂ ਦਾ ਸ਼ਿਕਾਰ ਹੋਏ ਹਨ।

# ਕੀਹਦੇ ਕੀਹਦੇ ਪੈਰੀਂ ਹੱਥ ਲਾਈਏ...

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਇਸ ਮਹੀਨੇ ਦੇ ਸ਼ੁਰੂ ਵਿਚ ਭਾਸ਼ਾ ਵਿਭਾਗ, ਪੰਜਾਬ ਵਲੋਂ ਲਾਈ ਪੁਰਸਕਾਰਾਂ ਦੀ ਝੜੀ ਕਿਸਾਨ ਅੰਦੋਲਨ ਵਰਗੇ ਹਰਮਨ ਪਿਆਰੇ ਤੇ ਵੱਡੇ ਮੇਲੇ ਵਿਚ ਗਵਾਚ ਗਈ। ਇਸ ਵਿਭਾਗ ਦੇ ਹੋਂਦ ਵਿਚ ਆਉਣ ਤੋਂ ਪਿੱਛੋਂ ਇਹ ਪਹਿਲੀ ਵਾਰ ਹੈ ਕਿ ਛੇ ਸਾਲਾਂ ਦੇ ਸਨਮਾਨ ਇੱਕਠੇ ਐਲਾਨੇ ਗਏ ਹਨ। ਇਨ੍ਹਾਂ ਵਿਚ ਛੇ ਸਾਹਿਤ ਰਤਨਾਂ ਤੋਂ ਬਿਨਾ ਇਕੋਤਰ ਸੌ ਤੋਂ ਉੱਤੇ ਸਾਹਿਤ ਸ਼੍ਰੋਮਣੀ ਪੁਰਸਕਾਰ ਸ਼ਾਮਲ ਹਨ। ਸਾਹਿਤ ਰਤਨ ਪੁਰਸਕਾਰ ਲਈ ਚੁਣੇ ਗਏ ਮਹਾਰਥੀਆਂ ਵਿਚ ਹੋਰਨਾਂ ਤੋਂ ਇਲਾਵਾ ਪਾਕਿਸਤਾਨ ਤੋਂ ਫਖਰ ਜ਼ਮਾਂ ਤੇ ਹਿੰਦੋਸਤਾਨ ਤੋਂ ਬਰਜਿੰਦਰ ਸਿੰਘ ਹਮਦਰਦ ਹਨ। ਜੇ ਇਨ੍ਹਾਂ ਵਿਚ ਨਵੀਂ ਦਿੱਲੀ ਵਾਲੀ ਅਜੀਤ ਕੌਰ ਵੀ ਰਲਾ ਦਿੱਤੀ ਜਾਂਦੀ ਤਾਂ ਇਸ ਸ਼੍ਰੇਣੀ ਦਾ ਮਾਣ ਹੋਰ ਵਧ ਜਾਣਾ ਸੀ।

ਹਿੰਦੀ ਤੇ ਸੰਸਕ੍ਰਿਤ ਸ਼੍ਰੋਮਣੀਆਂ ਵਿਚ ਕੀਰਤੀ ਕੇਸਰ, ਰਾਜੀ ਸੇਠ, ਸੁਖਵਿੰਦਰ ਕੌਰ ਬਾਠ ਤੇ ਸ਼ਰਨ ਕੌਰ ਪੰਜਾਬੀ ਮਹਿਲਾਵਾਂ ਦੀ ਹੋਂਦ ਇਨ੍ਹਾਂ ਨੂੰ ਚਾਰ ਚੰਨ ਲਾਉਂਦੀ ਹੈ; ਕੁਝ ਏਸ ਤਰ੍ਹਾਂ ਜਿਵੇਂ ਸ਼੍ਰੋਮਣੀ ਨਾਟਕ/ਥੀਏਟਰ ਸ਼੍ਰੇਣੀ ਵਿਚ ਕੈਲਾਸ਼ ਕੌਰ, ਨਵਨਿੰਦਰਾ ਬਹਿਲ ਤੇ ਜਸਵੰਤ ਕੌਰ ਆਪਣੇ ਮਰਦ ਭਰਾਵਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਤੁਰਦੀਆਂ ਹਨ। ਸ਼੍ਰੋਮਣੀ ਉਰਦੂ ਸਾਹਿਤਕਾਰਾਂ ਵਿਚ ਮੁਹੰਮਦ ਫਯਾਜ਼ ਫਾਰੂਕੀ, ਨਦੀਮ ਅਹਿਮਦ ਨਦੀਮ, ਮੁਹੰਮਦ ਬਸ਼ੀਰ ਤੇ ਰਹਿਮਾਨ ਅਖਤਰ ਦੀ ਚੌਕੜੀ ਪੰਜਾਬੀ ਵਿਚ ਉਰਦੂ ਸ਼ਾਇਰੀ ਪ੍ਰਚਾਰਨ ਵਾਲੇ ਦੀ ਐਨ. ਰਾਜ ਨੂੰ ਮਧੋਲਦੀ ਹੈ, ਹਾਲਾਂਕਿ ਉਸ ਨੇ ਮਿਰਜ਼ਾ ਗਾਲਿਬ ਅਤੇ ਭਾਰਤ-ਪਾਕਿ ਹਾਸਵਿੰਗ ਸ਼ਾਇਰੀ ਨੂੰ ਭਾਰਤ ਤੇ ਪਾਕਿਸਤਾਨ ਵਿਚ ਹੀ ਨਹੀਂ ਵਿਦੇਸ਼ਾਂ ਵਿਚ ਵੀ ਪਹੁੰਚਾਉਣ ਦਾ ਬੀੜਾ ਚੁੱਕ ਰੱਖਿਆ ਹੈ। ਇਹ ਵੀ ਪਤਾ ਲੱਗਿਆ ਕਿ ਹੁਣ ਇਸ ਭਾਸ਼ਾ ਨੂੰ ਅਪਨਾਉਣ ਵਾਲੇ ਰਾਜਿੰਦਰ ਸਿੰਘ ਬੇਦੀ, ਕਨੱਈਆ ਲਾਲ ਤੇ ਕ੍ਰਿਸ਼ਨ ਚੰਦਰ ਵਰਗੇ ਗੈਰ-ਮੁਸਲਿਮ ਖਤਮ ਹੋ ਗਏ ਹਨ। ਮੈਂ ਆਪਣੀ ਜਾਂ ਆਪਣੇ ਤੋਂ ਵਧ ਉਮਰ ਦੇ ਮਹਾਰਥੀਆਂ ਦੀ ਸੂਚੀ ਤਿਆਰ ਕਰਨ ਲੱਗਾ ਤਾਂ ਓਮ ਪ੍ਰਕਾਸ਼ ਗਾਸੋ, ਤਾਰਨ ਗੁਜਰਾਲ ਤੋਂ ਅੱਗੇ ਨਾਂ ਕੋਈ ਹਾਣੀ ਲਭਿਆ, ਨਾ ਹਾਣਨ। ਬੱਕ ਹਾਰ ਕੇ ਗੁਰਬਚਨ ਭੁੱਲਰ ਨੂੰ ਆਪਣੇ ਨਾਲ ਖੜ੍ਹਾ ਕੀਤਾ ਤੇ ਕੰਮ ਸਾਰਿਆ।

ਬੀਬੀਆਂ ਵਲ ਨਜ਼ਰ ਮਾਰੀ ਤਾਂ ਮਨਜੀਤ ਇੰਦਰਾ, ਧਨਵੰਤ ਕੌਰ, ਜਸਬੀਰ ਕੌਰ ਤੇ ਕੁਲਵਿੰਦਰ ਬੁੱਟਰ ਦਿਖਾਈ ਦਿੱਤੀਆਂ, ਪਰ ਇਹ ਸੋਚ ਕੇ ਝਿਜਕ ਗਿਆ ਕਿ ਉਹ ਮੇਰੇ ਵਰਗੇ ਅਠਾਸੀਆਂ ਨੂੰ ਢੁਕੇ ਬਾਬੇ ਨਾਲ ਤੁਰਨਾ ਵੀ ਚਾਹੁਣਗੀਆਂ ਜਾਂ ਨਹੀਂ! ਹੁਣ ਤਾਂ ਮੇਰੀ 'ਵਿਹੜੇ ਵੜਦਾ ਝਿੜਕ ਨਹੀਂ ਕਰਦਾ, ਬਾਬੇ ਗਲ ਟੱਲ ਪਾ ਦਿਓ' ਵਾਲੀ ਅਵਸਥਾ ਹੈ। ਗੌਰ ਨਾਲ ਵੇਖਿਆ ਤਾਂ ਬਾਕੀ ਨਾਂਵਾਂ ਦਾ ਵੀ ਕੋਈ ਅੰਤ ਨਹੀਂ। ਸਭਨਾਂ ਨੂੰ ਜਾਣਦੇ ਹੋਣ ਦਾ ਵੀ ਸਵਾਲ ਨਹੀਂ। ਉਹ ਵੀ ਕਈ ਹਨ, ਜਿਹੜੇ ਜਗਤ੍ਹ ਸ਼੍ਰੇਣੀ ਵਿਚ ਪੈਂਦੇ ਹਨ। ਹੇਠ ਲਿਖੀ ਲੋਕ ਬੋਲੀ ਵਿਚ 'ਸੰਤਾਂ' ਦੀ ਥਾਂ 'ਲੇਖਕ' ਸ਼ਬਦ ਪਾ ਕੇ ਭੋਗ ਪਾਉਣਾ ਚਾਹਾਂਗਾ:

ਕੀਹਦੇ ਕੀਹਦੇ ਪੈਰੀਂ ਹੱਥ ਲਾਈਏ?
ਸੰਤਾਂ ਦੇ ਵੱਗ ਫਿਰਦੇ।

ਏਥੇ ਤਾਂ ਸੰਤਾਂ ਨਾਲ ਸੰਤਣੀਆਂ ਵੀ ਹਨ।

ਜਾਂਦੇ ਜਾਂਦੇ ਇਹ ਕਹਿਣ ਨੂੰ ਦਿਲ ਕਰਦਾ ਹੈ ਕਿ ਇਨ੍ਹਾਂ ਪੁਰਸਕਾਰਾਂ ਦਾ ਐਲਾਨ ਹਰ ਸਾਲ ਨਹੀਂ ਤਾਂ ਅਗਲੇ ਸਾਲ ਜ਼ਰੂਰ ਹੋਣਾ ਚਾਹੀਦਾ ਹੈ। ਪਤਾ ਲੱਗਾ ਹੈ ਕਿ ਅਜਿਹੇ ਡਾਇਰੈਕਟਰ ਦੇ ਕਾਰਜ ਕਾਲ ਵਿਚ, ਜੋ ਕੇਵਲ ਪੰਜ ਮਹੀਨੇ ਉਸ ਕੁਰਸੀ ਉੱਤੇ ਬੈਠਿਆ, ਤਿੰਨ ਵਾਰ ਚੋਣ ਕਮੇਟੀ ਦੀ ਮੀਟਿੰਗ ਰੱਖੀ ਗਈ ਪਰ ਮੰਤਰੀ ਜੀ ਨੂੰ ਹੋਰ ਜ਼ਰੂਰੀ ਕੰਮ ਆ ਪੈਣ ਕਾਰਨ ਰੱਦ ਕਰਨੀ ਪਈ। ਸਰਕਾਰਾਂ ਕੋਲ ਕਲਾਕਾਰਾਂ ਲਈ ਬਜਟ ਤਾਂ ਹੈ, ਪਰ ਸਮਾਂ ਨਹੀਂ। ਸ਼ੁਕਰ ਕਰੋ ਹੋ ਗਈ। ਦੇਰ ਆਇਦ, ਦਰੁਸਤ ਆਇਦ।

**ਭੁਪਿੰਦਰ ਉਸਤਾਦ ਦੀ ਸਾਹਿਤ ਫੁਲਵਾੜੀ:** ਤਾਲਾਬੰਦੀ ਦੇ ਇਨ੍ਹਾਂ ਦਿਨਾਂ ਵਿਚ ਭੁਪਿੰਦਰ ਉਸਤਾਦ ਰਚਿਤ 'ਸਾਹਿਤ ਫੁਲਵਾੜੀ ਦੇ ਪੰਜਾਬੀ ਮਾਲੀ' ਨਾਂ ਦੀ ਪੁਸਤਕ ਪੜ੍ਹਨ ਨੂੰ ਮਿਲੀ। ਇਸ ਵਿਚ ਬਾਬਾ ਸ਼ੇਖ ਫਰੀਦ ਤੋਂ ਲੈ ਬਰਜਿੰਦਰ ਸਿੰਘ ਹਮਦਰਦ ਤੱਕ ਦੋ ਦਰਜਨ ਕਲਮਕਾਰਾਂ ਦੇ ਚਿਤਰਾਂ ਵਾਲੇ ਸ਼ਬਦ ਚਿਤਰ ਹਨ। ਭਾਈ ਵੀਰ ਸਿੰਘ, ਨਾਨਕ ਸਿੰਘ, ਧਨੀ ਰਾਮ ਚਾਤ੍ਰਿਕ, ਮੋਹਨ ਸਿੰਘ, ਸੰਤ ਸਿੰਘ ਸੇਖੋਂ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਦੇਵਿੰਦਰ ਸਤਿਆਰਥੀ ਰਾਜਿੰਦਰ ਸਿੰਘ ਬੇਦੀ ਤੇ ਬਾਵਾ ਬਲਵੰਤ ਸਮੇਤ। ਇਨ੍ਹਾਂ ਵਿਚ ਅਲਾਮਾ ਇਕਬਾਲ, ਸਆਦਤ ਹਸਨ ਮੰਟੋ, ਸਾਹਿਰ ਲੁਧਿਆਣਵੀ ਤੇ ਹੋਰਨਾਂ ਤੋਂ ਬਿਨਾ ਤਿੰਨ ਸਾਹਿਤਕਾਰ ਉਹ ਵੀ ਹਨ, ਜਿਨ੍ਹਾਂ ਨੂੰ ਲੇਖਕ ਮਿਲਦਾ ਰਿਹਾ ਹੈ ਤੇ ਜਾਣਦਾ ਵੀ ਹੈ-ਬਰਜਿੰਦਰ ਸਿੰਘ ਹਮਦਰਦ, ਬਚਿੰਤ ਕੌਰ ਤੇ ਜਸਵੰਤ ਵਿਰਦੀ ਨੂੰ। ਇਨ੍ਹਾਂ ਸਾਰਿਆਂ ਨੂੰ ਮੈਂ ਵੀ ਘੱਟ ਨਹੀਂ ਜਾਣਦਾ, ਪਰ ਭੁਪਿੰਦਰ ਉਨ੍ਹਾਂ ਦੇ ਜੀਵਨ ਤੇ ਸੁਭਾਅ ਦੀਆਂ ਉਹੀਓ ਗੱਲਾਂ ਅੰਕਿਤ ਕਰਦਾ ਹੈ, ਜਿਨ੍ਹਾਂ ਨੂੰ ਨੇੜਿਓਂ ਜਾਣਦਾ ਹੈ, ਪ੍ਰਭਾਵਿਤ ਹੈ। ਵਾਕ ਬਣਤਰ ਛੜੱਪੇ ਮਾਰਨ ਦੇ ਬਾਵਜੂਦ ਸ਼ੈਲੀ ਸਰਲ ਤੇ ਲੁਭਾਉਣੀ ਹੈ। ਇਥੋਂ ਤੱਕ ਕਿ ਤੁਸੀਂ ਅੰਤ ਤੱਕ ਬੇਰੋਕ ਪੜ੍ਹਦੇ ਜਾਂਦੇ ਹੋ, ਜਦੋਂ ਤੱਕ ਭੁਪਿੰਦਰ ਵਲੋਂ ਚੁਣੇ ਗਏ ਲੇਖਕ ਦੀਆਂ ਪੁਸਤਕਾਂ ਤੇ ਪੁਰਸਕਾਰਾਂ ਦੀ ਸੂਚੀ ਨਹੀਂ ਆ ਜਾਂਦੀ, ਜੋ ਸਹਿਜੇ ਹੀ ਛੱਡੀ ਜਾ ਸਕਦੀ ਸੀ।

ਮੇਰੇ ਵਰਗੇ ਘੱਟ ਪੜ੍ਹਨ ਵਾਲੇ ਪਾਠਕ ਲਈ ਇਨ੍ਹਾਂ ਸ਼ਬਦ-ਚਿੱਤਰਾਂ ਵਿਚ ਬਹੁਤ ਕੁਝ ਨਵਾਂ ਹੈ, ਜੋ ਅਬਦੁਲਹੱਈ ਉਰਫ ਸਾਹਿਰ ਲੁਧਿਆਣਵੀ, ਧਨੀ ਰਾਮ ਚਾਤ੍ਰਿਕ, ਬਾਵਾ ਬਲਵੰਤ, ਰਾਜਿੰਦਰ ਸਿੰਘ ਬੇਦੀ ਤੇ ਜਸਵੰਤ ਵਿਰਦੀ ਵਿਚ ਖਾਸ ਨੁਮਾਇਆ ਹੈ। ਲੇਖਕ ਦਾ ਜਨਮ ਜਲੰਧਰ ਦਾ ਹੈ, ਪਰ ਉਹ ਆਪਣੇ ਜੀਵਨ ਦੇ ਕਾਰਜਕਾਲੀ ਭਾਗ ਦੇ ਤਿੰਨ ਦਹਾਕੇ ਓਮਾਨ ਰਿਹਾ ਹੈ। ਆਪਣੀ ਧਰਤੀ ਤੋਂ ਬਹੁਤ ਦੂਰ। ਇਹੋ ਜਿਹੇ ਦੇਸ਼ ਵਿਚ ਰਹਿਣ ਦੇ ਬਾਵਜੂਦ ਜਿਥੇ ਲੇਖਕ ਦੀ ਮਾਤ ਭਾਸ਼ਾ ਬੋਲਣ ਵਾਲਾ ਟਾਵਾਂ ਟਾਵਾਂ ਬੰਦਾ ਹੀ ਸੀ। ਉਥੇ ਵੀ ਭੁਪਿੰਦਰ ਨੇ ਆਪਣੇ ਆਪ ਨੂੰ ਪੰਜਾਬੀ ਭਾਸ਼ਾ ਨਾਲ ਜੋੜੀ ਰੱਖਣ ਲਈ ਪੰਜਾਬੀ ਪੁਸਤਕਾਂ ਤੇ ਰਸਾਲਿਆਂ ਦਾ ਪ੍ਰਬੰਧ ਕਰੀ ਰਖਿਆ ਹੈ। ਇਸ ਦਾ ਸਵਾਗਤ ਕਰਨਾ ਬਣਦਾ ਹੈ। ਉਹ ਭੁਪਿੰਦਰ ਅਨਪੜ੍ਹ ਤੋਂ ਭੁਪਿੰਦਰ ਉਸਤਾਦ ਕਿਵੇਂ ਬਣਿਆ ਤੇ ਉਸ ਨੇ ਆਪਣੇ ਜੀਵਨ ਵਿਚ ਕਿਹੋ ਜਿਹੀ ਜੱਦੋ-ਜਹਿਦ ਕੀਤੀ, ਜਾਣਨ ਲਈ ਪੁਸਤਕ ਦੇ ਅੰਤਲੇ 15 ਪੰਨੇ ਪੜ੍ਹਨ ਵਾਲੇ ਹਨ, 'ਮੈਂ ਤੇ ਉਹ' ਸਿਰਲੇਖ ਵਾਲੇ। ਨਿਵੇਕਲੀ ਪੁਸਤਕ ਦਾ ਸਵਾਗਤ ਹੈ।

**ਅੰਤਿਕਾ: ਦਰਸ਼ਨ ਗਿੱਲ**

ਨਾ ਵਾਰਿਸ ਨੂੰ ਭੁੱਲੇ ਹਾਂ
ਤੇ ਨਾ ਭੁੱਲੇ ਹਾਂ ਬੁੱਲੇ ਨੂੰ,
ਅਸੀਂ ਬੇਗਾਨੀ ਅੱਗ ਵਿਹਾਜੀ
ਬਲਦਾ ਰੱਖਿਆ ਚੁੱਲੇ ਨੂੰ।
(ਸੂਫੀਆ ਦੀਪਿਕਾ ਕੌਸਰ)

# ਕੁਲਵੰਤ ਬੁਢਲਾਡੇ ਦੀ ਕੁਮੈਂਟਰੀ...

(ਪਿਛਲੇ ਸਫੇ ਦੀ ਬਾਕੀ)


ਜਿਥੇ ਉਸ ਨੇ ਕਾਂਸੀ ਦਾ ਮੈਡਲ ਜਿੱਤਿਆ। 2018 ਦੀਆਂ ਏਸ਼ੀਆਈ ਖੇਡਾਂ ਵਿਚੋਂ ਉਸ ਨੇ ਸੋਨੇ ਦਾ ਤਗਮਾ ਜਿੱਤ ਕੇ ਧੰਨ ਧੰਨ ਕਰਾ ਦਿੱਤੀ। ਦੁਨੀਆਂ ਦੀ ਦੋ ਤਿਹਾਈ ਗਿਣਤੀ ਯਾਨਿ 400 ਕਰੋੜ ਤੋਂ ਵੱਧ ਲੋਕਾਂ 'ਚ ਪ੍ਰਥਮ ਆਉਣਾ ਬੜੀ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ।

ਪੰਜਾਬ ਸਰਕਾਰ ਨੇ ਏਸ਼ੀਆ ਦੇ ਮੈਡਲ ਜੇਤੂ ਪੰਜਾਬੀ ਖਿਡਾਰੀਆਂ ਦੇ ਇਨਾਮ ਐਲਾਨੇ, ਪਰ ਪਹਿਲਾਂ ਸਵਰਨ ਦਾ ਨਾਂ ਸ਼ਾਮਲ ਨਾ ਕੀਤਾ ਗਿਆ। ਪੰਜਾਬ ਸਰਕਾਰ ਨੇ ਸਵਰਨ ਨੂੰ ਇਨਾਮ ਦੇਣੋ ਇਸ ਲਈ ਇਨਕਾਰ ਕਰ ਦਿੱਤਾ ਕਿ ਉਹ ਤਾਂ ਫੌਜੀ ਐ। ਮੈਡਲ ਜਿੱਤਣ ਲਈ ਓਨਾ ਜ਼ੋਰ ਨੀ ਲੱਗਿਆ ਜਿੰਨਾ ਫਿਰ ਇਨਾਮ ਲੈਣ ਲਈ ਲੱਗ ਗਿਆ! ਲੰਬੀ ਜੱਦੋ-ਜਹਿਦ ਬਾਅਦ ਗਿਆਰਾਂ ਲੱਖ ਰੁਪਏ ਦਾ ਇਨਾਮ ਮਿਲਿਆ, ਜਿਸ ਨਾਲ ਘਰ ਦੇ ਕਰਜ਼ੇ ਲਾਹੇ ਗਏ। 2015 ਵਿਚ ਅਰਜਨਾ ਅਵਾਰਡ ਤੇ 2019 ਵਿਚ ਮਹਾਰਾਜਾ ਰਣਜੀਤ ਸਿੰਘ ਅਵਾਰਡ ਮਿਲਿਆ। 2019 ਵਿਚ ਏਸ਼ੀਆ ਚੈਂਪੀਅਨਸ਼ਿਪ ਸਾਊਥ ਕੋਰੀਆ ਵਿਚ ਹੋਈ, ਜਿਥੇ ਡਬਲ ਸਕੱਲ ਵਿਚ ਸੁਖਮੀਤ ਨਾਲ ਜੋਟੀਦਾਰ ਬਣ ਕੇ ਸਵਰਨ ਨੇ ਕਾਂਸੀ ਦਾ ਮੈਡਲ ਜਿੱਤਿਆ। ਚਾਰਾਂ ਦੀ ਟੀਮ ਵਾਲੇ ਮੁਕਾਬਲੇ ਵਿਚ ਸੁਖਮੀਤ, ਜਾਕਰ ਤੇ ਰੋਹਿਤ ਨਾਲ ਮਿਲ ਕੇ ਚਾਂਦੀ ਦਾ ਮੈਡਲ ਜਿੱਤਿਆ।

2020 ਵਿਚ ਓਲੰਪਿਕ ਕੁਆਲੀਫਾਈ ਤਿਆਰੀ ਕੈਂਪ ਵਿਚੋਂ ਕੋਚਾਂ ਤੋਂ ਮਸਾਂ ਛੇ ਦਿਨਾਂ ਦੀ ਛੁੱਟੀ ਲੈ ਕੇ ਕੈਨੇਡਾ ਤੋਂ ਆਈ ਰਵਿੰਦਰ ਕੌਰ ਨਾਲ ਵਿਆਹ ਕਰਵਾਉਣ ਪਿੰਡ ਆਇਆ। ਵਿਆਹ ਕਰਵਾ ਕੇ ਫੇਰ ਕੈਂਪ ਵਿਚ ਚਲਾ ਗਿਆ। ਓਧਰ ਕਰੋਨਾ ਮਹਾਮਾਰੀ ਸ਼ੁਰੂ ਹੋ ਗਈ ਤੇ ਤਿਆਰੀ ਕੈਂਪ ਰੋਕ ਦਿੱਤਾ ਗਿਆ। ਮੈਰਿਜ ਰਜਿਸਟਰਡ ਕਰਾਉਣ ਲਈ ਪਿੰਡ ਆਇਆ ਤਾਂ ਪੰਜਾਬ ਸਰਕਾਰ ਨੇ ਕਰਫਿਊ ਲਾ ਦਿੱਤਾ। ਲੌਕਡਾਊਨ ਦੌਰਾਨ ਘਰ ਦੇ ਤੇ ਖੇਤੀ ਦੇ ਸਾਰੇ ਕੰਮ ਕਰਵਾਏ। ਵਿਹਲੇ ਬਹਿਣਾ ਸਵਰਨ ਦਾ ਸੁਭਾਅ ਨਹੀਂ। ਹੁਣ ਫਿਰ ਤੋਂ ਉਲੰਪਿਕ ਦੀਆਂ ਤਿਆਰੀਆਂ ਚੱਲ ਰਹੀਆਂ ਨੇ। ਸਵਰਨ ਨੇ ਆਪਣਾ ਹੀ ਨਹੀਂ, ਪਛੜੇ ਕਹੇ ਜਾਂਦੇ ਜਿਲੇ ਮਾਨਸਾ ਦਾ ਨਾਂ ਵੀ ਰੌਸ਼ਨ ਕੀਤਾ ਹੈ।

# 31 ਦਸੰਬਰ ਦੀ ਰਾਤ

31 ਦਸੰਬਰ ਦੀ ਰਾਤ ਸੰਗੀਤਕ ਤਣਾਓ ਨਾਲ ਭਰੀ ਹੁੰਦੀ ਹੈ। ਕੁਦਰਤ ਲਈ ਇਸ ਦੀ ਅਹਿਮੀਅਤ ਹੋਵੇ ਜਾਂ ਨਾ ਹੋਵੇ, ਪਰ ਬੰਦੇ ਲਈ ਹੈ। ਇਸ ਰਾਤ ਨੇ ਇੱਕ ਹੱਥ ਵਿਚ ਪਿਛਲੇ ਵਰ੍ਹੇ ਦੀ ਕੰਨੀ ਫੜੀ ਹੁੰਦੀ ਹੈ ਅਤੇ ਦੂਜੇ ਵਿਚ ਅਗਲੇ ਦਾ ਲੜ। ਮਾਨਸਿਕ ਤੌਰ 'ਤੇ ਦੋਨੋਂ ਪਲ ਪਲ ਖਿਸਕਦੇ ਜਾਂਦੇ ਲਗਦੇ ਹਨ। ਕਈਆਂ ਨੂੰ ਇਸ ਤਬਦੀਲੀ ਦਾ ਪਤਾ ਹੀ ਨਹੀਂ ਲਗਦਾ, ਉਹ ਉਵੇਂ ਹੀ ਪਿਛਲੇ ਵਰ੍ਹੇ ਦੀ ਤਰ੍ਹਾਂ ਆਦਤਨ ਜਿਉਂਦੇ ਰਹਿੰਦੇ ਹਨ। ਉਨ੍ਹਾਂ ਵਿਚ ਹੋ ਰਹੇ ਨੂੰ ਬਦਲਣ ਦੀ ਨਾ ਕੋਈ ਨਵੀਂ ਉਮੰਗ ਹੁੰਦੀ ਹੈ, ਨਾ ਕੋਈ ਨਵਾਂ ਸੁਫਨਾ। ਪਰ ਥੋੜ੍ਹੇ ਜਿਹੇ ਹਨ, ਜੋ ਇਸ ਕੈਲੰਡਰੀ ਤਬਦੀਲੀ ਨੂੰ ਮਾਣਦੇ ਹਨ, ਜਸ਼ਨ ਮਨਾਉਂਦੇ ਹਨ। ਕਿਸੇ ਲਈ ਇਹ ਬੇਵਾਸਤਗੀ, ਟੁੱਟੇ ਹੋਏ ਸੁਫਨਿਆਂ ਦੀ ਬਸਾਤ ਹੈ, ਤਾਂ ਕਿਸੇ ਲਈ ਮਾਣ ਸਨਮਾਨ, ਨਵੀਆਂ ਉਮੀਦਾਂ ਦਾ ਸਮਾਂ ਹੈ।



**ਅਵਤਾਰ ਗੋਂਦਾਰਾ**
**ਫੋਨ: 559-375-2589**

ਇਸ ਕੈਲੰਡਰੀ ਤਬਦੀਲੀ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਜੇ ਜਸ਼ਨ ਕਰਨ ਦਾ ਕੋਈ ਚਾਅ ਜਾਂ ਬਹਾਨਾ ਨਹੀਂ ਮਿਲਦਾ ਤਾਂ ਝੁਰਨਾ ਵੀ ਕੋਈ ਅਕਲਮੰਦੀ ਨਹੀਂ ਹੈ। ਜਿੰਨਾ ਚਿਰ ਜ਼ਿੰਦਗੀ ਹੈ, ਜਿਉਣਾ ਸਾਡੀ ਜੈਵਿਕ ਲੋੜ ਹੀ ਨਹੀਂ, ਸਮਾਜਕ ਜਿੰਮੇਵਾਰੀ ਵੀ ਹੈ; ਪਰ ਕੀ ਕੈਲੰਡਰੀ ਤਬਦੀਲੀ ਹੀ ਸਾਰਾ ਕੁਝ ਹੈ? ਸਾਡਾ ਆਪਣਾ ਆਪ, ਸਾਡੇ ਆਲੇ-ਦੁਆਲੇ ਦੀ ਤਬਦੀਲੀ ਇਸ ਵਿਚ ਕਿੱਥੇ ਆਉਂਦੇ ਹਨ? ਅਜਿਹੇ ਮੌਕਿਆਂ 'ਤੇ, ਮੌਜ ਮੇਲਿਆਂ ਦੇ ਨਾਲ ਨਾਲ, ਅੰਦਰ ਝਾਤ ਦੀ ਵੀ ਲੋੜ ਹੈ। ਭਾਵ, ਜਾਹਰਾ ਤੇ ਲੁਕਵੇਂ ਮਨਸ਼ਿਆਂ, ਲਏ ਗਏ ਸੁਪਨਿਆਂ ਨੂੰ ਨਿਰਲੇਪ ਹੋ ਕੇ ਦੇਖਣਾ ਹੈ। ਅੱਜ ਦੇ ਵਿਸ਼ਵਵਿਆਪੀ ਉਥਲ-ਪੁਥਲ ਦੇ ਸਮਿਆਂ 'ਚ ਇਨ੍ਹਾਂ ਸੁਆਲਾਂ ਦੇ ਰੂਬਰੂ ਹੋਣ ਦੀ ਲੋੜ ਹੈ, ਤਾਂ ਜੋ ਘਟਨਾਵਾਂ 'ਤੇ ਸਵਾਰ ਹੋਇਆ ਜਾਵੇ, ਇਸ ਤੋਂ ਪਹਿਲਾਂ ਕਿ ਘਟਨਾਵਾਂ ਸਾਨੂੰ ਪੈਰਾਂ ਹੇਠ ਮਧੋਲ ਲੈਣ।

ਬਹੁਤਿਆਂ ਨੂੰ ਪਤਾ ਹੈ ਕਿ ਉਹ ਕੀ ਕਰਦੇ ਹਨ ਤੇ ਕਿਵੇਂ ਕਰਦੇ ਹਨ, ਪਰ ਇਸ ਗੱਲ ਦਾ ਵਿਰਲਿਆਂ ਨੂੰ ਪਤਾ ਹੈ ਕਿ ਉਹ ਕਿਉਂ ਕਰਦੇ ਹਨ। ਕਿਉਂ ਵਾਲੀ ਗੱਲ ਜ਼ਿਆਦਾ ਅਹਿਮ ਹੈ। ਦੇਖਣ ਵਿਚ ਆਉਂਦਾ ਹੈ ਕਿ ਅਸੀਂ ਹਰ ਹੀਲੇ ਕੁਝ ਨਾ ਕੁਝ ਬਣਨਾ ਚਾਹੁੰਦੇ ਹਾਂ ਜਾਂ ਹੋਣਾ ਚਾਹੁੰਦੇ ਹਾਂ, ਇਹ ਮਾੜੀ ਗੱਲ ਨਹੀਂ; ਪਰ ਕਿਉਂ? ਬਹੁਤ ਕੁਝ ਕਮਾ ਕੇ, ਪਾ ਕੇ ਲਗਦਾ ਹੈ ਇਹ ਉਹ ਕੁਝ ਨਹੀਂ, ਜਿਸ ਲਈ ਇੰਨੇ ਜਫਰ ਜਾਲੇ ਸਨ। ਇਹ ਉਹ ਆਗੂ ਨਹੀਂ, ਜਿਨ੍ਹਾਂ ਦੀ ਅਗਵਾਈ 'ਚ ਧਰਨੇ ਲਾਏ, ਜੇਲ੍ਹਾਂ ਕੱਟੀਆਂ। ਭੱਤਾ ਭਨਾ ਕੇ ਪਤਾ ਲਗਦਾ ਹੈ ਕਿ ਅਸੀਂ ਵਰਤੇ ਗਏ ਹਾਂ।

ਉਕਤ ਸੁਆਲਾਂ ਨੂੰ ਕਈ ਤਰ੍ਹਾਂ ਨਾਲ ਵੇਖਿਆ ਪਰਖਿਆ ਜਾ ਸਕਦਾ ਹੈ। ਕਿਸੇ ਨੂੰ ਲਗਦਾ ਹੈ ਕਿ ਬੰਦਾ ਕਿਸਮਤ ਦੀਆਂ ਤੰਦਾਂ ਵਿਚ ਬੱਝੀ ਕਠਪੁਤਲੀ ਹੈ, ਦੂਜਾ ਬੰਦੇ ਨੂੰ ਹਾਲਤਾਂ ਦਾ ਸੰਚਾਲਕ ਮੰਨਦਾ ਹੈ। ਆਪਣੇ ਕੀਤੇ ਕਰਾਏ ਲਈ ਖੁਦ ਨੂੰ ਜ਼ਿੰਮੇਵਾਰ ਮੰਨਦਾ ਹੈ।

ਅੱਜ ਦੇ ਦੌਰ ਵਿਚ 'ਦੂਜੀ' ਕਿਸਮ ਦੇ ਬੰਦਿਆਂ ਦੀ ਲੋੜ ਹੈ। ਆਲਮੀ ਪੱਧਰ 'ਤੇ ਜੇ ਸਿਆਸਤ ਵਿਚ ਅਣਚਾਹੇ ਬੰਦਿਆਂ ਦਾ ਬੋਲ ਬਾਲਾ ਹੈ ਤਾਂ ਆਰਥਕਤਾ ਅੰਨੀ ਗਲੀ ਵਿਚ ਵੜੀ ਹੋਈ ਹੈ, ਤੇ ਫਿਰ ਸਭ ਕਾਸੇ ਨੂੰ ਕਿਸਮਤ ਜਾਂ 'ਕੁਦਰਤ ਦੇ ਇਨਸਾਫ' ਦੇ ਸਹਾਰੇ ਨਹੀਂ ਛੱਡਿਆ ਜਾ ਸਕਦਾ। ਸੁਰੱਖਿਅਤਾ, ਸਿਹਤ ਤੇ ਵਾਤਾਵਰਣ ਦਾਅ 'ਤੇ ਲੱਗੇ ਹੋਏ ਹਨ, ਮਾਨਵੀ ਰਿਸ਼ਤਿਆਂ 'ਚ 'ਸਮਾਜਕ ਦੂਰੀਆਂ' ਨੂੰ ਕਾਨੂੰਨੀ ਦਰਜਾ ਮਿਲ ਗਿਆ ਹੈ ਤਾਂ ਹਰ ਕਿਸੇ ਦੀ ਇਹ ਅਣਸਰਦੀ ਲੋੜ ਬਣ ਜਾਂਦੀ ਹੈ ਕਿ ਉਹ 'ਨਿੱਜੀ ਪ੍ਰਾਪਤੀਆਂ' ਦੇ ਨਾਲ ਨਾਲ, 'ਸਮਾਜਕ ਨਿਘਾਰ' ਉਤੇ ਵੀ ਪੈਨੀ ਨਜ਼ਰ ਰੱਖੇ। ਉਹ ਲਏ ਗਏ ਗਲਤ ਫੈਸਲਿਆਂ ਦੀ ਜ਼ਿੰਮੇਵਾਰੀ ਚੁੱਕੇ ਤੇ ਨਾ ਲਏ ਗਏ ਸਹੀ ਫੈਸਲਿਆਂ ਲਈ ਆਪਾ ਪੜਚੋਲ ਕਰੇ।

ਅੱਜ ਦੀ ਰਾਤ ਇਹ ਗੱਲ ਹੋਰ ਦ੍ਰਿੜਾਉਣ ਵਾਲੀ ਹੈ ਕਿ ਸਾਡੇ ਕੁਝ ਸਰੋਕਾਰ ਸਦੀਵੀ ਹਨ। ਉਹ ਕੈਲੰਡਰ ਬਦਲਣ ਨਾਲ ਨਹੀਂ ਬਦਲਦੇ; ਜਿਵੇਂ ਮਨੁੱਖੀ ਆਜ਼ਾਦੀ, ਵਾਤਾਵਰਣ ਦੀ ਸਾਂਭ ਸੰਭਾਲ, ਬੁਨਿਆਦੀ ਲੋੜਾਂ ਦੀ ਪ੍ਰਾਪਤੀ, ਆਜ਼ਾਦੀ ਤੇ ਇਨਸਾਫ। ਅਸੀਂ ਇਹ ਗੁਰ ਵੀ ਸਿੱਖਣਾ ਹੈ ਕਿ ਪ੍ਰਚਾਰੇ ਜਾ ਰਹੇ ਸੱਚ ਵਿਚ ਕਿੰਨਾ ਝੂਠ ਹੈ ਅਤੇ ਦੁਰਕਾਰੇ ਜਾ ਰਹੇ ਝੂਠ ਵਿਚ ਕਿੰਨਾ ਸੱਚ ਹੈ? ਸਮੇਂ ਦੇ ਹਾਣ ਦਾ ਕਿਹੜਾ ਸੱਚ ਹੈ ਤੇ ਲੱਭੀਆਂ ਜਾ ਚੁੱਕੀਆਂ ਸੱਚਾਈਆਂ ਕਿੰਨੀਆਂ ਕੁ ਪ੍ਰਸੰਗਿਕ ਹਨ। ਇਹ ਗੱਲਾਂ ਲਗਾਤਾਰ ਨਿਰਖ ਪਰਖ ਬਿਨਾ ਨਹੀਂ ਆ ਸਕਦੀਆਂ।

ਸੂਚਨਾਵਾਂ ਦੀ ਗੜ੍ਹੇਮਾਰ ਹੇਠ ਅਸੀਂ ਬੌਂਦਲ ਗਏ ਹਾਂ। ਪਿਛਲੇ ਦਿਨੀਂ ਵਾਪਰੀਆਂ ਘਟਨਾਵਾਂ ਨੇ ਇਹ ਸਿੱਧ ਕਰ ਦਿਤਾ ਹੈ ਕਿ ਅਸੀਂ ਸੂਝ ਅਤੇ ਸਿਆਣਪ ਵੱਲ ਕਦਮ ਨਹੀਂ ਪੁੱਟੇ। ਹੁਣ ਤੱਕ ਪ੍ਰਚਾਰਕਾਂ, ਲੇਖਕਾਂ, ਵਿਆਖਿਆਕਾਰਾਂ ਨੇ ਸਾਨੂੰ ਸਿਰਫ 'ਮੌਤ ਨੂੰ ਮਖੌਲਾਂ ਕਰਨ ਵਾਲੇ', 'ਜਾਨਾਂ ਵਾਰਨ ਵਾਲੇ', 'ਲੰਗਰ ਲਾਉਣ ਵਾਲੇ' ਮਰਜੀਵੜਿਆਂ ਅਤੇ ਸਮਾਜਸੇਵੀਆਂ ਤੱਕ ਸੰਗੋੜ ਦਿੱਤਾ ਹੈ। ਅਸੀਂ ਇੱਕ ਹੱਦ ਤੱਕ ਇਸ ਨੂੰ ਸਵੀਕਾਰਿਆ ਵੀ ਹੈ। ਸਾਨੂੰ 'ਸਿਆਣਿਆਂ' ਦਾ ਪਿਛਲਗ ਬਣਨ ਲਈ ਉਕਸਾਇਆ ਤਾਂ ਗਿਆ ਹੈ, 'ਸਿਆਣਾ' ਬਣਨ ਲਈ ਕਿਸੇ ਨੇ ਪ੍ਰੇਰਿਆ ਨਹੀਂ ਹੈ।

ਸਿਆਣੇ ਹੋਣ ਦਾ ਕੀ ਪ੍ਰਮਾਣ ਹੈ? ਸਿਆਣਾ ਬੰਦਾ ਵਰਤਾਰਿਆਂ ਨੂੰ ਸਮਝਦਾ ਹੀ ਨਹੀਂ, ਉਨ੍ਹਾਂ ਦੀ ਦਿਸ਼ਾ ਅਤੇ ਨਿਕਲਣ ਵਾਲੇ ਸਿੱਟਿਆਂ ਦੀ ਭਵਿਖਵਾਣੀ ਵੀ ਕਰਦਾ ਹੈ। ਉਸ ਨੂੰ ਪਤਾ ਹੁੰਦਾ ਹੈ, ਗੱਲ ਕਿਧਰ ਨੂੰ ਜਾ ਸਕਦੀ ਹੈ। ਇਸ ਲਈ ਉਹ ਪਹਿਲਾਂ ਹੀ ਬੰਨ-ਸੁੱਬ ਕਰ ਲੈਂਦਾ ਹੈ। 'ਮੌਤ ਨੂੰ ਮਖੌਲਾਂ ਕਰਨਾ ਵਾਲੇ' ਬੰਦਿਆਂ ਵਿਚ ਵਰਤਾਰਿਆਂ ਨੂੰ ਸਮਝਣ ਦੀ ਰੁਚੀ ਨਹੀਂ ਹੁੰਦੀ। ਇਸ ਲਈ ਚਲਾਕ ਸਿਆਸਤਦਾਨਾਂ ਦੁਆਰਾ ਉਨ੍ਹਾਂ ਦੇ ਵਰਤੇ ਜਾਣ ਦੀਆਂ ਸੰਭਾਵਨਾਵਾਂ ਬਣੀਆਂ ਰਹਿੰਦੀਆਂ ਹਨ। ਪੰਜਾਬ ਦੇ ਮੁੱਖ ਧਾਰਾ ਦੇ ਸਿਆਸਤਦਾਨਾਂ ਨੇ ਇਸ ਦਾ ਭਰਪੂਰ ਲਾਹਾ ਲਿਆ ਹੈ। ਭਾਰਤ ਦੇ ਖੇਤੀ ਕਾਨੂੰਨਾਂ ਨਾਲ ਜੁੜੇ ਘੋਲ ਦੇ ਹਵਾਲੇ ਨਾਲ 'ਸੂਝ-ਸਿਆਣਪ' ਦੀ ਗੈਰਹਾਜ਼ਰੀ ਕਾਫੀ ਰੜਕਵੀਂ ਹੈ। ਜੋ ਸੂਝ ਸਿਆਣਪ ਘੋਲ ਕਰਦਿਆਂ ਦਿਸ ਰਹੀ ਹੈ, ਉਹ ਘੋਲ ਦਾ ਸਬੱਬ ਬਣੇ ਵਰਤਾਰਿਆਂ ਦੀ ਸਿਰੀ ਵੇਲੇ ਸਿਰ ਨੱਪਣ ਤੋਂ ਅਵੇਸਲੀ ਰਹੀ।

ਕਈਆਂ ਨੂੰ ਲਗਦਾ ਹੈ ਕਿ ਮੁੱਦਾ ਕਾਨੂੰਨ ਬਣਨ ਨਾਲ ਹੀ ਸ਼ੁਰੂ ਹੋਇਆ। ਇਸ ਦਾ ਮੁੱਢ ਤਾਂ ਕਈ ਦਹਾਕੇ ਪਹਿਲਾਂ 'ਆਰਥਕ ਸੁਧਾਰਾਂ' ਦੇ ਨਾਲ ਹੀ ਬੱਝ ਗਿਆ ਸੀ, ਪਰ ਉਦੋਂ ਕਿਸੇ ਨੇ ਗੌਰ ਨਹੀਂ ਕੀਤਾ। ਉਹੀ ਸਵੈ ਕੇਂਦਰਿਤ ਰੁਚੀ। ਇਸ ਲਈ ਪਹਿਲਾਂ ਵਾਹ ਸੁਆਰ ਕੇ ਜ਼ਮੀਨ ਤਿਆਰ ਕੀਤੀ ਗਈ। ਇਕ ਇਕ ਕਰਕੇ ਜਨਤਕ ਅਦਾਰਿਆਂ ਨੂੰ ਨਿਜੀ ਹੱਥਾਂ ਵਿਚ ਸੌਂਪਿਆ ਗਿਆ। ਖੇਤੀ ਕਾਨੂੰਨਾਂ ਲਈ ਵੱਤਰ ਦੀ ਉਡੀਕ ਹੋ ਰਹੀ ਸੀ। ਜੋ ਮੋਦੀ ਸਰਕਾਰ ਦੇ ਆਉਣ ਨਾਲ ਬਰ ਆਈ। ਦੁਨੀਆਂ ਭਰ ਵਿਚ ਬੈਠੇ ਪੰਜਾਬੀ ਵਿਦਵਾਨਾਂ ਨੂੰ ਇਸ ਆ ਰਹੀ ਆਫਤ ਦੀ ਕਨਸੋਅ ਹੀ ਨਹੀਂ ਲੱਗੀ, ਕਿਸੇ ਨੇ ਓਹੜ ਪੋਹੜ ਕੀ ਕਰਨਾ ਸੀ! ਅਸੀਂ ਨਦੀਨ ਮਾਰਨ ਵਾਂਗ ਮੌਕੇ ਸਿਰ ਕੋਈ ਸਿਆਸੀ ਜਾਂ ਜਥੇਬੰਦਕ ਚਾਰਾ ਨਾ ਕਰ ਸਕੇ ਤੇ ਇਸ ਨੂੰ ਬੇਰੋਕ ਮੌਲਣ ਦਿਤਾ। ਕਿਉਂਕਿ 'ਸੂਝ-ਸਿਆਣਪ' ਤੋਂ ਕੰਮ ਲੈਣਾ ਸਾਡਾ ਸੁਭਾਅ ਨਹੀਂ ਹੈ।

ਮੋਦੀ ਦੇ 'ਭਾਣੇ' ਨੂੰ ਵਾਪਰਨ ਲਈ ਆਰ. ਐਸ. ਐਸ. ਨੇ ਇੱਕ ਸਦੀ ਪਹਿਲਾਂ ਤਿਆਰੀ ਵਿੱਢੀ ਸੀ, ਪਰ ਸਾਡੇ 'ਚੋਂ ਕਿਸੇ ਵੀ ਪ੍ਰਚਾਰਕ, ਗਿਆਨੀ ਧਿਆਨੀ ਨੂੰ ਇਸ ਦੀ ਮਾਰੂ ਸ਼ਕਤੀ ਦਾ ਪਤਾ ਨਾ ਲੱਗਿਆ। ਅਸੀਂ ਉਨ੍ਹਾਂ ਨੂੰ 'ਖਾਕੀ ਨਿੱਕਰਾਂ' ਵਾਲੇ ਕਹਿ ਕਹਿ ਕੇ ਛੁਟਿਆਉਂਦੇ ਰਹੇ ਤੇ ਐਵੇਂ ਬੱਦਲਵਾਈ ਜਿਹੀ ਕਹਿ ਕੇ ਨਜ਼ਰਅੰਦਾਜ਼ ਕੀਤਾ। ਪਤਾ ਉਦੋਂ ਲੱਗਿਆ, ਇਹ ਬੱਦਲਵਾਈ ਜਦੋਂ ਘਨਘੋਰ ਘਟਾਵਾਂ ਵਿਚ ਬਦਲ ਕੇ ਗੜ੍ਹੇਮਾਰ ਕਰਨ ਲੱਗੀ। ਚਾਹੀਦਾ ਇਹ ਸੀ ਕਿ ਸੂਝ-ਸਿਆਣਪ ਤੇ ਦੂਰਦਰਸ਼ਤਾ ਨਾਲ ਉਸੇ ਵੇਲੇ ਸਿਆਸੀ, ਸਭਿਆਚਾਰਕ ਤੇ ਜਥੇਬੰਦਕ ਕੋਸ਼ਿਸ਼ਾਂ ਨਾਲ ਨਦੀਨ ਵਾਂਗ ਵੇਲੇ ਸਿਰ ਹੀ ਇਸ ਵਰਤਾਰੇ ਨੂੰ ਨੱਪ ਦਿੱਤਾ ਜਾਂਦਾ; ਪਰ ਇਸ ਤਰ੍ਹਾਂ ਹੋ ਨਾ ਸਕਿਆ। ਚੱਲੋ ਇਸ ਲੜਾਈ 'ਚੋਂ ਸੂਝ ਦੀ ਜਾਗ ਲੱਗੇਗੀ। ਉਂਜ ਵੀ ਇਹ ਕੋਈ ਆਖਰੀ ਲੜਾਈ ਨਹੀਂ ਹੈ।

ਆਉਣ ਵਾਲੇ ਦਿਨਾਂ ਵਿਚ ਅਣਸੁਖਾਵੇਂ ਵਰਤਾਰੇ ਸਾਡੇ ਗਲ ਨਾ ਪੈਣ, ਇਸ ਲਈ ਸੂਝ-ਸਿਆਣਪ ਦਾ ਲੜ ਫੜਨਾ ਪੈਣਾ ਹੈ। ਬਹੁਤ ਸਾਰੇ ਕਾਰਨ ਹਨ, ਜੋ ਸਾਡੀ ਦਾਨਾਈ ਦੇ ਰਾਹ ਵਿਚ ਅੜਿੱਕਾ ਹਨ। ਸਭ ਤੋਂ ਰੜਕਵਾਂ ਹੈ ਸਾਡਾ 'ਨਿੱਜ-ਮੁਖੀ' ਜਾਂ 'ਪਰਿਵਾਰ ਮੁਖੀ' ਹੋਣਾ। ਅਸੀਂ ਅਕਸਰ 'ਨਿੱਜੀ' ਜਾਂ 'ਪਰਿਵਾਰਕ' ਪ੍ਰਾਪਤੀਆਂ; ਜਿਵੇਂ ਘਰਾਂ, ਸਟੋਰਾਂ ਅਤੇ ਟਰੱਕਾਂ ਦੀ ਗਿਣਤੀ ਵਿਚਲੇ ਵਾਧੇ ਨਾਲ ਪਰਚਣ ਦੇ ਆਦੀ ਹਾਂ। ਨਿੱਜ ਦੇ ਇਨ੍ਹਾਂ ਕਿਲਿਆਂ 'ਚ ਸੁਰਖਿਅਤ ਅਸੀਂ, ਸਮਾਜ ਜਾਂ ਦੁਨੀਆਂ 'ਚ ਬੇਘਰਿਆਂ, ਗਰੀਬਾਂ, ਬੇਰੁਜ਼ਗਾਰਾਂ ਅਤੇ ਨਿਆਸਰਿਆਂ ਦੀ ਵਧ ਰਹੀ ਗਿਣਤੀ ਨੂੰ ਭੁੱਲ ਜਾਂਦੇ ਹਾਂ। ਕਾਲੇ ਵਰਤਾਰਿਆਂ ਨੂੰ ਵਧਣ ਫੁਲਣ ਲਈ ਖੁੱਲ੍ਹਾ ਛੱਡ ਦਿੰਦੇ ਹਾਂ ਤੇ ਇਨ੍ਹਾਂ ਦੇ ਤਬਾਹਕੁੰਨ ਸਿੱਟਿਆਂ ਨਾਲ ਭਿੜਨ ਲਈ ਮਜਬੂਰ ਹੁੰਦੇ ਹਾਂ। ਕਿਸਾਨ ਵਿਰੋਧੀ ਕਾਨੂੰਨਾਂ ਵਰਗਾ ਕਿੰਨਾ ਕੁਝ ਭਵਿੱਖ ਦੇ ਗਰਭ ਵਿਚ ਪਲ ਰਿਹਾ ਹੈ, ਜੋ ਸਾਥੋਂ ਦੂਰ-ਦਰਸ਼ੀ ਹੋਣ ਦੀ ਮੰਗ ਕਰ ਰਿਹਾ ਹੈ।

ਦੂਜਾ ਕਾਰਨ ਹੈ, ਹਰ ਔਖੀ ਘੜੀ ਵਿਚ ਕਿਸੇ 'ਮਹਾਂਪੁਰਸ਼', 'ਦੈਵੀ ਪੁਰਸ਼' ਜਾਂ 'ਕੁਦਰਤ ਦੇ ਇਨਸਾਫ' ਉਤੇ ਟੇਕ ਰੱਖਣੀ। ਇਹ ਪਹੁੰਚ ਵਰਤਾਰਿਆਂ ਨੂੰ ਨਾ ਸਮਝਣ ਦੀ ਆਦਤ 'ਚੋਂ ਨਿਕਲਦੀ ਹੈ। ਕਿਸੇ ਵੀ ਛੋਟੇ-ਵੱਡੇ ਕੰਮ ਲਈ ਆਪਣੇ ਸਿਰ ਜ਼ਿੰਮੇਵਾਰੀ ਲੈਣ ਤੋਂ ਟਲਣਾ। ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਜਿਵੇਂ ਬੱਚੇ ਦਾ ਨਾਂ ਰੱਖਣ ਵਾਲੇ ਛੋਟੇ ਜਿਹੇ ਕਾਰਜ ਲਈ ਵੀ ਸਾਨੂੰ 'ਵਾਕ' ਲੈਣ ਦੀ ਲੋੜ ਪੈਂਦੀ ਹੈ। ਸਾਨੂੰ ਆਪ ਨੂੰ ਕੁਝ ਔੜਦਾ ਹੀ ਨਹੀਂ। ਇਸ ਕਿਸੇ ਰੁਹਾਨੀ ਲੋੜ 'ਚੋਂ ਨਹੀਂ, ਸਿਰਫ ਆਪਣੀ ਮਾਨਸਿਕ ਅਨਿਸ਼ਚਿਤਤਾ ਕਰਕੇ ਹੈ। ਸਾਨੂੰ ਲੱਗਦਾ ਹੈ, ਸਾਡਾ ਲਿਆ ਫੈਸਲਾ ਗਲਤ ਹੋ ਗਿਆ ਤਾਂ ਆਫਤ ਆ ਜਾਵੇਗੀ। ਕੋਈ ਵੀ ਆਫਤ ਮਨੁੱਖੀ ਸੂਝ ਤੇ ਉਦਮ ਤੋਂ ਜਰਵਾਣੀ ਨਹੀਂ ਹੁੰਦੀ।

ਆਓ, ਆਫਤਾਂ ਨੂੰ ਮੂਹਰਿਓਂ ਟੱਕਰੀਏ। ਵਾਪਰਨ ਵਾਲੇ ਕਾਲੇ ਵਰਤਾਰਿਆਂ ਨੂੰ ਅਗਾਊਂ ਬੁੱਝਣ ਦੇ ਗੁਰ ਸਿੱਖੀਏ ਤੇ ਸਿਆਣੇ ਬਣੀਏ। ਹਰ ਦਿਨ ਕੋਈ ਨਵੀਂ ਗੱਲ, ਕੋਈ ਨਵਾਂ ਸ਼ਬਦ ਸਿੱਖੀਏ; ਕੋਈ ਨਵਾਂ ਰਿਸ਼ਤਾ ਬਣਾਈਏ, ਪੁਰਾਣਿਆਂ ਨੂੰ ਨਵਿਆਈਏ, ਨਿੱਕੇ ਮੋਟੇ ਰੋਸਿਆਂ ਨਾਲ ਦੂਰੀਆਂ ਪੈਦਾ ਨਾ ਕਰੀਏ; ਖੁਦ ਨਾਲ, ਕੁਦਰਤ ਨਾਲ ਰਿਸ਼ਤਿਆਂ ਨੂੰ ਸੰਗੀਤਮਈ ਬਣਾਈਏ; ਪਹਿਲਕਦਮੀ ਕਰਨ ਤੋਂ ਨਾ ਡਰੀਏ। ਹਰ ਦਿਨ ਨੂੰ ਵਰ੍ਹੇ ਦਾ ਆਖਰੀ ਦਿਨ ਜਾਣੀਏ ਤੇ 'ਬਲ' ਦੇ ਨਾਲ ਨਾਲ 'ਬੁੱਧੀ' ਵਰਤਦਿਆਂ 'ਸਿਆਣੇ' ਬਣਨ ਦੇ ਰਾਹ ਪਈਏ। ਆਪਾਂ ਕੈਲੰਡਰ ਹੀ ਨਹੀਂ ਬਦਲਨਾ, ਆਪ ਵੀ ਬਦਲਨਾ ਹੈ। ਇਸ ਕਾਇਆਕਲਪ ਨਾਲ ਖੁਦ ਨੂੰ ਹੀ ਨਹੀਂ, ਦੁਨੀਆਂ ਨੂੰ ਹੈਰਾਨ ਕਰੀਏ।

# ਚਿੜੀ ਚੂਹਕਦੀ ਨਾਲ ਉੱਠ ਤੁਰੇ ਪਾਂਧੀ

ਵਾਰਸ ਸ਼ਾਹ ਨੇ ਸਮੇਂ ਦੇ ਚੱਕਰ ਵਿਚ ਦਿਨ ਦੇ ਚੜ੍ਹਾਅ ਨੂੰ ਵਰਣਨ ਕਰਦਿਆਂ ਕਿੰਨਾ ਖੂਬਸੂਰਤ ਬਿਆਨ ਕੀਤਾ ਹੈ ਕਿ ਖਲਕਤ ਦਿਨ ਦੇ ਉਗਣ ਸਮੇਂ ਹੀ ਕਾਰ ਵਿਹਾਰ ਨੂੰ ਲੱਗ ਜਾਂਦੀ ਹੈ। ਉਹ ਲਿਖਦਾ ਹੈ,

ਚਿੜੀ ਚੂਹਕਦੀ ਨਾਲ ਉੱਠ ਤੁਰੇ ਪਾਂਧੀ,
ਪਾਈਆਂ ਦੁੱਧਾਂ ਦੇ ਵਿਚ ਮਧਾਣੀਆਂ ਨੀ।
ਸੁਬਹ ਸਾਦਕ ਹੋਈ ਜਦੋਂ ਆਣ ਰੋਸ਼ਨ,
ਤਦੋਂ ਚਾਲੀਆਂ ਆਣ ਚਿਚਲਾਣੀਆਂ ਨੀ।

**ਡਾ. ਅਜੀਤ ਸਿੰਘ ਕੋਟਕਪੂਰਾ**

ਇਕਨਾ ਉੱਠ ਕੇ ਰਿੜਕਣਾ ਪਾ ਦਿੱਤਾ,
ਕਿ ਇਕ ਧੋਂਦੀਆਂ ਫਿਰਨ ਮਧਾਣੀਆਂ ਨੀ।
ਇਕ ਉੱਠ ਕੇ ਹਲੀਂ ਤਿਆਰ ਹੋਏ,
ਇਕ ਢੂੰਡਦੇ ਫਿਰਨ ਪਰਾਣੀਆਂ ਨੀ।
ਲਈਆਂ ਕੱਢ ਹਾਰਨਾਲੀਆਂ ਹਾਲੀਆਂ ਨੇ,
ਸੀਆਂ ਭੋਏਂ ਨੂੰ ਜਿਨ੍ਹਾਂ ਨੇ ਲਾਣੀਆਂ ਨੀ।
ਘਰ ਬਾਰ ਨਾ ਚੱਕੀਆਂ ਝੋਤੀਆਂ ਨੇ,
ਜਿਨ੍ਹਾਂ ਤੌਣਾਂ ਗੁੰਨ੍ਹ ਪਕਾਣੀਆਂ ਨੀ।
ਕਾਰੋਬਾਰ ਵਿਚ ਹੋਇਆ ਜਹਾਨ ਸਾਰਾ,
ਚਰਖੇ ਡਾਹੁੰਦੀਆਂ ਉੱਠਣ ਸੁਆਣੀਆਂ ਨੀ।

ਇੱਕ ਹੋਰ ਕਵੀ ਮਿਹਨਤ ਕਰਨ ਨੂੰ ਜ਼ਿੰਦਗੀ ਵਿਚ ਢਾਲਣ ਦਾ ਨੁਸਖਾ ਦੱਸਦਿਆਂ ਕਾਵਿ-ਟੋਟੇ ਵਿਚ ਇਸ ਤਰ੍ਹਾਂ ਦਰਜ ਕਰਦਾ ਹੈ,

ਨਾਲ ਮਿਹਨਤਾਂ ਸਿੰਜਦੇ,
ਜੋ ਵੀ ਆਪਣੇ ਰੁੱਖ।
ਪੈਰ ਚੁੰਮਦੀਆਂ ਖੁਸ਼ੀਆਂ
ਦੂਰ ਹੁੰਦੇ ਸਭ ਦੁੱਖ।
ਆਫਤ ਆਈ ਤੋਂ ਆਦਮੀ ਜਾਂਦੇ ਜੋ ਘਬਰਾ।
ਉਹ ਦੂਣੀ ਚੌਣੀ ਹੋ ਕੇ ਮੱਲ ਲੈਂਦੀ ਹੈ ਰਾਹ।

ਇਕ ਪੰਜਾਬੀ ਫਿਲਮ ਵਿਚ ਸਮੇਂ ਦੀ ਚਾਲ ਨੂੰ ਦੱਸਦਿਆਂ ਆਖਿਆ ਹੈ, 'ਚੱਪਾ ਚੱਪਾ ਚਰਖਾ ਚਲੇ...।'



ਸਮਾਂ ਆਪਣੀ ਚਾਲੇ ਚੱਲਦਾ ਹੈ। ਇਹ ਕਿਸੇ ਦੀ ਵੀ ਉਡੀਕ ਨਹੀਂ ਕਰਦਾ। ਰੁੱਤਾਂ ਬਦਲਦੀਆਂ ਰਹਿੰਦੀਆਂ ਹਨ। ਇਹ ਰੁੱਤਾਂ ਗਰਮੀ, ਪਤਝੜ, ਸਰਦੀ ਅਤੇ ਬਸੰਤ ਰੁੱਤ ਸਾਲ ਦੇ ਅੰਦਰ ਵਾਰੋ ਵਾਰ ਆਪਣੀ ਵਾਰੀ ਨਿਭਾ ਰਹੀਆਂ ਹਨ। ਜਿਥੇ ਪਤਝੜ ਅੰਦਰ ਰੁੱਖਾਂ ਤੋਂ ਪੁਰਾਣੇ ਪੱਤੇ ਝੜ ਜਾਂਦੇ ਹਨ ਅਤੇ ਬਾਅਦ ਵਿਚ ਬਸੰਤ ਰੁਤੇ ਨਵੀਆਂ ਕਰੂੰਬਲਾਂ ਫੁੱਟ ਪੈਂਦੀਆਂ ਹਨ; ਫੁੱਲ ਖਿੜਦੇ ਹਨ ਤੇ ਰੰਗ ਬਰੰਗਾ ਮਨਮੋਹਕ ਨਜ਼ਾਰਾ ਪੇਸ਼ ਕਰਦੇ ਹਨ। ਜੀਵਨ ਦੇ ਅੰਦਰ ਖੁਸ਼ੀਆਂ ਅਤੇ ਖੇੜੇ ਉਪਜਦੇ ਹਨ। ਉਦਾਸ ਮਨ ਫੁੱਲਾਂ ਨੂੰ ਵੇਖ ਉਦਾਸੀ ਤਿਆਗਣ ਦਾ ਯਤਨ ਕਰਦਾ ਹੈ। ਸਮੇਂ ਦੀ ਨਿਰਾਲੀ ਚਾਲ ਅਨੁਸਾਰ ਅਸੀਂ ਸਾਲ 2020 ਨੂੰ ਅਲਵਿਦਾ ਕਹਿਣ ਲਈ ਪੂਰੀ ਤਰ੍ਹਾਂ ਤਿਆਰ ਹਾਂ। ਇਸ ਸਾਲ ਦੇ ਦੌਰਾਨ ਕੋਵਿਡ-19 ਨੇ ਸਾਰੇ ਸੰਸਾਰ ਨੂੰ ਖਤੋਤ ਦੀ ਸਥਿਤੀ ਵਿਚ ਕਰ ਦਿੱਤਾ। ਅਸੀਂ ਦੇਖ ਰਹੇ ਹਾਂ, ਇਸ ਬਿਮਾਰੀ ਨੇ ਸਿਰਫ ਇਕ ਹਿੱਸੇ ਨੂੰ ਪ੍ਰਭਾਵਿਤ ਨਹੀਂ ਕੀਤਾ, ਸਗੋਂ ਸਾਰੀ ਖਲਕਤ ਹੀ ਇਸ ਤੋਂ ਪ੍ਰਭਾਵਿਤ ਹੋਈ ਹੈ। ਇਸ ਦੇ ਪ੍ਰਭਾਵ ਨੂੰ ਦੂਰ ਕਰਨ ਲਈ ਸੁਹਿਰਦ ਯਤਨ ਜਾਰੀ ਹਨ। ਬਹੁਤ ਸਾਰੀਆਂ ਕੀਮਤੀ ਜਾਨਾਂ ਅਸੀਂ ਗੁਆ ਚੁਕੇ ਹਾਂ। ਇਸ ਵਰ੍ਹੇ ਨੇ ਮਿੱਠੀਆਂ ਘੱਟ ਅਤੇ ਕੌੜੀਆਂ ਯਾਦਾਂ ਵੱਧ ਦਿੱਤੀਆਂ ਹਨ। ਅਸੀਂ ਸਭ ਦਾ ਭਲਾ ਲੋਚਦੇ ਹੋਏ ਅਰਦਾਸ ਕਰਦੇ ਹਾਂ ਕਿ ਸਾਲ 2021 ਖੁਸ਼ੀਆਂ ਨਾਲ ਸਾਡੇ ਦਰਵਾਜ਼ਿਆਂ 'ਤੇ ਦਸਤਕ ਦੇਵੇ। ਸਾਰੇ ਕੰਮ ਕਾਰ ਆਪਣੀ ਚੰਗੇਰੀ ਹਾਲਤ ਵਲ ਵਧਣ।

ਸਾਲ 2021 ਦੇ ਅੰਦਰ ਕਿਸੇ ਮਿਤੀ ਨੂੰ ਦਿਨ ਦਾ ਪਤਾ ਕਰਨ ਲਈ ਇਕ ਅਸਾਨ ਤਰੀਕਾ ਦਸ ਰਿਹਾ ਹਾਂ ਅਤੇ ਉਮੀਦ ਹੈ, ਮਨੁੱਖ ਇਸ ਦਾ ਫਾਇਦਾ ਉਠਾ ਕੇ ਆਪਣੇ ਸਾਲ ਦੀ ਠੀਕ ਯੋਜਨਾ ਬਣਾ ਸਕੇਗਾ।

ਹਫਤੇ ਦੇ ਦਿਨਾਂ ਨੂੰ ਅੰਕ ਪ੍ਰਦਾਨ ਕੀਤੇ ਗਏ ਹਨ, ਜੋ ਇਸ ਤਰ੍ਹਾਂ ਹਨ:

ਐਤਵਾਰ-0 (ਸਿਫਰ) ਜਾਂ 7, ਸੋਮਵਾਰ-1, ਮੰਗਲਵਾਰ-2, ਬੁੱਧਵਾਰ-3, ਵੀਰਵਾਰ-4, ਸ਼ੁੱਕਰਵਾਰ-5, ਸਨਿਚਰਵਾਰ-6

ਸਾਲ ਦੇ ਬਾਰਾਂ ਮਹੀਨਿਆਂ ਨੂੰ ਅੰਕ ਦਿੱਤੇ ਗਏ ਹਨ, ਜੋ ਇਸ ਤਰ੍ਹਾਂ ਹਨ:

ਜਨਵਰੀ-4, ਫਰਵਰੀ-0 (ਸਿਫਰ), ਮਾਰਚ-0 (ਸਿਫਰ), ਅਪਰੈਲ-3, ਮਈ-5, ਜੂਨ-1, ਜੁਲਾਈ-3, ਅਗਸਤ-6, ਸਤੰਬਰ-2, ਅਕਤੂਬਰ-4, ਨਵੰਬਰ-0 (ਸਿਫਰ), ਦਸੰਬਰ-2

ਮਹੀਨੇ ਦੀ ਜਿਸ ਮਿਤੀ ਨੂੰ ਦਿਨ ਲੱਭਣਾ ਹੋਵੇ, ਉਸ ਮਿਤੀ ਵਿਚ ਉਸ ਮਹੀਨੇ ਦਾ ਅੰਕ ਜੋੜ ਦੇਵੋ। ਪ੍ਰਾਪਤ ਜੋੜ ਨੂੰ 7 ਉਪਰ ਤਕਸੀਮ ਕਰ ਕੇ ਬਾਕੀ ਦਾ ਪਤਾ ਕਰ ਲਵੋ।

ਜੇ ਬਾਕੀ 0 (ਸਿਫਰ) ਹੈ ਤਾਂ ਉਸ ਮਿਤੀ ਨੂੰ ਐਤਵਾਰ ਹੋਵੇਗਾ, ਜੇ ਬਾਕੀ 1 ਹੈ ਤਾਂ ਉਸ ਮਿਤੀ ਨੂੰ ਸੋਮਵਾਰ ਹੋਵੇਗਾ। ਇਸ ਤਰ੍ਹਾਂ ਬਾਕੀ ਵੇਖਣ ਉਪਰੰਤ ਹਫਤੇ ਦੇ ਅੰਕ ਅਨੁਸਾਰ ਦਿਨ ਦਾ ਪਤਾ ਲੱਗ ਜਾਵੇਗਾ।

ਮਿਸਾਲ ਵਜੋਂ ਜੇ 26 ਜਨਵਰੀ 2021 ਨੂੰ ਦਿਨ ਦਾ ਪਤਾ ਕਰਨਾ ਹੈ ਤਾ 26 ਦੇ ਵਿਚ ਜਨਵਰੀ ਦਾ ਅੰਕ 4 ਜੋੜ ਲਵੋ (26+4=30); ਹੁਣ 30 ਨੂੰ 7 'ਤੇ ਵੰਡਦੇ ਹਾਂ ਤਾਂ 2 ਬਾਕੀ ਬਚਦਾ ਹੈ, ਇਸ ਲਈ ਦੂਸਰਾ ਦਿਨ ਮੰਗਲਵਾਰ ਹੋਵੇਗਾ। ਇਸ ਲਈ 26 ਜਨਵਰੀ 2021 ਨੂੰ ਮੰਗਲਵਾਰ ਹੋਵੇਗਾ।

ਜੇ 15 ਅਗਸਤ 2021 ਨੂੰ ਦਿਨ ਪਤਾ ਕਰਨਾ ਹੈ ਤਾਂ 15 ਵਿਚ ਅਗਸਤ ਮਹੀਨੇ ਦਾ ਅੰਕ 6 ਜੋੜ ਦੇਵੋ ਤਾਂ (15+6=21) ਆਵੇਗਾ। ਹੁਣ ਜੋੜ 21 ਨੂੰ 7 'ਤੇ ਵੰਡਦੇ ਹਾਂ ਤਾਂ ਸਿਫਰ ਬਚਦਾ ਹੈ, ਇਸ ਲਈ 15 ਅਗਸਤ 2021 ਨੂੰ ਐਤਵਾਰ ਹੋਵੇਗਾ।

ਜੇ 17 ਅਪਰੈਲ 2021 ਨੂੰ ਦਿਨ ਪਤਾ ਕਰਨਾ ਹੋਵੇ ਤਾਂ ਅਪਰੈਲ ਮਹੀਨੇ ਦੇ ਅੰਕ 3 ਨੂੰ 17 ਵਿਚ ਜੋੜੋ ਅਤੇ (17+3=20) ਜੋੜ 20 ਨੂੰ 7 ਉਪਰ ਵੰਡ ਦੇਵੋ ਤਾਂ ਬਾਕੀ 6 ਬਚਦਾ ਹੈ। ਇਸ ਲਈ 17 ਅਪਰੈਲ 2021 ਨੂੰ ਸਨਿਚਰਵਾਰ ਹੋਵੇਗਾ। ਇਸ ਤਰ੍ਹਾਂ ਜਿਸ ਮਿਤੀ ਨੂੰ ਚਾਹੋ, ਦਿਨ ਪਤਾ ਕਰ ਸਕਦੇ ਹੋ। ਇਸ ਲਈ ਭਵਿਖ ਦੇ ਕਾਰਜਾਂ ਨੂੰ ਵਿਉਂਤਣ ਲਈ ਇਸ ਅਸਾਨ ਵਿਧੀ ਰਾਹੀਂ ਅਸੀਂ ਦਿਨ ਬਾਰੇ ਗਿਆਨ ਲੈ ਕੇ ਅੱਗੇ ਵਲ ਵੱਧ ਸਕਦੇ ਹਾਂ।

## ਐਵੇਂ ਨਾ ਮੁੜੀਂ

ਘਰੋਂ ਆਇਆ ਫੋਨ ਵੇਖ ਉਹ ਵਾਰ ਵਾਰ ਕੱਟ ਰਿਹਾ ਸੀ। ਉਸ ਨੂੰ ਪਤਾ ਸੀ ਘਰ ਵਾਲੀ ਆਪਣਾ ਰੋਣਾ ਰੋਣ ਬੈਠ ਜਾਵੇਗੀ। ਉਹ ਤਾਂ ਖੇਤ ਗਿਆ ਜਾਂ ਕਿਸੇ ਦੋਸਤ ਕੋਲ ਬੈਠ ਜਾਂਦਾ ਸੀ ਤਾਂ ਜ਼ਿਆਦਾ ਸਮਾਂ ਹੋਣ 'ਤੇ ਪ੍ਰੇਸ਼ਾਨ ਹੋ ਜਾਂਦੀ ਸੀ। "ਕਿੱਥੇ ਹੋ, ਕਦੋਂ ਕੁ ਆਉਣਾ?" ਫੋਨ ਕਰ ਕਰ ਖਿਝਾ ਦਿੰਦੀ ਸੀ। ਹੁਣ ਵੀ ਉਸ ਨੇ ਆਪਣੀ ਕਹਾਣੀ ਲੈ ਬੈਠਣਾ, "ਜੁਆਕ ਆਖੇ ਨਹੀਂ ਲੱਗਦੇ, ਖੇਤ ਫਸਲ ਦਾ ਪਤਾ ਨਹੀਂ ਕੀ ਹਾਲ ਹੋਣਾ, ਪਸ਼ੂਆਂ ਨੂੰ ਪੱਠੇ...।"

ਨਾਲ ਦੇ ਸਾਥੀ ਨੇ ਇਸ ਤਰ੍ਹਾਂ ਫੋਨ ਕੱਟਣ ਸਬੰਧੀ ਪੁੱਛਿਆ ਤਾਂ ਉਸ ਨੇ ਕਹਿ ਦਿੱਤਾ ਸੀ, "ਯਾਰ ਘਰ ਵਾਲੀ ਹੈ, ਬੁੜ੍ਹੀਆਂ ਦਾ ਤੈਨੂੰ ਪਤਾ ਹੀ ਹੈ। ਇਨ੍ਹਾਂ ਨੂੰ ਕੀ ਪਤਾ ਅਜਿਹੇ ਬੰਦਿਆਂ ਵਾਲੇ ਕੰਮਾਂ ਦਾ, ਇਨ੍ਹਾਂ ਨੂੰ ਤਾਂ ਆਪਣੀ ਪਈ ਰਹਿੰਦੀ ਹੈ।"

ਸਾਥੀ ਨੇ ਉਸ ਨੂੰ ਸ਼ਾਂਤ ਕਰਦਿਆਂ ਕਿਹਾ ਕਿ ਘਰੇ ਕੋਈ ਬਿਮਾਰ ਸ਼ੁਮਾਰ ਹੋ ਸਕਦਾ ਹੈ ਜਾਂ ਕੋਈ ਜ਼ਰੂਰੀ ਕੰਮ ਨਾ ਹੋਵੇ, ਸੁਣ ਲੈ ਗੱਲ। ਉਸ ਨੇ ਨਾ ਚਾਹੁੰਦੇ ਹੋਏ ਵੀ ਘਰੇ ਫੋਨ ਲਾ ਲਿਆ ਸੀ। ਘਰ ਵਾਲੀ ਨੇ ਉਸ ਦਾ ਹਾਲ ਚਾਲ ਪੁੱਛਣ ਉਪਰੰਤ ਜੋ ਵਾਕ ਕਹੇ, ਉਨ੍ਹਾਂ ਨੇ ਉਸ ਨੂੰ ਸੁੰਨ ਕਰ ਦਿੱਤਾ ਸੀ, "ਘਰ ਦਾ ਫਿਕਰ ਨਾ ਕਰੀਂ, ਸਭ ਕੁਝ ਵਧੀਆ ਚੱਲ ਰਿਹਾ ਹੈ। ਜਿਹੜੇ ਹੌਸਲੇ ਨਾਲ ਮੈਂ ਤੈਨੂੰ ਇਸ ਕੰਮ ਲਈ ਤੋਰਿਆ, ਉਸ ਦਾ ਮਾਣ ਰੱਖੀਂ। ਜੰਗ ਜਿੱਤ ਕੇ ਆਉਣਾ। ਚਮਕੌਰ ਦੀ ਗੜ੍ਹੀ ਵਾਲੇ ਦਸਮੇਸ਼ ਪਿਤਾ ਦੇ ਸ਼ਬਦ ਯਾਦ ਰੱਖੀਂ। ਵੀਅਤਨਾਮ-ਅਮਰੀਕਾ ਦੀ ਜੰਗ ਵੇਲੇ ਮਰਦਾਂ ਨੂੰ ਯੁੱਧ ਲਈ ਤੋਰ ਔਰਤਾਂ ਨੇ ਹਲ ਸੰਭਾਲ ਲਏ ਸੀ, ਤਾਂ ਹੀ ਅਮਰੀਕੀਆਂ ਦੇ ਮੂੰਹ ਮੋੜੇ ਸੀ। ਇਹ ਜੰਗ ਤਾਂ ਚੀਜ਼ ਹੀ ਕੀ ਹੈ? ਬਸ ਜਿੱਤਣਾ ਹੀ ਜਿੱਤਣਾ ਹੈ, ਐਵੇਂ ਨਾ ਮੁੜੀਂ।"

ਘਰ ਵਾਲੀ ਦੀਆਂ ਗੱਲਾਂ ਸੁਣ ਉਸ ਨੂੰ ਆਪਣੇ ਜਿਸਮ ਵਿਚ ਨਵੀਂ ਤਾਕਤ ਮਹਿਸੂਸ ਹੋਈ। ਸਾਥੀ ਨੂੰ ਸਾਰੀ ਗੱਲ ਉਵੇਂ ਦੀ ਉਵੇਂ ਸੁਣਾਈ।

"ਜਵਾਨਾਂ, ਇਹ ਮਾਤਾ ਭਾਗੋ ਦੀਆਂ ਵਾਰਿਸ ਨੇ। ਪਿਆਰ ਅਤੇ ਮਮਤਾ ਵਿਚ ਜਿੰਨੀਆਂ ਕੋਮਲ ਨੇ, ਔਕੜ ਪਈ 'ਤੇ ਓਨੀਆਂ ਹੀ ਸਖਤ ਨੇ। ਜੰਗ ਵੇਲੇ ਚੂੜ੍ਹੇ ਵਾਲੇ ਹੱਥ ਤਲਵਾਰ ਵੀ ਚੁੱਕ ਸਕਦੇ ਹਨ। ਅਸ਼ਕੇ ਉਸ ਔਰਤ ਦੇ।"

ਸਾਥੀ ਨੇ ਜਿਵੇਂ ਉਸ ਦੀ ਘਰ ਵਾਲੀ ਨੂੰ ਸਲਾਮ ਕੀਤਾ ਸੀ। ਉਹ ਝੰਡਾ ਚੁੱਕ ਪਹਿਲਾਂ ਨਾਲੋਂ ਵੀ ਵੱਧ ਜੋਸ਼ ਨਾਲ ਸੰਘਰਸ਼ 'ਚ ਲੱਗ ਗਿਆ ਸੀ।

-ਗੁਰਮੀਤ ਸਿੰਘ ਮਰਾੜ੍ਹ
Gurmeetmararh4442@gmail.com


# ਮਸ਼ੀਨਾਂ ਬਣਦੇ ਬੰਦੇ ਦੀਆਂ ਬਾਤਾਂ: ਮਾਡਰਨ ਟਾਈਮਜ਼

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਚਾਰਲੀ ਚੈਪਲਿਨ ਦੀ ਫਿਲਮ 'ਮਾਡਰਨ ਟਾਈਮਜ਼' ਬਾਰੇ ਚਰਚਾ ਕੀਤੀ ਗਈ ਹੈ ਜਿਸ ਵਿਚ ਮਸ਼ੀਨਾਂ ਬਣ ਰਹੇ ਲੋਕਾਂ ਦੀ ਹਾਲਤ ਬਿਆਨ ਕੀਤੀ ਗਈ ਹੈ। -ਸੰਪਾਦਕ***




ਚਾਰਲੀ ਚੈਪਲਿਨ ਦੀ ਕਲਾਸਿਕ ਫਿਲਮ 'ਮਾਡਰਨ ਟਾਈਮਜ਼' ਦੀ ਸਭ ਤੋਂ ਵੱਡੀ ਖਾਸੀਅਤ ਇਹ ਕਹੀ ਜਾ ਸਕਦੀ ਹੈ ਕਿ ਇਸ ਵਿਚ ਬਿਆਨ ਕੀਤੀਆਂ ਮਕਾਨਕੀ ਸੱਚਾਈਆਂ ਅਤੇ ਮਨਸੂਈ ਤਰੱਕੀ ਨੂੰ ਅਸੀਂ ਅੱਜ ਵੀ ਆਪਣੀ ਰੋਜ਼-ਮੱਰਾ ਜ਼ਿੰਦਗੀ ਵਿਚ ਦੇਖ ਅਤੇ ਮਹਿਸੂਸ ਕਰ ਸਕਦੇ ਹਾਂ। ਫਿਲਮ ਵਿਚ ਇੱਕ ਫੈਕਟਰੀ ਹੈ, ਇੱਕ ਪੂੰਜੀਪਤੀ ਹੈ, ਮਸ਼ੀਨਾਂ ਵਾਂਗ ਬਿਨਾਂ ਰੁਕੇ ਕੰਮ ਕਰਨ ਵਾਲੇ ਮਜ਼ਦੂਰ ਹਨ, ਇੱਕ ਘੜੀ ਹੈ ਜਿਹੜੀ ਸਾਲਾਂ ਬੱਧੀ ਇਨ੍ਹਾਂ ਮਜ਼ਦੂਰਾਂ ਦੇ ਖਾਣ-ਪੀਣ, ਜਾਗਣ-ਸੌਣ, ਸੋਚਣ-ਸਮਝਣ ਤੇ ਜਿਊਣ-ਮਰਨ ਦੇ ਮਿੰਟ-ਸਕਿੰਟ ਤੈਅ ਕਰਦੀ ਹੈ। ਇਸ ਘੜੀ ਨੂੰ ਪੂੰਜੀਪਤੀ ਦਾ ਗੁਲਾਮ ਆਪਣੇ ਕਾਬੂ ਵਿਚ ਰੱਖਦਾ ਹੈ। ਮਜ਼ਦੂਰ ਭੇਡਾਂ-ਬੱਕਰੀਆਂ ਵਾਂਗ ਅਸੈਂਬਲੀ ਲਾਈਨ ਤੇ ਜੁਟੇ ਰਹਿੰਦੇ ਹਨ। ਇਸ ਅਸੈਂਬਲੀ ਲਾਈਨ ਤੇ ਹੀ ਟਰੈਂਪ (ਚਾਰਲੀ ਚੈਪਲਿਨ) ਕੰਮ ਕਰਦਾ ਹੈ। ਉਸ ਦਾ ਕੰਮ ਲੱਗੇ ਹੋਏ ਪੇਚ ਨੂੰ ਦੁਬਾਰਾ ਕੱਸਣਾ ਹੈ। ਪੂੰਜੀਪਤੀ ਤੇ ਉਸ ਦੇ ਗੁਲਾਮ ਲਈ ਇਨ੍ਹਾਂ ਮਜ਼ਦੂਰਾਂ ਅਤੇ ਮਸ਼ੀਨਾਂ ਵਿਚਕਾਰ ਕੋਈ ਜ਼ਿਆਦਾ ਫਰਕ ਨਹੀਂ। ਪੂੰਜੀਪਤੀ ਨੂੰ ਇਸ ਗੱਲ ਦੀ ਪ੍ਰੇਸ਼ਾਨੀ ਹੈ ਕਿ ਮਜ਼ਦੂਰ ਦੁਪਹਿਰ ਦੇ ਖਾਣੇ ਸਮੇਂ ਇੱਕ-ਦੂਜੇ ਨਾਲ ਗੱਲਾਂ ਵਿਚ ਰੁੱਝ ਜਾਂਦੇ ਹਨ ਤੇ ਆਰਾਮ ਨਾਲ ਸਿਗਰਟ ਦੇ ਸੂਟੇ ਲਾਉਂਦੇ ਹਨ। ਇਸ 'ਅੱਯਾਸ਼ੀ' ਨੂੰ ਰੋਕਣ ਲਈ ਉਹ ਉਨ੍ਹਾਂ ਦਿਨਾਂ ਵਿਚ ਵਿਕਰੀ 'ਤੇ ਲੱਗੀ ਅਜਿਹੀ ਮਸ਼ੀਨ ਖਰੀਦਣ ਦੀ ਤਿਆਰੀ ਕਰ ਰਿਹਾ ਹੈ ਜਿਹੜੀ ਕਾਮਿਆਂ ਨੂੰ ਕੰਮ ਕਰਦਿਆਂ ਹੀ ਖਾਣਾ ਖੁਆ ਦੇਵੇਗੀ ਜਿਸ ਨਾਲ ਉਸ ਦਾ ਸਮਾਂ ਹੋਰ ਵੀ ਬਚ ਜਾਵੇਗਾ। ਜਦੋਂ ਇਸ ਮਸ਼ੀਨ ਨੂੰ ਵੇਚਣ ਲਈ ਸੇਲਜ਼ਮੈਨ ਉਸ ਦੀ ਫੈਕਟਰੀ ਵਿਚ ਪਹੁੰਚਦੇ ਹਨ ਤਾਂ ਉਹ ਟਰੈਂਪ ਨੂੰ ਇਸ ਤਜਰਬੇ ਲਈ ਚੁਣਦੇ ਹਨ। ਮਸ਼ੀਨ ਵਿਚ ਐਨ ਮੌਕੇ 'ਤੇ ਤਕਨੀਕੀ ਖਰਾਬੀ ਆ ਜਾਣ ਕਾਰਨ ਟਰੈਂਪ ਇਸ ਦੀ ਲਗਾਤਾਰ ਚੱਲ ਰਹੀ ਗਤੀਵਿਧੀ ਦਾ ਸੰਦ ਬਣ ਕੇ ਰਹਿ ਜਾਂਦਾ ਹੈ ਜਿਸ ਦਾ ਉਸ ਦੇ ਦਿਮਾਗ 'ਤੇ ਬਹੁਤ ਬੁਰਾ ਅਸਰ ਹੁੰਦਾ ਹੈ ਅਤੇ ਉਹ ਨਰਵਸ ਬਰੇਕ ਡਾਊਨ ਦਾ ਸ਼ਿਕਾਰ ਹੋ ਜਾਂਦਾ ਹੈ। ਹਾਲਾਤ ਇੱਥੋਂ ਤੱਕ ਪਹੁੰਚ ਜਾਂਦੇ ਹਨ ਕਿ ਉਸ ਨੂੰ ਮਾਨਸਿਕ ਰੋਗਾਂ ਦੇ ਇਲਾਜ ਲਈ ਹਸਪਤਾਲ ਵਿਚ ਦਾਖਲ ਹੋਣਾ ਪੈਂਦਾ ਹੈ।

ਹਸਪਤਾਲ ਵਿਚੋਂ ਬਾਹਰ ਆਉਣ 'ਤੇ ਉਸ ਨੂੰ ਪਤਾ ਲੱਗਦਾ ਹੈ ਕਿ ਬਹੁਤ ਸਾਰੀਆਂ ਫੈਕਟਰੀਆਂ ਤੇ ਕਾਰਖਾਨੇ ਬੰਦ ਹੋਣ ਕਾਰਨ ਮਜ਼ਦੂਰ ਸਰਕਾਰ ਤੇ ਪੂੰਜੀਪਤੀਆਂ ਵਿਰੁਧ ਰੋਸ ਮੁਜ਼ਾਹਰੇ ਅਤੇ ਧਰਨੇ ਲਗਾ ਰਹੇ ਹਨ। ਉਹ ਵੀ ਅਜਿਹੇ ਹੀ ਇੱਕ ਧਰਨੇ ਵਿਚ ਸ਼ਾਮਿਲ ਹੋ ਜਾਂਦਾ ਹੈ ਜਿੱਥੇ ਉਸ ਨੂੰ ਪੁਲਿਸ ਇੱਕ ਸਮਾਜਵਾਦੀ ਨੇਤਾ ਸਮਝ ਕੇ ਗ੍ਰਿਫਤਾਰ ਕਰ ਲੈਂਦੀ ਹੈ। ਉਹ ਜੇਲ੍ਹ ਵਿਚ ਆਪਣੇ ਵਧੀਆ ਵਿਹਾਰ ਕਾਰਨ ਸਮੇਂ ਤੋਂ ਪਹਿਲਾ ਰਿਹਾਅ ਕਰ ਦਿੱਤਾ ਜਾਂਦਾ ਹੈ। ਉਸ ਕੋਲ ਹੁਣ ਨਾ ਤਾਂ ਕੋਈ ਕੰਮ ਹੈ ਅਤੇ ਨਾ ਹੀ ਢਿੱਡ ਭਰਨ ਦਾ ਕੋਈ ਸਾਧਨ। ਇਨ੍ਹਾਂ ਹੀ ਦਿਨਾਂ ਵਿਚ ਉਸ ਦੀ ਮੁਲਾਕਾਤ ਅਜਿਹੀ ਕੁੜੀ ਨਾਲ ਹੁੰਦੀ ਹੈ ਜਿਸ ਦੇ ਪਿਤਾ ਦੀ ਮੌਤ ਧਰਨੇ ਵਿਚ ਪੁਲਿਸ ਦੀ ਚਲਾਈ ਗੋਲੀ ਨਾਲ ਹੋ ਚੁੱਕੀ ਹੈ। ਹੁਣ ਉਹ ਲਾਵਾਰਿਸ ਹੈ। ਉਸ ਕੁੜੀ ਨੂੰ ਪੁਲਿਸ ਵਾਰ-ਵਾਰ ਗ੍ਰਿਫਤਾਰ ਕਰਦੀ ਹੈ ਕਿਉਂਕਿ ਉਹ ਖਾਣ-ਪੀਣ ਵਾਲੀਆਂ ਵਸਤੂਆਂ ਦੀ ਚੋਰੀ ਕਰ ਕੇ ਗਲੀਆਂ ਵਿਚ ਫਿਰਦੇ ਭੁੱਖੇ ਬੱਚਿਆਂ ਵਿਚ ਵੰਡਦੀ ਹੈ। ਅਜਿਹੀ ਇੱਕ ਚੋਰੀ ਸਮੇਂ ਟਰੈਂਪ ਉਸ ਦਾ ਇਲਜ਼ਾਮ ਆਪਣੇ ਸਿਰ ਲੈ ਕੇ ਜੇਲ੍ਹ ਚਲਾ ਜਾਂਦਾ ਹੈ। ਬਾਹਰ ਆਉਣ 'ਤੇ ਉਹ ਵਿਆਹ ਕਰ ਕੇ ਘਰ ਬਣਾਉਣ ਦਾ ਸੁਪਨਾ ਦੇਖਦੇ ਹਨ। ਉਨ੍ਹਾਂ ਹੀ ਦਿਨਾਂ ਵਿਚ ਫੈਕਟਰੀਆਂ ਦੁਬਾਰਾ ਤੋਂ ਖੁੱਲ੍ਹਣ ਦਾ ਐਲਾਨ ਹੋ ਜਾਂਦਾ ਹੈ ਅਤੇ ਉਹ ਇੱਕ ਫੈਕਟਰੀ ਵਿਚ ਭਰਤੀ ਹੋ ਜਾਂਦਾ ਹੈ। ਉਨ੍ਹਾਂ ਦੋਵਾਂ ਨੂੰ ਕੰਮ ਤਾਂ ਮਿਲਦਾ ਹੈ ਪਰ ਵਾਰ-ਵਾਰ ਛੁੱਟ ਜਾਂਦਾ ਹੈ। ਅੰਤ ਤੱਕ ਉਨ੍ਹਾਂ ਦੇ ਰੁਜ਼ਗਾਰ ਦੀ ਸਮੱਸਿਆ ਜਿਉਂ ਦੀ ਤਿਉਂ ਬਣੀ ਰਹਿੰਦੀ ਹੈ।

ਇਸ ਫਿਲਮ ਦੇ ਬਣਨ ਦਾ ਸਮਾਂ 1930 ਦੇ ਆਰਥਿਕ ਮੰਦਵਾੜੇ ਤੋਂ ਬਾਅਦ ਦਾ ਹੈ ਜਦੋਂ ਲੱਖਾਂ ਦੀ ਗਿਣਤੀ ਵਿਚ ਗਰੀਬ ਅਤੇ ਬੇਰੁਜ਼ਗਾਰ ਸੜਕਾਂ 'ਤੇ ਘੁੰਮ ਰਹੇ ਸਨ। ਵੱਡੀ ਗਿਣਤੀ ਵਿਚ ਲੋਕ ਭੁੱਖਮਰੀ ਅਤੇ ਆਰਥਿਕ ਅਸਥਿਰਤਾ ਦਾ ਸ਼ਿਕਾਰ ਸਨ। ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਨ ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ ਯਕੀਨੀ ਬਣਾਉਣ ਦੀ ਥਾਂ ਸਮੇਂ ਦੀਆਂ ਸਰਕਾਰਾਂ ਉਨ੍ਹਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਰਹੀਆਂ ਸਨ। ਦੈਂਤਾਕਾਰ ਮਸ਼ੀਨਾਂ ਦੇ ਘੜਮੱਸ ਵਿਚ ਮਨੁੱਖਾਂ ਦੇ ਸੁਪਨੇ ਅਤੇ ਖਾਹਿਸ਼ਾਂ ਨਪੀੜੀਆਂ ਜਾ ਰਹੀਆਂ ਸਨ। ਸਰਕਾਰੀ ਮਸ਼ੀਨਰੀ ਦਾ ਕੰਮ ਪੂੰਜੀਪਤੀਆਂ ਅਤੇ ਕੰਪਨੀਆਂ ਦੇ ਮਾਲਕਾਂ ਨਾਲ ਗੱਠਜੋੜ ਕਰ ਕੇ ਆਮ ਲੋਕਾਂ ਦੀ ਰੱਤ ਚੂਸਣਾ ਅਤੇ ਆਪਣਾ ਕਮਿਸ਼ਨ ਖਾਣਾ ਰਹਿ ਗਿਆ ਸੀ। ਇਸ ਦੇ ਨਾਲ-ਨਾਲ ਸਮਾਜਿਕ ਨਿਆਂ ਤੇ ਕਾਨੂੰਨ ਰੁਤਬੇ, ਅਹੁਦੇ ਤੇ ਮੁਲਾਹਜ਼ੇਦਾਰੀ ਦਾ ਸ਼ਿਕਾਰ ਹੋ ਕੇ ਰਹਿ ਗਏ ਸਨ। ਮਸ਼ੀਨਾਂ ਨਾਲ ਮਸ਼ੀਨਾਂ ਬਣਨ ਤੋਂ ਇਨਕਾਰ ਕਰਨ ਦਾ ਮਤਲਬ ਗੋਲੀ ਖਾ ਕੇ ਮਰਨਾ ਜਾਂ ਭੁੱਖੇ ਮਰਨਾ ਹੋ ਚੁੱਕਾ ਸੀ।


ਇਹ ਫਿਲਮ ਆਧੁਨਿਕ ਤਕਨੀਕ ਦੇ ਨਾਲ-ਨਾਲ ਵਿਕਿਸਤ ਹੋਏ ਜਨ-ਸੰਚਾਰ ਦੇ ਸਾਧਨਾਂ ਦੀ ਵਰਤੋਂ 'ਤੇ ਵੀ ਤਿੱਖਾ ਵਿਅੰਗ ਕਰਦੀ ਹੈ। ਜਨਤਾ ਦੇ ਮਨੋਰੰਜਨ ਲਈ ਈਜਾਦ ਹੋਏ ਟੈਲੀਵਿਜ਼ਨ ਦੀ ਵਰਤੋਂ ਪੂੰਜੀਪਤੀ ਮਜ਼ਦੂਰਾਂ ਨੂੰ ਕੰਮ ਦੀ ਰਫਤਾਰ ਵਧਾਉਣ ਦੀਆਂ ਹਦਾਇਤਾਂ ਦੇਣ ਲਈ ਕਰ ਰਹੇ ਹਨ। ਟੈਲੀਫੋਨ ਦੀ ਸਭ ਤੋਂ ਵੱਧ ਵਰਤੋਂ ਪੁਲਿਸ ਵੱਲੋਂ ਮਜ਼ਦੂਰਾਂ ਦੀਆਂ ਗ੍ਰਿਫਤਾਰੀਆਂ ਦੀਆਂ ਖਬਰਾਂ ਦੇਣ ਲਈ ਕੀਤੀ ਜਾ ਰਹੀ ਹੈ। ਫੈਕਟਰੀਆਂ ਤੇ ਕਾਰਖਾਨਿਆਂ ਵਿਚ ਵੀ ਮਸ਼ੀਨਾਂ ਅੱਗੇ ਮਸ਼ੀਨਾਂ ਦਾ ਹੀ ਉਤਪਾਦਨ ਕਰ ਰਹੀਆਂ ਹਨ। ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਮਸ਼ੀਨੀ ਯੁੱਗ ਦੇ ਇਸ 'ਵਿਕਾਸ' ਵਿਚ ਰੋਟੀ, ਕੱਪੜਾ ਤੇ ਮਕਾਨ ਵਰਗੀਆਂ ਮੁੱਢਲੀਆਂ ਸਹੂਲਤਾਂ ਦੇ ਨਿਰਮਾਣ ਤੇ ਉਤਪਾਦਨ ਲਈ ਕੋਈ ਜਗ੍ਹਾ ਹੀ ਨਹੀਂ।

'ਮਾਡਰਨ ਟਾਈਮਜ਼' ਦੀ ਇਹ ਦਲੀਲ ਸਿਰਫ 1930 ਤੱਕ ਮਹਿਦੂਦ ਨਹੀਂ ਹੁੰਦੀ ਸਗੋਂ 21ਵੀਂ ਸਦੀ ਦੇ ਮੌਜੂਦਾ ਡਿਜੀਟਲ ਵਰਤਾਰੇ ਤੱਕ ਫੈਲ ਜਾਂਦੀ ਹੈ। ਫਿਲਮ ਦੇਖਦਿਆਂ ਫਿਲਮ ਦੇ ਬਹੁਤ ਸਾਰੇ ਦ੍ਰਿਸ਼ ਹੁਣ ਵੀ ਗਲੀਆਂ-ਬਾਜ਼ਾਰਾਂ ਵਿਚ ਲਗਾਤਾਰ ਜਾਰੀ ਹਨ। ਚਾਰਲੀ ਚੈਪਲਿਨ ਦੀ ਇਹ ਫਿਲਮ ਸੰਵੇਦਨਸ਼ੀਲਤਾ ਦਾ ਸਿਖਰ ਹੈ। ਉਸ ਦੀ ਇਹ ਫਿਲਮ ਨਾਜ਼ੀਆਂ ਨੇ ਜਰਮਨੀ ਵਿਚ ਰਿਲੀਜ਼ ਨਹੀਂ ਸੀ ਹੋਣ ਦਿੱਤੀ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਫਿਲਮ ਤਾਂ ਸਮਾਜਵਾਦੀ ਚੇਤਨਾ ਦੀ ਹੈ। ਉਂਜ, ਚਾਰਲੀ ਚੈਪਲਿਨ ਦੀਆਂ ਮੁੱਛਾਂ ਹੂ-ਬ-ਹੂ ਹਿਟਲਰ ਨਾਲ ਮਿਲਦੀਆਂ ਹਨ।









*ਚਾਰਲੀ ਚੈਪਲਿਨ ਦੀ ਫਿਲਮ 'ਮਾਡਰਨ ਟਾਈਮਜ਼' ਦਾ ਪੋਸਟਰ ਅਤੇ (ਸੱਜੇ) ਫਿਲਮ ਦੇ ਦੋ ਦ੍ਰਿਸ਼।*



# ਸਵਰਾ ਦੇ ਬਾਗੀ ਸਵਰ

ਉਘੀ ਅਦਾਕਾਰਾ ਸਵਰਾ ਭਾਸਕਰ ਨੇ ਦਿੱਲੀ ਬਾਰਡਰ 'ਤੇ ਚੱਲ ਰਹੇ ਕਿਸਾਨਾਂ ਦੇ ਧਰਨੇ ਵਿਚ ਸ਼ਿਰਕਤ ਕਰਨਾ ਉਨ੍ਹਾਂ ਦੇ ਸੰਘਰਸ਼ ਨਾਲ ਇਕਮੁੱਠਤਾ ਦਾ ਪ੍ਰਗਟਾਵਾ ਕੀਤਾ। ਯਾਦ ਰਹੇ ਕਿ ਸਵਰਾ ਭਾਸਕਰ ਪਹਿਲਾਂ ਵੀ ਲੋਕ ਪੱਖੀ ਮੁਹਿੰਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੀ ਰਹੀ ਹੈ। ਉਸ ਨੇ ਦੱਸਿਆ ਕਿ ਉਹ ਪਹਿਲਾਂ ਧਰਨੇ ਵਿਚ ਇਸ ਕਰ ਕੇ ਨਹੀਂ ਆ ਸਕੀ, ਉਸ ਦੀ ਫਿਲਮ ਦੀ ਸ਼ੂਟਿੰਗ ਮੁੰਬਈ ਵਿਚ ਚੱਲ ਰਹੀ ਸੀ, ਹੁਣ ਜਿਉਂ ਹੀ ਉਸ ਨੂੰ ਵਕਤ ਮਿਲਿਆ, ਤਾਂ ਉਹ ਤੁਰੰਤ ਕਿਸਾਨਾਂ ਨਾਲ ਇਕਜੁੱਟਤਾ ਲਈ ਧਰਨੇ ਉਤੇ ਆਣ ਪੁੱਜੀ ਹੈ। ਸਵਰਾ ਭਾਸਕਰ ਨੇ ਕਿਸਾਨਾਂ ਦੇ ਧਰਨੇ ਨੂੰ ਸੰਬੋਧਨ ਨਹੀਂ ਕੀਤਾ ਸਗੋਂ ਸਰੋਤਿਆਂ ਵਾਂਗ ਹੇਠਾਂ ਬੈਠ ਕੇ ਆਪਣੀ ਹਾਜ਼ਰੀ ਲੁਆਈ।

ਇਸੇ ਦੌਰਾਨ ਉਸ ਨੇ ਕਿਹਾ ਕਿ ਜਿਹੜਾ ਅਦਾਕਾਰ ਫਿਲਮ ਵਿਚ ਇਤਿਹਾਸਕ ਕਿਰਦਾਰ ਨਿਭਾਉਂਦਾ ਹੈ ਜਾਂ ਆਪਣੀ ਕਲਾ ਦਿਖਾਉਣ ਵਿਚ ਮਾਹਿਰ ਤੇ ਹੁਨਰਮੰਦ ਹੈ, ਜ਼ਰੂਰੀ ਨਹੀਂ ਕਿ ਉਹ ਅਸਲ ਜ਼ਿੰਦਗੀ ਵਿਚ ਵੀ ਚੰਗਾ ਇਨਸਾਨ ਹੋਵੇ। ਉਸ ਨੇ ਕੰਗਨਾ ਰਣੌਤ ਦਾ ਉਚੇਚਾ ਜ਼ਿਕਰ ਕਰਦਿਆਂ ਆਖਿਆ ਕਿ ਹਾਲ ਹੀ ਵਿਚ ਉਸ ਨੂੰ ਆਪਣੇ ਬਿਆਨਾਂ ਲਈ ਸੋਸ਼ਲ ਮੀਡੀਆ 'ਤੇ ਕਾਫੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਚੇਤੇ ਰਹੇ ਕਿ ਕੰਗਨਾ ਦਾ ਤਾਜ਼ਾ ਬਿਆਨ ਪੰਜਾਬੀ ਅਦਾਕਾਰ ਅਤੇ ਗਾਇਕ ਦਿਲਜੀਤ ਦੁਸਾਂਝ ਬਾਰੇ ਸੀ। ਇਸ ਤੋਂ ਪਹਿਲਾਂ ਉਹ (ਕੰਗਨਾ) ਉਰਮਿਲਾ ਮਾਤੋਂਡਕਰ, ਤਾਪਸੀ ਪੰਨੂ, ਜਯਾ ਬੱਚਨ ਬਾਰੇ ਬੁਰਾ-ਭਲਾ ਬੋਲ ਚੁੱਕੀ ਹੈ।

ਸਵਰਾ ਭਾਸਕਰ ਨੇ ਕਿਹਾ ਕਿ 'ਮਹਾਨ ਕਲਾਕਾਰ ਚੰਗਾ ਇਨਸਾਨ ਵੀ ਹੁੰਦਾ ਹੈ' ਪਰ ਇਸ ਕਥਨ ਨੂੰ ਕੰਗਨਾ ਨਕਾਰਦੀ ਨਜ਼ਰ ਆ ਰਹੀ ਹੈ। ਯਾਦ ਰਹੇ ਕਿ ਕੰਗਨਾ ਰਣੌਤ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਮੋਦੀ ਸਰਕਾਰ ਦੀ ਹਮਾਇਤ ਕਰ ਰਹੀ ਹੈ ਅਤੇ ਨਿੱਤ ਦਿਨ ਕੋਈ ਨਾ ਕੋਈ ਵਟੀਟ ਕਰ ਕੇ ਵਿਵਾਦ ਖੜ੍ਹਾ ਕਰ ਦਿੰਦੀ ਹੈ।

***-ਆਮਨਾ***

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

**Time to buy new home in Tracy, Manteca, Lothrop and Stockton**

## Hot Listing in San Jose, CA

288 S 12th Street,
San Jose, CA 95112
3 Bedrooms 3 Bathrooms
Living Area: 1602 Sq. Ft.
Lot Size 6560 Sq. Ft.
Asking: $1,199,000



ਪਿਛਲੇ 33 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

Pinnacle Award Winner 2014, 2015, 2016 & 2017
Grand Master Award Winner 2012, 2013, 2018 & 2019

*Call for Listing Special 2021*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 83 Shenado Place, San Jose, CA 95136
2. 273 Granville Ct. San Jose, CA 95139
3. 139 Vivid Lane, Hayward, CA 94544
4. 315 Crest Dr. San Jose, CA 95127
5. 27471 Ponderosa Ct. Hayward, CA 94545
6. 27659 Persimmon Dr. Hayward, CA 94544
7. 3121 Jerrold Zanzi Ln., Tracy, CA 95377
8. 188 Briarwood Dr., Hayward, CA 94544
9. 13028 Water Street, San Jose, CA 95111
10. 4563 Wheeler Dr., Fremont, CA 94538
11. 8804 Bryden Way, Sacramento, CA 95826
12. 4096 Partridge Dr., San Jose, CA 95121


## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill
DHMS, Loan Broker

Ph: 510-207-9067

CA BRE Lic.#01180969
NMLS# 352095



**We support Farmers**

